**Easy Travel Inc.**

7191 Camelot Drive, Canton, MI 48187
Fax: 866-908-6663
www.easytravelinc.net info@easytravelinc.net

ਸਸਤੀਆਂ ਹਵਾਈ ਟਿਕਟਾਂ

*Please call us for the lowest fare from your city to india*

Tel:734-451-9526, Toll Free 866-51-INDIA

EYE EXAMINATIONS CONTACT LENSES



LAXMI AMERICAN OPTICAL
Complete Optical Service
Tel. 718 335 2240
Fax 718 335 2241
83-16 Northern Blvd * Jackson Heights NY 11372



ਸੁਪਰ ਸਟਾਰ ਧਰਮ ਭਾ ਜੀ ਅਤੇ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ ਅਮਨਟੈਲ

AMANTEL.COM

$100 ’ਚ 120 ਘੰਟੇ (7200 ਮਿੰਟ)
Talk One Minute, Pay For One Minute

ਘਰ, ਸਟੋਰ, ਗੈਸ ਸਟੇਸ਼ਨ, ਟਰੱਕ ਕੰਪਨੀ ਅਤੇ ਕੈਬਾਂ ਵਾਲੇ ਵੀਰ ਟੌਲ ਫਰੀ ਨੰਬਰ ‘ਤੇ ਕਾਲ ਕਰੋ

1-800-717-1510, 732-982-4332/4333

ਯੂ ਐਸ ਏ, ਕੈਨੇਡਾ ਤੇ ਯੂ ਕੇ ‘ਚ 1.8 ਸੈਂਟ ਪ੍ਰਤੀ ਮਿੰਟ ਕਾਲ ਕਰੋ



Eleventh Year in Publication | *ਨਿਊ ਯਾਰਕ ਐਡੀਸ਼ਨ* | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 11, Issue 25, June 19, 2010 | 20451 N Plum Grove Rd. Palatine, IL 60074 | Ph:847-359-0746, Fax:847-705-9388


## ਜ਼ਰਦਾਰੀ ਦੀ ਤਾਲਿਬਾਨ ਆਗੂਆਂ ਨਾਲ ਮੁਲਾਕਾਤ ਦੇ ਚਰਚੇ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਇਹ ਗੱਲ ਹੈਰਾਨੀ ਵਾਲੀ ਵੀ ਹੈ ਤੇ ਦਿਲਚਸਪ ਵੀ ਕਿ ਪਾਕਿਸਤਾਨ ਦੀ ਚੁਣੀ ਹੋਈ ਸਰਕਾਰ ਦੇ ਮੁਖੀ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਇਕ ਜੇਲ੍ਹ ਵਿਚ ਜਾ ਕੇ ਤਾਲਿਬਾਨ ਆਗੂਆਂ ਨਾਲ ਮੁਲਾਕਾਤ ਕੀਤੀ ਪਰ ਇਸ ਖ਼ਬਰ ਦੇ ਪਿੱਛੇ ਸਿਆਸੀ ਚਾਲਾਂ ਦਾ ਇਤਿਹਾਸ ਖੜਾ ਹੈ ਤੇ ਭਵਿੱਖ ਦੇ ਵੱਡੇ ਸੰਕਟਾਂ ਦੀ ਨਿਸ਼ਾਨਦੇਹੀ ਵੀ। ਜੇ ਪਿਛੋਕੜ ਵਲ ਜਾਈਏ ਤਾਂ ਇਸ ਸਾਲ ਦੇ ਅਰੰਭ ਤੋਂ ਹੀ ਅਮਰੀਕਾ ਅਫਗਾਨਿਸਤਾਨ ‘ਚੋਂ ਨਿਕਲਣ ਲਈ ਰਾਹ ਤਲਾਸ਼ ਰਿਹਾ ਹੈ ਕਿਉਂਕਿ ਉਸ ਦੀ ਹਾਲਤ ਉਥੇ ਦਿਨੋ-ਦਿਨ ਨਾਜ਼ੁਕ ਹੁੰਦੀ ਜਾ ਰਹੀ ਹੈ ਅਤੇ ਅਮਰੀਕਾ ਦੇ ਫੌਜੀਆਂ ਦੇ ਤਾਲਿਬਾਨੀ ਹਮਲਿਆਂ ਵਿਚ ਮਾਰੇ ਜਾਣ ਵਿਚ ਵਾਧਾ ਹੋ ਰਿਹਾ ਹੈ।

ਅਫਗਾਨਿਸਤਾਨ ਦਾ ਰਾਸ਼ਟਰਪਤੀ ਹਾਮਿਦ ਕਰਜ਼ਈ ਇਸ ਨਾਲ ਸਹਿਮਤ ਨਹੀਂ ਸੀ ਕਿਉਂਕਿ ਉਸ ਨੂੰ ਡਰ ਸੀ ਕਿ ਅਮਰੀਕੀ ਫੌਜਾਂ ਦੇ ਅਫਗਾਨਿਸਤਾਨ ‘ਚੋਂ ਬਾਹਰ ਹੁੰਦਿਆਂ ਹੀ ਉਸ ਨੂੰ ਤਖਤ ਤੋਂ ਲਾਹ ਕੇ ਤਾਲਿਬਾਨ ਦੁਆਰਾ ਸੱਤਾ ਹਥਿਆ ਲਈ ਜਾਵੇਗੀ ਪਰ ਅਮਰੀਕੀ ਦਬਾਅ ਤੇ ਭਰੋਸਿਆਂ ਕਾਰਨ ਉਹ ਤਾਲਿਬਾਨ ਨਾਲ ਸ਼ਾਂਤੀ ਵਾਰਤਾ ਲਈ ਸਹਿਮਤ ਹੋ ਗਿਆ। ਉਸ ਨੇ ਤਾਲਿਬਾਨ ਵਿਚ ਘੱਟ ਖਤਰਨਾਕ ਮੰਨੇ ਜਾਂਦੇ ਮੁੱਲਾ ਅਬਦੁਲ ਗਨੀ ਬਰਾਦਰ ਦੀ ਅਗਵਾਈ ਵਾਲੇ ਧੜੇ ਨਾਲ ਸੰਪਰਕ ਬਣਾਏ ਤੇ ਮੁੱਲਾ ਬਰਾਦਰ ਦੇ ਹੁੰਗਾਰੇ ਤੋਂ ਬਾਅਦ ਕੁਝ ਗੇੜਾਂ ਵਿਚ ਦੁਵੱਲੀ ਗੱਲਬਾਤ ਵੀ ਚੱਲੀ।

ਪਰ ਇਸ ਸੰਬੰਧੀ ਜਦੋਂ ਪਾਕਿਸਤਾਨੀ ਹਕੂਮਤ ਨੂੰ ਭਿਣਕ ਪਈ ਤਾਂ ਉਨ੍ਹਾਂ ਨੇ ਮੁੱਲਾ ਬਰਾਦਰ ਦੇ ਵਿਰੋਧੀ ਧੜੇ ਦੀ ਮਦਦ ਨਾਲ ਉਸ ਨੂੰ ਗ੍ਰਿਫਤਾਰ ਕਰਕੇ ਇਕ ਵੱਡੇ ਦਹਿਸ਼ਤਗਰਦ ਨੂੰ ਫੜਨ ਦੇ ਡੰਕੇ ਵਜਾਏ। ਪਰ ਅਸਲ ਵਿਚ ਇਹ ਅਮਰੀਕੀ ਏਲਚੀਆਂ ਦੀ ਤਾਲਿਬਾਨਾਂ ਨਾਲ ਚਲ ਰਹੀ ਸ਼ਾਂਤੀ ਸਬੰਧੀ ਗੱਲਬਾਤ ਨੂੰ ਸਾਬੋਤਾਜ ਕਰਨ

*(ਬਾਕੀ ਸਫਾ 3 ’ਤੇ)*

## ਕੈਨੇਡਾ ਦੀ ਸੰਸਦ ਵਿਚ ਸਿੱਖਾਂ ਦੀ ਨਸਲਕੁਸ਼ੀ ’ਤੇ ਪਟੀਸ਼ਨ ਪੇਸ਼

**ਪੰਜਾਬ ਟਾਈਮਜ਼ ਬਿਊਰੋ**

**ਓਟਾਵਾ:** ਭਾਰਤ ਸਰਕਾਰ ਦੇ ਦਬਾਅ ਅਤੇ ਹਾਰਪਰ ਸਰਕਾਰ ਵਲੋਂ ਅੜਿੱਕੇ ਡਾਹੁਣ ਦੇ ਬਾਵਜੂਦ, ਕੈਨੇਡਾ ਦੇ ਸਿੱਖ ਬੀਤੀ 11 ਜੂਨ ਨੂੰ ਸੰਸਦ ਵਿਚ ਸਿੱਖਾਂ ਦੀ ਨਸਲਕੁਸ਼ੀ ਸਬੰਧੀ ਪਟੀਸ਼ਨ ਦਾਇਰ ਕਰਨ ਵਿਚ ਸਫ਼ਲ ਹੋ ਗਏ। ਜ਼ਿਕਰਯੋਗ ਹੈ ਕਿ ਪਹਿਲਾਂ ਇਹ ਪਟੀਸ਼ਨ 10 ਜੂਨ ਨੂੰ ਪੇਸ਼ ਕੀਤੀ ਜਾਣੀ ਸੀ ਪਰ ਸੱਤਾਧਾਰੀ ਕਨਜ਼ਰਵੇਟਿਵ ਪਾਰਟੀ ਵਲੋਂ ਇਕ ਮਤੇ ਰਾਹੀਂ ਸਦਨ ਦੀ ਕਾਰਵਾਈ ਰੋਕ ਦਿੱਤੀ ਗਈ ਸੀ। 10 ਹਜ਼ਾਰ ਤੋਂ ਵਧ ਲੋਕਾਂ ਦੇ ਦਸਤਖਤਾਂ ਵਾਲੀ ਇਸ ਪਟੀਸ਼ਨ ਵਿਚ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਐਲਾਨਣ ਤੇ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੇ ਸੈਕਸ਼ਨ 2 ਤਹਿਤ ਇਸ ਨੂੰ ਨਸਲਘਾਤ ਵਜੋਂ ਪੇਸ਼ ਕਰਦਿਆਂ ਭਾਰਤ ਸਰਕਾਰ

*(ਬਾਕੀ ਸਫਾ 16 ’ਤੇ)*



*ਜੌਹਨਸਬਰਗ ਵਿਚ ਹੋ ਰਹੇ ਫੀਫਾ ਟੂਰਨਾਮੈਂਟ ਵਿਚ ਡੈਨਮਾਰਕ ਤੇ ਹਾਲੈਂਡ ਵਿਚਾਲੇ ਇਕ ਫਸਵਾਂ ਮੈਚ -ਖਬਰ ਸਫਾ 6 ’ਤੇ*


ਪੰਜਾਬੀ ਖਾਣੇ ਦੇ ਬੇਤਾਜ਼ ਬਾਦਸ਼ਾਹ

Desi Roti | Desi Deli

430 E 14th St.,
New York,
NY 10009
Fax:718-340-3735



724 10th Ave.,
New York,
NY 10019
Fax:718-340-3735

Ph:212-982-9200 | Ph:212-399-9007

INFO@DESIROTI.COM — WWW.DESIROTI.COM — WWW.DESIDELI.COM

Dhillon Truck Stop
Dhillon Road Service

Interstate 40, exit 356, San Jon, NM
*Gill Manj Gurdaspur Wale*

ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

# ਭੁਪਾਲ ਕਾਂਡ 'ਚ ਕਾਂਗਰਸ ਕਸੂਤੀ ਫਸੀ

## ਰਜੀਵ ਗਾਂਧੀ ਨੇ ਐਂਡਰਸਨ ਨੂੰ ਬਚਾਇਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚਾਰੇ ਪਾਸਿਓਂ ਅਲੋਚਨਾ ਤੋਂ ਬਾਅਦ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਭੁਪਾਲ ਗੈਸ ਕਾਂਡ ਬਾਰੇ ਬਣਾਈ ਗਈ ਮੰਤਰੀਆਂ ਦੀ ਕਮੇਟੀ ਤੋਂ 10 ਦਿਨਾਂ ਅੰਦਰ-ਅੰਦਰ ਰਿਪੋਰਟ ਮੰਗ ਲਈ ਹੈ। ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਭੁਪਾਲ ਗੈਸ ਕਾਂਡ ਦੇ ਦੋਸ਼ੀਆਂ ਨੂੰ ਦਿੱਤੀ ਸਜ਼ਾ ਬਾਰੇ ਲੋਕਾਂ ਤੇ ਸਿਆਸੀ ਪਾਰਟੀਆਂ ਨੇ ਪ੍ਰਤੀਕਰਮ ਦਾ ਜਾਇਜ਼ਾ ਲਿਆ ਜਾਵੇ ਤੇ ਪੀੜਤ ਲੋਕਾਂ ਨੂੰ ਵੱਧ ਤੋਂ ਵੱਧ ਸਹਾਇਤਾ ਦੇਣ ਸਣੇ ਹੋਰ ਸਬੰਧਿਤ ਮਸਲਿਆਂ ਨੂੰ ਵੀ ਗੰਭੀਰਤਾ ਨਾਲ ਵਿਚਾਰਿਆ ਜਾਵੇ।

ਮੰਤਰੀਆਂ ਦੀ ਕਮੇਟੀ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਦੇ ਮੁਖੀ ਵਾਰਨ ਐਂਡਰਸਨ ਨੂੰ ਭਾਰਤ ਲਿਆਉਣ ਲਈ ਨਵੀਂ ਦਰਖਾਸਤ ਅਮਰੀਕਾ ਨੂੰ ਦੇਣ ਦੇ ਮਾਮਲੇ 'ਤੇ ਵੀ ਵਿਚਾਰ ਕਰੇਗੀ। ਜ਼ਿਕਰਯੋਗ ਹੈ ਕਿ ਦਸੰਬਰ 1984 ਨੂੰ ਕੀੜੇਮਾਰ ਦਵਾਈਆਂ ਦੇ ਕਾਰਖਾਨੇ 'ਚੋਂ ਐਮ. ਆਈ.ਸੀ. ਗੈਸ ਲੀਕ ਹੋਣ ਨਾਲ 15,000 ਤੋਂ ਵੱਧ ਲੋਕ ਮਾਰੇ ਗਏ ਸਨ ਤੇ ਸਾਢੇ ਚਾਰ ਲੱਖ ਲੋਕ ਅਪਾਹਜ ਹੋ ਗਏ ਸਨ। ਪਰ ਹੈਰਾਨੀ ਦੀ ਗੱਲ ਹੈ ਕਿ ਭੁਪਾਲ ਗੈਸ ਕਾਂਡ ਬਾਰੇ ਫ਼ੈਸਲਾ ਸੁਣਾਉਣ ਵਾਲੀ ਅਦਾਲਤ ਨੇ ਇਸ ਮਾਮਲੇ ਨੂੰ ਇਕ ਆਮ ਸੜਕ ਦੁਰਘਟਨਾ ਵਜੋਂ ਲਿਆ ਹੈ। ਅਦਾਲਤ ਨੇ ਇਸ ਕਾਂਡ 'ਚ 8 ਦੋਸ਼ੀਆਂ ਨੂੰ 2-2 ਸਾਲ ਦੀ ਸਜ਼ਾ ਸੁਣਾਈ ਸੀ ਪਰ ਇਸ ਦੇ ਤੁਰੰਤ ਬਾਅਦ ਸਾਰਿਆਂ ਨੂੰ ਜ਼ਮਾਨਤ ਮਿਲ ਗਈ। ਇਨ੍ਹਾਂ ਵਿਚ ਐਂਡਰਸਨ ਦਾ ਨਾਂ ਹੀ ਨਹੀਂ ਸੀ ਤੇ ਉਸ ਨੂੰ ਅੱਜ ਵੀ ਭਗੌੜਾ ਕਰਾਰ ਦਿੱਤਾ ਹੈ। ਸੀ.ਬੀ.ਆਈ. ਦੇ ਸਾਬਕਾ ਸੰਯੁਕਤ ਡਾਇਰੈਕਟਰ ਆਰ.ਬੀ. ਲਾਲ ਨੇ ਇਹ ਖੁਲਾਸਾ ਕੀਤਾ ਹੈ ਕਿ 1994 ਵਿੱਚ ਵਿਦੇਸ਼ ਮੰਤਰਾਲੇ ਨੇ ਸੀ.ਬੀ.ਆਈ. ਨੂੰ ਇਹ ਹੁਕਮ ਦਿੱਤੇ ਸਨ ਕਿ ਉਹ ਐਂਡਰਸਨ ਦੀ ਹਵਾਲਗੀ ਲਈ ਯਤਨ ਨਾ ਕਰੇ। ਸਰਕਾਰ ਨੇ ਇਸ ਹਾਸੋਹੀਣੀ ਦਲੀਲ ਦੇ ਆਧਾਰ 'ਤੇ ਐਂਡਰਸਨ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਨਹੀਂ ਕੀਤੇ ਕਿ ਉਸ ਦੀ 'ਕੋਈ ਸੂਹ ਨਹੀਂ' ਮਿਲ ਰਹੀ ਜਦੋਂਕਿ ਉਸ ਵੱਲੋਂ ਉਦੋਂ ਨਿਊਯਾਰਕ ਵਿੱਚ ਦਿੱਤੇ ਭਾਸ਼ਣ ਬਾਰੇ ਸਭ ਨੂੰ ਪਤਾ ਸੀ।

ਇਹ ਖੁਲਾਸਾ ਹੋਣ ਤੋਂ ਬਾਅਦ ਕਾਂਗਰਸ ਸਰਕਾਰ ਦੀ ਸਥਿਤੀ ਕਸੂਤੀ ਬਣ ਗਈ ਹੈ ਕਿ ਉਸ ਵੇਲੇ ਦੇ ਮੁੱਖ ਮੰਤਰੀ ਅਰਜਨ ਸਿੰਘ ਸਰਕਾਰੀ ਜਹਾਜ਼ ਰਾਹੀਂ ਐਂਡਰਸਨ ਨੂੰ ਦਿੱਲੀ ਪਹੁੰਚਾ ਕੇ ਆਏ ਸਨ ਜਿੱਥੋਂ ਉਹ ਨਿਊਯਾਰਕ ਭੱਜ ਗਿਆ ਸੀ ਤੇ ਇਸ ਦੇ ਦਿਸ਼ਾ-ਨਿਰਦੇਸ਼ ਕੇਂਦਰ ਸਰਕਾਰ ਵੱਲੋਂ ਹੋਏ ਸਨ। ਸੀ.ਆਈ.ਏ. ਦੇ 8 ਦਸੰਬਰ 1984 ਦੇ ਜਨਤਕ ਕੀਤੇ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਐਂਡਰਸਨ ਨੂੰ ਗ੍ਰਿਫ਼ਤਾਰੀ ਪਿੱਛੋਂ 7 ਦਸੰਬਰ ਨੂੰ ਕੇਂਦਰ ਸਰਕਾਰ ਦੇ ਹੁਕਮ 'ਤੇ ਮੱਧ ਪ੍ਰਦੇਸ਼ ਸਰਕਾਰ ਨੇ ਰਿਹਾਅ ਕੀਤਾ ਸੀ। ਦਸਤਾਵੇਜ਼ਾਂ ਅਨੁਸਾਰ ਐਂਡਰਸਨ ਦੀ ਰਿਹਾਈ ਦਾ ਹੁਕਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸਰਕਾਰ ਵਲੋਂ ਦਿੱਤਾ ਗਿਆ ਸੀ। ਭੁਪਾਲ ਗੈਸ ਦੁਖਾਂਤ ਤੋਂ ਤਿੰਨ ਦਿਨ ਬਾਅਦ ਪੁਲਿਸ ਨੇ ਸ਼ਿਕਾਇਤ ਵਿਚੋਂ ਇਕ ਸਖਤ ਧਾਰਾ ਨੂੰ ਖਤਮ ਕਰਕੇ ਯੂਨੀਅਨ ਕਾਰਬਾਈਡ ਕੰਪਨੀ ਦੇ ਚੇਅਰਮੈਨ ਵਾਰਨ ਐਂਡਰਸਨ ਤੇ ਦੋ ਹੋਰਨਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ। ਸੀ.ਆਈ.ਏ. ਦੇ ਦਸਤਾਵੇਜ਼ਾਂ ਮੁਤਾਬਕ ਗੈਸ ਦੁਖਾਂਤ ਤੋਂ ਕੁਝ ਹਫਤਿਆਂ ਬਾਅਦ ਵਿਧਾਨ ਸਭਾਵਾਂ ਦੀਆਂ ਚੋਣਾਂ ਹੋਣ ਵਾਲੀਆਂ ਸਨ ਜਿਸ ਕਾਰਨ ਸਰਕਾਰ ਨੇ ਆਪਣਾ ਦੋਸ਼ ਯੂਨੀਅਨ ਕਾਰਬਾਈਡ ਇੰਡੀਆ ਲਿਮਟਿਡ ਸਿਰ ਮੜ੍ਹਨ ਦੀ ਕੋਸ਼ਿਸ਼ ਕੀਤੀ। ਰਿਪੋਰਟ ਮੁਤਾਬਕ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਗੈਸ ਕਾਂਡ ਪਿੱਛੋਂ ਲੋਕਾਂ ਦੇ ਗੁੱਸੇ ਨੂੰ ਭਾਂਪ ਗਈ ਸੀ ਤੇ ਇਸ ਨੂੰ ਡਰ ਸੀ ਕਿ ਉਸਨੂੰ ਇਸ ਦੁਖਾਂਤ ਦੀ ਕੀਮਤ ਕੇਵਲ ਸੂਬਾ ਵਿਧਾਨ ਸਭਾ ਚੋਣਾਂ 'ਚ ਹੀ ਨਹੀਂ ਚੁਕਾਉਣੀ ਪਵੇਗੀ ਸਗੋਂ ਇਸ ਨਾਲ ਦੇਸ਼ ਵਿਚ ਵਿਦੇਸ਼ੀ ਖਾਸਕਰ ਅਮਰੀਕੀ ਕੰਪਨੀਆਂ ਦੇ ਨਿਵੇਸ਼ ਨੂੰ ਵੀ ਸੱਟ ਵੱਜੇਗੀ। ਦੂਜੇ ਪਾਸੇ ਕਾਂਗਰਸ ਅੰਦਰ ਦੂਸ਼ਣਬਾਜ਼ੀ ਦੀ ਖੇਡ ਸ਼ੁਰੂ ਹੋ ਗਈ। ਕਾਂਗਰਸ ਨੇ ਇਕ ਤਰ੍ਹਾਂ ਨਾਲ ਐਂਡਰਸਨ ਦੇ ਬਚ ਕੇ ਜਾਣ ਦਾ ਦੋਸ਼ ਅਰਜਨ ਸਿੰਘ 'ਤੇ ਲਾਉਂਦੇ ਹੋਏ ਕਿਹਾ ਕਿ ਸਮੁੱਚੇ ਘਟਨਾਕ੍ਰਮ 'ਚ ਕੇਂਦਰ ਦਾ ਕੋਈ ਰੋਲ ਨਹੀਂ ਸੀ। ਪਾਰਟੀ ਦੀ ਬੁਲਾਰੀ ਜਯੰਤੀ ਨਟਰਾਜਨ ਨੇ ਕਿਹਾ ਕਿ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀ ਇਸ ਮਾਮਲੇ 'ਚ ਕੋਈ ਸ਼ਮੂਲੀਅਤ ਨਹੀਂ ਹੈ।

ਦੂਜੇ ਪਾਸੇ ਇਹ ਖੁਲਾਸਾ ਵੀ ਕਾਂਗਰਸ ਦੇ ਗਲੇ ਦੀ ਹੱਡੀ ਬਣ ਗਿਆ ਹੈ ਕਿ ਭਾਵੇਂ ਰਾਜੀਵ ਗਾਂਧੀ ਸਰਕਾਰ ਨੇ ਪਹਿਲਾਂ ਕੰਪਨੀ ਤੋਂ 3.5 ਬਿਲੀਅਨ ਅਮਰੀਕੀ ਡਾਲਰ ਦਾ ਮੁਆਵਜ਼ਾ ਦੇਣ ਦੀ ਮੰਗ ਕੀਤੀ ਸੀ ਪਰ ਅਖੀਰ ਵਿੱਚ ਸਿਰਫ਼ 450 ਮਿਲੀਅਨ ਡਾਲਰ ਦੀ ਰਕਮ 'ਤੇ ਹੀ ਸਮਝੌਤਾ ਕਰ ਲਿਆ। ਕੇਂਦਰ ਤੇ ਰਾਜ ਸਰਕਾਰ ਨੇ ਵੱਡਾ ਜੁਰਮ ਇਹ ਕੀਤਾ ਕਿ 450 ਮਿਲੀਅਨ ਡਾਲਰ ਦਾ ਮੁਆਵਜ਼ਾ ਤੈਅ ਕਰਨ ਤੋਂ 26 ਸਾਲ ਬਾਅਦ ਵੀ ਇਸ ਵਿਚੋਂ ਘੱਟੋ-ਘੱਟ 350 ਮਿਲੀਅਨ ਡਾਲਰ ਪੀੜਤਾਂ ਨੂੰ ਅਦਾ ਕਰਨੇ ਅਜੇ ਬਾਕੀ ਹਨ। ਅੱਜ ਵੀ ਭੁਪਾਲ ਦੇ ਲੋਕ ਦੁਰਘਟਨਾ ਦੌਰਾਨ ਫੈਲੇ ਜ਼ਹਿਰੀਲੇਪਣ ਦਾ ਸ਼ਿਕਾਰ ਹੋ ਰਹੇ ਹਨ। ਅੱਜ ਵੀ ਸੈਂਕੜੇ ਟਨ ਜ਼ਹਿਰੀਲਾ ਕਚਰਾ ਕਾਰਖਾਨੇ ਵਾਲੀ ਥਾਂ 'ਤੇ ਖੁੱਲ੍ਹਾ ਪਿਆ ਹੈ ਜਿਸ ਕਾਰਨ 30 ਹਜ਼ਾਰ ਲੋਕਾਂ ਦੇ ਪੀਣ ਵਾਲਾ ਪਾਣੀ ਦੂਸ਼ਿਤ ਹੋਇਆ ਹੈ। ਦੂਜੇ ਪਾਸੇ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਜਾਂ ਉਸ ਦੀ ਸ਼ਾਖਾ ਯੂਨੀਅਨ ਕਾਰਬਾਈਡ ਇੰਡੀਆ ਲਿਮਟਿਡ ਇਸ ਥਾਂ ਦੀ ਸਫਾਈ ਦੀ ਜ਼ਿੰਮੇਵਾਰੀ ਨਹੀਂ ਕਬੂਲ ਰਹੀ। ਯੂਨੀਅਨ ਕਾਰਬਾਈਡ ਨੂੰ ਖਰੀਣ ਵਾਲੀ ਵਾਰਿਸ ਡਾਓ ਕੈਮੀਕਲਜ਼ ਕੰਪਨੀ ਨੇ ਵੀ ਇਸ ਕੰਮ ਤੋਂ ਇਨਕਾਰ ਕਰ ਦਿੱਤਾ ਹੈ ਪਰ ਸਰਕਾਰ ਅਜੇ ਵੀ ਡਾਓ 'ਤੇ ਮਿਹਰਬਾਨ ਹੈ।

ਭਾਰਤ ਦੇ ਸਾਬਕਾ ਮੁੱਖ ਜੱਜ ਏ.ਐਚ. ਅਹਿਮਦੀ ਨੇ ਇਸ ਮਾਮਲੇ ਵਿੱਚ ਆਪਣੇ 1996 ਦੇ ਹੁਕਮਾਂ ਨੂੰ ਸਹੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ ਜੋ ਅਪਰਾਧਿਕ ਦੋਸ਼ਾਂ ਨੂੰ ਨਰਮ ਕਰਦੇ ਹਨ। ਉਨ੍ਹਾਂ ਦੀ ਦਲੀਲ ਹੈ ਕਿ 'ਜੇ ਮੇਰਾ ਡਰਾਈਵਰ ਕਾਰ ਚਲਾ ਰਿਹਾ ਹੈ ਤੇ ਉਸ ਨਾਲ ਕੁਦਰਤੀ ਹਾਦਸਾ ਹੋ ਜਾਂਦਾ ਹੈ ਤਾਂ ਮੈਂ ਉਸ ਲਈ ਜ਼ਿੰਮੇਵਾਰ ਨਹੀਂ ਕਿ ਮੇਰੇ 'ਤੇ ਲਾਪਰਵਾਹੀ ਨਾਲ ਹੋਈ ਉਸ ਮੌਤ ਦਾ ਮੁਕੱਦਮਾ ਦਰਜ ਕੀਤਾ ਜਾਵੇ।' ਇਹ ਦਲੀਲ ਠੀਕ ਲਗਦੀ ਹੈ ਪਰ ਇਕੱਲੇ ਡਰਾਈਵਰ ਦੀ ਗ਼ਲਤੀ ਤੇ ਇੱਕ ਕਾਰਪੋਰੇਸ਼ਨ ਵੱਲੋਂ ਖ਼ਤਰਨਾਕ ਪਲਾਂਟ ਦਾ ਅਸੁਰੱਖਿਅਤ ਡਿਜ਼ਾਈਨ ਤਿਆਰ ਕਰਨ, ਉਸ ਦੇ ਕੰਮ-ਕਾਰ ਤੇ ਉਸ ਦੇ ਰੱਖ-ਰਖਾਅ ਵਿੱਚ ਕੀਤੀ ਮੁਜਰਮਾਨਾ ਗ਼ਲਤੀ ਵਿਚਕਾਰ ਕੋਈ ਸਮਾਨਤਾ ਨਹੀਂ ਹੈ। ਇਸ ਤੋਂ ਵੀ ਬੁਰੀ ਗੱਲ ਇਹ ਹੈ ਕਿ ਸਨਅਤ ਨੇ ਯੂਨੀਅਨ ਕਾਰਬਾਈਡ ਦੀ ਵਾਰਸ ਡਾਓ ਕੰਪਨੀ ਨਾਲ ਮਿਲੀਭੁਗਤ ਕਰ ਲਈ ਹੈ। ਡਾਓ ਨੂੰ ਸਨਅਤਕਾਰ ਰਤਨ ਟਾਟਾ ਦੇ ਰੂਪ ਵਿੱਚ ਉਤਸ਼ਾਹੀ ਭਾਈਵਾਲ ਮਿਲ ਗਿਆ ਹੈ। ਸ੍ਰੀ ਰਤਨ ਟਾਟਾ ਨੇ ਭੁਪਾਲ ਗੈਸ ਪਲਾਂਟ ਵਾਲੀ ਥਾਂ ਨੂੰ ਸਾਫ਼ ਕਰਾਉਣ ਲਈ ਫੰਡ ਕਾਇਮ ਕਰਨ ਤੇ ਫੰਡ ਦੀ ਉਗਰਾਹੀ ਕਰਨ ਦੇ ਅਮਲ ਦੀ ਅਗਵਾਈ ਕਰਨ ਦੀ ਪੇਸ਼ਕਸ਼ ਕੀਤੀ ਹੈ ਤਾਂ ਜੋ ਡਾਓ ਕੰਪਨੀ ਭਾਰਤ ਵਿੱਚ ਪੂੰਜੀ ਨਿਵੇਸ਼ ਕਰ ਸਕੇ। ਡਾਓ ਕੰਪਨੀ ਇਸ ਬਾਰੇ ਕੇਂਦਰੀ ਸਰਕਾਰ ਨਾਲ ਗੱਲਬਾਤ ਕਰ ਰਹੀ ਹੈ ਤੇ ਉਸ ਨੇ ਕਾਂਗਰਸ ਪਾਰਟੀ ਦੇ ਬੁਲਾਰੇ ਅਭਿਸ਼ੇਕ ਮੰਨੂ ਸਿੰਘਵੀ ਦੀਆਂ ਵਕੀਲ ਦੇ ਰੂਪ ਵਿੱਚ ਸੇਵਾਵਾਂ ਪ੍ਰਾਪਤ ਕੀਤੀਆਂ ਹੋਈਆਂ ਹਨ। ਡਾਓ ਕੰਪਨੀ ਨੇ ਸ਼ਕਤੀਸ਼ਾਲੀ ਅਧਿਕਾਰੀਆਂ ਜਿਵੇਂ ਕਿ ਮੌਂਨਟੇਕ ਸਿੰਘ ਆਹਲੂਵਾਲੀਆ, ਪੀ. ਚਿਦੰਬਰਮ ਤੇ ਕਮਲ ਨਾਥ ਵਰਗਿਆਂ ਨੂੰ ਵੀ ਆਪਣੀ ਨਜ਼ਰ ਹੇਠ ਰੱਖਿਆ ਹੋਇਆ ਹੈ ਜਦੋਂਕਿ ਚਿਦੰਬਰਮ ਤੇ ਕਮਲ ਨਾਥ ਦੋਵੇਂ ਭੁਪਾਲ ਗੈਸ ਕਾਂਡ ਸਬੰਧੀ ਮਾਮਲੇ ਨਾਲ ਨਿਪਟਣ ਲਈ ਕੇਂਦਰੀ ਸਰਕਾਰ ਵੱਲੋਂ ਮੰਤਰੀਆਂ ਦੇ ਬਣਾਏ ਗਏ ਗਰੁੱਪ ਦੇ ਮੈਂਬਰ ਹਨ।

ਇਸ ਦੇ ਨਾਲ ਹੀ ਯੂਨੀਅਨ ਕਾਰਬਾਈਡ ਦੇ ਸਾਬਕਾ ਸੀ.ਈ.ਓ. ਵਾਰੇਨ ਐਂਡਰਸਨ ਨੂੰ ਨਿਆਂ ਲਈ ਭਾਰਤ ਭੇਜੇ ਜਾਣ 'ਤੇ ਅਮਰੀਕਾ ਵਿਚਾਰ ਕਰ ਸਕਦਾ ਹੈ। ਅਮਰੀਕਾ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਐਂਡਰਸਨ ਦੀ ਹਵਾਲਗੀ ਬਾਰੇ ਭਾਰਤ ਵੱਲੋਂ ਮੰਗ ਕੀਤੀ ਜਾਂਦੀ ਹੈ ਤਾਂ ਉਸ 'ਤੇ ਪੂਰੀ ਤਵੱਜੋ ਦਿੱਤੀ ਜਾਵੇਗੀ।

# ਮਿਲਵਾਕੀ 'ਚ ਕਾਂਗਰਸ ਦੀ ਨਵੀਂ ਇਕਾਈ ਕਾਇਮ

**ਮਿਲਵਾਕੀ (ਪੰਜਾਬ ਟਾਈਮਜ਼ ਬਿਊਰੋ):** ਇੰਡੀਅਨ ਨੈਸ਼ਨਲ ਕਾਂਗਰਸ ਦੀ ਇਕ ਹੋਰ ਇਕਾਈ ਮਿਲਵਾਕੀ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਵਿਸਕਾਨਸਿਨ ਨਾਂ ਨਾਲ ਇਥੇ ਕਾਇਮ ਕੀਤੀ ਗਈ ਹੈ। ਇਸ ਇਕਾਈ ਦਾ ਪ੍ਰਧਾਨ ਸ੍ਰੀ ਕੁਲਵੰਤ ਸਿੰਘ ਢਿੱਲੋਂ ਨੂੰ ਬਣਾਇਆ ਗਿਆ ਹੈ ਜਦੋਂਕਿ ਮੀਤ ਪ੍ਰਧਾਨ ਹਰਵਿੰਦਰ ਸਿੰਘ ਸਿੱਧੂ 'ਲਾਲੀ' ਨੂੰ ਬਣਾਇਆ ਗਿਆ ਹੈ। ਹੋਰ ਅਹੁਦੇਦਾਰਾਂ ਵਿਚ ਜਰਨਲ ਸਕੱਤਰ ਹਰਜੀਤ ਸਿੰਘ ਸੰਧਰ, ਮੀਤ ਜਨਰਲ ਸਕੱਤਰ ਬਹਾਦਰ ਸਿੰਘ ਬੋਪਾਰਾਏ ਅਤੇ ਐਗਜ਼ੈਕਟਿਵ ਸੈਕਟਰੀ ਦਰਸ਼ਨ ਸਿੰਘ ਗਰੇਵਾਲ ਤੋਂ ਇਲਾਵਾ ਖਜ਼ਾਨਚੀ ਹਰਵਿੰਦਰ ਸਿੰਘ ਚਾਹਲ ਨੂੰ ਬਣਾਇਆ ਗਿਆ ਹੈ। ਸ੍ਰੀ ਜਗਦੀਸ਼ਰ ਸਿੰਘ ਕਲੇਰ, ਪਰਮਜੀਤ ਸਿੰਘ ਅਤੇ ਸਤਵਿੰਦਰ ਸਿੰਘ ਕਾਰਜਕਾਰਨੀ ਵਿਚ ਮੈਂਬਰ ਲਏ ਗਏ ਹਨ।




*ਕੁਲਵੰਤ ਸਿੰਘ ਢਿੱਲੋਂ ਅਤੇ ਹਰਵਿੰਦਰ ਸਿੰਘ ਸਿੱਧੂ*

ਕਾਂਗਰਸ ਦੀ ਇਸ ਇਕਾਈ ਦੀ ਸਥਾਪਨਾ ਬੀਤੇ ਦਿਨ ਇਥੇ ਮਹਾਰਾਜਾ ਰੈਸਟੋਰੈਂਟ ਵਿਚ ਸ਼ਹਿਰ ਦੇ ਪਤਵੰਤੇ ਸੱਜਣਾਂ ਦੀ ਇਕ ਮੀਟਿੰਗ ਵਿਚ ਕੀਤੀ ਗਈ। ਇਸ ਮੌਕੇ ਹਾਜ਼ਰ ਸੱਜਣਾਂ ਵਿਚ ਹੋਰਨਾਂ ਤੋਂ ਇਲਾਵਾ ਪਾਖਰ ਸਿੰਘ ਸਿੱਧੂ, ਅਮਰਜੀਤ ਸਿੰਘ ਸੰਧਰ, ਗੁਰਦੇਵ ਸਿੰਘ, ਮਹਿੰਦਰ ਸਿੰਘ ਸਿੱਧੂ ਦੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸ਼ਿਕਾਗੋ ਤੋਂ ਇਲੀਨਾਏ ਕਾਂਗਰਸ ਦੇ ਪ੍ਰਧਾਨ ਅਜੈਬ ਸਿੰਘ ਲੱਖਣ, ਸੀਨੀਅਰ ਮੀਤ ਪ੍ਰਧਾਨ ਵਿਕਰਾਂਤ ਸਿੰਘ, ਮੀਤ ਪ੍ਰਧਾਨ ਸੰਤੋਖ ਸਿੰਘ ਡੀ ਸੀ, ਕਾਰਜਕਾਰੀ ਸਕੱਤਰ ਲਵਦੀਪ ਸਿੰਘ ਦੂਲਤ, ਮੀਤ ਪ੍ਰਧਾਨ (ਯੂ ਪੀ) ਅਰਵਿੰਦ ਸਿੱਧੂ, ਮੀਤ ਪ੍ਰਧਾਨ (ਰਾਜਸਥਾਨ) ਹਰਦੇਵ ਸਾਹੂ, ਮੀਤ ਪ੍ਰਧਾਨ (ਦਿੱਲੀ) ਦੀਪਕ ਸੌਂਧੀ, ਹਰਜਿੰਦਰ ਦਿਆਲ, ਯਸ਼ਪਾਲ ਮਾਇਰ, ਭੁਪਿੰਦਰ ਸਿੰਘ ਬਿੱਲਾ, ਮਹਿੰਦਰ ਸਿੰਘ ਰਕਾਲਾ ਵੀ ਪਹੁੰਚੇ ਹੋਏ ਸਨ।

## ਸ਼ਹੀਦ ਊਧਮ ਸਿੰਘ ਸਭਾ ਦੀ ਮੀਟਿੰਗ 19 ਨੂੰ

**ਨਿਊ ਯਾਰਕ:** ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ ਦੀ ਇਕ ਮੀਟਿੰਗ ਆਉਂਦੇ ਸਨਿਚਰਵਾਰ ਬਾਅਦ ਦੁਪਹਿਰ 2 ਵਜੇ ਸਭਾ ਦੇ ਦਫਤਰ ਵਿਚ ਹੋਵੇਗੀ।



ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਸ੍ਰੀ ਜਸਵੰਤ ਸਿੰਘ ਜੱਸਾ ਨੇ ਦੱਸਿਆ ਕਿ ਇਸ ਮੀਟਿੰਗ ਵਿਚ 31 ਜੁਲਾਈ ਨੂੰ ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਕਰਵਾਏ ਜਾਣ ਵਾਲੇ ਮੇਲੇ ਸਬੰਧੀ ਤਿਆਰੀਆਂ ਦਾ ਜਾਇਜਾ ਲਿਆ ਜਾਵੇਗਾ।







# ਨਿਤੀਸ਼ ਕੁਮਾਰ ਨੇ ਨਰਿੰਦਰ ਮੋਦੀ ਦੇ ਚੇਲੇ ਵਾਹਣੀਂ ਪਾਏ

**ਬਿੰਦਰ ਬਸਰਾ**

ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵਿਚਾਲੇ ਇਸ਼ਤਿਹਾਰ ਦੇ ਮਾਮਲੇ ਨੂੰ ਲੈ ਕੇ ਸ਼ੁਰੂ ਹੋਈ ਖਿੱਚੋਤਾਣ ਅਤੇ ਤਲਖੀ ਹੋਰ ਤਿੱਖੀ ਹੋ ਗਈ ਹੈ। ਭਾਜਪਾ ਦੇ ਸੀਨੀਅਰ ਆਗੂ ਵੀ ਇਸ ਨੂੰ ਆਤਮ ਸਨਮਾਨ ਦੀ ਵੱਜੀ ਸੱਟ ਦਾ ਨਾਂ ਦੇ ਕੇ ਨਿਤੀਸ਼ ਕੁਮਾਰ ਵਿਰੁਧ ਆਪਣੀ ਭੜਾਸ ਕੱਢ ਰਹੇ ਹਨ ਪਰ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਅਤੇ ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ 'ਇਸ਼ਤਿਹਾਰ ਯੁੱਧ' ਦੀ ਖ਼ਾਤਰ ਸਰਕਾਰ ਦੀ ਬਲੀ ਦੇਣ ਤੋਂ ਝਿਜਕਦਿਆਂ ਇਸ ਵਿਵਾਦ ਨੂੰ ਖ਼ਤਮ ਕਰਨ ਦੇ ਯਤਨਾਂ 'ਚ ਜੁਟੇ ਹੋਏ ਹਨ।

ਨਿਤੀਸ਼ ਕੁਮਾਰ ਵਲੋਂ ਨਰਿੰਦਰ ਮੋਦੀ ਖਿਲਾਫ਼ ਬਿਆਨਬਾਜ਼ੀ ਅਤੇ ਭਾਜਪਾ ਦੀ ਦੋ ਰੋਜ਼ਾ ਕਾਰਜਕਾਰਨੀ ਕਮੇਟੀ ਮੀਟਿੰਗ 'ਚ ਸ਼ਾਮਲ ਹੋਏ ਪਾਰਟੀ ਆਗੂਆਂ ਦੇ ਮਾਣ 'ਚ ਦਿੱਤਾ ਜਾਣ ਵਾਲਾ ਰਾਤ ਦਾ ਖਾਣਾ ਰੱਦ ਕਰਕੇ ਭਾਜਪਾ ਦੇ ਸਨਮਾਨ ਨੂੰ ਸੱਟ ਮਾਰਨ ਪਿਛੋਂ ਬਿਹਾਰ ਪੁਲਿਸ ਵਲੋਂ ਅਖ਼ਬਾਰ 'ਚ ਇਸ਼ਤਿਹਾਰ ਦੇਣ ਵਾਲੀ ਏਜੰਸੀ ਦੇ ਦਫ਼ਤਰ 'ਤੇ ਛਾਪਾ ਮਾਰ ਕੇ ਇਸ ਵਿਵਾਦ ਨੂੰ ਹੋਰ ਡੂੰਘਾ ਕਰ ਦਿੱਤਾ ਗਿਆ ਹੈ। ਉਧਰ ਭਾਜਪਾ ਨੇ ਇਸ 'ਤੇ ਤਿੱਖਾ ਰੁਖ ਅਖਤਿਆਰ ਕਰਦਿਆਂ ਆਪਣੀ ਸਹਿਯੋਗੀ ਪਾਰਟੀ ਜਨਤਾ ਦਲ (ਯੂ) ਨੂੰ ਸਪੱਸ਼ਟ ਸੰਕੇਤ ਦਿੱਤਾ ਕਿ ਉਹ ਸਾਰਿਆਂ ਨੂੰ ਨਾਲ ਲੈ ਕੇ ਸਿਆਣਪ ਵਰਤ ਰਹੀ ਹੈ ਪਰ ਆਪਣੇ ਆਤਮ-ਸਨਮਾਨ ਦੀ ਕੀਮਤ 'ਤੇ ਕੋਈ ਸੌਦੇਬਾਜ਼ੀ ਨਹੀਂ ਕਰੇਗੀ।

ਜ਼ਿਕਰਯੋਗ ਹੈ ਕਿ ਭਾਜਪਾ ਦੀ ਬਿਹਾਰ 'ਚ ਚੱਲ ਰਹੀ ਸਵੈਮਾਣ ਰੈਲੀ ਸਮੇਂ ਸਥਾਨਕ ਅਖ਼ਬਾਰਾਂ 'ਚ ਦਿੱਤੇ ਇਸ਼ਤਿਹਾਰ 'ਚ ਨਿਤੀਸ਼ ਕੁਮਾਰ ਅਤੇ ਨਰਿੰਦਰ ਮੋਦੀ ਦੀਆਂ ਤਸਵੀਰਾਂ ਛਾਪੀਆਂ ਗਈਆਂ ਸਨ ਅਤੇ ਇਸ਼ਤਿਹਾਰ 'ਚ ਕੋਸੀ ਨਦੀ 'ਚ ਹੜ੍ਹ ਵੇਲੇ ਗੁਜਰਾਤ ਸਰਕਾਰ ਵਲੋਂ ਬਿਹਾਰ ਸਰਕਾਰ ਨੂੰ ਦਿੱਤੀ ਗਈ ਸਹਾਇਤਾ ਦਾ ਜ਼ਿਕਰ ਕੀਤਾ ਗਿਆ ਸੀ। ਇਸੇ ਜ਼ਿਕਰ 'ਤੇ ਸਖ਼ਤ ਇਤਰਾਜ਼ ਕਰਦਿਆਂ ਨਿਤੀਸ਼ ਕੁਮਾਰ ਨੇ ਇਸ ਨੂੰ ਗੈਰ-ਸੱਭਿਅਕ ਦੱਸਿਆ ਸੀ। ਨਿਤੀਸ਼ ਨੇ ਇਨ੍ਹਾਂ ਇਸ਼ਤਿਹਾਰਾਂ ਨੂੰ ਛਾਪਣ ਵਾਲਿਆਂ ਖਿਲਾਫ਼ ਕਾਰਵਾਈ ਦੀ ਚੇਤਾਵਨੀ ਦਿੰਦਿਆਂ ਬੀਤੇ ਦਿਨੀਂ ਕਿਹਾ ਸੀ ਕਿ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਹਨ ਤੇ ਉਨ੍ਹਾਂ ਦਾ ਬਿਹਾਰ 'ਚ ਕੋਈ ਕੰਮ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਭਾਰਤੀ ਸੰਸਕ੍ਰਿਤੀ ਨਹੀਂ ਕਿ ਮਦਦ ਕਰਕੇ ਢੰਡੋਰਾ ਪਿੱਟਿਆ ਜਾਵੇ। ਨਿਤੀਸ਼ ਕੁਮਾਰ ਨੇ ਕਿਹਾ ਕਿ ਬਿਹਾਰ ਕਮਜ਼ੋਰ ਨਹੀਂ ਹੈ ਕਿਉਂਕਿ ਇਥੋਂ ਦੇ ਲੋਕ ਲੋੜ ਪੈਣ 'ਤੇ ਮੁਸ਼ਕਲਾਂ ਦਾ ਦਲੇਰੀ ਨਾਲ ਸਾਹਮਣਾ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਹੜ੍ਹਾਂ ਦੌਰਾਨ ਗੁਜਰਾਤ ਵਲੋਂ ਬਿਹਾਰ ਨੂੰ ਕੋਈ ਰਾਹਤ ਦਿੱਤੀ ਗਈ ਹੈ ਤਾਂ ਉਹ ਉਸ ਨੂੰ ਛੇਤੀ ਹੀ ਮੋੜ ਦੇਣਗੇ। ਜ਼ਿਕਰਯੋਗ ਹੈ ਕਿ ਗੁਜਰਾਤ 'ਚ ਰਹਿ ਰਹੇ ਬਿਹਾਰੀਆਂ ਵਲੋਂ ਜਾਰੀ ਇਨ੍ਹਾਂ ਇਸ਼ਤਿਹਾਰਾਂ 'ਚ ਮੋਦੀ ਦੇ ਬਿਹਾਰ ਦੀ ਜਨਤਾ ਨਾਲ ਭਾਵਨਾਤਮਕ ਰੂਪ ਨਾਲ ਜੁੜੇ ਹੋਣ ਦਾ ਦਾਅਵਾ ਕੀਤਾ ਗਿਆ ਹੈ।

ਇਸ਼ਤਿਹਾਰਾਂ 'ਚ ਗੁਜਰਾਤ ਤੇ ਬਿਹਾਰ ਦਾ ਬਹੁਤ ਪੁਰਾਣਾ ਸੰਬੰਧ ਦੱਸਿਆ ਗਿਆ ਹੈ ਅਤੇ ਨਿਤੀਸ਼ ਕੁਮਾਰ ਦੇ ਮੁਕਾਬਲੇ ਗੁਜਰਾਤ ਦੇ ਮੁੱਖ ਮੰਤਰੀ ਨੂੰ ਵਧੇਰੇ ਕਾਮਯਾਬ ਦੱਸਿਆ ਗਿਆ ਹੈ। ਇਸ਼ਤਿਹਾਰ 'ਚ ਗੁਜਰਾਤ ਦੀਆਂ ਨੀਤੀਆਂ (ਗੁਜਰਾਤ ਮਾਡਲ) ਨੂੰ ਬਿਹਾਰ ਨਾਲੋਂ ਵਧੇਰੇ ਵਧੀਆ ਕਰਾਰ ਦਿੱਤਾ ਗਿਆ ਹੈ। ਨਿਤੀਸ਼ ਕੁਮਾਰ ਦਾ ਕਹਿਣਾ ਹੈ ਕਿ ਇਸ਼ਤਿਹਾਰ ਛਾਪਣ ਤੋਂ ਪਹਿਲਾਂ ਉਨ੍ਹਾਂ ਦੇ ਦਫ਼ਤਰ ਤੋਂ ਇਸ ਬਾਰੇ ਪ੍ਰਵਾਨਗੀ ਨਹੀਂ ਲਈ ਗਈ। ਜਨਤਾ ਦਲ (ਯੂ) ਦੇ ਪ੍ਰਧਾਨ ਸ਼ਰਦ ਯਾਦਵ ਨੇ ਵੀ ਆਖਿਆ ਕਿ ਇਹ ਦਸਤੂਰ ਦੀ ਗੱਲ ਹੈ ਕਿ ਇਸ਼ਤਿਹਾਰਾਂ ਵਿਚ ਤਸਵੀਰ ਛਾਪਣ ਲਈ ਪ੍ਰਧਾਨ ਮੰਤਰੀ ਹੋਵੇ ਜਾਂ ਮੁੱਖ ਮੰਤਰੀ, ਉਸ ਦੀ ਆਗਿਆ ਲੈਣੀ ਬਣਦੀ ਹੈ।

ਇਸ ਦੌਰਾਨ ਬਿਹਾਰ ਪੁਲਿਸ ਨੇ ਅਖ਼ਬਾਰ 'ਚ ਇਸ਼ਤਿਹਾਰ ਦੇਣ ਵਾਲੀ ਐਕਸਪ੍ਰੈਸ਼ਨ ਨਾਮੀ ਐਡ ਏਜੰਸੀ 'ਤੇ ਛਾਪਾ ਮਾਰਿਆ ਜਿਥੇ ਨਿਤੀਸ਼ ਸਰਕਾਰ ਵਲੋਂ ਏਜੰਸੀ ਦੇ ਦਫ਼ਤਰ 'ਤੇ ਛਾਪੇਮਾਰੀ ਕੀਤੀ ਗਈ, ਉਥੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੇ ਵੀ ਪਿੱਛੇ ਨਾ ਹਟਦਿਆਂ ਦੂਜੇ ਦਿਨ ਪਟਨਾ ਦੀਆਂ ਅਖ਼ਬਾਰਾਂ 'ਚ ਪੂਰੇ ਸਫੇ ਦੇ ਇਸ਼ਤਿਹਾਰ ਦਿੱਤੇ। ਬਿਹਾਰ ਪੁਲਿਸ ਨੇ ਐਡ ਏਜੰਸੀ ਦੇ ਦਫ਼ਤਰੋਂ ਇਕ ਪੀ. ਡੀ. ਐਫ. ਫਾਈਲ ਅਤੇ ਈਮੇਲ ਦੇ ਵੇਰਵੇ ਜ਼ਬਤ ਕਰ ਲਏ ਹਨ।

ਉਧਰ ਭਾਜਪਾ ਦਾ ਕਹਿਣਾ ਹੈ ਕਿ ਨਿਤੀਸ਼ ਕੁਮਾਰ ਮੁਸਲਿਮ ਵੋਟਰਾਂ ਨੂੰ ਖੁਸ਼ ਰੱਖਣ ਲਈ ਅਜਿਹਾ ਕਰ ਰਹੇ ਹਨ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਨਿਤੀਸ਼ ਕੁਮਾਰ ਨੇ 2009 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਵਿਸ਼ੇਸ਼ ਤੌਰ 'ਤੇ ਕਿਹਾ ਸੀ ਕਿ 2002 'ਚ ਗੋਧਰਾ ਕਾਂਡ ਮਗਰੋਂ ਹੋਏ ਦੰਗਿਆਂ ਦੇ ਮੱਦੇਨਜ਼ਰ ਨਰਿੰਦਰ ਮੋਦੀ ਨੂੰ ਚੋਣ ਮੁਹਿੰਮ 'ਚ ਸ਼ਾਮਲ ਨਾ ਕੀਤਾ ਜਾਵੇ। ਇਹ ਵੀ ਜ਼ਿਕਰਯੋਗ ਹੈ ਕਿ ਨਿਤੀਸ਼ ਕੁਮਾਰ ਨੇ ਇਸ਼ਤਿਹਾਰ 'ਤੇ ਸਖ਼ਤ ਇਤਰਾਜ਼ ਪ੍ਰਗਟਾਉਣ ਪਿਛੋਂ ਕਿਹਾ ਕਿ ਇਸ ਮਸਲੇ ਦਾ ਜਨਤਾ ਦਲ (ਯੂ) ਅਤੇ ਭਾਜਪਾ ਵਿਚਕਾਰ ਸੰਬੰਧਾਂ 'ਤੇ ਕੋਈ ਅਸਰ ਨਹੀਂ ਪਵੇਗਾ। ਭਾਜਪਾ ਦੇ ਤਰਜ਼ਮਾਨ ਰਾਜੀਵ ਪ੍ਰਤਾਪ ਰੂਡੀ ਨੇ ਨਿਤੀਸ਼ ਕੁਮਾਰ ਦੀ ਤਿੱਖੀ ਬਿਆਨਬਾਜ਼ੀ 'ਤੇ ਪ੍ਰਤੀਕਰਮ ਕਰਦਿਆਂ ਕਿਹਾ ਕਿ ਸਾਡੀ ਸੁਲਝੀ ਹੋਈ ਪਾਰਟੀ ਹੈ, ਜਿਸ ਦੀ ਪ੍ਰੌੜ ਲੀਡਰਸ਼ਿਪ ਹੈ ਅਤੇ ਅਸੀਂ ਸਿਆਣਪ ਦਿਖਾ ਰਹੇ ਹਾਂ। ਸਾਡੇ ਲਈ ਆਤਮ ਸਨਮਾਨ ਸਭ ਤੋਂ ਅਹਿਮ ਹੈ। ਨਿਤੀਸ਼ ਕੁਮਾਰ 'ਤੇ ਵਰ੍ਹਦਿਆਂ ਭਾਜਪਾ ਦੇ ਇਕ ਮੰਤਰੀ ਨੇ ਇਹ ਕਹਿ ਕੇ ਜ਼ੋਰਦਾਰ ਢੰਗ ਨਾਲ ਭੜਾਸ ਕੱਢੀ ਕਿ (ਉਨ੍ਹਾਂ) ਨੂੰ ਅਚਾਨਕ ਪਤਾ ਲੱਗਾ ਹੈ ਕਿ ਉਨ੍ਹਾਂ ਦਾ ਗੁਜਰਾਤ ਦਾ ਹਮਰੁਤਬਾ ਫਿਰਕੂ ਹੈ।

ਨਿਤੀਸ਼ ਕੁਮਾਰ ਤੇ ਨਰਿੰਦਰ ਮੋਦੀ ਵਿਚਾਲੇ ਤਲਖੀ ਜਾਰੀ ਹੈ। ਉਥੇ ਭਾਜਪਾ ਦੇ ਹੋਰ ਨੇਤਾ ਵੀ ਇਸ ਨੂੰ ਤੇਜ਼ ਕਰ ਰਹੇ ਹਨ ਪਰ ਦੋਹਾਂ ਪਾਰਟੀਆਂ ਦੇ ਸੀਨੀਅਰ ਆਗੂ ਸ਼ਰਦ ਯਾਦਵ ਅਤੇ ਲਾਲ ਕ੍ਰਿਸ਼ਨ ਅਡਵਾਨੀ ਇਸ ਵਧ ਰਹੀ ਤਰੇੜ ਨੂੰ ਭਰਨ ਲਈ ਯਤਨ ਕਰ ਰਹੇ ਹਨ। ਪਟਨਾ ਦੀ ਸਵੈਮਾਣ ਰੈਲੀ ਵਿਚ ਆਪਣੇ ਪੂਰੇ ਭਾਸ਼ਣ ਦੌਰਾਨ ਲਾਲ ਕ੍ਰਿਸ਼ਨ ਅਡਵਾਨੀ ਨੇ ਨਿਤੀਸ਼ ਕੁਮਾਰ ਦੇ ਨਾਂ ਦਾ ਜਾਪ ਕੀਤਾ। ਉਨ੍ਹਾਂ ਕਿਹਾ ਕਿ ਨਿਤੀਸ਼ ਨਾਲ ਉਨ੍ਹਾਂ ਦੀ ਪਾਰਟੀ ਦਾ ਪਿਛਲੇ 15 ਸਾਲਾਂ ਤੋਂ ਰਿਸ਼ਤਾ ਹੈ ਅਤੇ ਇਹ ਰਿਸ਼ਤਾ ਕੋਈ ਛੋਟੀ ਜਿਹੀ ਗੱਲ ਨਾਲ ਟੁੱਟ ਨਹੀਂ ਸਕਦਾ। ਉਨ੍ਹਾਂ ਤਾਂ ਇਹ ਵੀ ਕਿਹਾ ਕਿ ਜਿਵੇਂ ਕਈ ਹੋਰ ਸੂਬਿਆਂ ਦੇ ਨਾਂ ਬਦਲੇ ਹਨ, ਉਸੇ ਤਰ੍ਹਾਂ ਬਿਹਾਰ ਦਾ ਨਾਂ ਵੀ ਬਦਲ ਕੇ ਪਾਟਲੀਪੁੱਤਰ ਰੱਖਿਆ ਜਾਵੇ। ਇਸ ਭਾਸ਼ਣ ਤੋਂ ਇੰਜ ਜਾਪਦਾ ਰਿਹਾ ਜਿਵੇਂ ਸ੍ਰੀ ਅਡਵਾਨੀ, ਨਿਤੀਸ਼ ਕੁਮਾਰ ਦੀ ਤਲਖੀ ਘਟਾਉਣ ਦੀ ਕੋਸ਼ਿਸ਼ ਕਰਦੇ ਹੋਣ ਪਰ ਦੂਜੇ ਪਾਸੇ ਗੁਜਰਾਤ ਦੇ ਮੁੱਖ ਮੰਤਰੀ ਨਰਿਦਰ ਮੋਦੀ ਨੇ ਆਪਣੇ ਭਾਸ਼ਣ ਦੌਰਾਨ ਇਕ ਤੀਰ ਨਾਲ ਕਈ ਨਿਸ਼ਾਨੇ ਕੀਤੇ। ਉਨ੍ਹਾਂ ਬਿਨਾਂ ਨਾਂ ਲਿਆਂ ਨਿਤੀਸ਼ ਕੁਮਾਰ ਨੂੰ ਰਗੜੇ ਲਾਏ। ਰੈਲੀ ਦੌਰਾਨ ਬਿਹਾਰੀਆਂ ਨੂੰ ਆਪਣੇ ਸ਼ੁਭਚਿੰਤਕ ਦੱਸਦਿਆਂ ਉਨ੍ਹਾਂ ਕਿਹਾ ਕਿ ਜਦੋਂ ਗੁਜਰਾਤ ਵਿਚ ਭੂਚਾਲ ਆਇਆ ਸੀ, ਉਸ ਸਮੇਂ ਗੁਜਰਾਤ ਵਿਚ ਰਹਿਣ ਵਾਲੇ ਬਿਹਾਰੀ ਭਾਈਚਾਰੇ ਨੇ ਸਾਡੇ ਹੰਝੂ ਪੂੰਝੇ। ਉਨ੍ਹਾਂ ਨਿਤੀਸ਼ ਨੂੰ ਛੁਟਿਆਉਣ ਲਈ ਉਪ ਮੁੱਖ ਮੰਤਰੀ ਸੁਸ਼ੀਲ ਮੋਦੀ ਦੀ ਰੱਜ ਕੇ ਤਾਰੀਫ ਕੀਤੀ।

# ਰੌਚੈਸਟਰ ਗੁਰੂਘਰ ਵਿਚ ਅੰਮ੍ਰਿਤਧਾਰੀਆਂ ਦੇ ਦਾਖਲੇ 'ਤੇ ਅਦਾਲਤੀ ਪਾਬੰਦੀ!

**ਸੈਨ ਹੋਜ਼ੇ (ਤਰਲੋਚਨ ਸਿੰਘ ਦੁਪਾਲਪੁਰ):** 'ਉਲਟੀ ਵਾੜ ਖੇਤ ਕਉ ਖਾਈ' ਵਾਲੀ ਤੁਕ ਨੂੰ ਸਾਕਾਰ ਕਰਦੀ ਇਹ ਕੁਲਹਿਣੀ ਖਬਰ ਸਮੂਹ ਗੁਰੂ ਨਾਨਕ ਨਾਮ ਲੇਵਾ ਮਾਈ ਭਾਈ ਦੇ ਹਿਰਦਿਆਂ ਨੂੰ ਗਹਿਰੀ ਚੋਟ ਪਹੁੰਚਾਏਗੀ ਕਿ ਨਿਊਯਾਰਕ ਸਟੇਟ ਵਿਚਲੇ ਰੌਚੈਸਟਰ ਸ਼ਹਿਰ ਦੇ ਗੁਰਦੁਆਰੇ ਵਿਚ ਹੁਣ ਅੰਮ੍ਰਿਤਧਾਰੀ ਸ਼ਰਧਾਲੂ ਦਾਖਲ ਨਹੀਂ ਹੋ ਸਕਣਗੇ। 11 ਜੂਨ ਸ਼ੁੱਕਰਵਾਰ ਨੂੰ ਇਕ ਸਥਾਨਕ ਅਦਾਲਤ ਵਲੋਂ ਦਿੱਤੇ ਗਏ ਫੈਸਲੇ ਅਨੁਸਾਰ ਕਿਸੇ ਵੀ ਕ੍ਰਿਪਾਨਧਾਰੀ ਉਤੇ ਗੁਰਦੁਆਰੇ ਦੀ ਹਦੂਦ ਅੰਦਰ ਜਾਣ 'ਤੇ ਮਨਾਹੀ ਲਾਗੂ ਹੋ ਗਈ ਹੈ। ਵੱਡੇ ਸਿਤਮ ਦੀ ਗੱਲ ਹੈ ਕਿ ਇਹ ਜੱਗੋਂ ਤੇਰ੍ਹਵੀਂ ਪਾਬੰਦੀ ਕਿਸੇ ਗੈਰ-ਸਿੱਖ ਵਿਅਕਤੀ ਜਾਂ ਕਿਸੇ ਪੰਥ-ਵਿਰੋਧੀ ਸਭਾ ਸੁਸਾਇਟੀ ਨੇ ਨਹੀਂ ਲਗਵਾਈ, ਸਗੋਂ ਇਸ ਗੁਰੂ-ਘਰ ਦੇ ਮੌਜੂਦਾ ਪ੍ਰਬੰਧਕਾਂ ਨੇ ਹੀ ਲਗਵਾਈ ਹੈ। ਅਦਾਲਤੀ ਫੈਸਲੇ ਦੀ ਖਬਰ ਮਿਲਦਿਆਂ ਹੀ ਅਮਰੀਕਨ ਸਿੱਖ ਹਲਕਿਆਂ ਵਿਚ ਸਨਸਨੀ ਫੈਲ ਗਈ ਹੈ।

ਇਸ ਗੁਰਦੁਆਰੇ ਨਾਲ ਸੰਬੰਧਿਤ ਸੰਗਤ ਵਿਚੋਂ ਭਾਈ ਸਿਮਰਨਜੀਤ ਸਿੰਘ, ਅਜੀਤ ਸਿੰਘ ਅਤੇ ਹੋਰ ਕਈ ਸ਼ਰਧਾਲੂਆਂ ਵਲੋਂ ਇਸ ਪੱਤਰਕਾਰ ਨੂੰ ਫੋਨ ਅਤੇ 'ਈ-ਮੇਲ' ਰਾਹੀਂ ਭੇਜੀ ਗਈ ਜਾਣਕਾਰੀ ਅਨੁਸਾਰ ਇਸੇ ਵਰ੍ਹੇ ਫਰਵਰੀ ਮਹੀਨੇ ਵਿਚ ਪ੍ਰਬੰਧਕਾਂ ਨੇ ਚੁੱਪ ਚੁਪੀਤਿਆਂ ਹੀ ਇਸ ਗੁਰਦੁਆਰੇ ਨੂੰ 'ਪਾਈਵੇਟ ਚਰਚ' ਸ਼ੋਅ ਕਰਕੇ ਸਰਕਾਰੀ ਕਾਗਜ਼ਾਂ ਵਿਚ 'ਪ੍ਰਾਈਵੇਟ ਪ੍ਰਾਪਰਟੀ' ਬਣਾ ਲਿਆ। ਇਸ ਸੀਨਾ-ਜੋਰੀ ਵਿਰੁਧ ਸਥਾਨਕ ਸੰਗਤਾਂ ਵਿਚ ਰੋਹ ਪ੍ਰਚੰਡ ਹੋ ਗਿਆ। ਪ੍ਰਬੰਧਕਾਂ ਨੇ ਸ਼ਰਧਾਲੂਆਂ ਦੇ ਗੁੱਸੇ ਨੂੰ ਦੇਖਦਿਆਂ ਕੋਰਟ ਵਿਚ ਮੁਕੱਦਮਾ ਕਰ ਦਿੱਤਾ ਕਿ ਪੱਗਾਂ ਤੇ ਕ੍ਰਿਪਾਨਾਂ ਵਾਲੇ ਲੋਕ ਸਾਨੂੰ 'ਪ੍ਰੇਸ਼ਾਨ' ਕਰਦੇ ਹਨ।

ਸ਼ਰਧਾਲੂਆਂ ਅਨੁਸਾਰ ਪ੍ਰਬੰਧਕਾਂ ਨੇ ਸ੍ਰੀ ਸੰਤੋਖ ਬਧੇਸ਼ਾ ਦੀ ਅਗਵਾਈ ਵਿਚ ਮੁਕੱਦਮੇ ਦੀ ਪੈਰਵਾਈ ਕਰਦਿਆਂ ਕੋਰਟ ਵਿਚ ਇਹ ਹਲਫੀਆ ਬਿਆਨ ਦਿੱਤਾ ਕਿ ਇਕ ਸਿੱਖ ਲਈ ਸਾਬਤ ਸੂਰਤਿ ਰਹਿਣ ਜਾਂ ਅੰਮ੍ਰਿਤਪਾਨ ਕਰਨ ਦੀ ਕੋਈ ਸ਼ਰਤ ਨਹੀਂ ਹੈ। ਸਿਰਫ 'ਅੰਦਰਲੀ ਸਿੱਖੀ' ਦੀ ਹੀ ਲੋੜ ਹੈ। ਕ੍ਰਿਪਾਨਧਾਰੀਆਂ ਵਿਰੁਧ ਕੁਝ ਅਪ-ਸ਼ਬਦ ਵਰਤਦਿਆਂ ਉਨ੍ਹਾਂ ਨੂੰ 'ਅਤਿਵਾਦੀ' ਤੱਕ ਕਿਹਾ ਗਿਆ। ਪਤਾ ਲੱਗਾ ਹੈ ਕਿ ਕੁਝ ਕਲੀਨ-ਸ਼ੇਵ ਪ੍ਰਬੰਧਕਾਂ ਨੇ ਸਿੱਖ ਫਲਸਫੇ ਦੀ ਮੁਜ਼ਰਮਾਨਾ ਭੰਨ-ਤੋੜ ਕਰਕੇ ਮਾਣਯੋਗ ਅਦਾਲਤ ਵਿਚ ਰਿਕਾਰਡ ਪੇਸ਼ ਕੀਤਾ ਜਿਸ ਦੀ ਬਦੌਲਤ ਸ਼ਰਧਾਲੂਆਂ ਪੱਲੇ ਮਾਯੂਸੀ ਪਈ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਇਸ ਗੁਰਦੁਆਰੇ ਦੇ ਪ੍ਰਬੰਧਕ ਲੰਬੇ ਅਰਸੇ ਤੋਂ ਪ੍ਰੰਪਰਾਗਤ ਸਿੱਖ ਰਹੁ-ਰੀਤਾਂ ਦੀ ਘੋਰ ਅਣਦੇਖੀ ਕਰਦੇ ਆ ਰਹੇ ਹਨ। ਮਿਸਾਲ ਵਜੋਂ ਗੁਰੂ ਘਰ ਵਿਚ ਧਾਰਮਿਕ ਸੇਵਾਵਾਂ ਨਿਭਾਉਣ ਲਈ ਕੋਈ ਗ੍ਰੰਥੀ ਸਿੰਘ ਨਿਯੁਕਤ ਕਰਨ ਦੀ ਥਾਂ, ਸ੍ਰੀ ਸੰਤੋਖ ਬਧੇਸ਼ਾ ਨਾਂ ਦਾ ਟਰਸਟੀ ਕਲੀਨ-ਸ਼ੇਵ ਹੋਣ ਦੇ ਬਾਵਜੂਦ ਵੀ 'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ' ਦੀ ਅਰਦਾਸ ਕਰਨ ਲੱਗ ਜਾਂਦਾ ਹੈ। ਇਥੇ ਹੀ ਬੱਸ ਨਹੀਂ ਕਈ ਟਰੱਸਟੀ, ਸਿੱਖਾਂ ਦਾ ਮਖੌਲ ਉਡਾਉਂਦਿਆਂ, ਪੱਗਾਂ ਬੰਨਣ ਵਾਲਿਆਂ ਨੂੰ ਛੋਟੇ ਦਿਮਾਗ ਵਾਲੇ ਕਹਿੰਦੇ ਹਨ।

ਯਾਦ ਰਹੇ ਕਿ ਇਹ ਉਹੀ ਰੌਚੈਸਟਰ ਦਾ ਗੁਰਦੁਆਰਾ ਹੈ, ਜਿੱਥੇ ਪ੍ਰੋਫੈਸਰ ਦਰਸ਼ਨ ਸਿੰਘ ਜੀ ਖਾਲਸਾ ਵਲੋਂ ਕੀਤੇ ਗਏ ਕੀਰਤਨ-ਵਿਖਿਆਨ ਦੀ ਰਿਕਾਰਡਿੰਗ ਨੂੰ 'ਤ੍ਰੈਅਸ਼ੂਦਾ ਸਕੀਮ' ਅਨੁਸਾਰ ਭੰਨ-ਤੋੜ ਕਰਕੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪਹੁੰਚਾਇਆ ਗਿਆ ਸੀ। ਹੁਣ ਸਥਾਨਕ ਸਿੱਖ ਸੰਗਤਾਂ ਨੇ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਨੂੰ ਦੁਖੀ ਹਿਰਦੇ ਨਾਲ ਅਪੀਲ ਕੀਤੀ ਹੈ ਕਿ ਸਿੱਖ ਸਿਧਾਂਤਾਂ ਦੀ ਬਹਾਲੀ ਲਈ ਉਨ੍ਹਾਂ ਦਾ ਸਾਥ ਦਿੱਤਾ ਜਾਵੇ। ਸ੍ਰੀ ਸੰਤੋਖ ਬਧੇਸ਼ਾ ਅਤੇ ਉਨ੍ਹਾਂ ਦੇ ਸਾਥੀ ਟਰਸਟੀਆਂ ਦਾ ਪੱਖ ਜਾਨਣ ਲਈ, ਉਨ੍ਹਾਂ ਦੇ ਫੋਨ ਨੰਬਰਾਂ 'ਤੇ ਸੰਪਰਕ ਕਰਨ ਦੀ ਇਸ ਪੱਤਰਕਾਰ ਨੇ ਕਈ ਵਾਰ ਕੋਸ਼ਿਸ਼ ਕੀਤੀ ਪਰ ਸੰਪਰਕ ਨਹੀਂ ਹੋ ਸਕਿਆ।

## ਜ਼ਰਦਾਰੀ ਦੀ ਤਾਲਿਬਾਨ ਆਗੂਆਂ ਨਾਲ ਮੁਲਾਕਾਤ ਦੇ ਚਰਚੇ

ਦੀ ਸਾਜ਼ਿਸ਼ ਸੀ।

ਹੁਣ ਨਸ਼ਰ ਹੋਈ ਖ਼ਬਰ ਨੇ ਇਹ ਸੱਚ ਸਾਹਮਣੇ ਲਿਆਂਦਾ ਹੈ। ਅਸਲ ਵਿਚ ਇਹ ਖਬਰ ਨਵੀਂ ਨਹੀਂ ਸਗੋਂ ਬੀਤੇ ਅਪ੍ਰੈਲ ਮਹੀਨੇ ਦੀ ਹੈ। ਇਸ ਦਾ ਖੁਲਾਸਾ ਲੰਡਨ ਤੋਂ ਛਪਦੇ ਅਖਬਾਰ 'ਸੰਡੇ ਟਾਈਮਜ਼' ਵਿਚ ਬੀਤੇ ਹਫਤੇ ਕੀਤਾ ਗਿਆ ਹੈ ਤੇ ਇਹ ਖਬਰ ਪਾਕਿਸਤਾਨ ਦੇ ਅਖਬਾਰਾਂ ਵਿਚ ਵੀ ਛਪੀ ਹੈ। ਭਾਵੇਂ ਕਿ ਰਾਸ਼ਟਰਪਤੀ ਜ਼ਰਦਾਰੀ ਦੇ ਬੁਲਾਰੇ ਨੇ ਖਬਰ ਦਾ ਜ਼ੋਰਦਾਰ ਢੰਗ ਨਾਲ ਖੰਡਨ ਕੀਤਾ ਹੈ ਪਰ ਅਖਬਾਰਾਂ ਨੇ ਜੇਲ੍ਹ ਦਾ ਨਾਂ ਅਤੇ ਤਾਲਿਬਾਨ ਆਗੂਆਂ ਦੇ ਨਾਵਾਂ ਸਮੇਤ ਹੋਰ ਵੀ ਬਥੇਰੇ ਵੇਰਵੇ ਛਾਪ ਦਿੱਤੇ ਹਨ। ਜਿਸ ਕਾਰਨ ਜ਼ਰਦਾਰੀ ਵਲੋਂ ਕੀਤੇ ਖੰਡਨ ਦੀ ਬਹੁਤੀ ਵੁੱਕਤ ਨਹੀਂ ਬਣਦੀ।

ਖ਼ਬਰ ਅਨੁਸਾਰ ਪਾਕਿਸਤਾਨ ਦੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੇ ਜੇਲ੍ਹ ਵਿਚ ਮੁੱਲਾ ਅਬਦਲ ਗਨੀ ਬਰਾਦਰ ਸਣੇ 50 ਤਾਲਿਬਾਨ ਆਗੂਆਂ ਨਾਲ ਮੁਲਾਕਾਤ ਕੀਤੀ ਸੀ ਤੇ ਉਨ੍ਹਾਂ ਨੂੰ ਆਪਣੀ ਸਰਕਾਰ ਵਲੋਂ ਮੁਕੰਮਲ ਹਮਾਇਤ ਤੇ ਛੇਤੀ ਰਿਹਾਈ ਦਾ ਭਰੋਸਾ ਦਿੱਤਾ ਸੀ। ਇਸ ਮੌਕੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦਾ ਇਕ ਅਧਿਕਾਰੀ ਵੀ ਰਾਸ਼ਟਰਪਤੀ ਦੇ ਨਾਲ ਮੌਜੂਦ ਸੀ। ਖ਼ਬਰ ਮੁਤਾਬਕ ਜੇਲ੍ਹ ਅਧਿਕਾਰੀਆਂ ਨੂੰ 5 ਦਿਨ ਪਹਿਲਾਂ ਹੀ ਪੂਰੀ ਤਿਆਰੀ ਰੱਖਣ ਲਈ ਕਿਹਾ ਗਿਆ ਸੀ ਤਾਂ ਕਿ ਤਾਲਿਬਾਨ ਕੈਦੀ ਮਹਿਸੂਸ ਕਰਨ ਕਿ ਉਨ੍ਹਾਂ ਦਾ ਮਾਣ-ਤਾਣ ਰੱਖਿਆ ਜਾ ਰਿਹਾ ਹੈ। ਜੇਲ੍ਹ ਗਾਰਦ ਨੇ ਤਾਲਿਬਾਨ ਕੈਦੀਆਂ ਨੂੰ ਦਿਨ ਵਿਚ ਤਿੰਨ-ਤਿੰਨ ਵਾਰ ਰਵਾਇਤੀ ਅਫਗਾਨ ਖਾਣਾ ਵੀ ਪਰੋਸਿਆ ਸੀ।

ਖ਼ਬਰ ਵਿਚ ਇਕ ਤਾਲਿਬਾਨ ਸੂਤਰ ਦੇ ਹਵਾਲੇ ਨਾਲ ਲਿਖਿਆ ਗਿਆ ਹੈ ਕਿ ਜ਼ਰਦਾਰੀ ਨੇ ਉਨ੍ਹਾਂ ਨਾਲ ਅੱਧਾ ਘੰਟਾ ਗੱਲਬਾਤ ਕੀਤੀ ਤੇ ਤਾਲਿਬਾਨ ਆਗੂਆਂ ਨੂੰ ਸਮਝਾਇਆ ਕਿ ਅਮਰੀਕੀ ਦਬਾਅ ਵਧਣ ਕਾਰਨ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਸੂਤਰ ਅਨੁਸਾਰ ਜ਼ਰਦਾਰੀ ਨੇ ਕਿਹਾ, "ਤੁਸੀਂ ਸਾਡੇ ਲੋਕ ਹੋ, ਅਸੀਂ ਦੋਸਤ ਹਾਂ ਅਤੇ ਤੁਹਾਡੀ ਰਿਹਾਈ ਤੋਂ ਬਾਅਦ ਅਸੀਂ ਤੁਹਾਡੇ ਆਪ੍ਰੇਸ਼ਨਾਂ ਵਿਚ ਮਦਦ ਕਰਾਂਗੇ।" ਇਸ ਮੌਕੇ ਜ਼ਰਦਾਰੀ ਨੇ ਦੂਜੇ ਦਰਜੇ ਦੇ ਕਮਾਂਡਰਾਂ ਨੂੰ ਛੇਤੀ ਹੀ ਛੱਡਣ ਦਾ ਆਰਡਰ ਦਿੱਤਾ ਅਤੇ ਨਾਮੀ ਤਾਲਿਬਾਨ ਆਗੂਆਂ ਨੂੰ ਬਾਅਦ ਵਿਚ ਰਿਹਾਅ ਕਰਨ ਦਾ ਭਰੋਸਾ ਦਿੱਤਾ। ਯਾਦ ਰਹੇ ਕਿ ਜ਼ਰਦਾਰੀ ਦੇ ਦੌਰੇ ਤੋਂ 5 ਦਿਨ ਬਾਅਦ ਕੁਝ ਕੁ ਤਾਲਿਬਾਨ ਆਗੂਆਂ ਨੂੰ ਕੋਇਟਾ ਲਿਜਾ ਕੇ ਰਿਹਾਅ ਵੀ ਕਰ ਦਿੱਤਾ ਗਿਆ ਸੀ।

ਇਹ ਖਬਰ ਛਪ ਜਾਣ ਨਾਲ ਇਕ ਤਰ੍ਹਾਂ ਦੀ ਸਨਸਨੀ ਫੈਲ ਗਈ ਹੈ ਤੇ ਪਾਕਿਸਤਾਨ ਵਿਚ ਸਿਆਸੀ ਚਰਚਾ ਦਾ ਮਾਹੌਲ ਭਖ ਗਿਆ ਹੈ। ਇਸ ਦੇ ਨਾਲ ਹੀ ਭਾਰਤ ਤੇ ਅਮਰੀਕਾ ਵਿਚ ਵੀ ਇਸ ਖਬਰ 'ਤੇ ਭਖਵੀਂ ਚਰਚਾ ਦਾ ਦੌਰ ਜਾਰੀ ਹੈ। ਭਾਵੇਂ ਕੁਝ ਵੀ ਹੋਵੇ ਪਰ ਸਿਆਸੀ ਮਾਹਿਰਾਂ ਦਾ ਸਪੱਸ਼ਟ ਮੰਨਣਾ ਹੈ ਕਿ ਜੇਲ੍ਹ ਵਿਚ ਜਾ ਕੇ ਤਾਲਿਬਾਨ ਆਗੂਆਂ ਨੂੰ ਮਿਲਣ ਦੀ ਹਿੰਮਤ ਆਸਿਫ ਅਲੀ ਜ਼ਰਦਾਰੀ ਖੁਦ ਨਹੀਂ ਕਰ ਸਕਦਾ ਸਗੋਂ ਫੌਜ ਦੀ ਕਮਾਂਡ ਵਲੋਂ ਉਸ ਨੂੰ ਸਿੱਧੇ-ਅਸਿੱਧੇ ਢੰਗ ਨਾਲ ਤਾਲਿਬਾਨ ਆਗੂਆਂ ਨਾਲ ਗੱਲਬਾਤ ਕਰਨ ਲਈ ਭੇਜਿਆ ਗਿਆ ਹੋਵੇਗਾ।






# ਨਾਨਕਸ਼ਾਹੀ ਕੈਲੰਡਰ ਦੀ ਬੁਨਿਆਦੀ ਹੋਂਦ ਕਾਇਮ ਰੱਖਣ ਦਾ ਪ੍ਰਣ

**ਹਿਊਸਟਨ, ਟੈਕਸਸ:** ਨਾਨਕਸ਼ਾਹੀ ਕੈਲੰਡਰ ਦੀ ਬੁਨਿਆਦੀ ਹੋਂਦ ਨੂੰ ਹਰ ਹੀਲੇ ਕਾਇਮ ਰੱਖਿਆ ਜਾਏਗਾ ਬੇਸ਼ਕ ਸਵਾਰਥੀ ਧਿਰਾਂ ਵਲੋਂ ਇਸ ਦਾ ਸਰੂਪ ਬਦਲਣ ਲਈ ਕਿੰਨੀਆਂ ਵੀ ਕੋਸ਼ਿਸ਼ਾਂ ਕਿਉਂ ਨਾ ਕੀਤੀਆਂ ਜਾਣ। ਇਹ







ਪ੍ਰਣ ਇਥੇ ਗੁਰਦੁਆਰਾ ਸਿੱਖ ਸੈਂਟਰ ਵਿਚ ਇਸ ਮੁੱਦੇ ਨੂੰ ਲੈ ਕੇ ਕਰਵਾਈ ਗਈ ਇਕ ਕਨਵੈਨਸ਼ਨ ਵਿਚ ਹਾਜ਼ਰ ਸੰਗਤਾਂ ਨੇ ਲਿਆ।

ਹਫਤਾਵਾਰੀ ਦੀਵਾਨ ਤੋਂ ਬਾਅਦ ਹੋਈ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਨਾਨਕਸ਼ਾਹੀ ਕੈਲੰਡਰ ਦੀ ਭੂਮਿਕਾ ਅਤੇ ਇਸ ਦੇ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਕਨਵੈਨਸ਼ਨ ਦੀ ਰੂਪ ਰੇਖਾ ਸੰਗਤਾਂ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਵਿਚ ਲਾਗੂ ਹਿਜਰੀ ਕੈਲੰਡਰ ਵੀ ਉਸੇ ਸਿੱਖ ਵਿਦਵਾਨ ਸ. ਪਾਲ ਸਿੰਘ ਪੁਰੇਵਾਲ ਨੇ ਤਿਆਰ ਕੀਤਾ ਹੈ ਜਿਸ ਨੇ ਨਾਨਕਸ਼ਾਹੀ ਕੈਲੰਡਰ ਤਿਆਰ ਕੀਤਾ ਸੀ।

ਕਨਵੈਨਸ਼ਨ ਦੇ ਅਹਿਮ ਬੁਲਾਰੇ ਅਤੇ ਨਾਨਕਸ਼ਾਹੀ ਕੈਲੰਡਰ ਦੇ ਰਚੈਤਾ ਸ. ਪਾਲ ਸਿੰਘ ਪੁਰੇਵਾਲ ਨੇ ਉਨ੍ਹਾਂ ਲੋੜਾਂ ਅਤੇ ਕਾਰਨਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਕਰਕੇ ਸਿੱਖ ਕੌਮ ਨੂੰ ਆਪਣਾ ਵੱਖਰਾ ਕੈਲੰਡਰ ਬਣਾਉਣ ਦੀ ਲੋੜ ਪਈ। ਉਨ੍ਹਾਂ ਆਖਿਆ ਕਿ ਪੁਰਾਣੇ ਬਿਕਰਮੀ ਕੈਲੰਡਰ ਨਾਲ ਮਨਾਏ ਜਾਂਦੇ ਸਿੱਖਾਂ ਦੇ ਦਿਨ-ਸੁਧ ਇਸ ਤਰ੍ਹਾਂ ਸਨ ਜਿਵੇਂ ਕੋਈ ਮੰਗਵੇਂ ਚੁੱਲ੍ਹੇ ਉਤੇ ਰੋਟੀਆਂ ਸੇਕ ਕੇ ਖਾ ਰਿਹਾ ਹੋਵੇ। ਨਾਨਕਸ਼ਾਹੀ ਕੈਲੰਡਰ ਵਿਚ ਹਾਲ ਹੀ ਵਿਚ ਅਖੌਤੀ ਸੰਤ ਸਮਾਜ ਦੀ ਮੰਗ ਉਤੇ ਕੀਤੀਆਂ ਗਈਆਂ ਸੋਧਾਂ ਲਈ ਦਿੱਤੀ ਗਈ ਇਸ ਦਲੀਲ ਕਿ ਇਹ ਸੋਧਾਂ ਪੰਥਕ ਏਕਤਾ ਵਾਸਤੇ ਕੀਤੀਆਂ ਗਈਆਂ ਹਨ, ਦੇ ਪਰਖਚੇ ਉਡਾਉਂਦਿਆਂ ਉਨ੍ਹਾਂ ਕਿਹਾ ਕਿ ਕਿਉਂ ਨਹੀਂ ਇਸ ਕੈਲੰਡਰ ਦਾ ਵਿਰੋਧ ਕਰਨ ਵਾਲੇ ਲੋਕ ਹੀ ਇਸ ਨੂੰ ਪ੍ਰਵਾਨ ਕਰਕੇ ਪੰਥਕ ਏਕਤਾ ਦਾ ਸਬੂਤ ਦਿੰਦੇ? ਸੰਤ ਸਮਾਜ ਦੇ ਹਰਨਾਮ ਸਿੰਘ ਧੁੰਮਾ ਦੇ ਜ਼ੋਰ ਪਾਉਣ 'ਤੇ ਕੀਤੀਆਂ ਗਈਆਂ ਸੋਧਾਂ ਨੂੰ ਸਿੱਖ ਸਿਧਾਂਤਾਂ ਦੇ ਉਲਟ ਦੱਸਦਿਆਂ ਸ. ਪੁਰੇਵਾਲ ਨੇ ਕਿਹਾ ਕਿ ਇਨ੍ਹਾਂ ਅਖੌਤੀ ਸੋਧਾਂ ਸਮੇਂ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ।

ਇਸ ਮੌਕੇ ਬੋਲਦਿਆਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਗੁਰੂ ਨਾਨਕ ਸਿੱਖ ਚੇਅਰ ਦੇ ਸਾਬਕਾ ਮੁਖੀ ਡਾ. ਦਰਸ਼ਨ ਸਿੰਘ ਨੇ ਸੰਗਤਾਂ ਨੂੰ ਡੇਰਾਵਾਦ, ਬਾਬਾਵਾਦ ਅਤੇ ਅਖੌਤੀ ਸੰਤਾਂ ਪ੍ਰਤੀ ਖਬਰਦਾਰ ਕਰਦਿਆਂ ਅਪੀਲ ਕੀਤੀ ਕਿ ਉਹ ਕੱਚੀ ਬਾਣੀ, ਕੱਚੀ ਬੋਲੀ ਅਤੇ ਕੱਚਾ ਪਹਿਰਾਵਾ ਲੈ ਕੇ ਘੁੰਮ ਰਹੇ ਇਨ੍ਹਾਂ ਸੰਤਾਂ-ਮਹੰਤਾਂ ਤੋਂ ਸੁਚੇਤ ਰਹਿਣ। ਉਨ੍ਹਾਂ ਇਸ ਗੱਲ 'ਤੇ ਗਿਲਾ ਜਾਹਰ ਕੀਤਾ ਕਿ ਸਿੱਖ ਕੌਮ ਵਿਦਵਾਨ ਸ. ਪੁਰੇਵਾਲ ਦੀ ਘਾਲਣਾ ਦੀ ਕਦਰ ਨਹੀਂ ਪਾ ਰਹੀ।

ਖਾਲਿਸਤਾਨੀ ਆਗੂ ਡਾ. ਅਮਰਜੀਤ ਸਿੰਘ ਨੇ ਇਸ ਮੌਕੇ ਬੋਲਦਿਆਂ ਸਿੱਖ ਕੌਮ ਨੂੰ ਉਨ੍ਹਾਂ ਬਿਪਰਵਾਦੀ ਤਾਕਤਾਂ ਤੋਂ ਸੁਚੇਤ ਕੀਤਾ ਜਿਨ੍ਹਾਂ ਦਾ ਅਗਲਾ ਨਿਸ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਣਿਤ ਰਹਿਤ ਮਰਿਆਦਾ ਹੈ। ਉਨ੍ਹਾਂ ਆਖਿਆ ਕਿ ਸਿੱਖ ਰਹਿਤ ਮਰਿਆਦਾ ਤੋਂ ਬਾਅਦ ਨਾਨਕਸ਼ਾਹੀ ਕੈਲੰਡਰ ਦੂਜੀ ਵੱਡੀ ਪ੍ਰਾਪਤੀ ਸੀ ਜੋ ਦੁਨੀਆਂ ਵਿਚ ਸਿੱਖਾਂ ਦੇ ਨਿਆਰੇਪਨ ਨੂੰ ਸਥਾਪਤ ਕਰਦੀ ਹੈ ਪਰ ਸਿੱਖਾਂ ਦੇ ਅਖੌਤੀ ਆਗੂਆਂ ਨੇ ਸਿੱਖੀ ਦੇ ਭਗਵਾਂਕਰਨ ਦਾ ਠੇਕਾ ਲਿਆ ਹੋਇਆ ਹੈ ਅਤੇ ਇਸੇ ਕਰਕੇ ਉਨ੍ਹਾਂ ਨੂੰ ਨਾਨਕਸ਼ਾਹੀ ਕੈਲੰਡਰ ਪ੍ਰਵਾਨ ਨਹੀਂ ਹੋਇਆ ਜਿਸ ਕਰਕੇ ਉਨ੍ਹਾਂ ਇਸ ਵਿਚ ਸੋਧਾਂ ਰਾਹੀਂ ਇਸ ਦਾ ਹਿੰਦੂਕਰਨ ਕਰ ਦਿੱਤਾ।

ਕਨਵੈਨਸ਼ਨ ਵਿਚ ਹਾਜ਼ਰ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਸੰਬੋਧਨ ਕਰਦਿਆਂ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਬੇਸ਼ਕ ਸਾਡੇ ਜਥੇਦਾਰ ਵੇਦਾਂਤੀ ਨਾਲ ਕਈ ਮਤਭੇਦ ਹਨ ਪਰ ਆਪਣੇ ਕਾਰਜ ਕਾਲ ਦੌਰਾਨ ਉਨ੍ਹਾਂ ਨੇ ਤਿੰਨ ਅਜਿਹੇ ਫੈਸਲੇ ਲਏ ਜੋ ਸਿੱਖਾਂ ਦੇ ਅਜੋਕੇ ਸੰਘਰਸ਼ ਲਈ ਇਕ ਮਿਸਾਲ ਹਨ। ਇਨ੍ਹਾਂ ਵਿਚੋਂ ਪਹਿਲਾ 14 ਅਪਰੈਲ, 2003 ਨੂੰ ਭਾਰੀ ਵਿਰੋਧ ਦੇ ਬਾਵਜੂਦ ਦਮਦਮਾ ਸਾਹਿਬ ਤੋਂ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨਾ, ਦੂਜਾ ਆਰ ਐਸ ਐਸ ਵਿਰੁਧ ਹੁਕਮਨਾਮਾ ਅਤੇ ਤੀਜਾ ਉਨ੍ਹਾਂ ਵਲੋਂ ਨਿਊ ਯਾਰਕ ਵਿਚ ਸਿੱਖਾਂ ਦੇ ਵੱਖਰੇ ਘਰ ਦੀ ਹਮਾਇਤ ਕਰਨਾ ਜਿਸ ਕਰਕੇ ਉਨ੍ਹਾਂ ਨੂੰ ਆਪਣੀ ਜਥੇਦਾਰੀ ਤੋਂ ਵੀ ਹੱਥ ਧੋਣੇ ਪਏ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਜਥੇਦਾਰ ਵੇਦਾਂਤੀ ਨੇ ਦੱਸਿਆ ਕਿ ਕਿਸ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਤੋਂ ਪਹਿਲਾਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ ਸਨ। ਭਾਜਪਾ ਆਗੂਆਂ ਨੇ ਤਾਂ ਇਸ ਦਾ ਵਿਰੋਧ ਕੀਤਾ ਹੀ, ਸਿੱਖਾਂ ਦੇ ਕਈ ਆਗੂਆਂ ਨੇ ਵੀ ਵਿਰੋਧ ਕੀਤਾ। ਪਿਛਲੇ ਸਮੇਂ ਇਸ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਨਕਾਰਦਿਆਂ ਜਥੇਦਾਰ ਵੇਦਾਂਤੀ ਨੇ ਆਖਿਆ ਕਿ ਇਹ ਇਕਪਾਸੜ ਕਾਰਵਾਈ ਸੀ ਜੋ ਕਿ ਇਕ ਖਾਸ ਧੜੇ ਨੂੰ ਖੁਸ਼ ਕਰਨ ਲਈ ਕੀਤੀ ਗਈ। ਉਨ੍ਹਾਂ ਅਖੌਤੀ ਸੋਧਾਂ ਵਾਲੇ ਨਵੇਂ ਕੈਲੰਡਰ ਵਿਚ ਰਾਮਨੌਮੀ ਅਤੇ ਕ੍ਰਿਸ਼ਨ ਅਸ਼ਟਮੀ ਨੂੰ ਸ਼ਾਮਲ ਕਰਨ ਉਪਰ ਵੀ ਸਖਤ ਇਤਰਾਜ ਕਰਦਿਆਂ ਪੁੱਛਿਆ ਕਿ ਇਨ੍ਹਾਂ ਦਾ ਸਿੱਖੀ ਨਾਲ ਕੀ ਵਾਸਤਾ ਹੈ? ਉਨ੍ਹਾਂ ਆਖਿਆ ਕਿ ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸੋਧਾਂ ਕਰਨ ਵਾਲਿਆਂ ਦੀ ਤਾਰ ਕਿਥੋਂ ਹਿੱਲਦੀ ਹੈ। ਜਥੇਦਾਰ ਵੇਦਾਂਤੀ ਨੇ ਸਿੱਖਾਂ ਨੂੰ ਗੁਰਬਾਣੀ ਪੜ੍ਹਨ, ਨਿੱਤਨੇਮ ਕਰਨ ਅਤੇ ਪੰਜਾਬੀ ਮਾਂ ਬੋਲੀ ਨਾਲ ਜੁੜਨ ਦੀ ਵੀ ਅਪੀਲ ਕੀਤੀ। ਕਨਵੈਨਸ਼ਨ ਨੂੰ ਜਥੇਦਾਰ ਵੇਦਾਂਤੀ ਦੇ ਸਹਿਯੋਗੀ ਸ. ਪ੍ਰਿਥੀਪਾਲ ਸਿੰਘ ਸੰਧੂ ਨੇ ਵੀ ਸੰਬੋਧਨ ਕੀਤਾ।



ਸਿੱਖ ਸੈਂਟਰ ਹਿਊਸਟਨ ਦੇ ਮੁੱਖ ਸੇਵਾਦਾਰ ਪ੍ਰੋ. ਪੂਰਨ ਸਿੰਘ ਨੇ ਟੈਕਸਸ ਦੇ ਹੋਰ ਗੁਰੂ ਘਰਾਂ ਦੇ ਨੁਮਾਇੰਦਿਆਂ ਨੂੰ ਨਾਲ ਲੈ ਕੇ ਸੋਧਾਂ ਨੂੰ ਰੱਦ ਕਰਦਿਆਂ ਪਹਿਲਾਂ ਵਾਲੇ ਕੈਲੰਡਰ ਮੁਤਾਬਕ ਹੀ ਸਾਰੇ ਪੂਰਬ ਮਨਾਉਣ ਸਬੰਧੀ ਮਤਾ ਪੇਸ਼ ਕੀਤਾ ਜਿਸ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿਚ ਪਾਸ ਕਰ ਦਿੱਤਾ। ਮਤਾ ਪੇਸ਼ ਕਰਨ ਸਮੇਂ ਗੁਰਦੁਆਰਾ ਬਰੀਨ ਦੇ ਪ੍ਰਧਾਨ ਹੀਰਾ ਸਿੰਘ ਚਮਦਲ, ਸਿੱਖ ਨੈਸ਼ਨਲ ਸੈਂਟਰ ਦੇ ਸ. ਹਰਦਮ ਸਿੰਘ ਆਜ਼ਾਦ, ਸਿੱਖ ਸੈਂਟਰ ਸੈਨ ਐਂਟੋਨੀਓ ਦੇ ਸ. ਬਲਵਿੰਦਰ ਸਿੰਘ ਢਿੱਲੋਂ ਅਤੇ ਡੈਲਸ ਗੁਰੂ ਘਰ ਤੋਂ ਸ. ਸੰਤੋਖ ਸਿੰਘ ਮੌਜੂਦ ਸਨ। ਨਿਊ ਯਾਰਕ ਦੇ ਸਿੱਖ ਸੈਂਟਰ ਰਿਚਮੰਡ ਹਿੱਲ ਦੇ ਪ੍ਰਧਾਨ ਸ. ਟਹਿਲ ਸਿੰਘ ਨੇ ਫੋਨ ਉਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਅਸਲੀ ਨਾਨਕਸ਼ਾਹੀ ਕੈਲੰਡਰ ਨੂੰ ਅਪਨਾਉਣ ਅਤੇ ਧੁੰਮਾ-ਮੱਕੜ ਕੈਲੰਡਰ ਨੂੰ ਰੱਦ ਕਰਨ ਦੀ ਸੰਗਤਾਂ ਨੂੰ ਬੇਨਤੀ ਕੀਤੀ।


## Matrimonials

**Bride Wanted**

Ramgariah Family from Chicago area seeking suitable well educated Ramgariah match for their son, Doctor of Podiatric Medicine, 29, 5' 8". Send photo/ Biodata to angelhavok@aol.com

*105-25-4*

Need pretty, educated USA settled family girl for Ramgharia Sikh cleanshaved boy, 28, 5'10", M.S (USA), permanent job in MI. Call 425-773-9030 or email: psingh03850@gmail.com.

*101-22-4*

Wanted match for 28 yrs, 5'-8", Gursikh Ramgariah boy on H1B, working and holds master's deg of US.Tel: 9815062407 (Parents currently in India). e-mail@ paramjeet.1@hotmail.com

*102-22-4*

Khatri Sikh family looking for a qualified match for their US citizen son, 29, 5'-5", undergraduate in biology, good job. e-mail: ninakr4@yahoo.com

*103-22-4*

US Jat Sikh Parents seek US citizen match for their India based B.Tech (CSE) CCNP (CISCO) 3G Mob.Tech. 27, 5'11", son, Contact: 425-609-8431 or e-mail: bahader.grewal@gmail.com

*104-21-4*

**Bridegroom Wanted**

**ਵਰ ਦੀ ਲੋੜ**

ਰਾਮਗੜੀਆ ਸਿੱਖ, 30 ਸਾਲ, ਇੰਗਲੈਂਡ ਵਿਚ ਪੜ੍ਹਦੀ ਲੜਕੀ ਲਈ ਸਿੱਖੀ ਸਰੂਪ ਵਾਲੇ ਲੜਕੇ ਦੀ ਲੋੜ ਹੈ। ਲੜਕੀ ਦੀ ਵਡੀ ਭੈਣ ਕੈਲੀਫੋਰਨੀਆ ਵਸਦੀ ਹੈ। ਕੈਲੀਫੋਰਨੀਆ ਦੇ ਲੜਕੇ ਨੂੰ ਤਰਜੀਹ। ਸੰਪਰਕ ਕਰੋ: 209-470-3732

*106-22-4*



ਪੰਜਾਬੀਆਂ ਦੀ ਮਨਪੰਸਦ, ਵਾਜਬ ਕੀਮਤ ਤੇ ਭਰੋਸੇਯੋਗ ਸੇਵਾਵਾਂ

ਪੰਜਾਬੀ ਟਰੈਵਲਜ਼
PANJABI TRAVELS
ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਸਫਰ ਕਰਨ ਲਈ ਸਸਤੀਆਂ ਹਵਾਈ ਟਿਕਟਾਂ ਬੁੱਕ ਕਰਨ ਲਈ 15 ਸਾਲਾਂ ਤੋਂ ਸੇਵਾ ਕਰ ਰਹੀ ਭਰੋਸੇਯੋਗ ਟਰੈਵਲ ਕੰਪਨੀ ਨੂੰ ਸੇਵਾ ਦਾ ਮੌਕਾ ਦਿਓ।
ਅੰਮ੍ਰਿਤਸਰ - ਦਿੱਲੀ - ਲੰਡਨ - ਵੈਨਕੂਵਰ ਤੇ ਟੋਰਾਂਟੋ ਲਈ ਸਪੈਸ਼ਲ ਕਿਰਾਇਆ।
★ ਵਿਆਹ ਸ਼ਾਦੀਆਂ ਤੇ ਪਾਰਟੀਆਂ ਲਈ ਕਾਰਡ ਵੀ ਛਾਪੇ ਜਾਂਦੇ ਹਨ।
★ ਹਰ ਤਰ੍ਹਾਂ ਦੇ ਫਾਰਮ ਭਰਨ ਸੰਬੰਧੀ ਸਹਾਇਤਾ ਲਈ:
ਜਸਬੀਰ ਕੌਰ ਜਾਂ ਇੰਦਰਜੀਤ ਸਿੰਘ ਉਮਰਪੁਰੀ ਨੂੰ ਸੰਪਰਕ ਕਰੋ।
Call: 732-525-1005, 908-499-3845
Email: panjabitravelsnj@hotmail.com
Website: www.panjabitravels.com

UPPAL INSURANCE AGENCY
ਉੱਪਲ ਇੰਸ਼ੋਰੈਂਸ ਏਜੰਸੀ
ਨਿਊਜਰਸੀ ਵਿੱਚ ਕਾਰਾਂ, ਟਰੱਕਾਂ, ਘਰਾਂ ਤੇ ਹਰ ਪ੍ਰਕਾਰ ਦੀ ਬਿਜਨੈਸ ਅਤੇ ਲਾਈਫ ਇੰਸ਼ੋਰੈਂਸ ਲਈ ਸਾਨੂੰ ਸੇਵਾ ਦਾ ਮੌਕਾ ਦਿਓ।
AUTO - HOME - LIFE - COMMERCIAL
ਨਿਊਜਰਸੀ ਵਿੱਚ ਲਾਇਸੈਂਸ ਤੋਂ 2 ਪੁਆਇੰਟ ਘਟਾਉਣ ਤੇ ਇਸ਼ੋਰੈਂਸ ਵਿੱਚ 5 ਪ੍ਰਤੀਸ਼ਤ ਦਾ ਡਿਸਕਾਊਂਟ ਲੈਣ ਲਈ ਅਸੀਂ ਡਿਫੈਂਸਿਵ ਡਰਾਈ-ਵਿੰਗ ਦੀਆਂ ਕਲਾਸਾਂ ਵੀ ਲਾਉਂਦੇ ਹਾਂ।
ਸੰਪਰਕ ਕਰੋ: ਜਸਬੀਰ ਕੌਰ
Jasbir Kaur
Call: 732-525-1005, 908-499-3845


Jasbir Kaur

REAL ESTATE-LOANS-NOTARY PUBLIC
ਨਿਊਜਰਸੀ ਦੇ ਖੁੱਲ੍ਹੇ ਵਾਤਾਵਰਨ ਤੇ ਵਧੀਆ ਸਕੂਲਾਂ ਵਾਲੇ ਏਰੀਏ ਵਿੱਚ ਆਪਣਾ ਮਨ ਪਸੰਦ ਘਰ ਜਾਂ ਹੋਰ ਕਿਸੇ ਵੀ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਅਤੇ ਹਰ ਤਰ੍ਹਾਂ ਦੀ ਲੋਨ ਲੈਣ ਲਈ ਇਕ ਭਰੋਸੇਯੋਗ ਨਾ ਜੋ ਕਿ ਤੁਹਾਡੀ ਤਸੱਲੀ ਅਨੁਸਾਰ ਸਹੀ ਡੀਲ ਕਰਵਾਉਂਦੇ ਹਨ।
Century 21
Call - Jasbir Kaur -Direct-732-525-1005
Cell: 908-499-3845, Office: 732-721-9000 Ext. 318
Call :Inderjit Singh - for Notary
Ph. 908-472-3271
150 Morgan Av. Sayre Ville, NJ-08879
Email: Juppal85@msn.com


Inderjit Singh



Visit us on the web:
punjabtimesusa.com


## ਭੋਪਾਲ ਗੈਸ ਕਾਂਡ-ਅਰਜੁਨ ਸਿੰਘ ਦੇ ਖਿਲਾਫ਼ ਕੇਸ ਦਰਜ

**ਭੋਪਾਲ:** ਭੋਪਾਲ ਗੈਸ ਕਾਂਡ ਵਿਚ ਯੂਨੀਅਨ ਕਾਰਬਾਈਡ ਦੇ ਚੀਫ ਵਾਰੇਨ ਐਂਡਰਸਨ ਨੂੰ ਗਲਤ ਤਰੀਕੇ ਨਾਲ ਰਿਹਾਅ ਕੀਤੇ ਜਾਣ ਦੇ ਮਾਮਲੇ ਵਿਚ ਇਥੇ ਇਕ ਸਥਾਨਕ ਅਦਾਲਤ ਵਿਚ ਸਾਬਕਾ ਮੁੱਖ ਮੰਤਰੀ ਅਰਜੁਨ ਸਿੰਘ ਦੇ ਖਿਲਾਫ਼ ਅਦਾਲਤ ਵਿਚ ਕੇਸ ਦਰਜ ਕੀਤਾ ਗਿਆ ਹੈ।

ਇਸ ਦੇ ਨਾਲ ਹੀ ਐਂਡਰਸਨ ਨੂੰ ਆਸਾਨੀ ਨਾਲ ਕੱਢਣ ਦੇ ਦੋਸ਼ ਵਿਚ ਭੋਪਾਲ ਦੇ ਸਾਬਕਾ ਕੁਲੈਕਟਰ ਮੋਤੀ ਸਿੰਘ ਅਤੇ ਐਸ. ਪੀ. ਸਵਰਾਜ ਪੁਰੀ ਖਿਲਾਫ਼ ਐਡਵੋਕੇਟ ਫੁਰਖਾਨ ਖਾਨ ਨੇ ਇਕ ਨਿੱਜੀ ਸ਼ਿਕਾਇਤ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਆਰ. ਜੀ. ਸਿੰਘ ਦੀ ਅਦਾਲਤ ਵਿਚ ਦਰਜ ਕਰਵਾਈ। ਉਨ੍ਹਾਂ ਨੇ ਮੰਗ ਕੀਤੀ ਹੈ ਕਿ ਐਂਡਰਸਨ ਨੂੰ ਗਲਤ [redacted] ਜਾਣ ਦੀ ਸਹਾਇਤਾ [redacted] ਦੇ ਖਿਲਾਫ ਕ੍ਰਿਮੀਨਾਲ [redacted]।

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**New York**
Iqbal S. Jabowalia
917-375-6395
**Circulation**
Harbhajan Singh
917-856-5229

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਵਿਸ਼ਵ ਕੱਪ ਫੁੱਟਬਾਲ:ਪਹਿਲੇ 14 ਮੁਕਾਬਲਿਆਂ 'ਚੋਂ 6 ਬਰਾਬਰ

**ਜੌਹਾਨਸਬਰਗ:** ਫੁੱਟਬਾਲ ਦੇ ਮਹਾਂਕੁੰਭ ਵਜੋਂ ਮਸ਼ਹੂਰ ਫੀਫਾ ਵਿਸ਼ਵ ਕੱਪ-2010 ਵਿਚ 15 ਜੂਨ ਤੱਕ ਹੋਏ ਪਹਿਲੇ ਲੀਗ ਮੁਕਾਬਲੇ ਕਾਫੀ ਸਖਤ ਵੇਖਣ ਨੂੰ ਮਿਲੇ ਹਨ, ਇਥੋਂ ਤੱਕ ਕੇ ਇਸ ਕੱਪ ਦੀਆਂ ਸੁਪਰਸਟਾਰ ਟੀਮਾਂ, ਛੋਟੇ ਮੁਲਕਾਂ ਦੀਆਂ ਟੀਮਾਂ ਖਿਲਾਫ ਜਿੱਤ ਹਾਸਲ ਕਰਨ ਲਈ ਸਿਰ ਤੋੜ ਯਤਨ ਕਰਦੀਆਂ ਨਜ਼ਰ ਆਈਆਂ। ਇਸੇ ਦਾ ਨਤੀਜਾ ਹੈ ਕਿ 15 ਜੂਨ ਤੱਕ ਖੇਡੇ ਗਏ 14 ਮੁਕਾਬਲਿਆਂ ਵਿਚੋਂ 6 ਮੁਕਾਬਲੇ ਬਰਾਬਰੀ 'ਤੇ ਖਤਮ ਹੋਏ ਹਨ। ਫਿਰ ਵੀ ਜਰਮਨੀ, ਦੱਖਣੀ ਕੋਰੀਆ, ਅਰਜਨਟੀਨਾ, ਜਪਾਨ, ਨੀਦਰਲੈਂਡ, ਬਰਾਜ਼ੀਲ, ਸਲੋਵੇਨੀਆ ਅਤੇ ਘਾਨਾ ਦੀਆਂ ਟੀਮਾਂ ਆਪਣੇ ਪਹਿਲੇ ਮੈਚ ਜਿੱਤਣ ਵਿਚ ਕਾਮਯਾਬ ਰਹੀਆਂ ਹਨ।

15 ਜੂਨ ਨੂੰ ਬਰਾਜ਼ੀਲ ਅਤੇ ਉਤਰੀ ਕੋਰੀਆ ਵਿਚਕਾਰ ਹੋਏ ਮੁਕਾਬਲੇ ਵਿਚ ਬਰਾਜ਼ੀਲ ਨੇ ਮੁਸ਼ਕਲ ਨਾਲ ਜਿੱਤ ਪ੍ਰਾਪਤ ਕੀਤੀ। ਇਸ ਮੁਕਾਬਲੇ ਵਿਚ ਬਰਾਜ਼ੀਲ ਦੀ ਟੀਮ ਨੂੰ 2-1 ਨਾਲ ਜਿੱਤ ਹਾਸਲ ਕਰਨ ਲਈ ਤਕੜਾ ਸੰਘਰਸ਼ ਕਰਨਾ ਪਿਆ। ਫਿਰ ਵੀ ਬਰਾਜ਼ੀਲ ਦੀ ਟੀਮ ਆਪਣੇ ਪਹਿਲੇ ਮੈਚ ਵਿਚ ਇਸ ਜਿੱਤ ਨਾਲ ਖੁਸ਼ ਦਿਖਾਈ ਦਿੱਤੀ। ਇਸੇ ਦਿਨ ਪੁਰਤਗਾਲ ਅਤੇ ਆਈਵਰੀਕੋਸਟ ਵਿਚਕਾਰ ਹੋਏ ਇਕ ਮੁਕਾਬਲੇ ਵਿਚ ਦੋਨੋ ਟੀਮਾਂ ਕੋਈ ਗੋਲ ਨਾ ਕਰ ਸਕੀਆਂ। ਇਸੇ ਤਰ੍ਹਾਂ ਨੀਊਜ਼ੀਲੈਂਡ ਅਤੇ ਸਲੋਵਾਕੀਆ ਦੀਆਂ ਟੀਮਾਂ ਵਿਚਕਾਰ ਹੋਇਆ ਮੁਕਾਬਲਾ ਵੀ 1-1 ਗੋਲ ਨਾਲ ਬਰਾਬਰ ਰਿਹਾ।

ਇਸ ਤੋਂ ਪਹਿਲਾਂ ਹੋਏ ਮੈਚਾਂ ਵਿਚ ਗਰੁੱਪ 'ਏ' ਦਾ ਦੱਖਣੀ ਅਫਰੀਕਾ ਤੇ ਮੈਕਸੀਕੋ ਵਿਚਕਾਰ ਉਦਘਾਟਨੀ ਮੈਚ 1-1 ਗੋਲ ਨਾਲ ਬਰਾਬਰ ਰਿਹਾ। ਦੂਸਰਾ ਮੈਚ ਉਰੂਗਵੇ ਤੇ ਫਰਾਂਸ ਵਿਚਕਾਰ ਖੇਡਿਆ ਗਿਆ । ਇਹ ਮੈਚ ਵੀ 1-1 ਗੋਲ ਦੀ ਬਰਾਬਰੀ 'ਤੇ ਖ਼ਤਮ ਹੋਇਆ। ਗਰੁੱਪ 'ਬੀ' 'ਚ ਹੋਏ ਮੁਕਾਬਲਿਆਂ ਦੌਰਾਨ ਦੱਖਣੀ ਕੋਰੀਆ ਨੇ ਯੂਨਾਨ ਦੀ ਸ਼ਕਤੀਸ਼ਾਲੀ ਟੀਮ ਨੂੰ 2-0 ਨਾਲ ਮਾਤ ਦਿੱਤੀ ਜਦਕਿ ਅਰਜਨਟੀਨਾ ਨੇ ਨਾਈਜ਼ੀਰੀਆ ਨੂੰ 1-0 ਨਾਲ ਹਰਾਇਆ।

**ਜਰਮਨੀ, ਦੱਖਣੀ ਕੋਰੀਆ, ਅਰਜਨਟੀਨਾ, ਜਪਾਨ, ਨੀਦਰਲੈਂਡ, ਬਰਾਜ਼ੀਲ, ਸਲੋਵੇਨੀਆ ਅਤੇ ਘਾਨਾ ਨੇ ਆਪਣੇ ਪਹਿਲੇ ਮੈਚ ਜਿੱਤੇ**

ਗਰੁੱਪ 'ਸੀ' ਦੇ ਖੇਡੇ ਗਏ ਮੈਚਾਂ ਵਿਚ ਇੰਗਲੈਂਡ ਅਤੇ ਅਮਰੀਕਾ ਦਾ ਮੈਚ 1-1 ਦੀ ਬਰਾਬਰੀ 'ਤੇ ਖ਼ਤਮ ਹੋਇਆ ਅਤੇ ਸਲੋਵੇਨੀਆ ਨੇ ਅਲਜ਼ੀਰੀਆ ਨੂੰ 1-0 ਨਾਲ ਹਰਾਇਆ। ਗਰੁੱਪ 'ਡੀ' ਵਿਚ ਘਾਨਾ ਨੇ ਸਰਬੀਆ ਨੂੰ 1-0 ਨਾਲ ਅਤੇ ਜਰਮਨੀ ਨੇ ਆਸਟ੍ਰੇਲੀਆ ਨੂੰ 4-0 ਨਾਲ ਜ਼ਬਰਦਸਤ ਮਾਤ ਦਿੱਤੀ। ਗਰੁੱਪ 'ਈ' ਵਿਚ ਨੀਦਰਲੈਂਡ-ਡੈਨਮਾਰਕ ਮੁਕਾਬਲੇ ਵਿਚ ਨੀਦਰਲੈਂਡ 2 ਗੋਲਾਂ ਨਾਲ ਜੇਤੂ ਰਿਹਾ ਜਦਕਿ ਜਪਾਨ ਨੇ ਕੈਮਰੂਨ ਨੂੰ 1-0 ਨਾਲ ਮਾਤ ਦਿੱਤੀ। ਗਰੁੱਪ 'ਐਫ' ਦੇ ਇਕ ਮੈਚ ਵਿਚ ਇਟਲੀ ਅਤੇ ਪੇਰਾਗਵੇ 1-1 ਗੋਲ ਦੀ ਬਰਾਬਰੀ 'ਤੇ ਰਹੇ।

19ਵਾਂ ਫੀਫਾ ਟੂਰਨਾਮੈਂਟ ਇਥੇ ਸ਼ੁੱਕਰਵਾਰ ਨੂੰ ਅਰੰਭ ਹੋਇਆ। ਇਹ ਪਹਿਲੀ ਵਾਰ ਹੈ ਕਿ ਕਿਸੇ ਅਫਰੀਕੀ ਮੁਲਕ ਵਿਚ ਫੀਫਾ ਟੂਰਨਾਮੈਂਟ ਹੋ ਰਿਹਾ ਹੈ। ਕੋਈ ਛੇ ਸਾਲ ਵਿਵਾਦਾਂ ਵਿਚ ਘਿਰੇ ਰਹਿਣ ਪਿਛੋਂ ਇਹ ਟੂਰਨਾਮੈਂਟ ਇਥੇ ਅਰੰਭ ਹੋਇਆ ਹੈ ਅਤੇ ਇੰਜ ਅਫਰੀਕਾ ਮਹਾਂਦੀਪ ਵੀ ਫੁਟਬਾਲ ਦੇ ਮਹਾਂਕੁੰਭ ਦੀ ਮੇਜ਼ਬਾਨੀ ਕਰਨ ਵਾਲੇ ਮਹਾਂਦੀਪਾਂ ਵਿਚ ਸ਼ਾਮਲ ਹੋ ਗਿਆ ਹੈ। ਇਸ ਦੇ ਨਾਲ ਹੀ ਦੱਖਣੀ ਅਫਰੀਕਾ ਉਨ੍ਹਾਂ ਆਲੋਚਕਾਂ ਨੂੰ ਜਵਾਬ ਮਿਲ ਗਿਆ ਹੈ ਜੋ ਉਸ ਦੀ ਮੇਜ਼ਬਾਨੀ 'ਤੇ ਸ਼ੱਕ ਕਰਦੇ ਸਨ। ਪਿਛਲੇ ਸਾਲ ਕਈਆਂ ਨੇ ਤਾਂ ਦੱਖਣੀ ਅਫਰੀਕਾ ਤੋਂ ਮੇਜ਼ਬਾਨੀ ਵਾਪਸ ਲੈਣ ਦੀ ਗੱਲ ਵੀ ਕਹਿ ਦਿੱਤੀ ਸੀ। ਦੱਖਣੀ ਅਫਰੀਕਾ ਲਈ ਵੀ ਇਹ ਪਰਖ ਦੀ ਘੜੀ ਸੀ।

ਵਿਸ਼ਵ ਕੱਪ 'ਚ 32 ਟੀਮਾਂ ਹਿੱਸਾ ਲੈ ਰਹੀਆਂ ਹਨ। ਫੁਟਬਾਲ ਦੇ ਮੁਰੀਦ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੁਮਾ ਹੁਣ ਪੂਰੀ ਤਰ੍ਹਾਂ ਖੁਸ਼ ਹਨ। ਵਿਸ਼ਵ ਕੱਪ ਦਾ ਉਦਘਾਟਨੀ ਮੈਚ ਜੌਹੈਨਸਬਰਗ ਦੇ ਸੌਕਰ ਸਿਟੀ ਸਟੇਡੀਅਮ ਵਿਚ 90 ਹਜ਼ਾਰ ਦਰਸ਼ਕਾਂ ਦੀ ਹਾਜ਼ਰੀ ਵਿਚ ਮੇਜ਼ਬਾਨ ਦੱਖਣੀ ਅਫਰੀਕਾ ਤੇ ਮੈਕਸੀਕੋ ਦਰਮਿਆਨ ਖੇਡਿਆ ਗਿਆ। ਦੱਖਣੀ ਅਫਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿਚ 10 ਸਟੇਡੀਅਮਾਂ 'ਚ 63 ਮੈਚ ਖੇਡੇ ਜਾਣਗੇ ਜਦੋਂਕਿ ਫਾਈਨਲ ਮੁਕਾਬਲਾ 11 ਜੁਲਾਈ ਨੂੰ ਸੌਕਰ ਸਿਟੀ ਸਟੇਡੀਅਮ ਵਿਚ ਹੋਵੇਗਾ। 204 ਮੁਲਕਾਂ 'ਚੋਂ ਨਿੱਤਰ ਕੇ ਵਿਸ਼ਵ ਕੱਪ ਲਈ ਕੁਆਲੀਫਾਈ ਹੋਏ 32 ਮੁਲਕ ਇਕ ਮਹੀਨਾ ਚੱਲਣ ਵਾਲੇ ਫੁਟਬਾਲ ਦੇ ਮਹਾਂਕੁੰਭ 'ਚ ਵਿਸ਼ਵ ਚੈਂਪੀਅਨ ਬਣਨ ਲਈ ਜੂਝ ਰਹੇ ਹਨ। ਸਾਰੀਆਂ ਟੀਮਾਂ 'ਚੋਂ ਸਲੋਵਾਕੀਆ ਪਹਿਲੀ ਵਾਰ ਵਿਸ਼ਵ ਕੱਪ ਖੇਡ ਰਹੀ ਹੈ, ਜਦੋਂ ਕਿ ਉਤਰੀ ਕੋਰੀਆ ਨੇ 1966 ਤੋਂ ਬਾਅਦ ਪਹਿਲੀ ਵਾਰ ਕੁਆਲੀਫਾਈ ਕੀਤਾ ਹੈ। ਨਿਊਜ਼ੀਲੈਂਡ ਦੀ ਟੀਮ ਵੀ ਖੇਡ ਰਹੀ ਹੈ। ਦੱਖਣੀ ਅਫਰੀਕਾ ਨੂੰ ਵਿਸ਼ਵ ਕੱਪ ਦੇ ਉਦਘਾਟਨ ਦੇ ਨਾਲ ਹੀ ਪਹਿਲੇ ਅਫਰੀਕੀ ਮੁਲਕ ਹੋਣ ਦਾ ਮਾਣ ਹਾਸਲ ਹੋ ਗਿਆ ਹੈ, ਜਿਸ ਨੇ ਫੁਟਬਾਲ ਵਿਸ਼ਵ ਕੱਪ ਦੀ ਮੇਜ਼ਬਾਨੀ ਕੀਤੀ ਹੋਵੇ।

1930 ਵਿਚ ਉਰੂਗੁਏ ਦੀ ਧਰਤੀ 'ਤੇ ਸ਼ੁਰੂ




ਹੋਏ ਵਿਸ਼ਵ ਕੱਪ ਦੀ ਮੇਜ਼ਬਾਨੀ ਪਹਿਲੀ ਵਾਰ ਕੋਈ ਅਫਰੀਕੀ ਮੁਲਕ ਕਰ ਰਿਹਾ ਹੈ। ਅੱਠ ਸਾਲ ਪਹਿਲਾਂ 2002 'ਚ ਜਾਪਾਨ ਤੇ ਉਤਰੀ ਕੋਰੀਆ ਨੇ ਵਿਸ਼ਵ ਕੱਪ ਕਰਵਾ ਕੇ ਪਹਿਲੀ ਵਾਰ ਏਸ਼ੀਆ ਨੂੰ ਮੇਜ਼ਬਾਨ ਬਣਾਇਆ ਸੀ। ਵਿਸ਼ਵ ਕੱਪ ਦੇ 80 ਸਾਲਾ ਇਤਿਹਾਸ ਵਿਚ ਯੂਰਪ, ਲਾਤੀਨੀ ਅਮਰੀਕਾ ਤੇ ਉਤਰੀ ਅਮਰੀਕਾ ਦੇ ਮੁਲਕਾਂ ਨੇ ਹੀ ਜ਼ਿਆਦਾਤਰ ਵਿਸ਼ਵ ਕੱਪ ਕਰਵਾਇਆ ਹੈ।

# ਵਿਕਾਊ ਹੈ ਔੜ ਦਾ ਮਾਰਿਆ ਪਿੰਡ ਮਿਰਜ਼ਾਪੁਰ-ਸੰਧਾਰਸੀ

**ਸੰਗਰੂਰ:** ਪਿੰਡ ਮਿਰਜ਼ਾਪੁਰ-ਸੰਧਾਰਸੀ ਮੌਤ ਦੀ ਉਡੀਕ 'ਚ ਹੈ। ਇਹਦੀ ਅੱਧੀ ਵਸੋਂ ਜ਼ਮੀਨਾਂ ਵੇਚਣ ਦਾ ਰਾਹ ਚੁਣ ਚੁੱਕੀ ਹੈ। ਬਾਕੀ ਦੀ ਆਬਾਦੀ ਖਰੀਦਦਾਰਾਂ ਦੀ ਉਡੀਕ ਕਰ ਰਹੀ ਹੈ। ਪਟਿਆਲਾ ਜ਼ਿਲ੍ਹੇ 'ਚ ਪੈਂਦੇ ਸੰਧਾਰਸੀ ਪਿੰਡ ਦੇ ਵਾਸੀਆਂ ਦਾ ਸਿਦਕ ਤੇ ਹਠ, ਖੇਤਾਂ ਨੂੰ ਸਿੰਜਣ ਲਈ ਯੋਗ ਪਾਣੀ ਦੀ ਵੱਡੀ ਘਾਟ ਅੱਗੇ ਦਮ ਤੋੜ ਗਿਆ ਹੈ। ਇਹ ਸਾਰੇ ਪਿੰਡ ਵਾਸੀ ਅਣਥੱਕ ਪੰਜਾਬੀ ਕਿਸਾਨ ਹਨ ਪਰ ਇਹ ਵੀ ਨਹੀਂ ਹੈ ਕਿ ਉਨ੍ਹਾਂ ਨੇ ਆਪਣੀ ਭੌਂਇੰ ਨਾਲ ਜੁੜੇ ਰਹਿਣ ਲਈ ਉਪਰਾਲੇ ਅਤੇ ਪਾਣੀ ਦੀ ਭਾਲ ਨਹੀਂ ਕੀਤੀ। ਆਏ ਸਾਲ ਉਹ ਧਰਤੀ ਦੀ ਹਿੱਕਅ 'ਚ ਹੋਰ ਡੂੰਘਾ ਉਤਰਦੇ ਰਹੇ, ਕਈਆਂ ਨੇ ਤਾਂ ਟਿਊਬਵੈਲ ਬੋਰ 600 ਫੁੱਟ ਡੂੰਘੇ ਵੀ ਕਰ ਲਏ ਸਨ।

ਖਾਰੇ ਪਾਣੀਆਂ ਦੀ ਵਰਤੋਂ ਨੇ ਝਾੜ ਘਟਾ ਦਿੱਤਾ ਤੇ ਖੇਤੀਬਾੜੀ ਗੁਜ਼ਾਰੇਯੋਗ ਨਾ ਰਹਿਣ ਕਰਕੇ ਹੁਣ ਕਿਸਾਨ ਜ਼ਮੀਨਾਂ ਵੇਚਣ ਲੱਗੇ ਹਨ। ਜੀਰੀ ਦਾ ਝਾੜ 10 ਕੁਇੰਟਲ ਪ੍ਰਤੀ ਏਕੜ ਘਟ ਚੁੱਕਿਆ ਹੈ। ਪਿੰਡ ਦੀ 90 ਏਕੜ ਜ਼ਮੀਨ 'ਚ ਸ਼ਰਾਬ ਦੀ ਫੈਕਟਰੀ ਲੱਗ ਰਹੀ ਹੈ। 65 ਏਕੜ 'ਚ ਇਕ ਬੀਜ ਫਾਰਮ ਬਣ ਰਿਹਾ ਹੈ ਤੇ ਇਕ ਵਪਾਰੀ ਨੇ 45 ਏਕੜ ਜ਼ਮੀਨ ਸਨਅਤੀ ਵਰਤੋਂ ਲਈ ਖਰੀਦ ਲਈ ਹੈ। ਸ਼ਰਾਬ ਦੀ ਫੈਕਟਰੀ ਲਈ ਧਰਤੀ 'ਚ 1200 ਫੁੱਟ ਥੱਲੇ ਪਾਣੀ ਮਿਲਿਆ ਹੈ। ਪਿੰਡ ਦੇ ਕਿਸਾਨ ਇਹ ਨਹੀਂ ਕਰ ਸਕਦੇ ਸਨ।

ਪਿੰਡ ਦੇ ਸਰਪੰਚ ਸੁਰਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਮਿੱਠਾ ਪਾਣੀ ਲੱਭਣ ਲਈ ਬੜੇ ਯਤਨ ਕੀਤੇ ਤੇ ਕਈ ਇਸ ਭਾਲ 'ਚ ਟੁੱਟ ਵੀ ਗਏ। ਸਰਪੰਚ ਨੇ ਇਕ ਹੋਰ ਸਨਸਨੀਖੇਜ਼ ਖੁਲਾਸਾ ਕੀਤਾ ਕਿ ਹਰ ਸਾਲ ਪਿੰਡ 'ਚ ਦੋ ਤਿੰਨ ਖੁਦਕੁਸ਼ੀਆਂ ਹੁੰਦੀਆਂ ਹਨ ਤੇ ਕੈਂਸਰ ਦੇ ਮਾਮਲੇ ਵੀ ਸਾਹਮਣੇ ਆ ਰਹੇ ਹਨ। ਸਰਪੰਚ ਨੇ ਦੱਸਿਆ ਕਿ ਹੁਣ ਸਥਿਤੀ ਇਹ ਬਣ ਗਈ ਹੈ ਕਿ ਪਿੰਡ ਵਿਕਾਊ ਹੋ ਗਿਆ ਹੈ। ਹਰ ਕੋਈ ਇਥੋਂ ਚਲਿਆ ਜਾਣਾ ਚਾਹੁੰਦਾ ਹੈ । ਸਰਪੰਚ ਦਾ ਕਹਿਣਾ ਹੈ ਕਿ ਇਹ ਜ਼ਮੀਨ ਸਰਕਾਰ ਸਾਥੋਂ ਲੈ ਕੇ ਸਨਅਤੀ ਵਰਤੋਂ ਲਈ ਦੇ ਸਕਦੀ ਹੈ। ਹੁਣ ਜਾਪਦਾ ਹੈ ਕਿ ਪਿੰਡ ਵਾਲਿਆਂ ਨੇ ਧਰਤੀ 'ਚੋਂ ਪਾਣੀ ਕੱਢਣ ਦੇ ਯਤਨ ਛੱਡ ਦਿੱਤੇ ਹਨ। ਐਤਕੀਂ ਇਕੋ ਕਿਸਾਨ ਨੇ ਕੋਸ਼ਿਸ਼ ਕੀਤੀ ਸੀ ਪਰ ਗੱਲ ਨਹੀਂ ਬਣੀ। ਹਰ ਦੂਜੇ ਸਾਲ ਧਰਤੀ ਹੇਠੋਂ ਪਾਣੀ ਕੱਢਣ ਦਾ ਯਤਨ ਕਰਨ ਵਾਲਿਆਂ 'ਚੋਂ ਇਕ ਗੁਰਸ਼ਰਨ ਸਿੰਘ ਵੀ ਹੈ ਜਿਸ ਨੇ ਆਖਰੀ ਹੰਭਲਾ ਛੇ ਮਹੀਨੇ ਪਹਿਲਾਂ ਮਾਰਿਆ ਸੀ।

ਜਿਨ੍ਹਾਂ ਦੇ ਖੇਤਾਂ ਵਿਚ ਬੋਰ ਨਹੀਂ, ਉਨ੍ਹਾਂ ਦੀ ਹਾਲਤ ਹੋਰ ਵੀ ਮਾੜੀ ਹੈ। ਉਨ੍ਹਾਂ ਨੂੰ ਬੋਰਾਂ ਵਾਲਿਆਂ ਤੋਂ ਮਹਿੰਗੇ ਭਾਅ ਪਾਣੀ ਖਰੀਦਣਾ ਪੈਂਦਾ ਹੈ। ਇਸ ਨਾਲ ਹੋਰ ਮੁਸ਼ਕਲਾਂ ਖੜ੍ਹੀਆਂ ਹੋ ਗਈਆਂ ਹਨ। ਇਹੀ ਨਹੀਂ ਮਰਦਾਂਪੁਰ, ਨਨਹੇੜੀ, ਕਾਮੀ ਕਲਾਂ, ਹਰਪਾਲਪੁਰ, ਸੰਗਰਪੁਰ ਤੇ ਸਰਾਏਂ ਪਿੰਡਾਂ ਦੀਆਂ ਵੀ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਹਨ। 'ਪਾਣੀ ਵਿਕਣ' ਨੇ ਪਿੰਡਾਂ ਦਾ ਸਮਾਜਿਕ ਭਾਈਚਾਰਾ ਤੋੜ ਦਿੱਤਾ ਹੈ।

ਪਾਣੀ ਵੇਚਣ ਵਾਲੇ ਆਮ ਤੌਰ 'ਤੇ 'ਜੱਟ ਜ਼ਿਮੀਂਦਾਰ ਹਨ ਤੇ ਖਰੀਦਣ ਵਾਲੇ ਦਲਿਤ। ਦਲਿਤਾਂ 'ਚ ਰੋਹ ਹੈ ਕਿ ਉਹ ਸਦਾ ਹੀ ਪੀੜਤ ਰਹੇ ਹਨ। ਸਰਕਾਰ ਵੀ ਉਨ੍ਹਾਂ ਦੀ ਸਾਰ ਨਹੀਂ ਲੈ ਰਹੀ। ਬਹੁਤੇ ਦਲਿਤ ਪਰਿਵਾਰਾਂ ਦੀ 'ਨਜ਼ੂਲ' ਜ਼ਮੀਨ ਹੁੰਦੀ ਹੈ ਪਰ ਉਹ ਉਹਦੇ 'ਚ ਬੋਰ ਨਹੀਂ ਕਰਾ ਸਕਦੇ ਜਿਸ ਕਾਰਨ ਉਹ ਪੂਰੀ ਤਰ੍ਹਾਂ ਪਾਣੀ ਲਈ ਹੋਰਾਂ 'ਤੇ ਨਿਰਭਰ ਹਨ। ਮਰਦਾਂਪੁਰ ਦੇ ਇਕ ਦਲਿਤ ਗੁਰਮੇਲ ਸਿੰਘ ਦਾ ਕਹਿਣਾ ਹੈ ਕਿ 400 ਰੁਪਏ ਪ੍ਰਤੀ ਏਕੜ ਦੇ ਖਰਚੇ ਨਾਲ ਇਕ ਵਾਰ ਸਿੰਚਾਈ ਬਹੁਤ ਮਹਿੰਗੀ ਹੈ। ਜੱਟ ਕਿਸਾਨ ਵੀ ਸਮਝ ਗਏ ਹਨ ਕਿ ਭਰਪੂਰਤਾ ਦਾ ਦੌਰ ਲੰਘ ਗਿਆ ਹੈ। ਪਿੰਡ ਗੱਗੜਪੁਰ ਦੀ ਸੱਥ 'ਚ ਬੈਠੇ ਲੋਕਾਂ ਨੇ ਦੱਸਿਆ ਕਿ ਜਦੋਂ ਸਿੰਚਾਈ ਲਈ ਬਿਜਲੀ ਮੁਫਤ ਸੀ ਤਾਂ ਉਹ ਵੱਡੀਆਂ ਮੋਟਰਾਂ ਲਾ ਕੇ ਡੂੰਘਿਓਂ ਵੀ ਪਾਣੀ ਕੱਢ ਲੈਂਦੇ ਸਨ ਪਰ ਹੁਣ ਬਿਜਲੀ ਵੀ ਮਹਿੰਗੀ ਹੋ ਗਈ ਹੈ। ਇਕ ਸਿਆਸੀ ਕਾਰਕੁੰਨ ਹਰਦੇਵ ਸਿੰਘ ਦੱਸਦਾ ਹੈ ਕਿ ਉਨ੍ਹਾਂ ਨੂੰ ਪਤਾ ਹੈ ਕਿ ਉਨ੍ਹਾਂ ਕੀ ਕਰਨਾ ਹੈ ਪਰ ਉਨ੍ਹਾਂ ਨੂੰ ਠੋਸ ਅਗਵਾਈ ਦੀ ਲੋੜ ਹੈ, ਕੀ ਪੰਜਾਬ ਸਰਕਾਰ ਸੁਣੇਗੀ।

# ਸੱਤ ਮਸਜਿਦਾਂ ਤੇ ਮੰਦਰਾਂ ਵਾਲਾ ਪਿੰਡ ਹੋਇਆ ਵੀਰਾਨ

**ਧਰਮਕੋਟ ਪੱਤਣ (ਬਟਾਲਾ):** ਭਾਰਤ-ਪਾਕਿਸਤਾਨ ਸੀਮਾ ਦੇ ਸੈਕਟਰ ਡੇਰਾ ਬਾਬਾ ਨਾਨਕ ਦੇ ਪਿੰਡ ਧਰਮਕੋਟ ਪੱਤਣ, ਰਾਵੀ ਦਰਿਆ ਤੋਂ ਇਕ ਕਿਲੋਮੀਟਰ ਨੇੜੇ ਹੋਣ ਦਾ ਸੰਤਾਪ ਲਗਾਤਾਰ ਹੰਢਾ ਰਿਹਾ ਹੈ। ਬੁਨਿਆਦੀ ਸਹੂਲਤਾਂ ਤੋਂ ਸੱਖਣੇ ਇਸ ਪਿੰਡ 'ਚ ਕਿਸੇ ਸਮੇਂ ਮੁਸਲਮਾਨ ਤੇ ਹਿੰਦੂ ਨਾਲ-ਨਾਲ ਵੱਸਦੇ ਰਹੇ ਹਨ। ਇਸ ਦਾ ਅੰਦਾਜ਼ਾ ਇੱਥੋਂ ਲੱਗਦਾ ਹੈ ਕਿ ਪਿੰਡ 'ਚ ਸੱਤ ਮਸਜਿਦਾਂ ਤੇ ਢਾਈ ਸਦੀਆਂ ਪੁਰਾਣੇ ਤਿੰਨ ਮੰਦਰ ਹਨ।

ਇਨ੍ਹਾਂ ਧਾਰਮਿਕ ਸਥਾਨਾਂ ਦੀ ਵਿਲੱਖਣਤਾ ਇਹ ਹੈ ਕਿ ਹਰ ਧਾਰਮਿਕ ਸਥਾਨ ਦਾ ਆਪਣਾ ਖੂਹ ਰਿਹਾ। ਨਾਨਕਸ਼ਾਹੀ ਇੱਟਾਂ ਨਾਲ ਬਣੇ ਮੰਦਰ, ਮਸਜਿਦਾਂ, ਖੂਹ ਅਤੇ ਕੁਝ ਗਲੀਆਂ ਆਪਣੀ ਦਰਦਮਈ ਵਿੱਥਿਆ ਬਿਆਨ ਕਰ ਰਹੀਆਂ ਹਨ। ਇਨ੍ਹਾਂ ਪੁਰਾਤਨ ਅਨਮੋਲ ਨਿਸ਼ਾਨੀਆਂ ਦੀ ਸੰਭਾਲ ਹੋਣੀ ਚਾਹੀਦੀ ਹੈ ਪਰ ਇਹ ਵਕਤ ਦੀ ਧੂੜ ਹੇਠਾਂ ਦੱਬਦੀਆਂ ਜਾ ਰਹੀਆਂ ਹਨ। ਧਰਮਕੋਟ ਪੱਤਣ ਦੇ ਲੋਕਾਂ ਦੇ ਦੁੱਖ-ਦਰਦ ਰਾਵੀ ਦਰਿਆ ਤੋਂ 'ਪਾਰਲੇ' ਪਿੰਡਾਂ ਦੇ ਲੋਕਾਂ ਤੋਂ ਵੱਖਰੇ ਨਹੀਂ ਹਨ। ਪਿੰਡ ਦੇ ਬਸ਼ਿੰਦਿਆਂ ਨੂੰ ਜਿੱਥੇ ਦੇਸ਼ ਦੇ ਬਟਵਾਰੇ ਦਾ ਦਰਦ ਝੱਲਣਾ ਪਿਆ, ਉਥੇ 1965 ਅਤੇ 1971 ਦੀਆਂ ਲੜਾਈਆਂ ਵੇਲੇ ਵੀ ਕਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜਦੋਂ ਵੀ ਭਾਰਤ-ਪਾਕਿਸਤਾਨ ਦੇ ਰਿਸ਼ਤਿਆਂ 'ਚ ਕੜਵਾਹਟ ਆਉਂਦੀ ਹੈ ਤਾਂ ਇਥੋਂ ਦੇ ਲੋਕ ਆਪਣਾ ਸਾਜ਼ੋ-ਸਾਮਾਨ ਬੰਨ੍ਹਣ 'ਚ ਦੇਰ ਨਹੀਂ ਕਰਦੇ, ਕਿਉਂਕਿ ਉਹ ਕੌੜੀਆਂ ਪ੍ਰਸਥਿਤੀਆਂ ਦਾ ਕਈ ਵਾਰ ਸਾਹਮਣਾ ਕਰ ਚੁੱਕੇ ਹਨ।

ਵਿਕਾਸ ਪੱਖੋਂ ਊਣੇ ਪਿੰਡ 'ਚ ਪ੍ਰਾਇਮਰੀ ਸਕੂਲ ਹੈ। ਉਚ ਸਿੱਖਿਆ ਲਈ-ਦੂਰ-ਦਰੇਡੇ ਜਾਣਾ ਪੈਂਦਾ ਹੈ। ਪਿੰਡ ਦੇ ਨੌਜਵਾਨਾਂ ਵਲੋਂ ਪੜ੍ਹਾਈ 'ਚ ਬਹੁਤੀ ਰੁਚੀ ਨਾ ਦਿਖਾਉਣ ਕਾਰਨ ਐਵੇਂ ਉਂਗਲਾਂ 'ਤੇ ਗਿਣਨਯੋਗ ਲੋਕ ਹੀ ਸਰਕਾਰੀ ਨੌਕਰੀਆਂ ਕਰਦੇ ਹਨ। ਕਹਿਣ ਨੂੰ ਤਾਂ ਪਿੰਡ 'ਚ 24 ਘੰਟੇ ਬਿਜਲੀ ਆਉਂਦੀ ਹੈ, ਪਰ ਸਭ ਨਾ ਦੇ ਬਰਾਬਰ ਹੈ। ਪਰਮਜੀਤ ਸਿੰਘ ਗ੍ਰੰਥੀ ਨੇ ਦੱਸਿਆ ਕਿ ਦੋ ਲੜਾਈਆਂ ਦੌਰਾਨ ਲੋਕਾਂ ਨੇ ਜ਼ਮੀਨ ਅੰਦਰ ਸੁਰੱਖਿਅਤ ਠਿਕਾਣੇ ਨਾ ਬਣਾਏ ਹੁੰਦੇ ਤਾਂ ਕਈ ਜਾਨਾਂ ਜਾ ਸਕਦੀਆਂ ਸਨ। ਉਨ੍ਹਾਂ ਦੱਸਿਆ ਕਿ ਦੇਸ਼ ਦੀ ਵੰਡ ਹੋਣ 'ਤੇ ਵੱਡੀ ਗਿਣਤੀ 'ਚ ਮੁਸਲਮਾਨ ਪਿੰਡ ਛੱਡ ਕੇ ਚਲੇ ਗਏ ਸਨ। ਵੱਖ-ਵੱਖ ਦਿਸ਼ਾਵਾਂ 'ਚ ਬਣੀਆਂ ਸੱਤ ਮਸਜਿਦਾਂ ਤੋਂ ਮੁਸਲਮਾਨਾਂ ਦੀ ਗਿਣਤੀ ਦਾ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ।

ਜ਼ਿਆਦਾਤਰ ਮਸਜਿਦਾਂ ਦੀ ਹਾਲਤ ਤਰਸਯੋਗ ਹੈ। ਇਹ ਸਭ ਨਾਨਕਸ਼ਾਹੀ ਇੱਟਾਂ ਨਾਲ ਬਣਾਈਆਂ ਗਈਆਂ। ਇਨ੍ਹਾਂ ਅੰਦਰ ਨਕਾਸ਼ੀ ਦੇ ਨਮੂਨੇ, ਕਾਰੀਗਰੀ ਦਾ ਕਮਾਲ ਹਨ। ਮੰਦਰਾਂ 'ਤੇ ਨਮੂਨੇ ਦੀ ਚਿੱਤਰਕਾਰੀ ਦੇਖਣ ਨੂੰ ਮਿਲਦੀ ਹੈ। ਵੱਖ-ਵੱਖ ਦੇਵੀ-ਦੇਵਤਿਆਂ ਦੇ ਚਿੱਤਰ ਬਣਾ ਕੇ ਕਮਾਲ ਦੀ ਕਾਰੀਗਰੀ ਦਾ ਕਮਾਲ ਹਨ। ਇਥੋਂ ਦੇ ਬਸ਼ਿੰਦਿਆਂ ਅਨੁਸਾਰ ਕਿਸੇ ਸਮੇਂ ਇਸ ਪਿੰਡ ਵਿਚ ਚੰਗਾ ਬਾਜ਼ਾਰ ਲੱਗਦਾ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਇਕ ਪ੍ਰਵਾਸੀ ਪ੍ਰਿਵਾਰ ਨੇ ਪੰਜਾਬ ਦੇ ਪਿੰਡ ਸਰਵਰਪੁਰ 'ਚ ਮਸਜਿਦ ਬਣਵਾਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਕਾਲੇ ਧਨ ਨੂੰ ਸਫੈਦ ਕਰਨ ਦਾ ਮਾਮਲਾ:ਚੌਟਾਲਾ ਦੇ ਪੁਤਰਾਂ ਵਿਰੁਧ ਕੇਸ ਦਰਜ

**ਨਵੀਂ ਦਿੱਲੀ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਤੇ ਉਨ੍ਹਾਂ ਦੇ ਦੋ ਪੁੱਤਰਾਂ ਖਿਲਾਫ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਾਲੇ ਧਨ ਨੂੰ ਸਫੈਦ ਕਰਨ ਦਾ ਮਾਮਲਾ ਦਰਜ ਕੀਤਾ ਹੈ।



*ਓਮ ਪ੍ਰਕਾਸ਼ ਚੌਟਾਲਾ*

ਸੂਤਰਾਂ ਮੁਤਾਬਕ ਤਿੰਨਾਂ ਖਿਲਾਫ ਸੀ.ਬੀ.ਆਈ. ਵੱਲੋਂ ਪੇਸ਼ ਕੀਤੀ ਚਾਰਜਸ਼ੀਟ ਦੇ ਆਧਾਰ ਉਪਰ ਐਨਫੋਰਸਮੈਂਟ ਡਾਇਰੈਕਟੋਰੇਟ ਨੇ ਕਾਲੇ ਧਨ ਨੂੰ ਸਫੈਦ ਵਿਚ ਬਦਲਣ ਦੇ ਐਕਟ (ਪੀ.ਐਮ.ਐਲ.ਏ.) ਤਹਿਤ ਮਾਮਲਾ ਦਰਜ ਕੀਤਾ ਹੈ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੋਡਾ ਮਗਰੋਂ ਚੌਟਾਲਾ ਦੂਜੇ ਅਜਿਹੇ ਸਾਬਕਾ ਮੁੱਖ ਮੰਤਰੀ ਹਨ, ਜਿਨ੍ਹਾਂ ਖਿਲਾਫ ਡਾਇਰੈਕਟੋਰੇਟ ਨੇ ਇਹ ਮਾਮਲਾ ਦਰਜ ਕੀਤਾ ਹੈ। ਹਰਿਆਣਾ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਚੌਟਾਲਾ ਫਿਲਹਾਲ ਉਚਾਨਾ ਕਲਾਂ ਤੋਂ ਵਿਧਾਇਕ ਹਨ, ਜਦਕਿ ਉਨ੍ਹਾਂ ਦੇ ਦੋਵੇਂ ਪੁੱਤਰ ਅਜੈ ਚੌਟਾਲਾ, ਅਭੈ ਚੌਟਾਲਾ ਕ੍ਰਮਵਾਰ ਡੱਬਵਾਲੀ ਤੇ ਏਲਨਾਬਾਦ ਵਿਧਾਨ ਸਭਾ ਹਲਕਿਆਂ ਤੋਂ ਵਿਧਾਇਕ ਹਨ।

75 ਸਾਲਾ ਚੌਟਾਲਾ ਆਖਰੀ ਵਾਰ 1999 ਤੋਂ 2005 ਤਕ ਮੁੱਖ ਮੰਤਰੀ ਰਹੇ। ਸੀ.ਬੀ.ਆਈ. ਨੇ 26 ਮਾਰਚ ਨੂੰ ਕੜਕੜਡੂਮਾ ਅਦਾਲਤ ਵਿਚ ਦਾਇਰ ਚਾਰਜਸ਼ੀਟ ਵਿਚ ਕਿਹਾ ਹੈ ਕਿ ਓਮ ਪ੍ਰਕਾਸ਼ ਚੌਟਾਲਾ ਕੋਲ 6.09 ਕਰੋੜ ਰੁਪਏ ਦੀ ਸੰਪਤੀ ਹੈ, ਜੋ ਆਮਦਨ ਦੇ ਸਰੋਤਾਂ ਤੋਂ ਵੱਧ ਹੈ। ਸੀ.ਬੀ.ਆਈ. ਦਾ ਦੋਸ਼ ਹੈ ਕਿ ਅਜੈ ਚੌਟਾਲਾ ਕੋਲ 27.74 ਕਰੋੜ ਰੁਪਏ ਦੀ ਅਤੇ ਅਭੈ ਕੋਲ 119.69 ਕਰੋੜ ਰੁਪਏ ਦੀ ਸੰਪਤੀ ਹੈ, ਜੋ ਆਮਦਨ ਦੇ ਵਸੀਲਿਆਂ ਤੋਂ ਵੱਧ ਹੈ।

ਸੂਤਰਾਂ ਮੁਤਾਬਕ ਇਨ੍ਹਾਂ ਤਿੰਨਾਂ ਦੀ ਜਾਇਦਾਦ ਦੀ ਬਾਜ਼ਾਰੀ ਕੀਮਤ ਕਈ ਸੌ ਕਰੋੜ ਰੁਪਏ ਬਣਦੀ ਹੈ। ਨਵਾਂ ਮਾਮਲਾ ਦਰਜ ਹੋਣ ਮਗਰੋਂ ਡਾਇਰੈਕਟੋਰੇਟ ਵੱਲੋਂ ਆਪਣੇ ਤੌਰ 'ਤੇ ਜਾਂਚ ਕੀਤੀ ਜਾਵੇਗੀ ਤਾਂ ਜੋ ਇਹ ਪਤਾ ਲਾਇਆ ਜਾ ਸਕੇ ਕਿ ਇਨ੍ਹਾਂ ਦੀ ਦੇਸ਼ ਜਾਂ ਵਿਦੇਸ਼ 'ਚ ਹੋਰ ਜਾਇਦਾਦ ਤਾਂ ਨਹੀਂ।

# ਇਤਰਾਜ਼ਯੋਗ ਗੀਤ ਕਾਰਨ ਲੋਕ ਭੜਕੇ, ਬੱਬੂ ਮਾਨ ਦਾ ਪੁਤਲਾ ਫੂਕਿਆ

**ਅਜੀਤਵਾਲ:** ਪਿਛਲੇ ਸਮੇਂ 'ਚ ਬਾਬਿਆਂ ਬਾਰੇ ਗਾਏ ਗੀਤ ਕਾਰਨ ਵਿਵਾਦਾਂ 'ਚ ਰਿਹਾ ਗਾਇਕ ਬੱਬੂ ਮਾਨ ਭਾਰਤ ਦੀ ਜੰਗ-ਏ-ਆਜ਼ਾਦੀ ਦੇ ਮਹਾਨ ਸਪੂਤ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਸਬੰਧੀ ਵਿਦੇਸ਼ ਵਿਚ ਗਾਏ ਇਤਰਾਜ਼ਯੋਗ ਗੀਤ ਕਾਰਨ ਇਕ ਵਾਰ ਫਿਰ ਵਿਵਾਦਾਂ ਦੇ ਘੇਰੇ ਵਿਚ ਆ ਗਿਆ ਹੈ।



ਇਸ ਸਬੰਧੀ ਲਾਲਾ ਲਾਜਪਤ ਰਾਏ ਦੇ ਜਨਮ ਅਸਥਾਨ ਪਿੰਡ ਢੁੱਡੀਕੇ ਦੀ ਲਾਲਾ ਲਾਜਪਤ ਰਾਏ ਯੂਥ ਐਂਡ ਵੈਲਫੇਅਰ ਕਲੱਬ (ਰਜਿ.) ਵਲੋਂ ਜ਼ਿਲ੍ਹਾ ਪੁਲਸ ਮੁਖੀ ਮੋਗਾ ਨੂੰ ਲਿਖਤੀ ਦਰਖਾਸਤ ਦੇ ਕੇ ਬੱਬੂ ਮਾਨ ਖਿਲਾਫ ਸਖਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਗਈ ਹੈ। ਕਲੱਬ ਦੇ ਪ੍ਰਧਾਨ ਜਸਦੀਪ ਸਿੰਘ ਗੈਰੀ ਨੇ ਪੱਤਰਕਾਰਾਂ ਨੂੰ ਬੱਬੂ ਮਾਨ ਵਲੋਂ ਇੰਗਲੈਂਡ ਦੇ ਸ਼ਹਿਰ ਵੈਂਬਲੇ ਅਰੀਨਾ ਲੰਡਨ ਵਿਖੇ ਕੀਤੇ ਲਾਈਵ ਸ਼ੋਅ ਦੀ ਸੀ.ਡੀ. ਜਾਰੀ ਕਰਦਿਆਂ ਕਿਹਾ ਕਿ ਬੱਬੂ ਮਾਨ ਨੇ ਦੇਸ਼ ਭਗਤ ਲਾਲਾ ਲਾਜਪਤ ਰਾਏ ਜੀ ਦਾ ਅਪਮਾਨ ਕਰਕੇ ਦੇਸ਼ਧ੍ਰੋਹੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬੱਬੂ ਮਾਨ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅੰਗਰੇਜ਼ਾਂ ਦੀਆਂ ਲਾਠੀਆਂ ਨਾਲ ਸ਼ਹੀਦ ਹੋਏ ਲਾਲਾ ਜੀ ਦੀ ਕੁਰਬਾਨੀ ਦਾ ਬਦਲਾ ਮਹਾਨ ਸ਼ਹੀਦ ਭਗਤ ਸਿੰਘ ਨੇ ਲਿਆ ਸੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਮੋਗਾ ਦੇ ਸ੍ਰੀ ਸਨੇਹਦੀਪ ਸ਼ਰਮਾ ਨੇ ਇਸ ਮਾਮਲੇ ਦੀ ਜਾਂਚ ਲਈ ਐਸ.ਪੀ.ਐਚ. ਸ੍ਰੀ ਜਗਮੋਹਨ ਸਿੰਘ ਦੀ ਡਿਊਟੀ ਲਗਾਈ ਹੈ। ਇਸ ਸਬੰਧੀ ਲਾਲਾ ਜੀ ਦੇ ਨਾਮ 'ਤੇ ਬਣੀ ਲਾਲਾ ਲਾਜਪਤ ਰਾਏ ਮੈਮੋਰੀਅਲ ਕਮੇਟੀ, ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆਂ ਦਾ ਭਾਰੀ ਇਕੱਠ ਹੋਇਆ, ਜਿਸ ਦੌਰਾਨ ਪਿੰਡ ਵਾਸੀਆਂ ਨੂੰ ਬੱਬੂ ਮਾਨ ਵਲੋਂ ਗਾਏ ਇਸ ਗੀਤ ਦੀ ਵੀਡੀਓ ਪ੍ਰਾਜੈਕਟਰ ਰਾਹੀਂ ਦਿਖਾਈ ਗਈ ਅਤੇ ਪਿੰਡ ਵਾਸੀਆਂ ਨੇ ਬੱਬੂ ਮਾਨ ਦਾ ਪੁਤਲਾ ਵੀ ਫੂਕਿਆ। ਪਿੰਡ ਦੇ ਸਰਪੰਚ ਜਗਤਾਰ ਸਿੰਘ ਧਾਲੀਵਾਲ ਨੇ ਬੱਬੂ 'ਤੇ ਦੇਸ਼ਧ੍ਰੋਹ ਦਾ ਮੁਕੱਦਮਾ ਦਰਜ ਕਰਵਾਉਣ ਦੀ ਮੰਗ ਕੀਤੀ।

## ਖਾੜਕੂ ਬਾਬਾ ਸੁੱਖਾ ਗ੍ਰਿਫ਼ਤਾਰ

**ਅੰਮ੍ਰਿਤਸਰ :** ਪੰਜਾਬ ਦੀ ਖੁਫੀਆ ਏਜੰਸੀ ਕਾਊਂਟਰ ਇੰਟੈਲੀਜੈਂਸ ਨੇ ਆਰ. ਡੀ. ਐਕਸ ਲੱਗੇ ਸਿਲੰਡਰ ਬੰਬ ਰਾਹੀਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਨੇੜੇ ਦੀ ਆਬਾਦੀ ਨੂੰ ਉਡਾਉਣ ਦੀ ਸਾਜ਼ਿਸ਼ ਰਚਣ ਵਾਲੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ. ਐਸ. ਆਈ. ਦੇ ਟਰੇਂਡ ਇਨਾਮੀ ਖਾੜਕੂ ਬਾਬਾ ਸੁਖਦੇਵ ਸਿੰਘ ਉਰਫ ਸੁੱਖਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਬਾਰੇ ਬਕਾਇਦਾ ਐਲਾਨ ਕਿਸੇ ਵੇਲੇ ਵੀ ਹੋ ਸਕਦਾ ਹੈ। ਖੁਫੀਆ ਵਿਭਾਗ ਨੇ ਸਾਜ਼ਿਸ਼ ਵਿਚ ਸ਼ਾਮਲ ਦੋ ਹੋਰ ਸਾਥੀਆਂ ਨੂੰ ਖਲਚੀਆਂ ਨੇੜੇ ਹਿਰਾਸਤ ਵਿਚ ਲਿਆ ਹੈ। ਇਨ੍ਹਾਂ ਵਿਚ ਨਿਸ਼ਾਨ ਸਿੰਘ ਤੇ ਜੋਗਾ ਸ਼ਾਮਲ ਹਨ। ਮੰਗਲਵਾਰ ਸਾਰਾ ਦਿਨ ਪੁਲਿਸ ਬਾਬਾ ਸੁੱਖਾ ਦੀ ਨਿਸ਼ਾਨਦੇਹੀ 'ਤੇ ਤਰਨਤਾਰਨ ਖੇਤਰ ਵਿਚ ਛਾਪੇ ਮਾਰਦੀ ਰਹੀ, ਜਿਸ ਦੌਰਾਨ ਕੁਝ ਹਥਿਆਰ ਤੇ ਗੋਲੀ ਸਿੱਕਾ ਮਿਲਿਆ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਪੰਜਾਬੀ ਲੋਕ ਬਹਾਦਰ ਤੇ ਮਿਹਨਤੀ ਹੋਣ ਕਰਕੇ ਹੀ ਵੱਖਰੀ ਪਛਾਣ ਦੇ ਮਾਲਕ ਹਨ-ਹੁੱਡਾ**

-ਫੂਕਾਂ ਛਕਾਈ ਜਾਓ ਤੇ ਪਾਣੀ ਲੁੱਟੀ ਜਾਓ।

***ਭਗਤ ਸਿੰਘ ਤੇ ਭਿੰਡਰਾਂਵਾਲਾ ਆਦਰਸ਼ ਬਣੇ ਪੰਜਾਬੀਆਂ ਦੇ**

-ਕਿਉਂਕਿ ਪੰਜਾਬੀਆਂ ਦਾ ਸੁਭਾਅ ਹੈ 'ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ'।

***ਅਕਾਲੀ ਦਲ ਤੇ ਭਾਜਪਾ ਹੁਣ ਵਿਰੋਧੀ ਦਿਸ਼ਾਵਾਂ ਵੱਲ**

-ਦਿਸ਼ਾ ਜਿਹੜੀ ਮਰਜ਼ੀ ਹੋਵੇ ਇਨ੍ਹਾਂ ਨੇ ਰਹਿਣਾ ਵੀ ਇਕੱਠਿਆਂ ਨੇ ਐ, ਤੇ ਇਨ੍ਹਾਂ ਦਾ ਨਿਸ਼ਾਨਾ ਵੀ ਇਕੋ ਐ-ਲੁੱਟ ਖਸੁੱਟ।

***ਧਰਮ ਦੇ ਨਾਂ 'ਤੇ ਹਿੰਸਾ ਰੋਕਣ ਲਈ ਬਿਲ ਛੇਤੀ-ਚਿਦੰਬਰਮ**

-ਯਾਨਿ ਪਹਿਲਾਂ ਧਰਮ ਦੇ ਨਾਂ 'ਤੇ ਹਿੰਸਾ ਦੀ ਖੁੱਲ੍ਹ ਸੀ?

***ਕਾਂਗਰਸ ਕੌਮ ਤੋਂ ਮੁਆਫੀ ਮੰਗੇ-ਭਾਜਪਾ**

-ਗੁਜਰਾਤ ਕਤਲੇਆਮ ਲਈ?

***15 ਹਜ਼ਾਰ ਮੌਤਾਂ ਦੀ ਸਜ਼ਾ ਦੋ ਸਾਲ**

-ਯੇ ਮੇਰਾ ਇੰਡੀਆ, ਆਈ ਲਵ ਮਾਈ ਇੰਡੀਆ

***1824 ਤੋਂ ਲੈ ਕੇ ਹੁਣ ਤੱਕ ਜਨਮ ਮਰਨ ਦਾ ਰਿਕਾਰਡ ਹੋਵੇਗਾ ਆਨ ਲਾਈਨ**

-ਪਰ ਜਨਮ ਸਰਟੀਫਿਕੇਟ ਲੈਣ ਦੇ ਤਰੀਕੇ ਤੇ ਰੇਟ ਉਹੀ ਰਹਿਣਗੇ।

# ਯੁਰੇਨੀਅਮ ਦੀਆਂ ਘੁੱਟਾਂ ਭਰਦੇ ਪੰਜਾਬ ਦੇ ਲੋਕ

## ਖਤਰਨਾਕ ਬਿਮਾਰੀਆਂ ਦੇ ਖਦਸ਼ੇ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਜਰਮਨੀ ਦੀ ਇਕ ਵਿਸ਼ਵ ਪ੍ਰਸਿੱਧ ਲੈਬਾਰਟਰੀ ਨੇ ਆਪਣੀ ਇਕ ਜਾਂਚ ਰਿਪੋਰਟ 'ਚ ਖੁਲਾਸਾ ਕੀਤਾ ਹੈ ਕਿ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਰਾਜਸਥਾਨ ਆਦਿ ਸੂਬੇ ਯੂਰੇਨੀਅਮ ਦੇ ਪ੍ਰਭਾਵ ਹੇਠ ਹਨ ਅਤੇ ਇਸ ਕਰਕੇ ਇਸ ਖਿੱਤੇ ਵਿਚ ਵਸਣ ਵਾਲੇ ਲੋਕ, ਪਸ਼ੂ-ਪੰਛੀਆਂ ਅਤੇ ਚੌਗਿਰਦੇ ਨੂੰ ਵੱਡਾ ਖਤਰਾ ਹੈ। ਮਾਈਕ੍ਰੋਟਰੇਸ ਮਿਨਰਲ ਲੈਬ ਹਰਸ਼ਬਰਗ ਨਾਮੀ ਜਰਮਨ ਲੈਬਾਰਟਰੀ ਨੇ ਮਈ 2008 ਵਿਚ 150 ਵਿਅਕਤੀਆਂ ਦੇ ਵਾਲਾਂ, ਧਰਤੀ ਅਤੇ ਪਾਣੀ ਦੇ ਨਮੂਨੇ ਲਏ ਸਨ ਜਿਸ ਉਪਰੰਤ ਇਹ ਖੁਲਾਸਾ ਕੀਤਾ ਗਿਆ ਹੈ। ਇਹ ਰਿਪੋਰਟ 13 ਜੂਨ ਨੂੰ ਇਥੇ ਬਾਬਾ ਫਰੀਦ ਸੈਂਟਰ ਫਾਰ ਸਪੈਸ਼ਲ ਚਿਲਡਰਨ ਵਿਚ ਜਾਰੀ ਕੀਤੀ ਗਈ। ਰਿਪੋਰਟ ਵਿਚ ਪਿੰਡ ਖੁੱਬਣ ਜ਼ਿਲ੍ਹਾ ਫਿਰੋਜ਼ਪੁਰ ਦੇ ਇਕ ਪਰਿਵਾਰ 'ਚ 60 ਗੁਣਾ ਜ਼ਿਆਦਾ ਯੂਰੇਨੀਅਮ ਪਾਇਆ ਗਿਆ ਹੈ। ਇਸੇ ਤਰ੍ਹਾਂ ਪਿੰਡ ਦੇ ਪਾਣੀ ਵਿਚ ਵੀ ਯੂਰੇਨੀਅਮ ਦੀ ਬਹੁਤਾਤ ਦਿਖਾਈ ਦੇ ਰਹੀ ਹੈ।

ਕਿਹਾ ਜਾ ਰਿਹਾ ਹੈ ਕਿ ਇਸ ਰਿਪੋਰਟ ਨੂੰ ਤਿਆਰ ਕਰਨ ਲਈ ਇਕੱਤਰ ਕੀਤੇ ਗਏ ਨਮੂਨੇ 3 ਸਾਲ ਦੇ ਬੱਚੇ ਤੋਂ ਲੈ ਕੇ 70 ਸਾਲ ਤੱਕ ਦੇ ਵਿਅਕਤੀ ਦੇ ਲਏ ਗਏ ਸਨ ਅਤੇ ਇਨ੍ਹਾਂ ਵਿਚ ਬਹੁਤੇ ਵਿਅਕਤੀ ਉਹ ਸਨ ਜਿਹੜੇ ਵੇਖਣ ਵਿਚ ਆਮ ਲੱਗਦੇ ਸਨ। ਰਿਪੋਰਟ ਜਾਰੀ ਕਰਨ ਵਾਲੇ ਡਾਕਟਰਾਂ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ

*(ਬਾਕੀ ਸਫਾ 15 'ਤੇ)*

# ਯੂਰੇਨੀਅਮ ਸਬੰਧੀ ਰੀਪੋਰਟ 'ਤੇ ਲੱਗੇ ਸਵਾਲੀਆ ਨਿਸ਼ਾਨ

**ਨੰਗਲ:** ਖੇਤੀ ਵਿਰਾਸਤ ਪੰਜਾਬ ਦੇ ਨਿਰਦੇਸ਼ਕ ਸੁਰਿੰਦਰ ਸਿੰਘ ਨੇ ਬੀਤੀ 15 ਜੂਨ ਨੂੰ ਨੰਗਲ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਬੀਤੇ ਦਿਨੀਂ ਜ਼ਾਹਰ ਹੋਈ ਯੂਰੇਨੀਅਮ ਸਬੰਧੀ ਉਸ ਰੀਪੋਰਟ 'ਤੇ ਸਵਾਲੀਆਂ ਨਿਸ਼ਾਨ ਲਾਇਆ ਜਿਸ ਵਿਚ ਕੁਝ ਲੋਕਾਂ ਨੇ ਫਰੀਦਕੋਟ ਵਿਚ ਪਾਣੀ, ਧਰਤੀ ਅਤੇ ਮਨੁੱਖੀ ਵਾਲਾਂ ਵਿਚ ਯੂਰੇਨੀਅਮ ਦੇ ਸਰੋਤ ਦਾ ਕਾਰਨ ਅਫਗਾਨਿਸਤਾਨ ਵਿਚ ਅਮਰੀਕਾ ਵਲੋਂ ਸੁੱਟੇ ਗਏ ਬੰਬਾਂ ਨੂੰ ਦੱਸਿਆ ਸੀ। ਉਨ੍ਹਾਂ ਕਿਹਾ ਕਿ ਸਾਇੰਸਦਾਨ ਸ੍ਰੀਮਤੀ ਕੈਰਿਨ ਸਮਿਥ ਵਲੋਂ ਕੀਤੀ ਗਈ ਖੋਜ ਵਿਚ ਕਿਤੇ ਵੀ ਇਸ ਗੱਲ ਦਾ ਜ਼ਿਕਰ ਨਹੀਂ ਕਿ ਮਾਲਵਾ ਖੇਤਰ ਵਿਚ ਯੂਰੇਨੀਅਮ ਦਾ ਸਰੋਤ ਅਫਗਾਨਿਸਤਾਨ ਵਿਚ ਸੁੱਟੇ ਗਏ ਬੰਬ ਹਨ। ਉਨ੍ਹਾਂ ਦੀ ਖੋਜ ਦਾ ਇਹ ਹਿੱਸਾ ਵੀ ਨਹੀਂ ਸੀ। ਖੋਜ ਸਿਰਫ ਇਹ ਦਰਸਾਉਂਦੀ ਹੈ ਕਿ ਫਰੀਦਕੋਟ ਦੇ ਜ਼ਿਲ੍ਹੇ ਦੇ ਕੁਝ ਪਿੰਡਾਂ ਦੇ ਵਸਨੀਕਾਂ ਦੇ ਵਾਲਾਂ, ਧਰਤੀ ਅਤੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ ਡਬਲਯੂ.ਐਚ.ਓ. ਦੇ ਮਾਪਦੰਡਾ ਤੋਂ ਵਧੇਰੇ ਹੈ। ਕੁਝ ਲੋਕਾਂ ਨੇ ਮੀਡੀਆ ਵਿਚ ਆਪਣਾ ਨਾਂ ਚਮਕਾਉਣ ਲਈ ਇਸ ਦਾ ਸਰੋਤ ਖੁਦ ਹੀ ਲੱਭ ਲਿਆ ਹੈ।

ਉਨ੍ਹਾਂ ਇਹ ਸਵਾਲ ਕੀਤਾ ਕਿ ਅਫਗਾਨਿਸਤਾਨ ਵਿਚਲੇ ਬੰਬਾ ਦਾ ਅਸਰ ਸਿੱਧਾ ਫਰੀਦਕੋਟ ਵਿਚ ਕਿਵੇਂ ਪਹੁੰਚ ਗਿਆ। ਰਸਤੇ ਵਿਚ ਪਾਕਿਸਤਾਨ ਅਤੇ ਆਪਣੇ ਪੰਜਾਬ ਦੇ ਕਈ ਜ਼ਿਲ੍ਹੇ ਆਉਂਦੇ ਹਨ। ਉਨ੍ਹਾਂ ਅੱਗੇ ਇਹ ਕਿਹਾ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਇਸ ਤੋਂ ਪਹਿਲਾਂ ਹੀ ਮਾਲਵਾ ਖੇਤਰ ਵਿਚ ਯੂਰੇਨੀਅਮ ਦੀ ਮੌਜੂਦਗੀ ਦਾ ਪਤਾ ਲਗਾ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਉਹੀ ਲੋਕ ਹਨ, ਜੋ ਪਹਿਲਾਂ ਮਾਲਵਾ ਖਿਤੇ ਵਿਚ ਸਾਰੀਆਂ ਬਿਮਾਰੀਆਂ ਦਾ ਕਾਰਨ ਕੀਟਨਾਸ਼ਕਾਂ ਨੂੰ ਦੱਸਦੇ ਰਹੇ। ਫਿਰ ਜਦੋਂ ਇਕ ਕੀਟਨਾਸ਼ਕ ਕੰਪਨੀ ਨੇ ਸਾਰਿਆਂ 'ਤੇ ਮੁੰਬਈ ਹਾਈਕੋਰਟ ਵਿਚ ਇਕ ਮਾਨਹਾਨੀ ਦਾ ਮੁਕੱਦਮਾ ਕੀਤਾ ਤਾਂ ਇਹ ਸਾਰੇ ਲੋਕ ਕੋਰਟ ਵਿਚ ਲਿਖਤੀ ਤੌਰ 'ਤੇ ਮੁਨਕਰ ਹੋ ਕੇ ਆਪਣਾ ਪੱਲਾ ਝਾੜ ਆਏ।

ਜਦੋਂ ਪੰਜਾਬ ਦੀ ਕੋਈ ਯੂਨੀਵਰਸਿਟੀ ਯੂਰੇਨੀਅਮ ਦੀ ਮੌਜੂਦਗੀ ਦਾ ਪਤਾ ਲਗਾਉਂਦੀ ਹੈ ਤਾਂ ਇਹ ਲੋਕ ਚੁੱਪ ਹੁੰਦੇ ਹਨ ਪਰ ਹੁਣ ਇਕ ਬਾਹਰ ਦੇ ਵਿਗਿਆਨੀ ਦੀ ਰਿਪੋਰਟ ਦੇ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰ ਕੇ ਲਾਹਾ ਲੈਣਾ ਚਾਹੁੰਦੇ ਹਨ। ਸੁਰਿੰਦਰ ਸਿੰਘ ਨੇ ਕਿਹਾ ਇਹ ਲੋਕ ਮਾਲਵੇ ਦੇ ਵਸਨੀਕਾਂ ਨਾਲ ਇਨਸਾਫ ਨਹੀਂ ਕਰ ਰਹੇ ਸਗੋਂ ਭਿੰਨ-ਭਿੰਨ ਰਿਪੋਰਟਾਂ ਨੂੰ ਤੋੜ ਮਰੋੜ ਕੇ ਮੀਡੀਆ ਰਾਹੀਂ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।






# ਜਸਵੀਰ ਸਿੰਘ ਸ਼ੀਰੀ ਦਾ ਨਾਵਲ 'ਖਾਲੀ ਘੋੜੀ' ਜਸਵੰਤ ਸਿੰਘ ਕੰਵਲ ਵਲੋਂ ਰਿਲੀਜ਼

**ਜਲੰਧਰ :** 'ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬੀ ਭਾਸ਼ਾ ਨੂੰ ਕਦੇ ਆਪਣੀ ਭਾਸ਼ਾ ਨਹੀਂ ਸਮਝਿਆ ਅਤੇ ਆਜ਼ਾਦੀ ਦੇ ਕਈ ਸਾਲਾਂ ਬਾਅਦ ਵੀ ਪੰਜਾਬੀ ਭਾਸ਼ਾ ਅਤੇ ਪੰਜਾਬੀ ਲੋਕਾਂ ਨੂੰ ਬਣਦਾ ਸਥਾਨ ਨਹੀਂ ਮਿਲਿਆ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਦੇ ਸਿਰਮੌਰ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ 10 ਜੂਨ ਨੂੰ ਪ੍ਰੈਸ ਕਲੱਬ ਵਿਖੇ ਕੀਤਾ। ਸ. ਕੰਵਲ ਇਥੇ ਲੇਖਕ ਤੇ ਪੱਤਰਕਾਰ ਜਸਵੀਰ ਸਿੰਘ ਸ਼ੀਰੀ ਦੇ ਪਲੇਠੇ ਨਾਵਲ 'ਖਾਲੀ ਘੋੜੀ' ਦੀ ਘੁੰਡ-ਚੁਕਾਈ ਕਰਨ ਲਈ ਆਏ ਹੋਏ ਸਨ। ਸ. ਕੰਵਲ ਨੇ ਕਿਹਾ ਕਿ ਪੰਜਾਬ ਖੁਰਦਾ ਜਾ ਰਿਹਾ ਹੈ ਪਰ ਇਥੋਂ ਦੇ ਸਿਆਸੀ ਚੌਧਰੀ ਆਪਣੀ ਚੌਧਰ ਦੇ ਗਰੂਰ ਵਿਚ ਏਨੇ ਗਰੱਸੇ ਹੋਏ ਹਨ ਕਿ ਉਨ੍ਹਾਂ ਨੂੰ ਪੰਜਾਬ ਦੀ ਹੋ ਰਹੀ ਤਬਾਹੀ ਨਜ਼ਰ ਹੀ ਨਹੀਂ ਆ ਰਹੀ। ਉਨ੍ਹਾਂ ਕਿਹਾ ਕਿ ਉਹ ਪੰਜਾਬੀ ਕੌਮੀਅਤ ਅਤੇ ਪੰਜਾਬੀ ਭਾਸ਼ਾ ਬਾਰੇ ਬਹੁਤ ਹੀ ਚਿੰਤਤ ਹਨ ਕਿਉਂਕਿ ਪੰਜਾਬ ਦੇ ਲੋਕ ਵਿਦੇਸ਼ਾਂ ਵਲ ਭੱਜ ਰਹੇ ਹਨ, ਪੰਜਾਬੀ ਭਾਸ਼ਾ ਤੋਂ ਲੋਕ ਮੂੰਹ ਮੋੜਦੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰੈਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਪ੍ਰੈਸ ਹੀ ਪੰਜਾਬ ਦੇ ਮਿਹਨਤੀ ਲੋਕਾਂ ਨੂੰ ਸਹੀ ਅਗਵਾਈ ਦੇ ਸਕਦੀ ਹੈ। ਨਾਵਲ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਸਵੀਰ ਸਿੰਘ ਸ਼ੀਰੀ ਨੇ ਆਪਣੇ ਨਾਵਲ ਵਿਚ ਪੰਜਾਬ ਦਾ ਯਥਾਰਥ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਨਾਵਲ ਮੂਲਰੂਪ ਵਿਚ ਪ੍ਰੇਮ ਕਹਾਣੀ ਹੈ ਪਰ ਪਾਤਰਾਂ ਵਲੋਂ ਆਪਣੇ ਆਲੇ ਦੁਆਲੇ ਵਾਪਰਦੇ ਵਰਤਾਰੇ ਨੂੰ ਹੱਡੀਂ ਹੰਢਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਨਾਵਲ ਦੀ ਕਹਾਣੀ ਬੇਹੱਦ ਦਿਲਚਸਪ ਹੈ ਅਤੇ ਦਰਿਆ ਵਾਂਗ ਆਪ ਮੁਹਾਰੇ ਅਗੇ ਤੁਰਦੀ ਹੈ। ਨਾਵਲ ਏਨਾ ਮਨ-ਲੁਭਾਉਣਾ ਹੈ ਕਿ ਅੰਤ ਤੱਕ ਪਾਠਕ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਇਸ ਦੌਰਾਨ ਜਸਵੀਰ ਸਿੰਘ ਸ਼ੀਰੀ ਨੇ ਕਿਹਾ ਕਿ ਨਾਵਲ ਵਿਚ ਪੰਜਾਬ ਦੇ ਬੀਤੇ ਤਿੰਨ ਦਹਾਕਿਆਂ ਦੌਰਾਨ ਜ਼ਿੰਦਗੀ ਦੇ ਰਾਜਨੀਤਿਕ, ਸਮਾਜਿਕ ਤੇ ਸਭਿਆਚਾਰਕ ਵਰਤਾਰੇ ਨੂੰ ਸਮੇਟਿਆ ਗਿਆ ਹੈ ਅਤੇ ਇਹ ਵੀ ਕਿ ਕਿਸ ਕਿਸ ਤਰ੍ਹਾਂ ਲੋਕਾਂ ਨੂੰ ਉਸ ਦੌਰ ਵਿਚੋਂ ਗੁਜ਼ਰਨਾ ਪਿਆ।

# ਡਾਕਟਰਾਂ 'ਚ ਵੀ ਵਧ ਰਿਹੈ ਲੱਠਮਾਰਾਂ ਵਾਲਾ ਰੁਝਾਨ

**ਬਠਿੰਡਾ :** ਮੁਜ਼ਰਮਾਨਾ ਇਲਾਜ ਕੁਤਾਹੀ ਦੇ ਪੀੜਤਾਂ ਦੀ ਜ਼ੁਬਾਨ ਨੂੰ ਲਗਾਮ ਦੇਣ ਦੇ ਇਰਾਦੇ ਤਹਿਤ ਕੁਝ ਕੁ ਡਾਕਟਰਾਂ ਵਲੋਂ ਲੱਠਮਾਰ ਰੱਖਣ ਦੇ ਰੁਝਾਨ ਤੋਂ ਜਿੱਥੇ ਸੁਚੇਤ ਨਾਗਰਿਕ ਡਾਢੇ ਚਿੰਤਤ ਹਨ, ਉਥੇ ਡਾਹਢਿਆਂ ਨੂੰ ਮੁਦੱਈ ਤੇ ਮਜ਼ਲੂਮਾਂ ਨੂੰ ਮੁਜ਼ਰਮ ਬਣਾਉਣ ਵਾਲੀ ਪੁਲਸੀਆ ਮਾਨਸਿਕਤਾ ਦੀ ਵੀ ਚੁਫੇਰਿਉਂ ਨਿੰਦਾ ਹੋ ਰਹੀ ਹੈ।

ਪਿਸ਼ਾਬ ਕਰਨ ਵੇਲੇ ਡਾਢੀ ਤਕਲੀਫ਼ ਹੋਣ ਦੀ ਵਜ੍ਹਾ ਕਾਰਨ ਸਥਾਨਕ ਕਮਲਾ ਨਹਿਰੂ ਨਗਰ ਦਾ ਇੱਕ ਨੌਜਵਾਨ ਰਵੀ ਕੁਮਾਰ ਬੀਬੀਵਾਲਾ ਰੋਡ 'ਤੇ ਸਥਿਤ ਬਡਿਆਲ ਸੁਪਰ ਸਪੈਸ਼ਲਿਟੀ ਹਸਪਤਾਲ ਵਿਖੇ ਚੈਕਅੱਪ ਕਰਵਾਉਣ ਲਈ ਜਾਂਦਾ ਹੈ, ਜਿੱਥੇ 13 ਅਪ੍ਰੈਲ ਨੂੰ ਇਹ ਕਹਿੰਦਿਆਂ ਡਾਕਟਰ ਉਸਦਾ ਅਪਰੇਸ਼ਨ ਕਰ ਦਿੰਦਾ ਹੈ ਕਿ ਉਹ ਗੁਰਦੇ ਦੀ ਪਥਰੀ ਤੋਂ ਪੀੜਤ ਸੀ। ਘਟਣ ਦੀ ਬਜਾਏ ਤਕਲੀਫ਼ ਵਧਣ 'ਤੇ 17 ਅਪ੍ਰੈਲ ਨੂੰ ਉਸਦਾ ਮੁੜ ਅਪਰੇਸ਼ਨ ਕਰ ਦਿੱਤਾ ਜਾਂਦਾ ਹੈ, 2 ਮਈ ਤੱਕ ਦਾਖਲ ਰਹਿਣ ਦੇ ਬਾਵਜੂਦ ਵੀ ਹਾਲਤ ਜਿਉਂ ਦੀ ਤਿਉਂ ਬਣੀ ਰਹੀ।

ਸਥਿਤੀ ਜ਼ਿਆਦਾ ਵਿਗੜਣ 'ਤੇ ਉਸ ਦੇ ਵਾਰਸ ਰਵੀ ਕੁਮਾਰ ਨੂੰ ਲੁਧਿਆਣਾ ਦੇ ਡੀ ਐਮ ਸੀ ਹਸਪਤਾਲ ਵਿਖੇ ਭਰਤੀ ਕਰਵਾ ਦਿੰਦੇ ਹਨ, ਜਾਂਚ ਉਪਰੰਤ ਉਥੋਂ ਦੇ ਡਾਕਟਰ ਨਾ ਸਿਰਫ਼ ਗੁਰਦੇ ਵਿਚ ਪੱਥਰੀ ਮੌਜੂਦ ਹੋਣ ਦੀ ਪੁਸ਼ਟੀ ਕਰਦੇ ਹਨ, ਬਲਕਿ ਇਹ ਵੀ ਭਾਂਪ ਲੈਂਦੇ ਹਨ ਕਿ ਗੁਰਦੇ ਅਤੇ ਗਦੂਦਾਂ ਦੇ ਦਰਮਿਆਨ ਪੀਕ ਪੈ ਚੁੱਕੀ ਹੈ। 9 ਮਈ ਨੂੰ ਉਸਦਾ ਅਪਰੇਸ਼ਨ ਕਰ ਦਿੱਤਾ ਜਾਂਦਾ ਹੈ ਤਾਂ ਕਿਤੇ ਜਾ ਕੇ ਰਵੀ ਇਹ ਮਹਿਸੂਸ ਕਰਦਾ ਹੈ ਕਿ ਉਹ ਨੌਂ ਬਰ ਨੌਂ ਹੋ ਚੁੱਕਾ ਹੈ। ਰਾਹਤ ਮਿਲਣ 'ਤੇ ਵਾਰਸਾਂ ਨੂੰ ਇਹ ਤਕਲੀਫ਼ ਸਤਾਉਣ ਲੱਗਦੀ ਹੈ ਕਿ ਲੱਖਾਂ ਰੁਪਏ ਖ਼ਰਚ ਕਰਵਾ ਕੇ ਦੋ ਵਾਰ ਰਵੀ ਦੇ ਪੇਟ ਦੀ ਚੀਰਫਾੜ ਕਰਨ ਵਾਲਾ ਡਾਕਟਰ ਜਾਂ ਤਾਂ ਮੈਡੀਕਲ ਮੁਹਾਰਤ ਤੋਂ ਸੱਖਣਾ ਹੈ ਜਾਂ ਇਲਾਜ ਪ੍ਰਤੀ ਉਸਦੀ ਪਹੁੰਚ ਗ਼ੈਰ-ਜ਼ਿੰਮੇਵਾਰ ਤੇ ਮੁਜ਼ਰਮਾਨਾ ਹੈ। ਸੱਜਣਾਂ -ਮਿੱਤਰਾਂ ਨੂੰ ਨਾਲ ਲੈ ਕੇ ਸਥਾਪਤ ਰੀਤੀ ਰਵਾਇਤ ਅਨੁਸਾਰ ਉਲਾਂਭਾ ਦੇਣ ਲਈ 10 ਜੂਨ ਦੀ ਸ਼ਾਮ 7 ਕੁ ਵਜੇ ਉਹ ਬਡਿਆਲ ਸੁਪਰ ਸਪੈਸ਼ਲਿਟੀ ਹਸਪਤਾਲ ਪਹੁੰਚਦੇ ਹਨ।

ਹਸਪਤਾਲ ਦੇ ਬਾਹਰ ਡਾਕਟਰ ਨਾਲ ਗੱਲਬਾਤ ਵੇਲੇ ਸੜਕ ਉਪਰ ਦੋਵਾਂ ਧਿਰਾਂ ਦਰਮਿਆਨ ਤਕਰਾਰ ਹੋ ਜਾਂਦਾ ਹੈ, ਇਸ ਤੋਂ ਪਹਿਲਾਂ ਕਿ ਸਮਝਦਾਰ ਤੇ ਮੋਹਤਬਰ ਸੱਜਣ ਮਹੌਲ ਨੂੰ ਸ਼ਾਂਤ ਕਰਨ ਵਿਚ ਦਖ਼ਲਅੰਦਾਜੀ ਕਰਦੇ, ਅੰਦਰੋਂ ਆਏ ਲੱਠਮਾਰਾਂ ਨੇ ਤਿੱਖਾ ਹਮਲਾ ਕਰਦਿਆਂ ਮਰੀਜ਼ ਰਵੀ ਕੁਮਾਰ ਦੇ ਦੋ ਭਰਾਵਾਂ ਅਸ਼ੋਕ ਕੁਮਾਰ ਤੇ ਰਾਜ ਕੁਮਾਰ ਦੇ ਸਿਰ ਲਹੂ -ਲੁਹਾਨ ਕਰ ਦਿੱਤੇ, ਜਦ ਕਿ ਉਨ੍ਹਾਂ ਦੇ ਪਿਤਾ ਅਮਰਜੀਤ ਨੂੰ ਸੜਕ ਤੋਂ ਚੁੱਕ ਕੇ ਹਸਪਤਾਲ ਦੇ ਇੱਕ ਕਮਰੇ ਵਿਚ ਬੰਦ ਕਰ ਦਿੱਤਾ।

ਅਜਿਹਾ ਤਾਂਡਵ ਤੱਕ ਕੇ ਦਰਜਨਾਂ ਰਾਹਗੀਰ ਰੁਕ ਗਏ, ਪਰ ਲੱਠਮਾਰਾਂ ਦੀ ਜਾਹੋ-ਜਲਾਲ ਸਾਹਮਣੇ ਦਖ਼ਲਅੰਦਾਜ਼ੀ ਕਰਨ ਦੀ ਕਿਸੇ ਦੀ ਵੀ ਜ਼ੁਰਅਤ ਨਾ ਪਈ। ਸੂਚਨਾ ਮਿਲਣ 'ਤੇ ਪ੍ਰਿੰਟ ਅਤੇ ਬਿਜਲਈ ਮੀਡੀਆ ਦੇ ਪ੍ਰਤੀਨਿਧ ਮੌਕੇ 'ਤੇ ਪੁੱਜ ਕੇ ਜਦ ਕਵਰੇਜ਼ ਕਰਨ ਲੱਗਦੇ ਹਨ ਤਾਂ ਭੂਤਰੇ ਹੋਏ ਲੱਠਮਾਰਾਂ ਨੇ ਉਨ੍ਹਾਂ ਉਪਰ ਵੀ ਹੱਲਾ ਬੋਲ ਦਿੱਤਾ। ਘਟਨਾ ਸਥਾਨ 'ਤੇ ਪੁੱਜਣ ਦੇ ਬਾਵਜੂਦ ਕਰੜੇ ਹੱਥੀਂ ਸਿੱਝਣ ਦੇ ਉਲਟ ਪੁਲਿਸ ਨੇ ਵਿਚ-ਬਚਾਅ ਵਾਲਾ ਰਾਹ ਅਪਣਾਉਣ ਨੂੰ ਹੀ ਤਰਜੀਹ ਦਿੱਤੀ। ਮਰੀਜ਼ ਰਵੀ ਦੇ ਜ਼ਖਮੀ ਭਰਾਵਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿਖੇ ਭਰਤੀ ਕਰਵਾ ਦਿੱਤਾ, ਜਿੱਥੇ ਬਕਾਇਦਾ ਮੈਡੀਕੋ ਲੀਗਲ ਵੀ ਕੱਟਿਆ ਗਿਆ।

ਸਿਤਮਜ਼ਰੀਫੀ ਦਾ ਇਹ ਸਿਖ਼ਰ ਹੀ ਹੈ ਕਿ ਪੁਲਿਸ ਨੇ ਦੋਵਾਂ ਜ਼ਖਮੀ ਭਰਾਵਾਂ, ਉਨ੍ਹਾਂ ਦੇ ਪਿਤਾ ਅਤੇ ਕੁਝ ਹੋਰ ਵਿਅਕਤੀਆਂ ਖ਼ਿਲਾਫ਼ ਹੀ ਅਜਿਹਾ ਮੁਕੱਦਮਾ ਦਰਜ ਕਰ ਲਿਆ, ਜਿਸ ਤੋਂ ਜ਼ਮਾਨਤ ਲੈਣ ਵਾਸਤੇ ਕਈ ਕਈ ਹਫ਼ਤੇ ਜੇਲ੍ਹ 'ਚ ਹੱਡ ਰਗੜਾਉਣ ਦੀ ਲਾਜ਼ਮੀ ਸ਼ਰਤ ਹੈ। ਜਿੱਥੋਂ ਤੱਕ ਲੱਠਮਾਰਾਂ ਵਲੋਂ ਪੀੜਤਾਂ ਦੇ ਕੀਤੇ ਕੁਟਾਪੇ ਤੇ ਪੱਤਰਕਾਰਾਂ ਉਪਰ ਹਮਲੇ ਦਾ ਸਵਾਲ ਹੈ, ਪੜਤਾਲ ਦੇ ਨਾਂ ਹੇਠ ਇਨ੍ਹਾਂ ਦੋਵਾਂ ਮਾਮਲਿਆਂ ਨੂੰ ਠੰਡੇ ਬਸਤੇ ਵਿਚ ਪਾ ਦਿੱਤਾ ਹੈ।

# ਸ਼ਾਰਜਾਹ 'ਚ 8 ਹੋਰਨਾਂ 'ਤੇ ਕਤਲ ਦਾ ਕੇਸ

**ਮੋਗਾ :** ਅਜੇ ਯੂ.ਏ.ਈ. 'ਚ 17 ਪੰਜਾਬੀਆਂ ਨੂੰ ਦਿੱਤੀ ਮੌਤ ਦੀ ਸਜ਼ਾ ਦਾ ਮਾਮਲਾ ਹੱਲ ਨਹੀਂ ਸੀ ਹੋਇਆ ਕਿ ਸ਼ਾਰਜਾਹ 'ਚ ਅੱਠ ਹੋਰ ਪੰਜਾਬੀਆਂ 'ਤੇ ਪਾਕਿਸਤਾਨੀ ਨੌਜਵਾਨ ਦੇ ਕਤਲ ਦਾ ਮਾਮਲਾ ਦਰਜ ਹੋਣ ਦੀ ਸੂਚਨਾ ਮਿਲੀ ਹੈ। ਇਨ੍ਹਾਂ ਪੰਜਾਬੀਆਂ ਨੂੰ 14 ਜੂਨ ਨੂੰ ਸ਼ਰੀਅਤ ਅਦਾਲਤ ਸਾਹਮਣੇ ਪੇਸ਼ ਕੀਤਾ ਗਿਆ ਜਿੱਥੇ ਇਸ ਮਾਮਲੇ ਦੀ ਅਗਲੀ ਸੁਣਵਾਈ 12 ਜੁਲਾਈ ਤੱਕ ਟਾਲ ਦਿੱਤੀ ਗਈ ਹੈ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੀ ਯੂ.ਏ.ਈ. ਇਕਾਈ ਦੇ ਪ੍ਰਧਾਨ ਬਲਜੀਤ ਸਿੰਘ ਨੇ ਸ਼ਾਰਜਾਹ ਤੋਂ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਪਾਕਿਸਤਾਨੀ ਨੌਜਵਾਨ ਦਾ ਕਤਲ 11 ਜੁਲਾਈ 2009 ਨੂੰ ਹੋਇਆ ਸੀ ਪਰ ਇਸ ਕਤਲ ਦੇ ਕਾਰਨਾਂ ਦਾ ਅਜੇ ਕੋਈ ਪਤਾ ਨਹੀਂ ਲੱਗ ਸਕਿਆ। ਬਲਜੀਤ ਸਿੰਘ ਨੇ ਦੱਸਿਆ ਕਿ ਉਹ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਹੇ 17 ਪੰਜਾਬੀਆਂ ਦੀ ਰਿਹਾਈ ਲਈ ਚਾਰਜੋਈ ਤਹਿਤ ਸ਼ਾਰਜਾਹ ਵਿਖੇ ਸ਼ਰੀਅਤ ਅਦਾਲਤ 'ਚ ਕੁਝ ਦਸਤਾਵੇਜ਼ ਪੇਸ਼ ਕਰਨ ਲਈ ਗਿਆ ਸੀ ਕਿ ਇਕ ਹੋਰ ਕਤਲ ਕੇਸ 'ਚ 8 ਨੌਜਵਾਨਾਂ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ।

ਬਲਜੀਤ ਸਿੰਘ ਅਨੁਸਾਰ ਉਸ ਨੇ ਇਸ ਮਾਮਲੇ 'ਚ ਵੀ ਅਦਾਲਤ 'ਚ ਪੇਸ਼ ਹੋ ਕੇ ਦਸਤਾਵੇਜ਼ਾਂ ਦੀ ਮੰਗ ਕੀਤੀ ਜੋ ਅਦਾਲਤ ਨੇ ਮੁਹੱਈਆ ਕਰਵਾ ਦਿੱਤੇ। ਦੂਜੇ ਪਾਸੇ ਫੈਡਰੇਸ਼ਨ ਨੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਕਿਹਾ ਹੈ ਕਿ ਉਹ ਇਨ੍ਹਾਂ ਅੱਠ ਨੌਜਵਾਨਾਂ ਦੇ ਕੇਸ ਦੀ ਪੈਰਵਾਈ ਕਰਨਗੇ ਤੇ ਮੁਫਤ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣਗੇ।

# ਪੰਜਾਬ ਦੇ ਸਿਆਸੀ ਮੁਹਾਜ਼ 'ਤੇ ਹੁਣ ਜਨਤਕ ਜਥੇਬੰਦੀਆਂ ਸਰਗਰਮ

**ਪ੍ਰੋ. ਰਾਕੇਸ਼ ਰਮਨ**

ਪੰਜਾਬ ਦੇ ਹੁਕਮਰਾਨ ਗਠਜੋੜ ਦੀ ਵੱਡੀ ਸਿਆਸੀ ਪਾਰਟੀ ਆਮ ਕਰਕੇ ਕੇਂਦਰ ਵਿਰੋਧੀ ਪੈਂਤੜੇ ਦੀ ਰਾਜਨੀਤੀ ਹੀ ਕਰਦੀ ਹੈ ਤੇ ਅਕਸਰ ਕੇਂਦਰ ਦੀ (ਕਾਂਗਰਸ) ਸਰਕਾਰ ਉੱਪਰ ਪੰਜਾਬ ਨਾਲ ਵਿਤਕਰੇ ਦੇ ਦੋਸ਼ ਲਾਉਂਦੀ ਹੈ ਤੇ ਕਦੇ-ਕਦੇ ਇਸ ਵਲੋਂ ਸਿਆਸੀ ਮੌਕਾਪ੍ਰਸਤੀ ਵਿਖਾਉਂਦਿਆਂ 'ਪੰਜਾਬ ਨਾਲ ਵਿਤਕਰੇ' ਦੀ ਥਾਂ 'ਸਿੱਖਾਂ ਨਾਲ ਵਿਤਕਰੇ' ਦਾ ਪੈਂਤੜਾ ਵੀ ਅਪਣਾ ਲਿਆ ਜਾਂਦਾ ਹੈ। ਪ੍ਰੰਤੂ ਇਸ ਸਮੇਂ ਇਸ ਸਿਆਸੀ ਪਾਰਟੀ ਵਲੋਂ ਸਿਆਸਤ ਦੀ ਇਹ ਨੀਤੀ ਵੀ ਲਗਭਗ ਤਿਆਗੀ ਹੋਈ ਹੈ। ਅਜਿਹੀ ਨੀਤੀ ਵਾਲੇ ਛਿਟ-ਪੁਟ ਬਿਆਨ ਆਮ ਤੌਰ 'ਤੇ ਦੂਜੀ ਜਾਂ ਤੀਜੀ ਕਤਾਰ ਦੇ ਨੇਤਾਵਾਂ ਵਲੋਂ ਤਾਂ ਦਿੱਤੇ ਜਾ ਰਹੇ ਹਨ, ਪ੍ਰੰਤੂ ਆਪਣੀ ਇਸ ਮਨਪਸੰਦ ਇਕਲੌਤੀ ਨੀਤੀ ਬਾਰੇ ਸਿਖ਼ਰਲੀ ਲੀਡਰਸ਼ਿਪ ਫਿਲਹਾਲ ਚੁੱਪ ਹੈ। ਇਸ ਚੁੱਪ ਤੋਂ ਕਈ ਵਾਰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਅਕਾਲੀਆਂ ਲਈ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨਾ ਹੋ ਕੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੋਵੇ। ਖ਼ੈਰ, ਸਿਆਸੀ ਮੁਹਾਜ਼ ਦੇ ਠੰਡਾ ਹੋਣ ਦਾ ਇਕ ਕਾਰਨ ਇਹ ਸਮਝਿਆ ਜਾ ਸਕਦਾ ਹੈ ਕਿ ਹੁਕਮਰਾਨ ਗਠਜੋੜ ਦੀ ਵੱਡੀ ਭਾਈਵਾਲ ਪਾਰਟੀ ਨੇ ਕੇਂਦਰ ਨਾਲ ਟਕਰਾਓ ਦੀ ਰਾਜਨੀਤੀ ਨੂੰ (ਸ਼ਾਇਦ) ਮੁਲਤਵੀ ਕੀਤਾ ਹੋਇਆ ਹੈ। ਇਹੀ ਨਹੀਂ, ਇਸ ਦੇ ਸੁਪਰੀਮੋ ਨੇ ਤਾਂ ਪਿਛਲੇ ਵਿਧਾਨ ਸਭਾ ਇਜਲਾਸ ਦੌਰਾਨ ਕੇਂਦਰੀ ਸਰਕਾਰ ਦੇ ਮੌਜੂਦਾ ਤੇ ਕਈ ਵਾਰ ਰਹਿ ਚੁੱਕੇ ਅਹਿਮ ਵਿਅਕਤੀਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਹੈ। ਬਾਦਲ ਪਰਿਵਾਰ ਦੀਆਂ ਅਮਰੀਕਾ ਫੇਰੀਆਂ ਨੇ ਵੀ ਸਿਆਸੀ ਮਾਹੌਲ ਨੂੰ ਠੰਡਾ ਰੱਖਿਆ ਹੋਇਆ ਹੈ। ਦੂਜੇ ਪਾਸੇ ਪ੍ਰਮੁਖ ਵਿਰੋਧੀ ਪਾਰਟੀ ਕਾਂਗਰਸ ਵਿਚ ਸਥਿਤੀ ਅਜਿਹੀ ਬਣੀ ਹੋਈ ਹੈ ਜੋ ਸਿਆਸੀ ਮੁਹਾਜ਼ ਨੂੰ ਭਖ਼ਾਉਣ ਦੀ ਥਾਂ ਪਾਰਟੀ ਅੰਦਰਲੀ ਰਾਜਨੀਤੀ ਨੂੰ ਹੀ ਗਰਮਾ ਸਕਦੀ ਹੈ। ਪਾਰਟੀ ਅੰਦਰ ਜੋ ਸੂਬਾਈ ਲੀਡਰਸ਼ਿਪ ਇਸ ਸਮੇਂ ਭਾਰੂ ਹੈ, ਉਸ ਦਾ ਸ਼ਾਇਦ ਵਿਸ਼ਵਾਸ ਹੈ ਕਿ ਰਾਜ ਸਰਕਾਰ ਬਦਲਣ ਲਈ ਨਾਕਾਰਤਮਕ ਵੋਟ ਰੁਝਾਨ ਹੀ ਕਾਫ਼ੀ ਹੁੰਦਾ ਹੈ। ਇਸ ਲਈ ਇਹ ਸੱਤਾ 'ਚ ਪਰਤਣ ਲਈ ਕਿਸੇ ਵਿਸ਼ੇਸ਼ ਤੇ ਵੱਡੀ ਸਰਗਰਮੀ ਨੂੰ ਜ਼ਰੂਰੀ ਨਹੀਂ ਸਮਝਦੀ। ਇਹ ਲੀਡਰ ਪਾਰਟੀ ਦੇ ਅੰਦਰ, ਸੂਬਾਈ ਪੱਧਰ 'ਤੇ ਜੋ ਕੁਝ ਜਿਵੇਂ ਹੈ, ਉਵੇਂ ਹੀ ਰੱਖਣਾ ਚਾਹੁੰਦੇ ਹਨ ਭਾਵ ਆਗਾਮੀ ਵਿਧਾਨ ਸਭਾ ਚੋਣਾਂ ਤਕ ਇਹ ਸਥਿਤੀ ਨੂੰ ਜਿਉਂ ਦੀ ਤਿਉਂ ਹੀ ਰੱਖਣਾ ਚਾਹੁੰਦੇ ਹਨ ਤਾਂ ਕਿ ਨਾਕਾਰਤਮਕ ਵੋਟ ਰੁਝਾਨ ਕਾਰਨ ਮੌਜੂਦਾ ਸਰਕਾਰ ਦੇ ਪਤਨ ਸਮੇਂ ਨਵੀਂ ਸਰਕਾਰ ਦੇ ਅਹਿਮ ਅਹੁਦੇ ਇਨ੍ਹਾਂ ਦੇ ਹੱਥ ਲੱਗ ਜਾਣ, ਖ਼ਾਸ ਕਰਕੇ ਮੁੱਖ ਮੰਤਰੀ ਦਾ ਅਹੁਦਾ। ਪਾਰਟੀ ਅੰਦਰ ਜੋੜ-ਤੋੜ ਤੇ ਤਿਕੜਮਬਾਜ਼ੀ ਦਾ ਬੋਲਬਾਲਾ ਹੈ ਤੇ ਇਸ ਅਵਸਥਾ ਵਿਚ ਪ੍ਰਮੁਖ ਵਿਰੋਧੀ ਪਾਰਟੀ ਸਿਆਸੀ ਮੁਹਾਜ਼ ਨੂੰ ਗਰਮਾਉਣ ਦੀ ਸਥਿਤੀ ਵਿਚ ਹੀ ਨਹੀਂ। ਕੈਪਟਨ ਅਮਰਿੰਦਰ ਸਿੰਘ ਦੀ ਸੂਬਾਈ ਇਕਾਈ ਦੇ ਪ੍ਰਧਾਨਗੀ ਪਦ 'ਤੇ ਵਾਪਸੀ ਸਿਆਸੀ ਮੁਹਾਜ਼ ਨੂੰ ਗਰਮਾ ਸਕਦੀ ਸੀ, ਪ੍ਰੰਤੂ ਉਨ੍ਹਾਂ ਨੂੰ ਅਜੇ ਪਾਰਟੀ ਦੇ ਇਸ ਪਦ ਲਈ ਹਾਈ ਕਮਾਂਡ ਵਲੋਂ ਹਰੀ ਝੰਡੀ ਮਿਲਣੀ ਬਾਕੀ ਹੈ।

ਆਰਥਕ ਨੀਤੀਆਂ ਦੀ ਸਮਾਨਤਾ ਕਾਰਨ ਵੀ ਉਪਰੋਕਤ ਸਿਆਸੀ ਪਾਰਟੀਆਂ ਸਿਆਸੀ ਮੁਹਾਜ਼ 'ਤੇ ਸਰਗਰਮੀ ਪੈਦਾ ਕਰਨ ਦੇ ਅਸਮਰਥ ਜਾਪਦੀਆਂ ਹਨ। ਦੋਵੇਂ ਧਿਰਾਂ ਪਛਾਣ ਪੱਖੋਂ ਸਿਆਸੀ ਭਿੰਨਤਾ ਤਾਂ ਜ਼ਰੂਰ ਦਿਖਾਉਂਦੀਆਂ ਹਨ, ਇਕ ਸਿਆਸੀ ਧਿਰ ਸੰਪ੍ਰਦਾਇਕ ਪਛਾਣ ਰੱਖਦੀ ਹੈ ਜਦ ਕਿ ਦੂਜੀ ਧਰਮਨਿਰਪੱਖ, ਪਰ ਦੋਵੇਂ ਇਕੋ ਹੀ ਆਰਥਕ ਪ੍ਰਬੰਧ ਨੂੰ ਮਜ਼ਬੂਤ ਕਰਨ ਵਾਲੀਆਂ ਤੇ ਇਕੋ ਤਰ੍ਹਾਂ ਦੀਆਂ ਆਰਥਕ ਨੀਤੀਆਂ ਨੂੰ ਲਾਗੂ ਕਰਨ ਵਾਲੀਆਂ 'ਏ' ਤੇ 'ਬੀ' ਟੀਮਾਂ ਹੀ ਹਨ।

ਪੰਜਾਬ ਦੀ ਤੀਜੀ ਧਿਰ ਦੀਆਂ ਜ਼ਿਆਦਾਤਰ ਸਿਆਸੀ ਪਾਰਟੀਆਂ ਕਿਉਂਕਿ ਕੇਵਲ ਸੰਸਦੀ ਰਾਜਨੀਤੀ ਤਕ ਸੀਮਤ ਨਹੀਂ ਹਨ, ਇਸ ਲਈ ਨਿਰੇ-ਪੁਰੇ ਸਿਆਸੀ ਮੁਹਾਜ਼ ਦੀ ਥਾਂ ਇਹ ਜਨਤਕ ਮੁਹਾਜ਼ ਉੱਪਰ ਵਧੇਰੇ ਸਰਗਰਮ ਹਨ। ਪੰਜਾਬ ਦਾ ਜਨਤਕ ਮੁਹਾਜ਼ ਇਸ ਸਮੇਂ ਕਾਫ਼ੀ ਗਰਮ ਹੈ ਤੇ ਲਗਾਤਾਰ ਹੋਰ ਗਰਮਾ ਰਿਹਾ ਹੈ। ਆਪਣੇ ਹੱਕਾਂ, ਮੰਗਾਂ, ਸਮੱਸਿਆਵਾਂ ਤੇ ਕਈ ਹੋਰ ਮਾਮਲਿਆਂ ਨੂੰ ਲੈ ਕੇ ਜੱਦੋ-ਜਹਿਦ ਕਰ ਰਹੀਆਂ ਸਮਾਜ ਦੀਆਂ ਸਭ ਧਿਰਾਂ ਇਸ ਸਮੇਂ ਘੱਟ ਜਾਂ ਵੱਧ ਪਰ ਕਿਸੇ ਨਾ ਕਿਸੇ ਰੂਪ ਵਿਚ ਜਨਤਕ ਮੁਹਾਜ਼ ਉੱਪਰ ਸਰਗਰਮ ਹਨ। ਪੰਜਾਬ ਵਿਧਾਨ ਸਭਾ ਦੀਆਂ ਚੋਣਾਂ 'ਚ ਦੋ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ। ਹੁਣ ਤੋਂ ਲੈ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਤਕ ਦੇ ਅਰਸੇ ਦੌਰਾਨ ਜਨਤਕ ਮੁਹਾਜ਼ ਦੀ ਸਰਗਰਮੀ ਲਗਾਤਾਰ ਵਧਣ ਦੀ ਸੰਭਾਵਨਾ ਹੈ। ਸਾਰੀਆਂ ਸੰਘਰਸ਼ਸ਼ੀਲ ਧਿਰਾਂ ਨੂੰ ਆਪਣੀ ਲੜਾਈ ਜਨਤਕ ਮੰਚ 'ਤੇ ਇਸ ਕਰਕੇ ਵੀ ਲੜਨੀ ਪੈ ਰਹੀ ਹੈ, ਕਿਉਂਕਿ ਇਸ ਸਮੇਂ ਪੰਜਾਬ ਵਿਧਾਨ ਸਭਾ 'ਚ ਇਨ੍ਹਾਂ ਦੀ ਆਵਾਜ਼ ਉਠਾਉਣ ਵਾਲਾ ਕੋਈ ਨਹੀਂ ਹੈ। ਪੰਜਾਬ ਵਿਧਾਨ ਸਭਾ 'ਚ ਇਨ੍ਹਾਂ ਧਿਰਾਂ ਦੀ ਨੁਮਾਇੰਦਗੀ ਦਾ ਨਾ ਹੋਣਾ ਚਿੰਤਾ ਵਾਲੀ ਗੱਲ ਹੈ, ਇਸ ਬਾਰੇ ਪੰਜਾਬ ਦੀ ਮਿਹਨਤਕਸ਼ ਜਨਤਾ ਨੂੰ ਜਾਗਰੂਕ ਹੋਣ ਦੀ ਲੋੜ ਹੈ।

ਪੰਜਾਬ ਦੇ ਪੜ੍ਹੇ-ਲਿਖੇ ਨੌਜਵਾਨ ਵਰਗ ਵਿਚ ਵਿਸ਼ੇਸ਼ ਤੌਰ 'ਤੇ ਬਹੁਤ ਬੇਚੈਨੀ ਪਾਈ ਜਾ ਰਹੀ ਹੈ ਤੇ ਇਸ ਬੇਚੈਨੀ ਦਾ ਪ੍ਰਗਟਾਵਾ ਇਨ੍ਹੀਂ ਦਿਨੀਂ ਜਨਤਕ ਮੁਹਾਜ਼ 'ਤੇ ਆਮ ਹੀ ਹੋ ਰਿਹਾ ਹੈ। ਸਰਕਾਰ ਵਲੋਂ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕੀਤੇ ਜਾ ਰਹੇ, ਜਦ ਕਿ ਨਿੱਜੀ ਵਿੱਦਿਅਕ ਸੰਸਥਾਵਾਂ ਭਾਰੀ ਫੀਸਾਂ ਵਸੂਲ ਕੇ ਧੜਾਧੜ ਬੀ ਐੱਡ ਆਦਿ ਕੋਰਸ ਪਾਸ ਨੌਜਵਾਨਾਂ ਨੂੰ ਬੇਰੁਜ਼ਗਾਰਾਂ ਦੀ ਕਤਾਰ ਵਿਚ ਸ਼ਾਮਲ ਕਰੀ ਜਾ ਰਹੀਆਂ ਹਨ। ਸਰਕਾਰੀ ਭਰਤੀ ਨਿਰਧਾਰਤ ਤਨਖਾਹ ਸਕੇਲਾਂ ਦੀ ਬਜਾਏ ਠੇਕੇ 'ਤੇ ਕੀਤੀ ਜਾ ਰਹੀ ਹੈ।

ਇਸ ਸਥਿਤੀ 'ਚ ਜਿਹੜੇ ਨੌਜਵਾਨ ਪੜ੍ਹ-ਲਿਖ ਕੇ ਵੀ ਬੇਰੁਜ਼ਗਾਰ ਹਨ, ਉਨ੍ਹਾਂ ਦਾ ਬੇਚੈਨ ਹੋਣਾ ਤਾਂ ਸੁਭਾਵਿਕ ਹੀ ਹੈ। ਜਿਹੜੇ ਨੌਜਵਾਨ ਠੇਕੇ 'ਤੇ ਭਰਤੀ ਕੀਤੇ ਗਏ ਹਨ, ਉਹ ਵੀ ਬਰਾਬਰ ਬੇਚੈਨ ਹਨ। ਨੌਜਵਾਨਾਂ ਦੀਆਂ ਕਈ ਜਥੇਬੰਦੀਆਂ ਵਲੋਂ ਆਏ ਦਿਨ ਰੋਹ ਦੀਆਂ ਆਵਾਜ਼ਾਂ ਉਠਾਈਆਂ ਜਾ ਰਹੀਆਂ ਹਨ। ਵਜ਼ੀਰਾਂ ਦੇ ਘਿਰਾਓ ਹੋ ਰਹੇ ਹਨ। ਟੈਂਕੀ ਪ੍ਰਦਰਸ਼ਨ ਕੀਤੇ ਜਾ ਰਹੇ ਹਨ ਤੇ ਪਿਛਲੇ ਦਿਨੀਂ ਤਾਂ ਇਕ ਅਜਿਹੀ ਹੀ ਜਥੇਬੰਦੀ ਨੇ ਗੁਰੀਲਾ ਐਕਸ਼ਨ ਦੀ ਧਮਕੀ ਵੀ ਦਿੱਤੀ ਹੈ। ਇਉਂ ਨੌਜਵਾਨਾਂ ਨੇ ਪੰਜਾਬ ਦੇ ਜਨਤਕ ਮੁਹਾਜ਼ ਨੂੰ ਕਾਫ਼ੀ ਭਖਾ ਰੱਖਿਆ ਹੈ। ਕਿਰਤੀਆਂ ਤੇ ਕਿਸਾਨਾਂ ਦੀਆਂ ਜਥੇਬੰਦੀਆਂ ਵੀ ਕਾਫ਼ੀ ਸਰਗਰਮ ਹਨ। ਬੇਟ ਦੇ ਅਬਾਦਕਾਰਾਂ ਨੇ ਲਗਭਗ ਅੱਧੀ ਸਦੀ ਤੋਂ ਆਪਣੇ ਕਬਜ਼ੇ ਹੇਠ ਚਲੀਆਂ ਆ ਰਹੀਆਂ ਖ਼ੁਦ ਆਪਣੀਆਂ ਅਬਾਦ ਕੀਤੀਆਂ ਜ਼ਮੀਨਾਂ ਦੇ ਮਾਲਕੀ ਹੱਕ ਲੈਣ ਲਈ ਸਿੱਧਵਾਂ ਬੇਟ ਵਿਚ ਪੱਕਾ ਮੋਰਚਾ ਸਥਾਪਤ ਕਰ ਲਿਆ ਹੈ। ਇਸੇ ਤਰ੍ਹਾਂ ਕਿਸਾਨਾਂ-ਕਿਰਤੀਆਂ ਦੀਆਂ ਜਥੇਬੰਦੀਆਂ ਸੁਖਬੀਰ-ਕਾਲੀਆ ਕਮੇਟੀ ਦੀਆਂ ਸਿਫਾਰਸ਼ਾਂ ਵਾਪਸ ਲੈਣ, ਪੰਜਾਬ ਰਾਜ ਬਿਜਲੀ ਬੋਰਡ ਨੂੰ ਭੰਗ ਕਰਨ ਦਾ ਫੈਸਲਾ ਵਾਪਸ ਲੈਣ ਤੇ ਮਿਹਨਤਕਸ਼ ਵਰਗਾਂ ਦੀਆਂ ਕਈ ਹੋਰ ਭਖਦੀਆਂ ਮੰਗਾਂ ਸਬੰਧੀ ਵੀ ਜਨਤਕ ਜਥੇਬੰਦੀਆਂ ਜਨਤਕ ਮੁੱਦਿਆਂ 'ਤੇ ਇਕਮੁੱਠ ਹੋਣ ਦੇ ਯਤਨ ਵਿਚ ਹਨ।

ਇਸ ਸਿਲਸਿਲੇ 'ਚ ਪਹਿਲਾਂ ਜਗਰਾਉਂ ਵਿਚ ਇਕ ਸਾਂਝੀ ਸਫਲ ਰੈਲੀ ਕੀਤੀ ਜਾ ਚੁੱਕੀ ਹੈ ਤੇ ਇਸ ਤਰ੍ਹਾਂ ਦੀ ਹੀ ਇਕ ਰੈਲੀ ਕੁਝ ਦਿਨ ਪਹਿਲਾਂ ਮੋਗੇ ਵੀ ਕੀਤੀ ਗਈ। ਇਸ ਸਮੇਂ ਸਿਆਸੀ ਮੁਹਾਜ਼ ਉੱਪਰ ਜਨਤਕ ਮੁਹਾਜ਼ ਹਾਵੀ ਹੈ। ਜੇਕਰ ਜਨਤਕ ਮੁਹਾਜ਼ ਦੀ ਸਥਿਤੀ ਇਹੋ ਰਹੀ ਤਾਂ ਭਵਿੱਖ ਵਿਚ ਇਹ ਪੰਜਾਬ ਦੇ ਸਿਆਸੀ ਮੁਹਾਜ਼ ਉੱਪਰ ਵੀ ਆਪਣੀ ਛਾਪ ਛੱਡੇਗਾ।

# ਗੈਸ ਪਾਈਪ ਲਾਈਨ 'ਤੇ ਕੰਪਨੀ ਤੇ ਕਿਸਾਨਾਂ 'ਚ ਖੜਕੀ

**ਖੰਨਾ:** ਪਿਛਲੇ ਛੇ ਮਹੀਨਿਆਂ ਤੋਂ ਪੰਜਾਬ ਦੇ ਕਿਸਾਨ ਇਸ ਗੱਲ ਦਾ ਵਿਰੋਧ ਕਰ ਰਹੇ ਹਨ ਕਿ ਉਹ ਆਪਣੀਆਂ ਜ਼ਮੀਨਾਂ ਵਿਚ ਗੈਸ ਪਾਈਪ ਲਾਈਨ ਨਹੀਂ ਪੈਣ ਦੇਣਗੇ। ਜ਼ਿਕਰਯੋਗ ਹੈ ਕਿ ਕੇਂਦਰੀ ਪੈਟਰੋਲੀਅਮ ਅਤੇ ਖਣਿਜ ਵਿਭਾਗ ਵਲੋਂ ਦੇਸ਼ ਦੇ ਅਨੇਕਾਂ ਰਾਜਾਂ ਵਿਚ ਗੈਸ ਪਾਈਪ ਲਾਈਨ ਵਿਛਾਈ ਜਾ ਰਹੀ ਹੈ ਅਤੇ ਇਸ ਤਹਿਤ ਪੰਜਾਬ ਵਿਚ 'ਗੇਲ ਇੰਡੀਆ ਕੰਪਨੀ' ਨੇ ਇਹ ਪਾਈਪ ਲਾਈਨ ਪਾਏ ਜਾਣ ਦਾ ਠੇਕਾ ਲਿਆ ਹੈ। ਦੇਹਰਾਦੂਨ (ਉਤਰਾਖੰਡ) ਤੋਂ ਆ ਰਹੀ ਇਹ ਗੈਸ ਪਾਈਪ ਲਾਈਨ ਪੰਜਾਬ ਦੇ 9 ਜ਼ਿਲ੍ਹਿਆਂ ਦੇ ਖੇਤਾਂ ਵਿਚੋਂ ਹੁੰਦੀ ਹੋਈ ਬਠਿੰਡਾ ਪੁੱਜੇਗੀ। ਇਨ੍ਹਾਂ ਜ਼ਿਲ੍ਹਿਆਂ ਵਿਚ ਰੋਪੜ, ਹੁਸ਼ਿਆਰਪੁਰ, ਨਵਾਂਸ਼ਹਿਰ, ਪਟਿਆਲਾ, ਫਤਿਹਗੜ੍ਹ ਸਾਹਿਬ, ਲੁਧਿਆਣਾ ਸੰਗਰੂਰ, ਬਰਨਾਲਾ ਅਤੇ ਬਠਿੰਡਾ ਸ਼ਾਮਲ ਹਨ। ਪੰਜਾਬ ਵਿਚ ਕਰੀਬ 300 ਕਿਲੋਮੀਟਰ ਲੰਬੀ ਪਾਈ ਜਾ ਰਹੀ ਇਹ ਪਾਈਪ ਲਾਈਨ ਕਰੀਬ 204 ਪਿੰਡਾਂ ਵਿਚੋਂ ਲੰਘੇਗੀ ਅਤੇ ਇਸ ਹੇਠ ਕਰੀਬ 2500 ਏਕੜ ਜ਼ਮੀਨ ਦਾ ਘੇਰਾ ਆਵੇਗਾ। ਇਸ ਨਾਲ ਅੰਦਾਜ਼ਨ ਤਿੰਨ ਹਜ਼ਾਰ ਕਿਸਾਨ ਪਰਿਵਾਰ ਤੇ ਇਕ ਹਜ਼ਾਰ ਕਾਮੇ ਪਰਿਵਾਰ ਪ੍ਰਭਾਵਿਤ ਹੋਣਗੇ।

ਗੇਲ ਇੰਡੀਆ ਕੰਪਨੀ ਦੇ ਪ੍ਰਬੰਧਕ ਕਹਿ ਰਹੇ ਹਨ ਕਿ ਜਿਨ੍ਹਾਂ ਖੇਤਾਂ ਵਿਚੋਂ ਇਹ ਪਾਈਪ ਲਾਈਨ ਕੱਢੀ ਜਾਵੇਗੀ, ਉਸ ਦੀ ਮਾਲਕੀ ਕਿਸਾਨਾਂ ਕੋਲ ਹੀ ਰਹੇਗੀ ਅਤੇ ਪ੍ਰਭਾਵਿਤ ਕਿਸਾਨ ਨੂੰ ਉਸ ਦੀ ਐਕਵਾਇਰ ਕੀਤੀ ਗਈ ਜ਼ਮੀਨ ਦਾ ਮੁੱਲ ਵੀ ਦਿੱਤਾ ਜਾਵੇਗਾ। ਪਰ ਕੰਪਨੀ ਵਲੋਂ ਕਿਸਾਨਾਂ ਨੂੰ ਜਾਰੀ ਕੀਤੇ ਸੂਚਨਾ ਪੱਤਰ ਵਿਚ ਕਿਹਾ ਗਿਆ ਹੈ ਕਿ ਐਕਵਾਇਰ ਹੁੰਦੇ ਹੋਏ ਵੀ ਜ਼ਮੀਨ 'ਤੇ ਅਧਿਕਾਰ ਤੁਹਾਡਾ ਹੀ ਰਹੇਗਾ ਪ੍ਰੰਤੂ ਤੁਸੀਂ ਕੋਈ ਨਿਰਮਾਣ ਨਹੀਂ ਕਰ ਸਕਦੇ, ਕੋਈ ਪੌਦਾ ਅਤੇ ਬੋਰ ਆਦਿ ਨਹੀਂ ਲਗਾ ਸਕਦੇ।

ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਸੁਪਰੀਮ ਕੋਰਟ ਨੇ ਇਕ ਫੈਸਲੇ 'ਚ ਕਿਹਾ ਸੀ ਕਿ ਸਰਕਾਰ ਮਨਮਰਜ਼ੀ ਨਾਲ ਜ਼ਮੀਨ ਐਕਵਾਇਰ ਨਹੀਂ ਕਰ ਸਕਦੀ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ ਵੀ ਫੈਸਲਾ ਕੀਤਾ ਹੋਇਆ ਹੈ ਕਿ ਕੋਈ ਵੀ ਜ਼ਮੀਨ ਕਿਸਾਨ ਦੀ ਸਹਿਮਤੀ ਤੋਂ ਬਿਨਾਂ ਐਕਵਾਇਰ ਨਹੀਂ ਕੀਤੀ ਜਾ ਸਕਦੀ।

ਕਿਸਾਨ ਜਥੇਬੰਦੀਆਂ ਦਾ ਸੁਝਾਅ ਹੈ ਕਿ ਇਹ ਲਾਈਨ ਉਪਜਾਊ ਜ਼ਮੀਨਾਂ ਦੀ ਥਾਂ ਵਿਹਲੀਆਂ ਪਈਆਂ ਬੰਜਰ ਜ਼ਮੀਨਾਂ 'ਚ ਅਤੇ ਦੋਰਾਹੇ ਤੋਂ ਬਠਿੰਡਾ ਜਾਂਦੀ ਨਹਿਰ ਦੇ ਨਾਲ ਨਾਲ ਪਾਈ ਜਾਵੇ। ਪੀੜਤ ਕਿਸਾਨਾਂ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਉਹ ਨਾ ਤਾਂ ਆਪਣੀ ਜ਼ਮੀਨ ਐਕਵਾਇਰ ਹੋਣ ਦੇਣਗੇ ਅਤੇ ਨਾ ਹੀ ਇਸ ਸਬੰਧੀ ਕੋਈ ਮੁਆਵਜ਼ਾ ਹੀ ਲੈਣਗੇ। ਕੋਈ ਸੁਣਵਾਈ ਨਾ ਹੋਣ ਕਰਕੇ ਹੁਣ ਪੰਜਾਬ ਦੀਆਂ 22 ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਕਰਨ ਦਾ ਫੈਸਲਾ ਲਿਆ ਹੈ।

# ਪਾਣੀ ਦੀ ਕਮੀ ਦੇ ਬਾਵਜੂਦ ਪੰਜਾਬ ਵਿਚ ਝੋਨੇ ਦੀ ਬਿਜਾਈ ਜਾਰੀ

## ਝੋਨੇ ਦੇ ਭਾਅ ਵਿਚ ਕੇਂਦਰ ਵਲੋਂ 50 ਰੁਪਏ ਦਾ ਨਿਗੂਣਾ ਵਾਧਾ

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ :** ਪੰਜਾਬ ਦੀ ਧਰਤੀ ਤੇ ਧਰਤੀ ਹੇਠਲੇ ਪਾਣੀ ਦੇ ਸੰਕਟ ਲਈ ਕੇਂਦਰ ਸਰਕਾਰ ਦੀਆਂ ਖੇਤੀ ਨੀਤੀਆਂ ਹੀ ਜ਼ੁੰਮੇਵਾਰ ਹਨ ਨਾ ਕਿ ਕਿਸਾਨਾਂ ਨੂੰ ਕੁਝ ਘੰਟੇ ਮੁਫ਼ਤ ਬਿਜਲੀ ਦੇਣ ਨਾਲ ਇਹ ਸੰਕਟ ਪੈਦਾ ਹੋਇਆ ਹੈ, ਜਿਸ ਤਰ੍ਹਾਂ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਂਟੇਕ ਸਿੰਘ ਆਹਲੂਵਾਲੀਆ ਨੇ ਚਿੱਠੀ ਲਿਖ ਕੇ ਦਾਅਵਾ ਕੀਤਾ ਹੈ।

ਕੇਂਦਰ ਸਰਕਾਰ ਦੀ ਅਨਾਜ ਸੁਰੱਖਿਆ ਨੀਤੀ ਹੀ ਇਸ ਸੰਕਟ ਲਈ ਦੋਸ਼ੀ ਹੈ ਕਿਉਂਕਿ ਦੇਸ਼ ਦੀ ਅਨਾਜ ਸੁਰੱਖਿਆ ਨੂੰ ਮੁੱਖ ਰੱਖ ਕੇ ਹੀ ਕਿਸਾਨਾਂ ਨੂੰ ਉਤਸ਼ਾਹਤ ਕੀਤਾ ਗਿਆ ਕਿ ਉਹ ਝੋਨੇ ਦੀ ਖੇਤੀ ਕਰਨ ਤਾ ਕਿ ਪੰਜਾਬ ਨੂੰ ਵਧ ਆਮਦਨ ਹੋ ਸਕੇ। ਕੇਂਦਰ ਸਰਕਾਰ ਆਪ ਵੀ ਅਨਾਜ ਸੁਰੱਖਿਆ ਨੀਤੀ ਕਾਰਨ ਪੰਜਾਬ ਦੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿਚੋਂ ਨਿਕਲਣ ਨਹੀਂ ਦੇਣਾ ਚਾਹੁੰਦੀ। ਪੰਜਾਬ ਕਿਸਾਨ ਕਮਿਸ਼ਨ ਅਤੇ ਖੇਤੀ ਵਿਗਿਆਨੀਆਂ ਨੇ ਪੰਜਾਬ ਦੀ ਧਰਤੀ ਦੀ ਘੱਟ ਰਹੀ ਤਾਕਤ ਅਤੇ ਧਰਤੀ ਹੇਠਲੇ ਪਾਣੀ ਦੇ ਸੰਕਟ ਦੇ ਹੱਲ ਲਈ ਗੰਭੀਰ ਯਤਨ ਕੀਤੇ ਅਤੇ ਯੋਜਨਾ ਕਮਿਸ਼ਨ ਨੂੰ ਠੋਸ ਸੁਝਾਅ ਦਿਤੇ ਪਰ ਅੱਜ ਤਕ ਉਨ੍ਹਾਂ ਸੁਝਾਵਾਂ ਨੂੰ ਮਨਜ਼ੂਰ ਨਹੀਂ ਕੀਤਾ ਗਿਆ।

ਪੰਜਾਬ ਕਿਸਾਨ ਕਮਿਸ਼ਨ ਨੇ ਕੇਂਦਰੀ ਯੋਜਨਾ ਕਮਿਸ਼ਨ ਨੂੰ ਸੁਝਾਅ ਦਿਤੇ ਹਨ ਕਿ ਜੇ ਪੰਜਾਬ ਦੇ ਕਿਸਾਨਾਂ ਨੂੰ ਝੋਨੇ ਦੇ ਚੱਕਰ ਵਿਚੋਂ ਕਢਣਾ ਹੈ ਤਾਂ ਕੇਂਦਰ ਸਰਕਾਰ ਮੱਕੀ ਅਤੇ ਅਰਹਰ ਦੀਆਂ ਘਟੋ-ਘੱਟ ਖ਼ਰੀਦ ਕੀਮਤਾਂ ਤੈਅ ਕਰੇ ਅਤੇ ਕਣਕ ਤੇ ਝੋਨੇ ਵਾਂਗ ਇਨ੍ਹਾਂ ਦੀ ਸਰਕਾਰੀ ਖ਼ਰੀਦ ਹੋਵੇ। ਇਹ ਵੀ ਦਸਿਆ ਗਿਆ ਕਿ ਜੇ ਹਾਈ ਬਰਿੱਡ ਮੱਕੀ ਦਾ ਭਾਅ 850 ਰੁਪਏ ਪ੍ਰਤੀ ਕੁਇੰਟਲ ਤੈਅ ਹੋ ਜਾਵੇ ਤਾਂ ਕਿਸਾਨ ਝੋਨਾ ਛੱਡ ਕੇ ਮੱਕੀ ਦੀ ਖੇਤੀ ਵਲ ਆ ਜਾਵੇਗਾ। ਹੁਣ ਤਕ ਦੀ ਖੋਜ ਦੇ ਤਜ਼ਰਬਿਆਂ ਨਾਲ ਸਾਬਤ ਹੋ ਗਿਆ ਹੈ ਕਿ ਪ੍ਰਤੀ ਹੈਕਟੇਅਰ ਵਿਚੋਂ ਮੱਕੀ ਦਾ ਝਾੜ 70 ਕੁਇੰਟਲ ਤਕ ਨਿਕਲਦਾ ਹੈ ਜਦਕਿ ਝੋਨਾ ਅੰਦਾਜ਼ਨ 50 ਕੁਇੰਟਲ। ਜੇ ਝੋਨੇ ਦਾ ਭਾਅ ਕੁਝ ਜ਼ਿਆਦਾ ਹੈ ਤਾਂ ਮੱਕੀ ਉਨੀ ਹੀ ਜ਼ਿਆਦਾ ਨਿਕਲਦੀ ਹੈ। ਝੋਨੇ ਨੂੰ ਪਾਲਣ 'ਤੇ ਪ੍ਰਤੀ ਏਕੜ ਖ਼ਰਚਾ 6 ਹਜ਼ਾਰ ਰੁਪਏ ਆਉਂਦਾ ਹੈ ਤੇ ਧਰਤੀ ਦਾ ਜਿਹੜਾ ਕੀਮਤੀ ਪਾਣੀ ਬਰਬਾਦ ਹੁੰਦਾ ਹੈ, ਉਹ ਵਖਰਾ। ਮੱਕੀ ਦੀ ਫ਼ਸਲ 'ਤੇ ਖ਼ਰਚ ਲਗਭਗ ਕਣਕ ਦੇ ਬਰਾਬਰ ਹੈ। ਮੱਕੀ ਦੀ ਕਢਾਈ ਤੇ ਇਸ ਦੇ ਦਾਣਿਆਂ ਨੂੰ ਸੁਕਾਉਣ ਲਈ ਵੀ ਮਸ਼ੀਨਾਂ ਆ ਚੁਕੀਆਂ ਹਨ। ਮੱਕੀ ਦੀ ਫ਼ਸਲ ਲਈ ਡੀਜ਼ਲ ਵੀ ਬਹੁਤ ਘੱਟ ਲਗਦਾ ਹੈ।

ਸਰਕਾਰ ਨੇ ਆਉਂਦੇ ਸਾਉਣੀ ਦੇ ਸੀਜ਼ਨ ਲਈ ਝੋਨੇ ਦਾ ਘਟੋ-ਘੱਟ ਸਮਰਥਨ ਮੁਲ ਵਧਾ ਕੇ 1000 ਰੁਪਏ ਪ੍ਰਤੀ ਕੁਇੰਟਲ ਕਰ ਦਿਤਾ ਜਦਕਿ ਦਾਲਾਂ ਦੀਆਂ ਪਹਿਲਾਂ ਹੀ ਅਸਮਾਨ ਛੂੰਹਦੀਆਂ ਕੀਮਤਾਂ ਦੇ ਬਾਵਜੂਦ ਇਨ੍ਹਾਂ ਦੇ ਘਟੋ-ਘੱਟ ਸਮਰਥਨ ਮੂਲ ਵਿਚ 700 ਰੁਪਏ ਪ੍ਰਤੀ ਕੁਇੰਟਲ ਤਕ ਦਾ ਵਾਧਾ ਕਰ ਦਿਤਾ ਗਿਆ। ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਬੀਤੀ 10 ਜੂਨ ਨੂੰ ਦੱਸਿਆ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਦੀ ਆਰਥਕ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਵਿਚ ਸਾਉਣੀ ਦੀਆਂ ਫ਼ਸਲਾਂ ਦੇ ਭਾਅ ਵਧਾਉਣ ਦਾ ਫ਼ੈਸਲਾ ਕੀਤਾ ਗਿਆ। ਸਾਧਾਰਣ ਝੋਨੇ ਅਤੇ ਏ ਗਰੇਡ ਝੋਨੇ ਦਾ ਭਾਅ ਵਧਾ ਕੇ ਕ੍ਰਮਵਾਰ 1000 ਅਤੇ 1030 ਰੁਪਏ ਪ੍ਰਤੀ ਕੁਇੰਟਲ ਕਰ ਦਿਤਾ ਗਿਆ ਹੈ। ਦਾਲਾਂ ਦੇ ਘਟੋ-ਘੱਟ ਸਮਰਥਨ ਮੂਲ ਨੂੰ ਇਨ੍ਹਾਂ ਦੇ ਥੋਕ ਬਾਜ਼ਾਰ ਦਾ ਭਾਅ ਮੰਨਿਆ ਜਾਂਦਾ ਹੈ ਪਰ ਫਿਰ ਵੀ ਮੌਜੂਦਾ ਸਮੇਂ ਵਿਚ ਮੂੰਗੀ, ਮਾਂਹ ਅਤੇ ਅਰਹਰ ਦੀਆਂ ਦਾਲਾਂ ਪ੍ਰਚੂਨ ਬਾਜ਼ਾਰ ਵਿਚ 100 ਰੁਪਏ ਕਿਲੋ ਵਿਕ ਰਹੀਆਂ ਹਨ। ਦਾਲਾਂ ਦੀ ਕੀਮਤ ਵਧਾ ਕੇ 3170 ਰੁਪਏ ਪ੍ਰਤੀ ਕੁਇੰਟਲ ਕਰ ਦਿਤੀ ਗਈ। ਖੇਤੀਬਾੜੀ ਮੰਤਰਾਲੇ ਦੇ ਇਕ ਅਧਿਕਾਰੀ ਨੇ ਵਾਧੇ ਬਾਰੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਦਾਲਾਂ ਦੀ ਜ਼ਿਆਦਾ ਕੀਮਤ ਮਿਲਣ ਨਾਲ ਕਿਸਾਨ ਇਨ੍ਹਾਂ ਦੀ ਕਾਸ਼ਤ ਕਰਨ ਵਲ ਉਤਸ਼ਾਹਤ ਹੋਣਗੇ ਜਿਸ ਨਾਲ ਬਾਜ਼ਾਰ ਵਿਚ ਅਸਮਾਨ ਛੂਹ ਰਹੀਆਂ ਦਾਲਾਂ ਦੀਆਂ ਕੀਮਤਾਂ ਘੱਟ ਕਰਨ 'ਚ ਮਦਦ ਮਿਲੇਗੀ। ਸਭ ਤੋਂ ਜ਼ਿਆਦਾ ਵਾਧਾ ਅਰਹਰ ਦੀ ਦਾਲ ਵਿਚ ਕੀਤਾ ਗਿਆ ਜਿਸ ਦੀ ਕੀਮਤ ਪਿਛਲੇ ਸਾਲ 2300 ਰੁਪਏ ਪ੍ਰਤੀ ਕੁਇੰਟਲ ਸੀ ਜੋ ਹੁਣ ਵਧ ਕੇ 3000 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਮੂੰਗੀ ਦਾ ਭਾਅ 2760 ਰੁਪਏ ਤੋਂ ਵਧਾ ਕੇ 3170 ਰੁਪਏ ਪ੍ਰਤੀ ਕੁਇੰਟਲ ਅਤੇ ਮਾਂਹ ਦੀ ਕੀਮਤ 2520 ਰੁਪਏ ਤੋਂ ਵਧਾ ਕੇ 2900 ਰੁਪਏ ਪ੍ਰਤੀ ਕੁਇੰਟਲ ਕਰ ਦਿਤੀ ਗਈ।

ਦਾਲਾਂ ਦਾ ਵੱਡਾ ਉਤਪਾਦਕ ਦੇਸ਼ ਹੋਣ ਦੇ ਬਾਵਜੂਦ ਭਾਰਤ ਨੂੰ ਇਹ ਦਰਾਮਦ ਕਰਨੀਆਂ ਪੈਂਦੀਆਂ ਹਨ ਕਿਉਂਕਿ ਦੇਸ਼ ਵਿਚ 2009-10 ਦੌਰਾਨ ਦਾਲਾਂ ਦਾ ਉਤਪਾਦਨ 14.77 ਮਿਲੀਅਨ ਟਨ ਹੋਇਆ ਜਦਕਿ ਲੋੜ 18 ਤੋਂ 19 ਮਿਲੀਅਨ ਟਨ ਦੀ ਸੀ। ਝੋਨੇ ਅਤੇ ਕਣਕ ਵਾਂਗ ਸਰਕਾਰ ਕਿਸਾਨਾਂ ਤੋਂ ਦਾਲਾਂ ਦੀ ਸਿੱਧੀ ਖ਼ਰੀਦ ਨਹੀਂ ਕਰਦੀ ਪਰ ਜੇ ਭਾਅ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਜਾਂਦਾ ਹੈ ਤਾਂ ਉਸ ਵਿਚ ਦਖ਼ਲ ਦਿੰਦੀ ਹੈ। ਇਹ ਵੀ ਸੰਕੇਤ ਹਨ ਕਿ ਸਰਕਾਰ ਵਲੋਂ ਅਕਤੂਬਰ ਦੇ ਅਖ਼ੀਰ ਵਿਚ ਝੋਨੇ ਦੀ ਖ਼ਰੀਦ ਸ਼ੁਰੂ ਹੋਣ ਵੇਲੇ ਬੋਨਸ ਦਾ ਐਲਾਨ ਕੀਤਾ ਜਾਵੇਗਾ। ਦੂਜੇ ਪਾਸੇ ਤੇਲ ਬੀਜਾਂ ਦਾ ਘਟੋ-ਘੱਟ ਸਮਰਥਨ ਮੁੱਲ 2100 ਰੁਪਏ ਤੋਂ ਵਧਾ ਕੇ 2300 ਰੁਪਏ ਪ੍ਰਤੀ ਕੁਇੰਟਲ ਕਰ ਦਿਤਾ ਗਿਆ। ਕਾਲੀ ਸੋਇਆਬੀਨ ਦੀ ਕੀਮਤ ਵਿਚ ਮਾਮੂਲੀ 50 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ ਜੋ ਵਧ ਕੇ 1400 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਸੂਰਜਮੁਖੀ ਦਾ ਭਾਅ 2215 ਰੁਪਏ ਪ੍ਰਤੀ ਕੁਇੰਟਲ ਤੋਂ ਵਧਾ ਕੇ 2350 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੋਟੇ ਅਨਾਜ ਜਿਵੇਂ ਮੱਕੀ ਅਤੇ ਬਾਜਰੇ ਦਾ ਭਾਅ 840 ਰੁਪਏ ਤੋਂ ਵਧਾ ਕੇ 880 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ ਹੈ। ਜਵਾਰ ਦੀ ਕੀਮਤ 900 ਰੁਪਏ ਪ੍ਰਤੀ ਕੁਇੰਟਲ ਹੋ ਗਈ ਹੈ। ਯਾਦ ਰਹੇ ਪੰਜਾਬ 'ਚ ਇਨ੍ਹੀ ਦਿਨੀਂ ਝੋਨੇ ਦੀ ਲਵਾਈ ਦਾ ਜ਼ੋਰ ਹੈ। ਸਰਕਾਰ ਵਲੋਂ ਕਿਸਾਨਾਂ ਨੂੰ ਝੋਨਾ 10 ਜੂਨ ਤੋਂ ਬਾਅਦ ਲਾਉਣ ਦਾ ਹੁਕਮ ਦਿੱਤਾ ਗਿਆ ਸੀ ਅਤੇ ਹੁਣ ਇਸ ਦੀ ਲਵਾਈ ਦਾ ਇਕਦਮ ਜ਼ੋਰ ਪੈ ਗਿਆ ਹੈ,ਜਿਸ ਕਾਰਨ ਲੇਬਰ ਦੀ ਵੀ ਕਿੱਲਤ ਮਹਿਸੂਸ ਕੀਤੀ ਜਾ ਰਹੀ ਹੈ।

ਜਦੋਂ 10 ਜੂਨ ਤੋਂ ਝੋਨੇ ਦੀ ਲੁਆਈ ਅਰੰਭ ਹੋ ਗਈ ਹੈ ਤਾਂ ਕਿਸਾਨ ਕਮਿਸ਼ਨ ਦੇ ਝੋਨੇ ਦੀ ਬਿਜਾਈ ਸਬੰਧੀ ਦੋ ਤਜਰਬੇ ਦਾਅ 'ਤੇ ਲੱਗੇ ਹੋਏ ਹਨ। ਇਕ ਤਾਂ ਝੋਨੇ ਦੀ ਸਿੱਧੀ ਬਿਜਾਈ ਦਾ ਸੁਝਾਅ ਤੇ ਦੂਜਾ ਪਨੀਰੀ ਵਾਲਾ ਝੋਨਾ ਮਸ਼ੀਨ ਨਾਲ ਲਗਾਉਣ ਦਾ ਤਜ਼ਰਬਾ। ਪਿਛਲੇ ਸਾਲ ਮਸ਼ੀਨ ਨਾਲ ਝੋਨਾ ਲਗਾਉਣ ਦਾ ਤਜ਼ਰਬਾ ਬਹੁਤਾ ਸਫ਼ਲ ਨਹੀਂ ਸੀ ਹੋਇਆ। ਜੇ ਇਸ ਸਾਲ ਵੀ ਇਹ ਤਜ਼ਰਬੇ ਸਫ਼ਲ ਨਾ ਹੋਏ ਤਾਂ ਪੰਜਾਬ ਨੂੰ ਨਾ ਤਾਂ ਪਾਣੀ ਦੀ ਕਮੀ ਤੋਂ ਛੁਟਕਾਰਾ ਮਿਲੇਗਾ ਤੇ ਨਾ ਹੀ ਮਜ਼ਦੂਰਾਂ ਦੀ ਕਮੀ ਦੀ ਸਮੱਸਿਆ ਤੋਂ। ਖੇਤੀਬਾੜੀ ਮਹਿਕਮੇ ਅਤੇ ਕਿਸਾਨ ਕਮਿਸ਼ਨ ਦਾ ਕਹਿਣਾ ਹੈ ਕਿ ਪਿਛਲੇ ਸਾਲ ਮਸ਼ੀਨ ਨਾਲ ਝੋਨਾ ਲਗਾਉਣ ਦਾ ਤਜਰਬਾ ਇਸ ਕਰ ਕੇ ਬਹੁਤਾ ਸਫ਼ਲ ਨਹੀਂ ਹੋਇਆ ਕਿਉਂਕਿ ਲੋਕ ਸਭਾ ਦੀਆਂ ਚੋਣਾਂ ਕਾਰਨ ਝੋਨੇ ਦੀ ਲੁਆਈ ਵਾਲੀਆਂ ਮਸ਼ੀਨਾਂ 'ਤੇ ਸਬਸਿਡੀ ਦੇਣ ਉਪਰ ਚੋਣ ਕਮਿਸ਼ਨ ਨੇ ਪਾਬੰਦੀ ਲਗਾ ਦਿਤੀ ਸੀ। ਇਨ੍ਹਾਂ ਮਸ਼ੀਨਾਂ ਨਾਲ ਝੋਨੇ ਦੀ ਲੁਆਈ ਲਈ ਮੈਟ ਉਪਰ ਪਨੀਰੀ ਤਿਆਰ ਕੀਤੀ ਜਾਣੀ ਸੀ। ਇਕ ਏਕੜ ਪਨੀਰੀ ਤਿਆਰ ਕਰਨ ਉਪਰ ਵੀ ਪੰਜ ਹਜ਼ਾਰ ਰੁਪਏ ਦੀ ਸਬਸਿਡੀ ਦਿਤੀ ਜਾਣੀ ਸੀ। ਪਾਬੰਦੀ ਰੱਦ ਕਰਾਉਣ 'ਚ ਲਗਭਗ ਇਕ ਮਹੀਨੇ ਦਾ ਸਮਾਂ ਲੱਗ ਗਿਆ। ਉਸ ਸਮੇਂ ਤਕ ਕਿਸਾਨਾਂ ਨੇ ਰਵਾਇਤੀ ਢੰਗ ਨਾਲ ਪਨੀਰੀ ਤਿਆਰ ਕਰ ਲਈ ਪਰ ਇਸ ਸਾਲ ਮਸ਼ੀਨਾਂ ਬਨਾਉਣ ਤੇ ਵੇਚਣ ਵਾਲੀਆਂ ਕੰਪਨੀਆਂ ਅਤੇ ਖੇਤੀਬਾੜੀ ਮਹਿਕਮੇ ਨੇ ਵਿਸ਼ੇਸ਼ ਕੈਂਪ ਲਾ ਕੇ ਕਿਸਾਨਾਂ ਨੂੰ ਮੈਟ ਉਪਰ ਪਨੀਰੀ ਤਿਆਰ ਕਰਨ ਦਾ ਤਰੀਕਾ ਦਸਿਆ। ਇਕ ਏਕੜ ਪਨੀਰੀ ਇਸ ਢੰਗ ਨਾਲ ਤਿਆਰ ਕਰਨ 'ਤੇ ਸਬੰਧਤ ਕਿਸਾਨ ਨੂੰ ਪੰਜ ਹਜ਼ਾਰ ਰੁਪਏ ਦੀ ਸਬਸਿਡੀ ਵੀ ਦਿਤੀ ਗਈ ਹੈ। ਇਸ ਸਮੇਂ ਪੰਜਾਬ ਵਿਚ ਝੋਨਾ ਲਾਉਣ ਵਾਲੀਆਂ ਲਗਭਗ 600 ਮਸ਼ੀਨਾਂ ਹਨ। ਇਸ ਸਾਲ ਦਾ ਤਜਰਬਾ ਹੀ ਸਾਬਤ ਕਰੇਗਾ ਕਿ ਮਸ਼ੀਨਾਂ ਨਾਲ ਝੋਨਾ ਲਾਉਣ ਨੂੰ ਕਿਸਾਨ ਪ੍ਰਵਾਨ ਕਰਦੇ ਹਨ ਜਾਂ ਨਹੀਂ। ਇਸ ਸਾਲ ਮਸ਼ੀਨਾਂ ਨਾਲ ਝੋਨੇ ਦੀ ਲੁਆਈ ਦਾ ਢੰਗ ਵੀ ਦਾਅ 'ਤੇ ਲੱਗਾ ਹੋਇਆ ਹੈ। ਜੇ ਇਸ ਵਾਰ ਵੀ ਕਿਸਾਨਾਂ ਨੇ ਮਸ਼ੀਨਾਂ ਦੀ ਅਸਫ਼ਲਤਾ ਕਾਰਨ ਇਨ੍ਹਾਂ ਨੂੰ ਨਾ ਅਪਣਾਇਆ ਤਾਂ ਇਹ 600 ਮਸ਼ੀਨਾਂ ਬੇਕਾਰ ਹੋ ਜਾਣਗੀਆਂ ਤੇ ਮਜ਼ਦੂਰਾਂ ਦੀ ਘਾਟ ਦੀ ਸਮੱਸਿਆ ਹੋਰ ਵੀ ਗੰਭੀਰ ਹੋ ਜਾਵੇਗੀ। ਪੰਜਾਬ ਕਿਸਾਨ ਕਮਿਸ਼ਨ ਦਾ ਦਾਅਵਾ ਹੈ ਕਿ ਮਸ਼ੀਨਾਂ 'ਚ ਕੋਈ ਨੁਕਸ ਨਹੀਂ ਬਲਕਿ ਵਿਸ਼ੇਸ਼ ਢੰਗ ਨਾਲ ਮੈਟ ਵਾਲੀ ਪਨੀਰੀ ਨਾ ਤਿਆਰ ਕਰਨ ਕਾਰਨ ਪਿਛਲੇ ਸਾਲ ਮਸ਼ੀਨਾਂ ਨਾਲ ਝੋਨੇ ਦੀ ਲੁਆਈ 'ਚ ਸਮੱਸਿਆ ਆਈ। ਇਸ ਸਾਲ ਕਿਸਾਨਾਂ ਨੇ ਮੈਟ ਉਪਰ ਪਨੀਰੀ ਤਿਆਰ ਕੀਤੀ ਹੈ ਜਿਸ ਨਾਲ ਕੋਈ ਸਮੱਸਿਆ ਨਹੀਂ ਆਵੇਗੀ। ਧਰਤੀ ਹੇਠਲਾ ਪਾਣੀ ਬਚਾਉਣ ਲਈ ਦੂਸਰਾ ਤਜਰਬਾ ਕਣਕ ਦੀ ਤਰ੍ਹਾਂ ਝੋਨੇ ਦੀ ਸਿੱਧੀ ਬਿਜਾਈ ਦਾ ਹੈ। ਇਸ ਢੰਗ ਨਾਲ ਝੋਨੇ ਦੀ ਖੇਤੀ ਕਰਨ ਨਾਲ ਲਗਭਗ 30 ਤੋਂ 40 ਫ਼ੀ ਸਦੀ ਪਾਣੀ ਦੀ ਬੱਚਤ ਹੁੰਦੀ ਹੈ। ਜੇ ਇਸ ਸਾਲ ਝੋਨੇ ਦੀ ਸਿੱਧੀ ਬਿਜਾਈ ਦਾ ਤਜਰਬਾ ਸਫ਼ਲ ਹੋ ਗਿਆ ਤਾਂ ਪੰਜਾਬ ਦੀ ਪਾਣੀ ਦੀ ਵੱਡੀ ਸਮੱਸਿਆ ਹੱਲ ਹੋ ਜਾਵੇਗੀ। ਜੇ ਅਜਿਹਾ ਨਾ ਹੋਇਆ ਤਾਂ ਇਕ ਦਹਾਕੇ ਤਕ ਛੇਤੀ ਕੋਈ ਹੱਲ ਨਹੀਂ ਕਢਿਆ ਜਾ ਸਕੇਗਾ।

## ਉਂਗਲ ਕੱਟ ਕੇ ਗਲ 'ਚ ਪਾਈ

**ਬਾਘਾ ਪੁਰਾਣਾ :** ਪ੍ਰਸਿੱਧੀ ਹਾਸਲ ਕਰਨ ਲਈ ਬੰਦਾ ਕੀ ਨਹੀਂ ਕਰਦਾ? ਇਸੇ ਪ੍ਰਮਾਣ ਨੂੰ ਸਿੱਧ ਕਰਦਿਆਂ ਬਾਘਾ ਪੁਰਾਣਾ ਦੇ ਇੱਕ ਨੌਜਵਾਨ ਸੁਭਾਸ਼ ਨੇ ਆਪਣੀ ਹੀ ਉਂਗਲ ਕੱਟ ਲਈ ਅਤੇ ਇਸ ਨੂੰ ਡੋਰ ਨਾਲ ਪਰੋ ਕੇ ਆਪਣੇ ਗਲ ਵਿਚ ਪਾ ਲਿਆ। ਉਕਤ ਨੌਜਵਾਨ ਸਥਾਨਕ ਸ਼ਹਿਰ ਵਿਚ ਹੇਅਰ ਡਰੈਸਰ ਦੀ ਦੁਕਾਨ ਕਰਦਾ ਹੈ। ਇਸ ਬਾਰੇ ਪਤਾ ਲੱਗਣ 'ਤੇ ਲੋਕ ਇਸ ਨੌਜਵਾਨ ਨੂੰ ਵੇਖਣ ਲਈ ਪਹੁੰਚ ਰਹੇ ਹਨ। ਪੱਤਰਕਾਰ ਅਤੇ ਟੀਵੀ ਚੈਨਲਾਂ ਵਾਲੇ ਵੀ ਇਸ ਨੌਜਵਾਨ ਕੋਲ ਪਹੁੰਚ ਰਹੇ ਹਨ। ਸੁਭਾਸ਼ ਨੇ ਦੁਨੀਆ ਵਿਚ ਪ੍ਰਸਿੱਧੀ ਹਾਸਲ ਕਰਨ ਲਈ ਆਪਣੀ ਹੀ ਉਂਗਲ ਕੱਟ ਕੇ ਗਲੇ ਵਿਚ ਪਾਉਣ ਦੀ ਘਟਨਾ ਨੂੰ ਅੰਜ਼ਾਮ ਦਿੱਤਾ। ਇਸ ਨੇ ਆਪਣੀ ਉਂਗਲੀ ਆਪਣੀ ਦੁਕਾਨ 'ਚ ਹੀ ਕੱਟੀ। ਉਹ ਆਪਣੀ ਕੱਟੀ ਹੋਈ ਉਂਗਲੀ ਹਰੇਕ ਪੱਤਰਕਾਰ ਅਤੇ ਟੀਵੀ ਚੈਨਲ ਵਾਲੇ ਨੂੰ ਬੜੇ ਫ਼ਖਰ ਨਾਲ ਦਿਖਾ ਰਿਹਾ ਹੈ। ਪੱਤਰਕਾਰਾਂ ਵਲੋਂ ਜ਼ਿਆਦਾ ਪੁੱਛਗਿੱਛ ਕਰਨ 'ਤੇ ਉਸ ਨੇ ਵਿਸਥਾਰ ਸਹਿਤ ਜਾਣਕਾਰੀ ਦੇਣ ਤੋਂ ਟਾਲਾ ਵੱਟ ਲਿਆ। ਸੁਭਾਸ਼ ਦੇ ਦੱਸਣ ਮੁਤਾਬਕ ਉਸ ਨੇ ਇੱਕ ਮਹੀਨਾ ਪਹਿਲਾਂ ਉਂਗਲ ਕੱਟੀ। ਉਸ ਨੇ ਟੀਵੀ ਚੈਨਲਾਂ ਅਤੇ ਅਖਬਾਰਾਂ ਵਿਚ ਲੋਕਾਂ ਵਲੋਂ ਪ੍ਰਸਿੱਧੀ ਹਾਸਲ ਕਰਨ ਲਈ ਕੀਤੇ ਜਾ ਰਹੇ ਵੱਖ-ਵੱਖ ਕਾਰਨਾਮਿਆਂ ਤੋਂ ਪ੍ਰਭਾਵਿਤ ਹੋ ਕੇ ਆਪਣੀ ਉਂਗਲ ਕੱਟਣ ਵਾਲੀ ਨਵੀਂ ਜੁਗਤ ਲੜਾਈ।

## ਥਾਪੜ ਸੁੱਟਿਆ ਪਰਵਾਸੀ ਪਤੀ

**ਜਲੰਧਰ :** ਇਕ ਐਨ.ਆਰ.ਆਈ. ਨੇ ਆਪਣੀ ਪਤਨੀ ਖਿਲਾਫ ਕੁਝ ਵਿਅਕਤੀਆਂ ਨੂੰ ਨਾਲ ਲੈ ਕੇ ਮਾਰ-ਕੁੱਟ ਕਰਨ ਦੇ ਦੋਸ਼ ਲਗਾਏ ਹਨ।

ਪਰਵਾਸੀ ਭਾਰਤੀ ਸੁਖਦੇਵ ਸਿੰਘ ਨੇ ਪੁਲਸ ਨੂੰ ਕੀਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦੀ ਪਤਨੀ ਮਨਜੀਤ ਕੌਰ 15-20 ਵਿਅਕਤੀਆਂ ਨੂੰ ਨਾਲ ਲੈ ਕੇ ਉਸ ਦੇ ਘਰ ਆਈ ਤੇ ਉਸ ਦੀ ਮਾਰ-ਕੁੱਟ ਕੀਤੀ। ਸੁਖਦੇਵ ਸਿੰਘ ਨੇ ਦੋਸ਼ ਲਾਇਆ ਕਿ ਉਸ ਦੀ ਪਤਨੀ ਤੇ ਨਾਲ ਆਏ ਵਿਅਕਤੀ ਉਸ ਦੀ ਮਾਰਕੁੱਟ ਕਰਨ ਤੋਂ ਬਾਅਦ ਉਸ ਤੋਂ ਸੋਨੇ ਦਾ ਕੜਾ, 300 ਪੌਂਡ ਕੈਸ਼ ਤੇ ਟਿਕਟ ਖੋਹ ਕੇ ਲੈ ਗਏ। ਉਧਰ ਮਨਜੀਤ ਕੌਰ ਦਾ ਮੰਨਣਾ ਹੈ ਕਿ ਉਸ ਨੂੰ ਸ਼ੱਕ ਹੈ ਕਿ ਉਸ ਦੀ ਪਤੀ ਨੇ ਕਿਤੇ ਹੋਰ ਵੀ ਵਿਆਹ ਕਰਾ ਲਿਆ ਹੈ। ਇਸ ਸੰਬੰਧੀ ਥਾਣਾ ਡਵੀਜ਼ਨ ਨੰਬਰ 5 ਦੇ ਮੁਨਸ਼ੀ ਹਰਦੇਵ ਸਿੰਘ ਨੇ ਦੱਸਿਆ ਕਿ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਮਿਲੇਗੀ ਸ਼ਰਾਬ, ਛਕੋਗੇ ਕਬਾਬ ਪਰ ਸਾਡੀ ਜੀਰੀ ਲਾ ਦਿਉ ਜਨਾਬ

**ਫ਼ਤਹਿਗੜ੍ਹ ਸਾਹਿਬ:** ਪੰਜਾਬ ਵਿਚ ਝੋਨੇ ਦੀ ਲੁਆਈ ਦਾ ਕੰਮ ਪੂਰੇ ਜ਼ੋਰ ਨਾਲ ਸ਼ੁਰੂ ਹੈ। ਸਭ ਤੋਂ ਵੱਧ ਟੌਹਰ ਉਤਰ ਪ੍ਰਦੇਸ਼ ਅਤੇ ਬਿਹਾਰ ਤੋਂ ਆਉਣ ਵਾਲੇ ਭਈਆਂ ਦੀ ਹੈ। ਪੰਜਾਬ ਦੇ ਕਿਸਾਨ ਰੇਲਵੇ ਸਟੇਸ਼ਨਾਂ ਉਤੇ ਉਨ੍ਹਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੁੰਦੇ ਹਨ। ਜਦੋਂ ਵੀ ਕੋਈ ਗੱਡੀ ਰੁਕਦੀ ਹੈ ਤਾਂ ਕਿਸਾਨ ਭੱਜੇ-ਭੱਜੇ ਜਾਂਦੇ ਹਨ। ਜੇ ਕਿਸੇ ਨੂੰ ਭਈਏ ਮਿਲ ਜਾਣ ਤਾਂ ਉਹ ਅਪਣੇ-ਆਪ ਨੂੰ ਖ਼ੁਸ਼-ਨਸੀਬ ਸਮਝਦਾ ਹੈ ਕਿਉਂਕਿ ਕਈ ਭਈਆਂ ਵਿਚ ਤਾਂ ਇਸ ਹਦ ਤਕ ਆਕੜ ਆ ਗਈ ਹੈ ਕਿ ਉਹ ਸਿਧੇ ਮੂੰਹ ਗੱਲ ਹੀ ਨਹੀਂ ਕਰਦੇ।

ਕਿਸਾਨ ਉਨ੍ਹਾਂ ਨੂੰ ਸ਼ਰਾਬ, ਸੁਆਦੀ ਭੋਜਨ ਅਤੇ ਚੰਗੇ ਮਿਹਨਤਾਨੇ ਦੀ ਵੀ ਪੇਸ਼ਕਸ਼ ਕਰਦੇ ਹਨ ਪਰ ਉਹ ਅਪਣੀ ਮਰਜ਼ੀ ਕਰਦੇ ਹਨ। ਕਈ ਭਈਏ ਤਾਂ ਰੇਲਵੇ ਸਟੇਸ਼ਨ 'ਤੇ ਖੜੇ ਕਿਸਾਨਾਂ ਦੀ ਗੱਲ ਨਹੀਂ ਸੁਣਦੇ ਕਿਉਂਕਿ ਉਨ੍ਹਾਂ ਦੀ ਗੱਲਬਾਤ ਪਹਿਲਾਂ ਹੀ ਕਿਸੇ ਦੂਜੇ ਕਿਸਾਨ ਨਾਲ ਫ਼ੋਨ 'ਤੇ ਹੋ ਚੁੱਕੀ ਹੁੰਦੀ ਹੈ ਜਾਂ ਫਿਰ ਉਹ ਉਨ੍ਹਾਂ ਕਿਸਾਨਾਂ ਕੋਲ ਹੀ ਜਾਂਦੇ ਹਨ, ਜਿਥੇ ਪਿਛਲੇ ਸਾਲਾਂ ਵਿਚ ਕੰਮ ਕਰਦੇ ਸਨ। ਪਹਿਲਾਂ ਕਿਸਾਨ ਝੋਨੇ ਦੀ ਲੁਆਈ ਲਈ 1000-1200 ਰੁਪਏ ਦਿੰਦੇ ਸਨ ਪਰ ਹੁਣ 2,000 ਰੁਪਏ ਤਕ ਦੇਣ ਲਈ ਤਿਆਰ ਹਨ, ਫਿਰ ਵੀ ਭਈਏ ਨਹੀਂ ਮਿਲ ਰਹੇ। ਕਿਸਾਨ ਪੰਜਾਬੀ ਮਜ਼ਦੂਰਾਂ ਨੂੰ ਪਹਿਲ ਨਹੀਂ ਦਿੰਦੇ ਕਿਉਂਕਿ ਉਹ ਭਈਆਂ ਜਿੰਨਾ ਕੰਮ ਨਹੀਂ ਕਰਦੇ ਤੇ ਛੇਤੀ ਹੀ ਥੱਕ ਜਾਂਦੇ ਹਨ।

ਪੰਜਾਬੀ ਮਜ਼ਦੂਰ ਨਸ਼ੇ ਕਰਨ ਕਰ ਕੇ ਵੀ ਕਾਫ਼ੀ ਹੱਦ ਤਕ ਨਕਾਰਾ ਹੋ ਚੁੱਕੇ ਹਨ। ਰੇਲਵੇ ਸਟੇਸ਼ਨ 'ਤੇ ਕਈ ਕਿਸਾਨ ਭਈਆਂ ਨੂੰ ਲਿਜਾਣ ਲਈ ਪਿਛਲੇ ਤਿੰਨ ਦਿਨਾਂ ਤੋਂ ਪੱਬਾਂ ਭਾਰ ਹੋਏ ਬੈਠੇ ਸਨ। ਰੇਲ ਗੱਡੀ ਸਟੇਸ਼ਨ ਉਤੇ ਰੁਕਣ 'ਤੇ ਵੀ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪੈਂਦੀ ਹੈ। ਨਿਰਾਸ਼ ਕਿਸਾਨ ਖ਼ਾਲੀ ਹੱਥ ਘਰ ਜਾਣ ਲਈ ਤਿਆਰ ਨਹੀਂ ਕਿਉਂਕਿ ਹਜ਼ਾਰਾਂ ਰੁਪਏ ਦਾ ਡੀਜ਼ਲ ਫੂਕ ਕੇ ਜ਼ਮੀਨ ਝੋਨੇ ਦੀ ਪਨੀਰੀ ਲਗਾਉਣ ਲਈ ਤਿਆਰ ਕੀਤੀ ਹੈ। ਦੋਂ ਭਈਏ ਰੇਲ ਗੱਡੀ 'ਚੋਂ ਉਤਰਦੇ ਹਨ ਤਾਂ ਪਹਿਲਾਂ ਉਨ੍ਹਾਂ ਨੂੰ ਢਾਬੇ ਵਿਚ ਰੋਟੀ ਖੁਆਈ ਜਾਂਦੀ ਹੈ, ਫਿਰ ਮੰਜ਼ਿਲ ਵਲ ਲਿਜਾਇਆ ਜਾਂਦਾ ਹੈ। ਕਈ ਕਿਸਾਨ ਇਸ ਲਈ ਦੁਖੀ ਹਨ ਕਿ ਭਈਏ ਉਨ੍ਹਾਂ ਨੂੰ ਮੋਬਾਈਲ ਫ਼ੋਨ 'ਤੇ ਬੇਵਕੂਫ਼ ਬਣਾਈ ਜਾ ਰਹੇ ਹਨ। ਆਉਣ ਦਾ ਲਾਰਾ ਲਾ ਦਿੰਦੇ ਹਨ ਪਰ ਆਉਂਦੇ ਨਹੀਂ। ਭਈਆਂ ਦੀ ਪੰਜਾਬ ਵਿਚ ਆਮਦ ਘਟਣ ਦਾ ਇਕ ਕਾਰਨ ਨਰੇਗਾ ਸਕੀਮ ਦਾ ਲਾਗੂ ਹੋਣਾ ਵੀ ਹੈ ਕਿਉਂਕਿ ਮਜ਼ਦੂਰ ਨਰੇਗਾ ਸਕੀਮ ਤਹਿਤ ਪਹਿਲਾਂ ਹੀ ਕੰਮਾਂ-ਕਾਰਾਂ 'ਤੇ ਲੱਗੇ ਹੋਏ ਹਨ। ਇਸ ਲਈ ਅਪਣਾ ਜੱਦੀ ਸੂਬਾ ਛੱਡ ਕੇ ਮਹੀਨੇ ਦੋ ਮਹੀਨੇ ਲਈ ਪੰਜਾਬ ਆਉਣ ਲਈ ਤਿਆਰ ਨਹੀਂ। ਭਾਵੇਂ ਖੇਤੀਬਾੜੀ ਮਹਿਕਮੇ ਨੇ ਮਸ਼ੀਨਾਂ ਰਾਹੀਂ ਵੀ ਝੋਨਾ ਲਗਾਉਣਾ ਸ਼ੁਰੂ ਕੀਤਾ ਹੈ ਪਰ ਕਿਸਾਨ ਇਸ ਨੂੰ ਹਾਲੇ ਪੂਰੀ ਤਰ੍ਹਾਂ ਸਫ਼ਲ ਨਹੀਂ ਮੰਨਦੇ। ਰੇਲਵੇ ਸਟੇਸ਼ਨਾਂ 'ਤੇ ਪ੍ਰਵਾਸੀ ਮਜ਼ਦੂਰਾਂ ਨੂੰ ਉਡੀਕਦੇ ਕਿਸਾਨਾਂ ਨੇ ਮੰਗ ਕੀਤੀ ਕਿ ਝੋਨੇ ਦੀ ਲੁਆਈ ਦੌਰਾਨ ਪ੍ਰਵਾਸੀ ਮਜ਼ਦੂਰਾਂ ਨੂੰ ਪੰਜਾਬ ਲਿਆਉਣ ਲਈ ਵਿਸ਼ੇਸ਼ ਰੇਲਾਂ ਚਲਾਈਆਂ ਜਾਣ।

## ਲੁੱਟ-ਮਾਰ ਤੋਂ ਬਾਅਦ ਬਜ਼ੁਰਗ ਔਰਤ ਦਾ ਕਤਲ

**ਬੰਗਾ:** ਬੰਗਾ ਬਲਾਕ ਦੇ ਪਿੰਡ ਨਾਗਰਾ ਦੀ ਘਰ 'ਚ ਇਕੱਲੀ ਰਹਿੰਦੀ ਔਰਤ ਦਾ ਲੁਟੇਰਿਆਂ ਵਲੋਂ ਨਕਦੀ ਤੇ ਗਹਿਣੇ ਲੁੱਟਣ ਉਪਰੰਤ ਕਤਲ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਰਾਮ ਪਿਆਰੀ (70) ਪਤਨੀ ਸੋਹਨ ਲਾਲ, ਜਿਸ ਦੇ ਤਿੰਨ ਪੁੱਤਰ ਹਨ, ਆਪਣੇ ਪੁੱਤਰ ਜਸਵਿੰਦਰ ਪਾਲ ਜੋ ਇਟਲੀ ਰਹਿੰਦਾ ਹੈ, ਦੀ ਕੋਠੀ ਵਿਚ ਰਾਤ ਨੂੰ ਇਕੱਲੀ ਰਹਿੰਦੀ ਸੀ। ਉਸ ਦੇ ਪੁੱਤਰ ਮੁਖਤਿਆਰ ਨੇ ਦੱਸਿਆ ਕਿ ਮਾਤਾ ਸ਼ਾਮ 7.30 ਵਜੇ ਖਾਣਾ ਖਾ ਕੇ ਘਰੋਂ ਗਈ ਸੀ। ਜਦੋਂ ਉਹ ਸਵੇਰੇ ਨਾ ਉਠੀ ਤਾਂ ਗੁਆਂਢ 'ਚ ਕੋਠੀ ਬਣਾ ਰਹੇ ਪਰਿਵਾਰਾਂ ਨੇ ਦਰਵਾਜ਼ਾ ਖੋਲ੍ਹਣ ਲਈ ਆਵਾਜ਼ਾਂ ਮਾਰੀਆਂ। ਜਦ 11 ਵਜੇ ਦਰਵਾਜ਼ਾ ਖੁਲ੍ਹਵਾਇਆ ਤਾਂ ਮਾਤਾ ਦੀ ਖ਼ੂਨ ਨਾਲ ਲੱਥਪਥ ਲਾਸ਼ ਪਿਛਲੇ ਵਿਹੜੇ ਪਈ ਸੀ। ਉਸ ਦੇ ਸਿਰ 'ਤੇ ਤੇਜ਼ਧਾਰ ਹਥਿਆਰਾਂ ਦੇ ਨਿਸ਼ਾਨ ਸਨ। ਮਾਤਾ ਦੀਆਂ ਸੋਨੇ ਦੀਆਂ ਵਾਲੀਆਂ, ਦੋ ਮੁੰਦਰੀਆਂ ਲਾਹੀਆਂ ਹੋਈਆਂ ਸਨ ਅਤੇ ਅੰਦਰੋਂ ਨਕਦੀ ਵੀ ਗਾਇਬ ਸੀ। ਘਰ ਅੰਦਰ ਅਲਮਾਰੀ ਦਾ ਸਾਮਾਨ ਖਿਲਰਿਆ ਪਿਆ ਸੀ। ਐਸ.ਐਸ.ਪੀ. ਡਾ. ਨਰਿੰਦਰ ਭਾਰਗਵ ਨੇ ਘਟਨਾ ਸਥਾਨ ਦਾ ਦੌਰਾ ਕੀਤਾ।

## ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਪ੍ਰੇਰਿਤ ਕਰੇਗਾ ਪਿੰਗਲਵਾੜਾ

**ਅੰਮ੍ਰਿਤਸਰ:** ਸੰਸਥਾ ਪਿੰਗਲਵਾੜਾ ਵਲੋਂ ਹੁਣ ਕਿਸਾਨਾਂ ਨੂੰ ਕੁਦਰਤੀ ਖੇਤੀ ਕਰਨ ਲਈ ਪ੍ਰੇਰਿਤ ਕਰਨ ਦਾ ਬੀੜਾ ਚੁੱਕਿਆ ਗਿਆ ਹੈ।

ਭਗਤ ਪੂਰਨ ਸਿੰਘ ਵਲੋਂ ਸਥਾਪਤ ਪਿੰਗਲਵਾੜਾ ਸੰਸਥਾ ਵਲੋਂ ਜ਼ੀਰੋ ਬਜਟ ਕੁਦਰਤੀ ਖੇਤੀ ਦਾ ਬੀੜਾ ਚੁੱਕਿਆ ਗਿਆ ਹੈ। ਇਸ ਸਬੰਧੀ ਵਿਚ ਪਹਿਲਾਂ ਪਿੰਗਲਵਾੜਾ ਸੰਸਥਾ ਵਲੋਂ ਖ਼ੁਦ ਤਜਰਬਾ ਕਰਕੇ ਵੇਖਿਆ ਗਿਆ ਹੈ। ਸੰਸਥਾ ਵਲੋਂ ਪਿੰਡ ਧੀਰੇਕੋਟ ਨੇੜੇ 32 ਏਕੜ ਦੇ ਫਾਰਮ ਵਿਚ ਪਿਛਲੇ ਤਿੰਨ ਸਾਲਾਂ ਤੋਂ ਕੁਦਰਤੀ ਖੇਤੀ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਉਨ੍ਹਾਂ ਕੁਦਰਤੀ ਖੇਤੀ ਵਿਸ਼ੇ ਦੇ ਬਾਨੀ ਅਤੇ ਖੇਤੀ ਮਾਹਿਰ ਸੁਭਾਸ਼ ਪਾਲੇਕਰ ਤੋਂ ਅਗਵਾਈ ਲਈ ਹੈ। ਪਿੰਗਲਵਾੜਾ ਸੰਸਥਾ ਦੀ ਮੁਖੀ ਡਾ. ਇੰਦਰਜੀਤ ਕੌਰ ਨੇ ਦੱਸਿਆ ਕਿ ਇਸ ਫਾਰਮ ਵਿਚ ਪਿਛਲੇ ਤਿੰਨ ਸਾਲਾਂ ਤੋਂ ਕੁਦਰਤੀ ਖੇਤੀ ਪ੍ਰਣਾਲੀ ਰਾਹੀਂ ਕਣਕ, ਝੋਨਾ, ਸਬਜ਼ੀਆਂ ਆਦਿ ਦੀ ਬਿਜਾਈ ਕੀਤੀ ਜਾ ਰਹੀ ਹੈ ਅਤੇ ਇਨ੍ਹਾਂ ਦਾ ਕੀਟਨਾਸ਼ਕਾਂ ਦੀ ਵਰਤੋਂ ਕੀਤੇ ਬਿਨਾਂ ਵਧੇਰੇ ਝਾੜ ਪ੍ਰਾਪਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਝੋਨਾ 1121 ਦਾ ਇਕ ਕਿੱਲੇ ਵਿਚ ਬੀਜ ਖਿਲਾਰ ਕੇ ਲਾਉਣ 'ਤੇ 16 ਕੁਇੰਟਲ ਦਾ ਝਾੜ ਪ੍ਰਾਪਤ ਕੀਤਾ ਗਿਆ ਹੈ। ਇਸੇ ਤਰ੍ਹਾਂ ਪਨੀਰੀ ਰਾਹੀਂ ਬੀਜੇ ਝੋਨੇ ਦਾ 21 ਕੁਇੰਟਲ ਝਾੜ ਪ੍ਰਾਪਤ ਹੋਇਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਕੁਦਰਤੀ ਖੇਤੀ ਰਾਹੀਂ 50 ਫੀਸਦੀ ਪਾਣੀ ਦੀ ਵੀ ਬਚਤ ਹੁੰਦੀ ਹੈ ਅਤੇ ਇਹ ਖੇਤੀ ਸਰਬੱਤ ਦੇ ਭਲੇ ਲਈ ਹੈ। ਬੀਬੀ ਇੰਦਰਜੀਤ ਕੌਰ ਨੇ ਕਿਹਾ ਕਿ ਮੌਜੂਦਾ ਸਮੇਂ ਵਿਚ ਮਨੁੱਖਤਾ ਨੂੰ ਭਿਆਨਕ ਬਿਮਾਰੀਆਂ ਤੋਂ ਬਚਾਉਣ ਲਈ ਕੁਦਰਤੀ ਖੇਤੀ ਨੂੰ ਅਪਨਾਉਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਪਾਲੇਕਰ ਵਲੋਂ ਕੀਤੀ ਗਈ ਖੋਜ ਨਾਲ ਕੁਦਰਤੀ ਖੇਤੀ ਰਾਹੀਂ ਵਧੇਰੇ ਝਾੜ ਲੈਣ ਲਈ ਜੀਵ ਅੰਮ੍ਰਿਤ ਤਿਆਰ ਕੀਤਾ ਗਿਆ ਹੈ, ਜੋ ਰਸਾਇਣਕ ਖਾਦਾਂ ਦਾ ਬਦਲ ਹੈ। ਜੀਵ ਅੰਮ੍ਰਿਤ ਨਾਂਅ ਦਾ ਇਹ ਮਿਸ਼ਰਣ ਪਸ਼ੂਆਂ ਦੇ ਪੇਸ਼ਾਬ, ਗੋਹਾ, ਮਿੱਟੀ, ਆਟਾ, ਗੁੜ ਆਦਿ ਤੋਂ ਤਿਆਰ ਕੀਤਾ ਗਿਆ ਹੈ। ਇਸੇ ਤਰ੍ਹਾਂ ਬੀਜਾਂ ਨੂੰ ਸੋਧਣ ਅਤੇ ਕੀੜੇਮਾਰ ਦਵਾਈਆਂ ਦਾ ਬਦਲ ਹਰਬਲ ਪੌਦਿਆਂ ਤੋਂ ਤਿਆਰ ਕੀਤਾ ਗਿਆ ਹੈ। ਇਸ ਸੰਬੰਧ ਵਿਚ ਕਿਸਾਨਾਂ ਨੂੰ ਪ੍ਰੇਰਿਤ ਕਰਨ ਲਈ ਹੁਣ ਤਿੰਨ ਦਿਨਾਂ ਦੀ ਕਾਰਜਸ਼ਾਲਾ 16 ਤੋਂ 18 ਜੂਨ ਤੱਕ ਪਿੰਗਲਵਾੜਾ ਦੀ ਮਾਨਾਂਵਾਲਾ ਸ਼ਾਖਾ ਵਿਖੇ ਲਾਈ ਜਾ ਰਹੀ ਹੈ, ਜਿਸ ਵਿਚ ਸੁਭਾਸ਼ ਪਾਲੇਕਰ ਅਤੇ ਹੋਰ ਮਾਹਿਰ ਕਿਸਾਨਾਂ ਨੂੰ ਕੁਦਰਤੀ ਖੇਤੀ ਬਾਰੇ ਜਾਣੂ ਕਰਾਉਣਗੇ।

## ਬਾਬਾ ਰਾਮ ਸਿੰਘ ਨੂੰ ਸਿੱਖਾਂ ਦਾ ਬਾਰ੍ਹਵਾਂ ਗੁਰੂ ਦਰਸਾਉਣ ਦੀ ਨਿਖੇਧੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਾਬਾ ਰਾਮ ਸਿੰਘ ਨੂੰ ਇਸ਼ਤਿਹਾਰਾਂ ਵਿਚ ਬਾਰ੍ਹਵੀਂ ਪਾਤਸ਼ਾਹੀ ਦਰਸਾਉਣ ਦੀ ਕਾਰਵਾਈ ਨੂੰ ਸਿੱਖਾਂ ਵਿਰੁਧ ਸਾਜ਼ਿਸ਼ ਕਰਾਰ ਦਿੰਦਿਆਂ ਇਸ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਹ ਕਾਰਵਾਈ ਸਿਹਤ ਮੰਤਰੀ ਪ੍ਰੋ: ਲਕਸ਼ਮੀ ਕਾਂਤਾ ਚਾਵਲਾ ਦੀ ਹੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਉਸ ਨੇ ਪੰਜਾਬ ਦੀ ਵਿਧਾਨ ਸਭਾ ਵਿਚ ਹਿੰਦੀ ਵਿਚ ਸਹੁੰ ਚੁੱਕ ਕੇ ਤੇ ਹਿੰਦੀ ਵਿਚ ਤਕਰੀਰਾਂ ਕਰਕੇ ਪੰਜਾਬੀਆਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ।

ਸੁਖਜੀਤ ਸਿੰਘ ਕਾਲਾ ਅਫਗਾਨਾ, ਸਵਿੰਦਰ ਸਿੰਘ ਕੋਟ ਖਾਲਸਾ ਨੇ ਕਿਹਾ ਕਿ ਜੇ ਪ੍ਰੋ. ਚਾਵਲਾ ਦੀਆਂ ਹੁਣ ਤੱਕ ਦੀਆਂ ਸਰਗਰਮੀਆਂ ਦੀ ਨਿਰਪੱਖਤਾ ਨਾਲ ਛਾਣਬੀਣ ਕੀਤੀ ਜਾਵੇ ਤਾਂ ਇਸ ਦੇ ਅਮਲ ਹਮੇਸ਼ਾ ਪੰਜਾਬ ਸੂਬੇ ਅਤੇ ਸਿੱਖ ਕੌਮ ਵਿਰੋਧੀ ਹੀ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਸ੍ਰੀ ਚਾਵਲਾ ਨੂੰ ਸ੍ਰੀ ਬਾਦਲ ਨੇ ਆਪਣੀ ਹਕੂਮਤ ਵਿਚ ਕੈਬਨਿਟ ਵਜ਼ੀਰ ਦਾ ਅਹੁਦਾ ਦੇ ਕੇ ਅਸਲੀਅਤ ਵਿਚ ਸਿੱਖ ਕੌਮ ਅਤੇ ਪੰਜਾਬ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਨ੍ਹਾਂ ਮੰਗ ਕੀਤੀ ਕਿ ਹਜ਼ੂਰ ਦੇ ਸਾਹਿਤ ਕੇਂਦਰਾਂ ਵਿਚ ਲੱਗੇ ਇਸ਼ਤਿਹਾਰਾਂ ਦੀ ਸੱਚਾਈ ਨੂੰ ਸਾਹਮਣੇ ਲਿਆਉਣ ਲਈ ਤੁਰੰਤ ਨਿਰਪੱਖ ਤੌਰ 'ਤੇ ਪੜਤਾਲ ਕਰਵਾਈ ਜਾਵੇ ਅਤੇ ਬਾਬਾ ਰਾਮ ਸਿੰਘ ਨੂੰ ਬਾਹਰਵਾਂ ਗੁਰੂ ਦਿਖਾ ਕੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚਾਉਣ ਵਾਲੇ ਦੋਸ਼ੀ ਨੂੰ ਸਾਹਮਣੇ ਲਿਆ ਕੇ ਕਾਨੂੰਨ ਅਨੁਸਾਰ ਸਜ਼ਾ ਦਿਵਾਈ ਜਾਵੇ।

# ਵਾਅਦੇ ਜੋ ਵਫ਼ਾ ਹੋ ਰਹੇ ਹਨ

**ਸੇਵਾ ਸਿੰਘ ਸੇਖਵਾਂ***

ਆਮ ਚੋਣਾਂ ਦੌਰਾਨ ਸਭ ਤੋਂ ਵੱਧ ਪ੍ਰਚਾਰਿਆਂ ਜਾਣ ਵਾਲਾ ਦਸਤਾਵੇਜ਼ ਯਾਨਿ ਚੋਣ ਮਨੋਰਥ ਪੱਤਰ ਕਿਸੇ ਵੀ ਸਿਆਸੀ ਪਾਰਟੀ ਦੀਆਂ ਭਵਿੱਖੀ ਯੋਜਨਾਵਾਂ ਦਾ ਸਾਰ ਹੁੰਦਾ ਹੈ ਅਤੇ ਸੱਤਾ ਵਿਚ ਆਉਣ ਉਪਰੰਤ ਇਸ 'ਤੇ ਕਿੰਨਾ ਅਮਲ ਹੁੰਦਾ ਹੈ, ਉਸ ਸਿਆਸੀ ਪਾਰਟੀ ਦੇ ਲਗਾਤਾਰ ਚੋਣਾਂ ਜਿੱਤਣ ਤੇ ਸੱਤਾ 'ਚ ਬਰਕਰਾਰ ਰਹਿਣ ਨੂੰ ਤੈਅ ਕਰਦਾ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਦੂਰ-ਅੰਦੇਸ਼ ਸੋਚ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਰਾਜ ਦੇ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਸਦਕਾ ਮੌਜੂਦਾ ਅਕਾਲੀ-ਭਾਜਪਾ ਗਠਜੋੜ ਸਰਕਾਰ ਵਲੋਂ ਆਪਣੇ ਹੁਣ ਤੱਕ ਦੇ ਸਵਾ ਤਿੰਨ ਸਾਲ ਦੇ ਕਾਰਜ ਕਾਲ ਦੌਰਾਨ ਚੋਣ ਮਨੋਰਥ ਪੱਤਰ ਦੇ ਵਾਅਦਿਆਂ


*ਸ. ਸੇਵਾ ਸਿੰਘ ਸੇਖਵਾਂ*

ਦੀ ਪੂਰਤੀ ਪ੍ਰਤੀ ਦਿਖਾਈ ਗਈ ਸੰਜ਼ੀਦਗੀ ਅਤੇ ਸਰਬਾਂਗੀ ਵਿਕਾਸ ਪ੍ਰਾਜੈਕਟਾਂ ਦੇ ਨੇਪਰੇ ਚੜ੍ਹਨ ਨਾਲ ਪੰਜਾਬ ਅੰਦਰ ਇਕ ਨਿਵੇਕਲੀ ਸਿਆਸੀ ਪਹਿਲਕਦਮੀ ਹੋਈ ਹੈ।

ਪਿਛਲੇ ਲਗਪਗ 9 ਮਹੀਨਿਆਂ ਤੋਂ ਮੈਨੂੰ ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ ਅਤੇ ਅੱਜ ਇਸ ਪਹਿਲੀ ਲਿਖਤ ਰਾਹੀਂ ਮੈਂ ਮੌਜੂਦਾ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਅਤੇ ਭਵਿੱਖੀ ਯੋਜਨਾਵਾਂ ਬਾਰੇ ਪਾਠਕਾਂ ਦੀ ਸੱਥ ਵਿਚ ਹਾਜ਼ਰ ਹੋ ਰਿਹਾ ਹਾਂ। ਮੌਜੂਦਾ ਸਰਕਾਰ ਨੇ ਰਾਜ ਅੰਦਰ ਬਿਜਲੀ ਦੀ ਥੁੜ੍ਹ ਦੂਰ ਕਰਨ, ਬੁਨਿਆਦੀ ਢਾਂਚੇ ਨੂੰ ਵਿਸ਼ਵ ਪੱਧਰੀ ਬਣਾਉਣ ਅਤੇ ਸਭ ਤੋਂ ਅਹਿਮ ਪ੍ਰਸ਼ਾਸਕੀ ਸੁਧਾਰਾਂ ਦੀ ਲਹਿਰ ਸ਼ੁਰੂ ਕਰਨ ਦੇ ਅਹਿਦ ਨਾਲ ਅਹੁਦਾ ਸੰਭਾਲਿਆ ਸੀ। ਰਾਜ ਅੰਦਰ ਦੇਸ਼ ਦਾ ਬੇਹਤਰੀਨ ਹਵਾਈ ਸੰਪਰਕ ਕਾਇਮ ਕਰਨ, ਹਰ ਮੁੱਖ ਸ਼ਹਿਰ ਅਤੇ ਕਸਬੇ ਨੂੰ ਘੱਟੋ-ਘੱਟ ਚਹੁੰ-ਮਾਰਗੀ ਸੜਕਾਂ ਨਾਲ ਜੋੜਨ, ਸਮੁੱਚੇ ਰਾਜ ਅੰਦਰ ਆਵਾਜਾਈ ਸੁਚਾਰੂ ਬਨਾਉਣ ਲਈ ਵੱਧ ਤੋਂ ਵੱਧ ਰੇਲਵੇ ਪੁਲਾਂ ਦਾ ਨਿਰਮਾਣ, ਸਰਕਾਰੀ ਸਕੂਲਾਂ ਵਿਚ ਵਿਦਿਆ ਦਾ ਮਿਆਰ ਉਚਾ ਚੁੱਕਣ ਲਈ 35000 ਅਧਿਆਪਕਾਂ ਦੀ ਭਰਤੀ, ਪੇਂਡੂ ਖੇਤਰਾਂ ਵਿਚ ਸਿਹਤ ਸੇਵਾਵਾਂ ਲਈ ਡਾਕਟਰਾਂ ਦੀ ਭਰਤੀ ਤੋਂ ਇਲਾਵਾ ਪੁਲਿਸ, ਆਬਕਾਰੀ ਵਿਭਾਗ ਅਤੇ ਸਿਵਲ ਤੇ ਖੁਰਾਕ ਸਪਲਾਈ ਵਿਭਾਗ 'ਚ ਵੱਡੇ ਪੱਧਰ 'ਤੇ ਪਾਰਦਰਸ਼ੀ ਢੰਗ ਨਾਲ ਕੀਤੀ ਗਈ ਭਰਤੀ, ਕਿਸਾਨੀ ਦੀ ਭਲਾਈ ਲਈ ਅਤਿ ਆਧੁਨਿਕ ਫ਼ਰਦ ਕੇਂਦਰਾਂ ਦਾ ਨਿਰਮਾਣ ਅਤੇ ਵੱਖ- ਵੱਖ ਵਿਭਾਗਾਂ ਵਿਚ ਤਰੱਕੀਆਂ ਦੀ ਖੜੋਤ ਖ਼ਤਮ ਕਰਨ ਦਾ ਮਾਣ ਵੀ ਮੌਜੂਦਾ ਸਰਕਾਰ ਦੇ ਹਿੱਸੇ ਆਇਆ ਹੈ।

ਸਾਡੇ ਮਿਹਨਤਕਸ਼ ਕਿਸਾਨ ਹੱਡ ਭਨਵੀਂ ਮਿਹਨਤ ਨਾਲ ਦੇਸ਼ ਦੇ ਅਨਾਜ ਭੰਡਾਰ ਭਰਦੇ ਆ ਰਹੇ ਹਨ। ਜੇ ਇਹ ਕਿਹਾ ਜਾਵੇ ਕਿ ਦੇਸ਼ ਦੀਆਂ ਅਨਾਜ ਦੀਆਂ ਜਰੂਰਤਾਂ ਦੀ ਪੂਰਤੀ ਲਈ ਆਪਣਾ ਪਸੀਨਾ ਹੀ ਨਹੀਂ ਬਲਕਿ ਖੁਦ ਨੂੰ ਕੁਰਬਾਨ ਕਰ ਰਹੇ ਹਨ ਤਾਂ ਕੋਈ ਅਤਿ ਕਥਨੀ ਨਹੀ ਹੋਵੇਗੀ। ਫ਼ਸਲਾਂ ਦਾ ਝਾੜ ਸਿਖਰ 'ਤੇ ਪਹੁੰਚ ਗਿਆ ਹੈ। ਖੇਤੀ ਖਰਚੇ ਖਾਸਕਰ ਡੀਜ਼ਲ, ਖਾਦਾਂ, ਕੀੜੇਮਾਰ ਦਵਾਈਆਂ ਅਤੇ ਖੇਤੀ ਸੰਦਾ ਦੀਆਂ ਕੀਮਤਾਂ ਵਿਚ ਤੇਜੀ ਨਾਲ ਹੋ ਰਹੇ ਵਾਧੇ ਕਾਰਨ ਇਹ ਵਿੱਤੋਂ ਬਾਹਰ ਹੁੰਦੇ ਜਾ ਰਹੇ ਹਨ। ਕੁਦਰਤ ਦੀ ਮਾਰ ਵੱਖ ਹੈ। ਜਿਥੇ ਪਿਛਲੀ ਵਾਰ ਝੋਨੇ ਦੌਰਾਨ ਮੀਂਹ ਘੱਟ ਪੈਣ ਕਾਰਨ ਕਿਸਾਨਾਂ ਨੂੰ ਸੈਂਕੜੇ ਕਰੋੜਾਂ ਰੁਪਏ ਦਾ ਵਾਧੂ ਡੀਜ਼ਲ ਫੂਕਣਾ ਪਿਆ ਉਥੇ ਐਂਤਕੀ ਸਮੇਂ ਤੋਂ ਪਹਿਲਾਂ ਪਈ ਤਿੱਖੀ ਗਰਮੀ ਕਰ ਕੇ ਕਣਕ ਦਾ 25 ਫੀਸਦੀ ਤੱਕ ਝਾੜ ਘਟਣ ਦਾ ਖਾਮਿਆਜਾ ਪੰਜਾਬ ਦੇ ਕਿਸਾਨਾਂ ਨੂੰ ਭੁਗਤਣਾ ਪਿਆ। ਮੈਂ ਇਸ ਲੇਖ ਵਿਚ ਬਹੁਤੇ ਅੰਕੜਿਆਂ ਵਿਚ ਨਹੀ ਪੈਣਾ ਚਾਹੁੰਦਾ ਪਰ ਫਿਰ ਵੀ ਰਾਜ ਸਰਕਾਰ ਦੀ ਆਪਣੀ ਕਿਸਾਨਾਂ ਪ੍ਰਤੀ ਵਚਨਬੱਧਤਾ ਲਈ ਇਹ ਦੱਸਣਾ ਇਖਲਾਕੀ ਫ਼ਰਜ਼ ਸਮਝਦਾ ਹਾਂ ਕਿ ਪੰਜਾਬ ਸਰਕਾਰ ਨੇ ਸਾਲ 2009-10 ਦੌਰਾਨ ਖੇਤੀ ਖੇਤਰ ਨੂੰ ਮੁਫ਼ਤ ਬਿਜਲੀ ਪ੍ਰਦਾਨ ਕਰਨ ਲਈ ਰਾਜ ਦੇ ਬਿਜਲੀ ਬੋਰਡ ਦੇ 4611 ਕਰੋੜ ਰੁਪਏ ਦੀ ਰਿਕਾਰਡ ਅਦਾਇਗੀ ਕੀਤੀ ਜੋ ਕਿ ਸਾਲ 2008-09 ਤੋਂ 24 ਫ਼ੀਸਦੀ ਜਿਆਦਾ ਹੈ। ਹੁਣ ਝੋਨੇ ਦੇ ਮੌਜੂਦਾ ਸੀਜ਼ਨ ਵਿਚ ਪਿੰਡਾਂ ਅੰਦਰ ਘਰਾਂ ਲਈ 24 ਘੰਟੇ ਅਤੇ ਖੇਤੀ ਲਈ 10 ਘੰਟੇ ਬਿਜਲੀ ਦੇਣ ਦੀ ਵਿਵਸਥਾ ਤਹਿਤ 1927 ਕਰੋੜ ਰੁਪਏ ਦੀ ਬਿਜਲੀ ਹੁਣ ਤੱਕ ਖਰੀਦੀ ਜਾ ਚੁਕੀ ਹੈ। ਪਿੰਡਾਂ ਵਿਚ ਅਸੀਂ ਅਕਸਰ ਟਰਾਲੀਆਂ ਪਿੱਛੇ ਲਿਖਵਾਇਆ ਇਹ ਟੋਟਕਾ ਪੜ੍ਹਦੇ ਹਾਂ ਕਿ ਆਪਣੀ ਬਣਾ ਲੈ ਮਿੱਤਰਾ ਨਿਤ ਮੰਗਵੀ ਨਹੀਂ ਮਿਲਣੀ ਅਤੇ ਅਸੀ ਹੁਣ ਆਪਣੀ ਬਿਜਲੀ ਬਣਾਉਣ ਦਾ ਵੀ ਸਿਕੇਬੰਦ ਪ੍ਰਬੰਧ ਕਰ ਲਿਆ ਹੈ। ਇਸ ਵੇਲੇ ਸਾਡੇ ਕੋਲ 9500 ਮੈਗਾਵਾਟ ਬਿਜਲੀ ਦੀ ਮੰਗ ਦੇ ਮੁਕਾਬਲੇ 6200 ਮੈਗਾਵਾਟ ਬਿਜਲੀ ਉਤਪਾਦਨ ਦੀ ਸਮਰਥਾ ਹੈ। ਸਾਡੀ ਸਰਕਾਰ ਦਾ ਸਭ ਤੋਂ ਪ੍ਰਮੁੱਖ ਵਾਅਦਾ ਪੰਜਾਬ ਨੂੰ ਬਿਜਲੀ ਦੀ ਬਹੁਤਾਤ ਵਾਲਾ ਸੂਬਾ ਬਨਾਉਣ ਦਾ ਸੀ ਜਿਸ ਨੂੰ ਸਾਡੇ ਸਿਆਸੀ ਵਿਰੋਧੀਆਂ ਨੇ ਮੁੰਗੇਰੀ ਲਾਲ ਦੇ ਹਸੀਨ ਸੁਪਨੇ ਕਿਹਾ ਸੀ ਪਰ 4000 ਮੈਗਾਵਾਟ ਦੀ ਸਮਰੱਥਾ ਵਾਲੇ 3 ਥਰਮਲ ਪਲਾਂਟਾ ਜਿਨ੍ਹਾਂ ਨੂੰ ਵੇਦੰਤਾ ਗਰੁਪ, ਲਾਰਸਨ ਅਤੇ ਟੂਬਰੋ ਕੰਪਨੀ ਅਤੇ ਜੀ.ਵੀ.ਕੇ ਜਿਹੀਆਂ ਵਿਸਵ ਪ੍ਰਸਿੱਧ ਕੰਪਨੀਆਂ ਕ੍ਰਮਵਾਰ ਤਲਵੰਡੀ ਸਾਬੋ, ਰਾਜਪੁਰਾ ਅਤੇ ਗੋਇੰਦਵਾਲ ਸਾਹਿਬ ਵਿਖੇ ਤੇਜੀ ਨਾਲ ਸਥਾਪਿਤ ਕਰ ਰਹੀਆਂ ਹਨ। ਇਨ੍ਹਾਂ ਤੋਂ ਇਲਾਵਾ 2640 ਮੈਗਾਵਾਟ ਦੇ ਇਕ ਮਹਾਂ ਥਰਮਲ ਪਲਾਂਟ ਦਾ ਗਿੱਦੜਬਾਹਾ ਵਿਖੇ ਆਉਂਦੇ ਦਿਨਾਂ ਵਿਚ ਕੰਮ ਸ਼ੁਰੂ ਹੋਣ ਦੀ ਰਾਜ ਸਰਕਾਰ ਦੀ ਇਤਿਹਾਸਕ ਪਹਿਲਕਦਮੀ ਨਾਲ ਵਿਰੋਧੀ ਪਾਰਟੀਆਂ ਬਿਜਲੀ ਦੇ ਮੁੱਦੇ ਤੇ ਗੱਲ ਕਰਨਾ ਹੀ ਬੰਦ ਕਰ ਗਈਆਂ ਹਨ ਅਤੇ ਮੇਰੀ ਜਾਚੇ ਸਾਡੀ ਸਰਕਾਰ ਦੀ ਇਹ ਸਭ ਤੋਂ ਵੱਡੀ ਪ੍ਰਾਪਤੀ ਹੈ।

ਕਿਸੇ ਵੀ ਰਾਜ ਨੂੰ ਨਿਵੇਸ਼ਕਾਰਾਂ ਦੀ ਪਹਿਲੀ ਪਸੰਦ ਬਣਾਉਣ ਲਈ 2 ਚੀਜ਼ਾਂ ਬੇਹੱਦ ਮਹੱਤਵਪੂਰਨ ਹਨ- ਢੁਕਵਾਂ ਬੁਨਿਆਦੀ ਢਾਂਚਾ ਅਤੇ ਲੋੜੀਂਦੀ ਬਿਜਲੀ ਦੀ ਵਿਵਸਥਾ। ਅਗਲੇ ਦੋ ਢਾਈ ਸਾਲਾਂ ਵਿਚ ਬਿਜਲੀ ਦੀ ਕਮੀ ਦਾ ਕੋਹੜ ਅਗਲੇ 3 ਦਹਾਕਿਆਂ ਲਈ ਕੱਟਿਆ ਜਾਣਾ ਹੈ। ਜਿਥੋਂ ਤੱਕ ਬੁਨਿਆਦੀ ਢਾਚੇ ਦੇ ਵਿਕਾਸ ਦੀ ਗੱਲ ਹੈ ਪੰਜਾਬ ਦੇ ਹਰ ਮੁੱਖ ਸ਼ਹਿਰ ਅਤੇ ਕਸਬੇ ਨੂੰ ਚਹੁੰ ਮਾਰਗੀ ਸੜਕਾਂ ਨਾਲ ਜੋੜਨ ਦਾ ਕੰਮ ਆਰੰਭ ਹੋ ਚੁਕਾ ਹੈ। ਸ਼ੰਭੂ ਤੋਂ ਜਲੰਧਰ ਤੱਕ 6 ਮਾਰਗੀ ਸੜਕ ਦਾ ਕੰਮ ਸ਼ੁਰੂ ਹੋਣ ਤੋਂ ਇਲਾਵਾ, ਜ਼ੀਰਕਪੁਰ ਤੋਂ ਬਠਿੰਡਾ, ਖਰੜ-ਲੁਧਿਆਣਾ, ਅੰਮ੍ਰਿਤਸਰ-ਪਠਾਨਕੋਟ, ਜਲੰਧਰ-ਪਠਾਨਕੋਟ, ਅਤੇ ਲੁਧਿਆਣਾ-ਤਲਵੰਡੀ ਭਾਈ ਜਿਹੀਆਂ ਪ੍ਰਮੁੱਖ ਸੜਕਾਂ ਦੇ ਚਹੁੰ ਮਾਰਗੀ ਕਰਨ ਦੀ ਮੰਜੂਰੀ ਅਤੇ ਅਗਲੇ ਡੇਢ ਸਾਲ ਦੌਰਾਨ ਇਨ੍ਹਾਂ ਨੂੰ ਮੁਕੰਮਲ ਕਰਨ ਦੀ ਸਮਾਂ ਸੀਮਾ ਨਿਸਚਿਤ ਹੋਣ ਨਾਲ ਆਵਾਜਾਈ ਦੇ ਸੁਚਾਰੂ ਸੰਚਾਲਨ ਵਿਚ ਪੰਜਾਬ ਦੇਸ਼ ਦਾ ਨੰਬਰ ਇਕ ਸੂਬਾ ਬਣੇਗਾ। ਸਮੁੱਚੇ ਉਤਰੀ ਰੇਲਵੇ ਖੇਤਰ ਵਿਚ ਪਿਛਲੇ ਇਕ ਸਾਲ ਦੌਰਾਨ ਮੁਕੰਮਲ ਹੋਏ 25 ਰੇਲਵੇ ਓਵਰ/ਅੰਡਰ ਬ੍ਰਿਜਾ ਵਿਚ 17 ਅਜਿਹੇ ਪੁਲਾਂ ਦੇ ਨਿਰਮਾਣ ਨਾਲ ਪੰਜਾਬ ਨੇ ਨਵਾਂ ਇਤਿਹਾਸ ਸਿਰਜ ਦਿੱਤਾ ਹੈ। ਚਾਲੂ ਵਰ੍ਹੇ ਦੌਰਾਨ 18 ਅਜਿਹੇ ਹੋਰ ਪੁਲ ਨੇਪਰੇ ਚੜ੍ਹ ਰਹੇ ਹਨ, ਜਿਨ੍ਹਾਂ ਨੇ ਪੰਜਾਬ ਦਾ ਨਕਸ਼ਾ ਬਦਲ ਕੇ ਰੱਖ ਦੇਣਾ ਹੈ। ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ ਲਈ ਸੰਗਤ ਦੀ ਸਹੂਲਤ ਲਈ ਬਣਾਈ ਗਈ 300 ਕਰੋੜ ਰੁਪਏ ਦੀ ਲਾਗਤ ਵਾਲੀ ਐਲੀਵੇਟਿਡ ਰੋਡ ਨੇ ਗੁਰੂ ਕੀ ਨਗਰੀ ਦੀ ਪ੍ਰਵੇਸ਼ਗੀ ਨੂੰ ਚਾਰ ਚੰਨ ਲਾ ਦਿੱਤੇ ਹਨ।

ਸਾਡੇ ਨੌਜਵਾਨ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਵਲੋਂ ਅਰੰਭੇ ਗਏ ਨਿਵੇਕਲੇ ਪ੍ਰਸ਼ਾਸ਼ਕੀ ਸੁਧਾਰਾਂ ਨੇ ਪੰਜਾਬ ਅੰਦਰ ਜਨਤਕ ਸਹੂਲਤਾਂ ਵਿਚ ਇਨਕਲਾਬੀ ਸੁਧਾਰਾਂ ਦਾ ਪਿੜ ਬੰਨ੍ਹ ਦਿੱਤਾ ਹੈ। ਕਿਸਾਨਾਂ ਦੀ ਸਹੂਲਤ ਲਈ ਰਾਜ ਅੰਦਰ 154 ਕੰਪਿਊਟਰਾਈਜ਼ਡ ਫਰਦ ਕੇਂਦਰਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ ਅਤੇ ਪਟਵਾਰੀਆਂ ਦੇ ਚੁੰਗਲ 'ਚੋਂ ਕਿਸਾਨੀ ਨੂੰ ਕੱਢਣ ਵਾਲਾ ਇਹ ਮਹਾਂ ਪ੍ਰਾਜੈਕਟ ਇਸੇ ਵਰ੍ਹੇ ਦਸੰਬਰ ਮਹੀਨੇ ਤੱਕ ਨੇਪਰੇ ਚੜ੍ਹ ਰਿਹਾ ਹੈ। ਇਨ੍ਹਾਂ ਫਰਦ ਕੇਂਦਰਾਂ ਦੇ ਨਾਲ ਹੀ ਇਥੇ ਆਧੁਨਿਕ ਸੁਵਿਧਾ ਕੇਂਦਰ ਸਥਾਪਿਤ ਕਰਨ ਦਾ ਫੈਸਲਾ ਲਿਆ ਹੈ। ਸਰਕਾਰ ਵੱਲੋਂ ਇਨ੍ਹਾਂ ਸੁਵਿਧਾ ਕੇਂਦਰਾਂ ਲਈ ਗੁਜਰਾਤ ਅਤੇ ਚੰਡੀਗੜ੍ਹ ਦੇ ਸੁਵਿਧਾ ਕੇਂਦਰਾਂ ਦਾ ਬਾਰੀਕੀ ਨਾਲ ਅਧਿਐਨ ਕੀਤਾ ਜਾ ਰਿਹਾ ਹੈ। ਇਨ੍ਹਾਂ ਸੁਵਿਧਾ ਕੇਂਦਰਾਂ ਵਿਚ ਆਮ ਲੋਕਾਂ ਨੂੰ ਇੱਕ ਛੱਤ ਹੇਠਾਂ 24 ਸੇਵਾਵਾਂ ਇਕੱਠੀਆਂ ਮਿਲਣਗੀਆਂ। ਇਨ੍ਹਾਂ ਸੇਵਾਵਾਂ ਵਿਚ ਵੈਟ/ਵਿਕਰੀ ਕਰ ਆਦਿ ਜਮ੍ਹਾਂ ਕਰਵਾਉਣ, ਬੱਸ ਪਾਸ, ਸੀਨੀਅਰ ਸਿਟੀਜਨ ਕਾਰਡ, ਸਰੀਰਕ ਅੰਗਹੀਣਤਾ ਪਛਾਣ ਪੱਤਰ ਜਾਰੀ ਕਰਨ ਤੋਂ ਇਲਾਵਾ ਸ਼ਗਨ ਸਕੀਮ ਦੇ ਲਾਭਪਾਤਰੀਆਂ, ਵਿਧਵਾਵਾਂ ਅਤੇ ਅੰਗਹੀਣ ਵਿਅਕਤੀਆਂ ਨੂੰ ਉਨ੍ਹਾਂ ਦੀ ਪੈਨਸ਼ਨ ਦੀ ਅਦਾਇਗੀ, ਪਾਣੀ ਅਤੇ ਬਿਜਲੀ ਦੇ ਬਿਲ ਜਮ੍ਹਾਂ ਕਰਵਾਉਣ, ਨਹਿਰੀ ਆਬਿਆਨਾ ਭਰਨ, ਜਨਮ ਅਤੇ ਮੌਤ ਸਰਟੀਫਿਕੇਟ ਜਾਰੀ ਕਰਨ, ਕਿਰਾਏਦਾਰਾਂ ਦੇ ਨਾਂ ਦਰਜ਼ ਕਰਵਾਉਣ, ਅਸ਼ਟਾਮਾਂ ਦੀ ਵਿਕਰੀ, ਪੁੱਡਾ ਅਤੇ ਗਮਾਡਾ ਦੇ ਫਾਰਮਾਂ ਦੀ ਵਿਕਰੀ ਦੇ ਨਾਲ-ਨਾਲ ਉਹਨਾਂ ਦੇ ਫਲੈਟਾਂ/ਘਰਾਂ ਦੀ ਅਦਾਇਗੀ ਅਤੇ ਪਾਸਪੋਰਟ ਫਾਰਮ ਜਮ੍ਹਾ ਕਰਵਾਉਣ ਜਿਹੀਆਂ ਸਹੂਲਤਾਂ ਪ੍ਰਮੁੱਖ ਹੋਣਗੀਆਂ। ਇਸੇ ਤਰਜ਼ 'ਤੇ ਪੁਲਿਸ ਵਿਭਾਗ ਵੱਲੋਂ ਵੱਖ-ਵੱਖ ਸੇਵਾਵਾਂ ਸੁਚੱਜੇ ਢੰਗ ਨਾਲ ਦੇਣ ਲਈ ਪੁਲਿਸ ਸੁਵਿਧਾ ਕੇਂਦਰ ਵੀ ਸਥਾਪਿਤ ਕੀਤੇ ਜਾ ਰਹੇ ਹਨ।

ਪ੍ਰਸ਼ਾਸਨਿਕ ਸੁਧਾਰਾਂ ਦਾ ਮਤਲਬ ਸਿਰਫ਼ ਜਨਤਕ ਸਹੂਲਤਾਂ ਤੱਕ ਹੀ ਸੀਮਤ ਨਾ ਰਖਦਿਆਂ ਸਾਡੀ ਸਰਕਾਰ ਨੇ ਵੱਖ-ਵੱਖ ਵਿਭਾਗਾਂ ਖਾਸ ਕਰਕੇ ਸਿੱਖਿਆ ਅਤੇ ਪੁਲਿਸ ਵਿਭਾਗ ਅੰਦਰ ਤਰੱਕੀਆਂ ਦੀ ਖੜੋਤ ਨੂੰ ਖਤਮ ਕਰਦਿਆਂ ਇਨ੍ਹਾਂ ਵਿਭਾਗਾ ਅੰਦਰ ਨਵੀਂ ਰੂਹ ਫੂਕ ਦਿੱਤੀ ਹੈ।

ਪੰਜਾਬ ਸਰਕਾਰ ਵਲੋਂ ਰਾਜ ਦੇ ਤਿੰਨ ਪ੍ਰਮੁੱਖ ਸ਼ਹਿਰਾ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਖੇ ਆਰੰਭੀ ਗਈ ਪੁਲਿਸ ਕਮਿਸ਼ਨਰ ਵਿਵਸਥਾ ਦਾ ਸ਼ਹਿਰੀ ਲੋਕਾਂ ਵਲੋਂ ਵੱਡਾ ਸਵਾਗਤ ਹੋ ਰਿਹਾ ਹੈ ਅਤੇ ਇਸ ਨਵੇਕਲੀ ਪਹਿਲਕਦਮੀ ਨਾਲ ਪੁਲਿਸ ਅਤੇ ਆਮ ਜਨਤਾ ਦਰਮਿਆਨ ਨੇੜਲੇ ਅਤੇ ਸੁਖਾਵੇਂ ਸਬੰਧਾਂ ਵੱਲ ਵੱਡੀ ਪੁਲਾਂਘ ਪੁੱਟੀ ਗਈ ਹੈ। ਮੌਜੂਦਾ ਸਰਕਾਰ ਨੇ ਹੀ ਪੰਜਾਬ ਪੁਲਿਸ ਨੂੰ ਵੱਡਾ ਸਹਿਯੋਗ ਦੇਣ ਵਾਲੇ ਹੋਮ ਗਾਰਡਾਂ ਦੀ ਤਨਖਾਹ ਜਿਥੇ ਦੁਗਣੀ ਕੀਤੀ ਹੈ ਉਥੇ ਵੱਡੀ ਗਿਣਤੀ ਵਿਚ ਐਸ.ਪੀ.ਓਜ਼ ਨੂੰ ਪੁਲਿਸ ਫੋਰਸ ਵਿਚ ਜ਼ਜਬ ਕਰਕੇ ਇਕ ਵੱਡਾ ਉਪਰਾਲਾ ਕੀਤਾ ਹੈ।

ਕੌਮਾਂਤਰੀ ਸਰਹੱਦ ਦੇ ਨੇੜੇ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮੁੱਖ ਲਾਂਘਿਆਂ ਵਿਚੋਂ ਇੱਕ ਹੋਣ ਕਾਰਨ ਪੰਜਾਬ ਨੂੰ ਖਾਸ ਕਰ ਇਥੋਂ ਦੀ ਨੌਜਵਾਨੀ ਨੂੰ ਨਸ਼ੀਲੇ ਪਦਾਰਥਾਂ ਦੀ ਵਰਤੋਂ ਤੋਂ ਬਚਾਉਣਾ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਹੈ। ਨੌਜਵਾਨ ਪੀੜ੍ਹੀ ਨੂੰ ਇਸ ਲਾਹਨਤ ਤੋਂ ਬਚਾਉਣ ਅਤੇ ਸਿਹਤ ਸੰਭਾਲ ਵੱਲ ਉਤਸ਼ਾਹਤ ਕਰਨ ਦੇ ਆਸ਼ੇ ਨਾਲ ਸਰਕਾਰ ਨੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਦਾ ਪਹਿਲਾ ਵਿਸ਼ਵ ਕੱਪ ਕਰਵਾਇਆ। ਇਸ ਪਲੇਠੇ ਵਿਸ਼ਵ ਕੱਪ ਨੂੰ ਮਿਲੇ ਹੈਰਾਨੀਜਨਕ ਹੁੰਗਾਰੇ ਨਾਲ ਜਿਥੇ ਲਗਭੱਗ ਅੱਠ ਦਿਨਾਂ ਤੱਕ ਦੁਨੀਆਂ ਦੇ ਕੋਨੇ-ਕੋਨੇ ਵਿਚ ਵਸਦੇ ਪੰਜਾਬੀਆਂ ਨੇ ਵਿਸ਼ਵ ਦੇ ਚੋਟੀ ਦੇ ਕਬੱਡੀ ਖਿਡਾਰੀਆਂ ਦੇ ਹੁਨਰ ਨੂੰ ਸਿੱਧੇ ਪ੍ਰਸਾਰਨ ਨਾਲ ਦੇਖਿਆ ਉਥੇ ਇਹ ਧਾਰਨਾ ਵੀ ਖਤਮ ਹੋ ਗਈ ਹੈ ਕਿ ਮੌਜੂਦਾ ਯੁੱਗ ਵਿਚ ਕ੍ਰਿਕਟ ਜਾਂ ਟੈਨਿਸ ਦਾ ਕੋਈ ਬਦਲ ਨਹੀਂ ਹੈ। ਅਗਲੇ ਵਿਸ਼ਵ ਕੱਪ ਨੂੰ ਸਪਾਂਸਰ ਕਰਨ ਲਈ ਹੁਣ ਤੋਂ ਹੀ ਦੇਸ਼ ਦੇ ਕਈ ਵੱਡੇ ਸਨਅਤੀ ਘਰਾਣਿਆਂ ਨੇ ਰਾਜ ਸਰਕਾਰ ਤੱਕ ਪਹੁੰਚ ਕਰਨੀ ਸ਼ੁਰੂ ਕਰ ਦਿੱਤੀ ਹੈ। ਸਾਡਾ ਇਹ ਮਿਸ਼ਨ ਹੈ ਕਿ ਸਾਡੀ ਨੌਜਵਾਨੀ ਨੂੰ ਹਰ ਹਾਲਤ ਵਿਚ ਨਸ਼ਿਆਂ ਤੋਂ ਬਚਾ ਕੇ ਸਿਹਤਮੰਦ ਜੀਵਨ ਜਿਉਣ ਲਈ ਤਿਆਰ ਕੀਤਾ ਜਾ ਸਕੇ। ਰਵਾਇਤੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਨਵੀਂ ਖੇਡ ਨੀਤੀ ਨੂੰ ਵੀ ਅੰਤਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ।

ਸਾਡੀ ਸਰਕਾਰ ਮੁੱਢ ਤੋਂ ਹੀ ਪਰਵਾਸੀ ਵੀਰਾਂ ਨੂੰ ਰਾਜ ਦੀ ਵਿਕਾਸ ਪ੍ਰਕ੍ਰਿਆ ਵਿਚ ਵੱਧ ਚੜ੍ਹ ਕੇ ਸ਼ਾਮਲ ਕਰਨ ਦੀ ਮੁਦਈ ਰਹੀ ਹੈ। ਅਸੀਂ ਪਰਵਾਸੀ ਭਾਰਤੀਆਂ ਦੀ ਸਹੂਲਤ ਲਈ ਰਾਜ ਪੱਧਰੀ ਪ੍ਰਵਾਸੀ ਭਾਰਤੀ ਕਮਿਸ਼ਨ ਦਾ ਗਠਨ ਕਰ ਰਹੇ ਹਾਂ। ਪ੍ਰਵਾਸੀ ਭਾਰਤੀਆਂ ਦੀ ਜਾਇਦਾਦਾਂ 'ਤੇ ਹੁੰਦੇ ਕਬਜ਼ਿਆਂ ਨੂੰ ਖਤਮ ਕਰਨ ਲਈ ਈਸਟ ਪੰਜਾਬ ਰੈਂਟ ਐਕਟ ਵਿਚ ਲੋੜੀਂਦੀ ਸੋਧ ਪਹਿਲਾਂ ਹੀ ਕਰ ਦਿੱਤੀ ਹੈ। ਪ੍ਰਵਾਸੀ ਭਾਰਤੀਆਂ ਦੀ ਵੱਡੀ ਗਿਣਤੀ ਵਾਲੇ ਛੇ ਜਿਲ੍ਹਿਆਂ ਅੰਦਰ ਵਿਸ਼ੇਸ਼ ਐਨ.ਆਰ.ਆਈ ਪੁਲਿਸ ਥਾਣੇ ਸਥਾਪਤ ਕੀਤੇ ਗਏ ਹਨ ਅਤੇ ਕਿਸੇ ਵੀ ਪ੍ਰਵਾਸੀ ਭਾਰਤੀ ਵਿਰੁੱਧ ਕੋਈ ਮਾਮਲਾ ਦਰਜ਼ ਕਰਨ ਤੋਂ ਪਹਿਲਾਂ ਘੱਟੋ ਘੱਟ ਡੀ.ਐਸ.ਪੀ. ਪੱਧਰ ਦੇ ਅਧਿਕਾਰੀ ਤੋਂ ਮਾਮਲੇ ਦੀ ਜਾਂਚ ਨੂੰ ਲਾਜ਼ਮੀ ਬਣਾਇਆ ਗਿਆ ਹੈ। ਹਰ ਜਿਲ੍ਹੇ ਅੰਦਰ ਪ੍ਰਵਾਸੀ ਭਾਰਤੀਆਂ ਲਈ ਵੱਖਰੀਆਂ ਮਾਲ ਅਦਾਲਤਾਂ ਤੋਂ ਇਲਾਵਾ ਜਲੰਧਰ ਜ਼ਿਲ੍ਹੇ ਅੰਦਰ ਇਕ ਵਿਸ਼ੇਸ਼ ਸਿਵਲ ਅਦਾਲਤ ਵੀ ਕਾਇਮ ਕੀਤੀ ਗਈ ਹੈ।

ਅਕਸਰ ਵਿਰੋਧੀਆਂ ਵਲੋਂ ਸ਼੍ਰੋਮਣੀ ਅਕਾਲੀ ਦਲ ਤੇ ਮਹਿਜ ਕਿਸਾਨ ਪੱਖੀ ਸਰਕਾਰ ਦੇਣ ਦਾ ਲਾਇਆ ਜਾਂਦਾ ਦੋਸ਼ ਇਸ ਵਾਰ ਕਾਰਗਰ ਨਹੀਂ ਸਿੱਧ ਹੋ ਰਿਹਾ। ਅਕਾਲੀ ਦਲ-ਭਾਜਪਾ ਸਰਕਾਰ ਨੇ ਵੱਡੇ ਸ਼ਹਿਰਾਂ ਹੀ ਨਹੀਂ ਬਲਕਿ ਕਸਬਿਆਂ ਅੰਦਰ ਵੀ ਪੀਣ ਵਾਲੇ ਪਾਣੀ ਅਤੇ ਸੀਵਰੇਜ਼ ਦੀ ਸੁਚੱਜੀ ਵਿਵਸਥਾ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ। ਵੱਡੇ ਸ਼ਹਿਰਾਂ ਅੰਦਰ ਕੂੜੇ ਦੇ ਨਿਪਟਾਰੇ ਲਈ ਠੋਸ ਰਹਿੰਦ-ਖੂੰਹਦ ਮੈਨੇਜਮੈਂਟ ਪਲਾਂਟ ਲਾਏ ਜਾ ਰਹੇ ਹਨ। ਸਾਰੇ ਪੰਜ ਪ੍ਰਮੁੱਖ ਸ਼ਹਿਰਾਂ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਪਟਿਆਲਾ ਅਤੇ ਬਠਿੰਡਾ ਵਿਖੇ ਸਿਟੀ ਬੱਸ ਸਰਵਿਸ ਸ਼ੁਰੂ ਕੀਤੀ ਜਾ ਰਹੀ ਹੈ ਜਦੋਂ ਕਿ ਰਾਜ ਸਰਕਾਰ ਵਲੋਂ ਸਿਰਫ 15 ਫੀਸਦੀ ਵੱਧ ਕਿਰਾਏ ਤੇ ਚਲਾਈਆਂ ਗਈਆਂ ਨਵੀਆਂ ਏਅਰ ਕੰਡੀਸ਼ਨਡ ਬੱਸਾਂ ਨੇ ਰਾਜ ਅੰਦਰ ਸੁਖਦ ਬੱਸ ਸਫਰ ਦਾ ਨਵਾਂ ਅਧਿਆਇ ਸ਼ੁਰੂ ਕੀਤਾ ਹੈ।

ਭੂਗੋਲਿਕ ਤੌਰ 'ਤੇ ਪੰਜਾਬ ਕਿਸੇ ਬੰਦਰਗਾਹ ਨਾਲ ਜੁੜਿਆ ਨਾ ਹੋਣ ਕਾਰਨ ਅਤੇ ਪਾਕਿਸਤਾਨ ਨਾਲ 550 ਕਿਲੋਮੀਟਰ ਲੰਬੀ ਸਰਹੱਦ ਕਾਰਨ ਵੱਡੇ ਸਨਅਤਕਾਰਾਂ ਲਈ ਨਿਵੇਸ਼ ਦਾ ਪਸੰਦੀਦਾ ਸਥਾਨ ਨਹੀਂ ਬਣ ਸਕਿਆ ਪ੍ਰੰਤੂ ਸਾਡੇ ਨੌਜਵਾਨ ਉਪ ਮੁੱਖ ਮੰਤਰੀ ਦੀ ਅਗਾਂਹਵਧੂ ਸੋਚ ਸਦਕਾ ਦੇਸ਼ ਦੇ ਮਹਿਜ਼ 1.3 ਫੀਸਦੀ ਰਕਬੇ ਵਾਲਾ ਸਾਡਾ ਸਰਹੱਦੀ ਰਾਜ ਤਿੰਨ ਕੌਮਾਂਤਰੀ ਹਵਾਈ ਅੱਡਿਆਂ ਦੀ ਸਥਾਪਨਾ ਨਾਲ ਨਵਾਂ ਇਤਿਹਾਸ ਸਿਰਜਣ ਵੱਲ ਵੱਧ ਰਿਹਾ ਹੈ। ਅੰਮ੍ਰਿਤਸਰ ਤੋਂ ਬਾਅਦ ਅਗਲੇ ਛੇ ਮਹੀਨਿਆਂ ਦੌਰਾਨ ਮੁਹਾਲੀ ਏਅਰਪੋਰਟ ਸ਼ੁਰੂ ਹੋ ਜਾਵੇਗਾ ਜਦੋਂ ਕਿ ਮਾਛੀਵਾੜਾ ਵਿਖੇ ਮਨਜੂਰ ਹੋਏ ਗਰੀਨ ਫੀਲਡ ਕੌਮਾਂਤਰੀ ਏਅਰਪੋਰਟ ਦੀ ਸਥਾਪਨਾ ਲਈ ਲੋੜੀਂਦੀ ਜ਼ਮੀਨ ਹਾਸਿਲ ਕਰਨ ਦੀ ਪ੍ਰਕ੍ਰਿਆ ਵੀ ਛੇਤੀ ਹੀ ਸ਼ੁਰੂ ਹੋ ਰਹੀ ਹੈ। ਉਤਰ ਪ੍ਰਦੇਸ਼, ਬਿਹਾਰ, ਗੁਜਰਾਤ ਅਤੇ ਮੱਧ ਪ੍ਰਦੇਸ਼ ਜਿਹੇ ਪੰਜਾਬ ਤੋਂ ਕਈ ਗੁਣਾ ਵੱਡੇ ਰਾਜਾਂ ਅੰਦਰ ਵੀ ਇਕ ਤੋਂ ਵੱਧ ਕੌਮਾਂਤਰੀ ਹਵਾਈ ਅੱਡਾ ਨਹੀਂ ਹੈ। ਪਾਠਕਾਂ ਦੀ ਜਾਣਕਾਰੀ ਲਈ ਦੇਸ਼ ਦੇ ਕੁਲ 13 ਕੌਮਾਂਤਰੀ ਹਵਾਈ ਅੱਡਿਆਂ 'ਚੋ 3 ਹਵਾਈ ਅੱਡਿਆਂ ਦੀ ਸਥਾਪਨਾ ਨਾਲ ਪੰਜਾਬ ਕੌਮਾਂਤਰੀ ਹਵਾਈ ਨਕਸ਼ੇ 'ਤੇ ਤੇਜੀ ਨਾਲ ਉਭਰ ਕੇ ਆ ਰਿਹਾ ਹੈ। ਇਨ੍ਹਾਂ ਕੌਮਾਂਤਰੀ ਹਵਾਈ ਅੱਡਿਆਂ ਦਾ ਦੇਸ਼ ਵਿਦੇਸ਼ ਤੇ ਵੱਡੇ ਸਨਅਤੀ ਘਰਾਣਿਆਂ ਤੋ ਇਲਾਵਾ ਦੁਨੀਆਂ ਦੇ ਕੋਨੇ-ਕੋਨੇ ਵਿਚ ਵੱਸਦੇ ਲੱਖਾਂ ਪੰਜਾਬੀਆਂ ਨੂੰ ਆਪਣੀ ਜਨਮ ਭੂਮੀ ਤੇ ਆਉਣ ਸਮੇਂ ਵੱਡਾ ਫਾਇਦਾ ਹੋਵੇਗਾ। ਇਸ ਤੋਂ ਇਲਾਵਾ ਲੁਧਿਆਣਾ ਅਤੇ ਪਠਾਨਕੋਟ ਤੋਂ ਘਰੇਲੂ ਉਡਾਨਾਂ ਸ਼ੁਰੂ ਹੋ ਚੁੱਕੀਆਂ ਹਨ ਅਤੇ ਬਠਿੰਡਾ ਤੋਂ ਅਗਲੇ ਛੇ ਮਹੀਨਿਆਂ ਦੌਰਾਨ ਘਰੇਲੂ ਹਵਾਈ ਸੇਵਾ ਸ਼ੁਰੂ ਹੋਣ ਜਾ ਰਹੀ ਹੈ।

ਮੈਨੂੰ ਇਸ ਗੱਲ ਦਾ ਵੀ ਮਾਣ ਮਹਿਸੂਸ ਹੋ ਰਿਹਾ ਹੈ ਕਿ ਜਿਨ੍ਹਾਂ ਕਿਸਾਨਾਂ ਦੀ ਜ਼ਮੀਨ ਇਕਵਾਇਰ ਹੁੰਦੀ ਹੈ, ਉਨ੍ਹਾਂ ਨੂੰ ਮੌਜੂਦਾ ਭਾਅ ਹੀ ਨਹੀਂ ਬਲਕਿ ਉਸ ਤੋਂ ਕਿਤੇ ਵੱਧ ਮੁਆਵਜ਼ਾ ਦੇ ਕੇ ਉਨ੍ਹਾਂ ਨੂੰ ਸ਼ਹਿਰੀਕਰਨ ਵਾਲੀਆਂ ਥਾਵਾਂ 'ਤੇ ਜ਼ਮੀਨ ਪੂਲਿੰਗ ਦੀ ਸਹੂਲਤ ਦੇ ਕੇ ਵਿਕਾਸ ਵਿਚ ਸਹੀ ਮਾਅਨਿਆਂ ਵਿਚ ਭਾਈਵਾਲ ਬਣਾਇਆ ਜਾ ਰਿਹਾ ਹੈ।

ਅਕਾਲੀ ਦਲ-ਭਾਜਪਾ ਸਰਕਾਰ ਨੇ ਸਾਡੇ ਮਹਾਨ ਭਗਤਾਂ ਅਤੇ ਇਤਿਹਾਸ ਦੇ ਭੁੱਲੇ ਵਿਸਰੇ ਨਾਇਕਾਂ ਦੇ ਯਾਦਗਾਰੀ ਦਿਹਾੜੇ ਮਨਾਉਣ ਦਾ ਸਿਲਸਿਲਾ ਆਰੰਭ ਕੀਤਾ ਹੈ। ਫਰਵਰੀ ਮਹੀਨੇ ਵਿਚ ਗੁਰਦਾਸਪੁਰ ਵਿਖੇ ਮਹਾਨ ਸ਼ਹੀਦ ਭਾਈ ਮੋਤੀ ਰਾਮ ਜੀ ਮਹਿਰਾ ਯਾਦਗਾਰੀ ਸਮਾਗਮ ਰਾਜ ਪੱਧਰ 'ਤੇ ਕੀਤਾ ਗਿਆ। ਇਸੇ ਤਰ੍ਹਾਂ ਪਿਛਲੇ ਦਿਨੀ ਪਟਿਆਲਾ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਵੀ ਰਾਜ ਪੱਧਰੀ ਸਮਾਗਮ ਦੇ ਰੂਪ ਵਿਚ ਮਨਾਇਆ ਗਿਆ। ਸਾਡਾ ਇਹ ਭਰਪੂਰ ਯਤਨ ਰਹੇਗਾ ਕਿ ਅਜਿਹੀਆਂ ਹੋਰ ਮਹਾਨ ਸ਼ਖਸੀਅਤਾਂ ਨੂੰ ਵੀ ਯਾਦ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਸਾਡੇ ਕੁਰਬਾਨੀਆਂ ਦੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂ ਕਰਵਾਈਏ।

ਮੇਰਾ ਇਹ ਲੇਖ ਲਿਖਣ ਦਾ ਮਕਸਦ ਇਹ ਹੈ ਕਿ ਸਾਡੀ ਸਰਕਾਰ ਵਲੋਂ ਰਾਜ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਅਤੇ ਵਚਨਬੱਧਤਾ ਤੋਂ ਸਮੂਹ ਪੰਜਾਬੀਆਂ ਨੂੰ ਜਾਣੂ ਕਰਵਾਇਆ ਜਾਵੇ। ਪਿਛਲੀਆਂ ਸਰਕਾਰਾਂ ਵਲੋਂ ਕੀਤੇ ਗਏ ਕੰਮਾਂ ਨਾਲ ਮੌਜੂਦਾ ਸਰਕਾਰ ਵਲੋਂ ਆਰੰਭੇ ਹੀ ਨਹੀਂ ਬਲਕਿ ਰਿਕਾਰਡ ਸਮੇਂ ਵਿਚ ਮੁਕੰਮਲ ਕੀਤੇ ਗਏ ਪ੍ਰਾਜੈਕਟਾਂ ਦੇ ਤੁਲਨਾਤਮਕ ਅਧਿਐਨ ਦੀ ਜ਼ਿੰਮੇਵਾਰੀ ਹੁਣ ਪੰਜਾਬ ਦੇ ਸੂਝਵਾਨ ਅਤੇ ਜਾਗਰੂਕ ਲੋਕਾਂ 'ਤੇ ਆਇਦ ਹੁੰਦੀ ਹੈ।

**ਸੂਚਨਾ ਤੇ ਲੋਕ ਸੰਪਰਕ ਮੰਤਰੀ, ਪੰਜਾਬ।*

# ਸੁਸਤੀ ਅਤੇ ਚਮਚਾਗਿਰੀ ਛੱਡ ਕੇ ਕੰਮ ਕਰੋ- ਮਨਪ੍ਰੀਤ

**ਚੰਡੀਗੜ੍ਹ :** ਬੀਤੀ 9 ਜੂਨ ਨੂੰ ਪੰਜਾਬ ਦੇ 20 ਜ਼ਿਲ੍ਹਿਆਂ ਤੋਂ ਆਏ ਜ਼ਿਲ੍ਹਾ ਯੋਜਨਾ ਬੋਰਡਾਂ ਦੇ ਚੇਅਰਮੈਨਾਂ ਅਤੇ ਡਿਪਟੀ ਕਮਿਸ਼ਨਰਾਂ ਨੇ ਇਥੇ ਸਮਾਪਤ ਹੋਈ ਦੋ ਦਿਨਾ ਕਾਨਫ਼ਰੰਸ ਵਿਚ ਅਪਣੇ ਸੀਨੀਅਰ ਅਧਿਕਾਰੀਆਂ ਅਤੇ ਮੰਤਰੀਆਂ ਦੀ ਨਿਗਰਾਨੀ ਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਦਿਹਾਤੀ ਤੇ ਸ਼ਹਿਰੀ ਮੁੱਦਿਆਂ ਸਮੇਤ ਆ ਰਹੀਆਂ ਔਕੜਾਂ 'ਤੇ ਵਿਚਾਰ ਕੀਤਾ। ਇਨ੍ਹਾਂ ਮੁੱਦਿਆਂ 'ਚ ਸਿਆਸੀ ਨੇਤਾਵਾਂ ਵਲੋਂ ਕੀਤੀ ਜਾ ਰਹੀ ਧੱਕੇਸ਼ਾਹੀ, ਗ਼ੈਰ ਨਿਯਮੀ ਫ਼ੈਸਲੇ, ਵਿਕਾਸ ਕੰਮਾਂ ਨੂੰ ਨੇਪਰੇ ਚਾੜ੍ਹਨ 'ਚ ਰੁਕਾਵਟਾਂ, ਫ਼ੰਡਾਂ ਦੀ ਕਮੀ ਅਤੇ ਸ਼ਰੇਆਮ ਠੇਕੇਦਾਰੀ ਸਿਸਟਮ ਵਿਚ ਭ੍ਰਿਸ਼ਟਾਚਾਰ ਤੇ ਕਮਿਸ਼ਨ ਬਾਰੇ ਖੁਲ੍ਹ ਕੇ ਬਹਿਸ ਹੋਈ ਅਤੇ ਸੁਲਝੇ ਤਰੀਕੇ ਨਾਲ ਨੋਕ-ਝੋਕ ਵੀ ਹੋਈ। ਇਕ ਦਿਨ ਪਹਿਲਾਂ ਸੈਕਟਰ 26 ਦੇ ਗਾਂਧੀ ਇੰਸਟੀਚਿਊਟ ਵਿਚ ਇਸ ਦੋ ਦਿਨਾ ਕਾਨਫ਼ਰੰਸ ਦਾ ਉਦਘਾਟਨ



ਖ਼ਜ਼ਾਨਾ ਮੰਤਰੀ ਨੇ ਕੀਤਾ ਸੀ ਅਤੇ 9 ਜੂਨ ਨੂੰ ਰਸਮੀ ਤੌਰ 'ਤੇ ਸਮਾਪਤੀ ਭਾਸ਼ਨ ਵੀ ਸ. ਮਨਪ੍ਰੀਤ ਸਿੰਘ ਬਾਦਲ ਦਾ ਹੀ ਸੀ। ਉਨ੍ਹਾਂ ਐਲਾਨ ਕੀਤਾ ਕਿ ਵਿਕਾਸ ਸਕੀਮਾਂ ਵਾਸਤੇ ਅਨਟਾਈਡ ਫ਼ੰਡ ਦੁਗਣੇ ਕਰ ਦਿਤੇ ਜਾਣਗੇ, ਕਾਨਫ਼ਰੰਸ ਸਾਲ 'ਚ ਦੋ ਵਾਰੀ ਭਾਵ ਜੂਨ ਤੇ ਦਸੰਬਰ ਵਿਚ ਜ਼ਰੂਰ ਹੋਵੇਗੀ ਅਤੇ ਜ਼ਿਲ੍ਹਾ ਯੋਜਨਾ ਬੋਰਡਾਂ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਪੜਚੋਲ ਵਾਸਤੇ ਇਕ ਨਿਯਮਾਂਵਲੀ ਕਿਤਾਬਚਾ ਬਣਾਇਆ ਜਾਵੇਗਾ। ਖ਼ਜ਼ਾਨਾ ਮੰਤਰੀ ਨੇ ਜ਼ੋਰ ਦੇ ਕੇ ਆਖਿਆ ਕਿ ਪੰਜਾਬ ਵਾਸਤੇ ਅਪਣੀ ਸੋਚ ਵਿਚ ਚੁਸਤੀ ਲਿਆਉ ਅਤੇ ਸੁਸਤੀ ਤੇ ਚਮਚਾਗਿਰੀ ਛੱਡ ਕੇ ਅਧਿਕਾਰੀਆਂ, ਕਰਮਚਾਰੀਆਂ ਅਤੇ ਸਾਰੀ ਕੌਮ ਨੂੰ ਪੰਜਾਬ ਤੇ ਦੇਸ਼ ਵਾਸਤੇ ਕੰਮ ਵਿਚ ਮਗਨ ਹੋ ਜਾਣਾ ਚਾਹੀਦਾ ਹੈ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਇਸ ਸਮਾਪਤੀ ਸਮਾਰੋਹ 'ਚ ਨਾ ਪਹੁੰਚ ਸਕੇ। ਖ਼ਜ਼ਾਨਾ ਮੰਤਰੀ ਨੇ ਦਸਿਆ ਕਿ 22 ਜੂਨ ਨੂੰ ਇਸ ਮੁੱਦੇ 'ਤੇ ਅਪਣੇ ਮਾਹਰ ਵਿਚਾਰ ਦੇਣ ਵਾਸਤੇ ਪ੍ਰਜਾਪਤੀ ਤ੍ਰਿਵੇਦੀ ਕੇਂਦਰ ਵਲੋਂ ਆ ਰਹੇ ਹਨ ਜੋ ਸਿਆਸਤਦਾਨਾਂ ਭਾਵ ਮੰਤਰੀਆਂ ਸਮੇਤ ਪੰਜਾਬ ਦੇ ਜ਼ਿਲ੍ਹਾ ਅਤੇ ਹੋਰ ਅਧਿਕਾਰੀਆਂ ਨੂੰ ਵੀ ਸੰਬੋਧਨ ਕਰਨਗੇ ਤਾਂ ਕਿ ਸੂਬੇ ਅੰਦਰ ਵਿਕਾਸ ਸਕੀਮਾਂ ਦੀ ਚਾਲ ਮੱਠੀ ਨਾ ਪਵੇ। ਇਸ ਦੋ ਦਿਨਾ ਕਾਨਫ਼ਰੰਸ ਵਿਚ ਕਪੂਰਥਲਾ, ਤਰਨ ਤਾਰਨ, ਗੁਰਦਾਸਪੁਰ, ਫ਼ਰੀਦਕੋਟ, ਨਵਾਂਸ਼ਹਿਰ, ਲੁਧਿਆਣਾ ਤੋਂ ਖ਼ੁਦ ਡਿਪਟੀ ਕਮਿਸ਼ਨਰ ਪਹੁੰਚੇ ਸਨ ਜਦਕਿ ਬਾਕੀ ਜ਼ਿਲ੍ਹਿਆਂ ਤੋਂ ਏ.ਡੀ.ਸੀ. ਜਾਂ ਨੁਮਾਇੰਦੇ ਹਾਜ਼ਰ ਸਨ ਜਿਨ੍ਹਾਂ ਨੇ ਖੁਲ੍ਹ ਕੇ ਹਰ ਮੁੱਦੇ ਉਤੇ ਬਹਿਸ ਕੀਤੀ ਅਤੇ ਪੁਖ਼ਤਾ ਸੁਝਾਅ ਵੀ ਦਿਤੇ।

# ਐਂਡਰਸਨ ਹੁਣ ਮਿਲ ਵੀ ਜਾਵੇ ਤਾਂ ਭਾਰਤ ਉਸ ਦਾ ਕੀ ਕਰੇਗਾ?

-ਜਤਿੰਦਰ ਪਨੂੰ

ਭਾਰਤ ਦੀ ਆਜ਼ਾਦੀ ਅਤੇ ਪਾਕਿਸਤਾਨ ਦੇ ਹੋਂਦ ਵਿਚ ਆਉਣ ਦੀ ਘੜੀ ਛੱਡ ਦਿੱਤੀ ਜਾਵੇ, ਜਿਸ ਵਿਚ ਦੋਵਾਂ ਪਾਸਿਆਂ ਦੇ ਪੰਜ ਲੱਖ ਤੋਂ ਵੱਧ ਲੋਕ ਮਾਰੇ ਗਏ ਸਨ ਤਾਂ ਭੋਪਾਲ ਦਾ ਗੈਸ ਕਾਂਡ ਪਿਛਲੀ ਸਦੀ ਦਾ ਭਾਰਤ ਦਾ ਸਭ ਤੋਂ ਵੱਡਾ ਦੁਖਾਂਤ ਸੀ। ਪਹਿਲੇ ਚੌਵੀ ਘੰਟਿਆਂ ਵਿਚ ਤਿੰਨ ਹਜ਼ਾਰ ਲੋਕ ਮੌਤ ਦੇ ਮੂੰਹ ਪੈ ਗਏ ਸਨ ਤੇ ਅਗਲੇ ਇਕ ਹਫਤੇ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਸਰਕਾਰੀ ਅਤੇ ਗੈਰ-ਸਰਕਾਰੀ ਅੰਕੜਿਆਂ ਵਿਚ ਪੰਦਰਾਂ ਹਜ਼ਾਰ ਤੋਂ ਪੰਝੀ ਹਜ਼ਾਰ ਵਿਚਾਲੇ ਝੂਲਦੀ ਹੈ। ਸਾਢੇ ਪੰਝੀ ਸਾਲ ਲੰਘ ਗਏ, ਹਾਲੇ ਤਕ ਮੁਕੰਮਲ ਗਿਣਤੀ ਵੀ ਪਤਾ ਨਹੀਂ ਲੱਗੀ। ਜਿਹੜੇ ਮਰਨ ਤੋਂ ਬਚ ਗਏ, ਉਹ ਵਿਚਾਰੇ ਨਾ ਜਿਉਂਦਿਆਂ ਵਿਚ ਹਨ, ਨਾ ਮਰ ਗਿਆਂ ਵਿਚ। ਕਿਸੇ ਦੇ ਡੇਲੇ ਬਾਹਰ ਨਿਕਲ ਆਏ ਹਨ, ਕਿਸੇ ਦੀਆਂ ਲੱਤਾਂ-ਬਾਹਾਂ ਵਿੰਗ-ਤੜਿੰਗੀਆਂ ਹੋ ਗਈਆਂ ਹਨ। ਕਈ ਹੋਰ ਇਹੋ ਜਿਹੇ ਹਨ, ਜਿਨ੍ਹਾਂ ਦੇ ਘਰੀਂ ਅਗਲੀ ਪੀੜ੍ਹੀ ਸਰੀਰਕ ਵਿਗਾੜ ਲੈ ਕੇ ਦੁਨੀਆ ਉਤੇ ਆਈ ਹੈ ਤੇ ਪੀੜਤਾਂ ਦੇ ਮੁੜ-ਵਸੇਬੇ ਦੇ ਲਾਰੇ ਕਦੇ ਕਿਸੇ ਵੀ ਪਾਰਟੀ ਦੀ ਸਰਕਾਰ ਨੇ ਸਿਰੇ ਨਹੀਂ ਚਾੜ੍ਹੇ।

ਇਹ ਦੁਖਾਂਤ ਅਮਰੀਕੀ ਕੰਪਨੀ ਯੂਨੀਅਨ ਕਾਰਬਾਈਡ ਦੀ ਭਾਰਤੀ ਬਰਾਂਚ 'ਯੂਨੀਅਨ ਕਾਰਬਾਈਡ ਇੰਡੀਆ' ਦੇ ਕੀੜੇ-ਮਾਰ ਦਵਾਈਆਂ ਦੇ ਕਾਰਖਾਨੇ ਵਿਚੋਂ ਨਿਕਲੀ ਮਿਥਾਈਲ ਆਈਸੋਸਾਇਨੇਟ ਨਾਂ ਦੀ ਗੈਸ ਨੇ ਪੱਲੇ ਪਾਇਆ ਸੀ। ਆਮ ਗੈਸਾਂ ਹੌਲੀਆਂ ਹੋਣ ਕਾਰਨ ਉਪਰ ਉਡ ਜਾਂਦੀਆਂ ਹਨ, ਪਰ ਇਹ ਭਾਰੀ ਹੋਣ ਕਰ ਕੇ ਹੇਠਾਂ ਵਿਛਦੀ ਗਈ। ਜਿਧਰ ਨੂੰ ਇਹ ਖਿਸਕਦੀ ਗਈ, ਲੋਕ ਮਰਦੇ ਗਏ। ਸਿਰਫ ਲੋਕ ਮਰੇ ਸਨ, ਕਾਰਖਾਨੇ ਦੀ ਮੈਨੇਜਮੈਂਟ ਆਪ ਬਚੀ ਰਹੀ ਸੀ।

ਸਾਢੇ ਪੰਝੀ ਸਾਲ ਬਾਅਦ ਇਸ ਦੇ ਮੁਕੱਦਮੇ ਦਾ ਨਿਪਟਾਰਾ ਹੋਇਆ ਹੈ। ਮੁਕੱਦਮੇ ਦਾ ਮੁਖ ਦੋਸ਼ੀ ਵਾਰਨ ਐਂਡਰਸਨ ਅਮਰੀਕੀ ਨਾਗਰਿਕ ਹੈ ਤੇ ਉਹ ਭਗੌੜਾ ਐਲਾਨਿਆ ਹੋਣ ਕਾਰਨ ਉਸ ਵਿਰੁਧ ਕੋਈ ਹੁਕਮ-ਜਾਰੀ ਨਹੀਂ ਕੀਤਾ ਗਿਆ। ਬਾਕੀ ਸੱਤ ਜਣੇ, ਸਾਰੇ ਦੇ ਸਾਰੇ ਭਾਰਤੀ, ਵੱਡੇ ਘਰਾਣਿਆਂ ਨਾਲ ਜੁੜੇ ਹੋਏ ਹਨ ਅਤੇ ਉਨ੍ਹਾਂ ਨੂੰ ਮੁਕੱਦਮੇ ਲਈ ਮਿਥੀ ਗਈ ਮਾਮੂਲੀ ਜਿਹੀ ਧਾਰਾ ਅਧੀਨ ਬਣਦੀ ਸਜ਼ਾ ਦੋ-ਦੋ ਸਾਲ ਕੈਦ ਸੁਣਾਈ ਗਈ ਹੈ। ਸਜ਼ਾ ਨੂੰ ਉਹ ਹੁਣ ਹਾਈ ਕੋਰਟ ਵਿਚ ਚੁਣੌਤੀ ਦੇ ਸਕਦੇ ਹਨ, ਇਸ ਕਰ ਕੇ ਉਨ੍ਹਾਂ ਨੂੰ ਕੁਝ ਹੀ ਮਿੰਟਾਂ ਪਿੱਛੋਂ ਮਾਮੂਲੀ ਜਿਹੀ ਰਕਮ ਦੇ ਬਾਂਡ ਭਰ ਕੇ ਜ਼ਮਾਨਤ ਵੀ ਮਿਲ ਗਈ। ਕਾਨੂੰਨ ਵੱਡੇ ਲੋਕਾਂ ਦਾ ਖਿਦਮਤਗਾਰ ਸਾਬਤ ਹੋ ਕੇ ਰਹਿ ਗਿਆ। ਹੁਣ ਜਦੋਂ ਕੁਝ ਹੋਰ ਹੋ ਸਕਣ ਦੀਆਂ ਉਮੀਦਾਂ ਖਤਮ ਹੋ ਚੁਕੀਆਂ ਜਾਪਦੀਆਂ ਹਨ, ਦੇਸ਼ ਦੀਆਂ ਦੋ ਮੁਖ ਰਾਜਸੀ ਪਾਰਟੀਆਂ ਇਸ ਦੁਖਾਂਤ ਆਸਰੇ ਰਾਜਨੀਤੀ ਕਰਨ ਲਈ ਮੀਡੀਏ ਨੂੰ ਵਰਤ ਕੇ ਇਕ ਦੂਜੀ ਨਾਲ ਦੂਸ਼ਣਬਾਜ਼ੀ ਦਾ ਦਸਤ-ਪੰਜਾ ਲੈ ਰਹੀਆਂ ਹਨ।

ਭਾਰਤ ਸਰਕਾਰ ਨੇ ਮੰਤਰੀਆਂ ਦਾ ਇਕ ਗਰੁੱਪ ਕਾਇਮ ਕੀਤਾ ਹੈ, ਜੋ ਇਸ ਮਾਮਲੇ ਦੀ ਪੁਣ-ਛਾਣ ਕਰੇਗਾ। ਤਿੰਨ-ਚਾਰ ਸਾਲ ਪਹਿਲਾਂ ਵੀ ਕੀਤਾ ਸੀ, ਪਰ ਉਸ ਵਿਚੋਂ ਨਿਕਲਿਆ ਕੁਝ ਨਹੀਂ ਸੀ। ਭਾਰਤੀ ਜਨਤਾ ਪਾਰਟੀ ਦੀ ਉਸ ਮੱਧ ਪ੍ਰਦੇਸ਼ ਵਿਚ ਸਰਕਾਰ ਹੈ, ਜਿਸ ਦੀ ਰਾਜਧਾਨੀ ਵਿਚ ਕਹਿਰ ਵਾਪਰਿਆ ਸੀ, ਤੇ ਉਨ੍ਹਾਂ ਨੇ ਵੀ ਰਾਜ ਸਰਕਾਰ ਦੇ ਮੰਤਰੀਆਂ ਦਾ ਗਰੁੱਪ ਕਾਇਮ ਕਰ ਦਿੱਤਾ ਹੈ। ਦਲੀਲ ਇਹ ਕਿ ਕਾਂਗਰਸੀ ਸਰਕਾਰਾਂ ਨੇ ਵਾਰਨ ਐਂਡਰਸਨ ਤੇ ਦੂਜੇ ਦੋਸ਼ੀਆਂ ਨੂੰ ਬਚਾਉਣ ਦਾ ਕੰਮ ਕੀਤਾ ਹੈ, ਭਾਜਪਾ ਸਾਰਾ ਸੱਚ ਸਾਹਮਣੇ ਲਿਆਏਗੀ। ਇਸੇ ਭਾਜਪਾ ਦਾ ਛੇ ਸਾਲ ਕੇਂਦਰ ਵਿਚ ਰਾਜ ਰਿਹਾ ਸੀ ਤੇ ਵੱਖ-ਵੱਖ ਗੇੜ ਮਿਲਾ ਕੇ ਇਨ੍ਹਾਂ ਪੰਝੀ ਸਾਲਾਂ ਵਿਚੋਂ ਦਸ ਕੁ ਸਾਲ ਮੱਧ ਪ੍ਰਦੇਸ਼ ਵੀ ਇਸੇ ਦੀ ਜੇਬ ਵਿਚ ਪਿਆ ਰਿਹਾ, ਸੱਚ ਸਾਹਮਣੇ ਲਿਆਉਣ ਦਾ ਇਹ ਉਪਰਾਲਾ ਭਾਜਪਾ ਨੇ ਆਪਣੇ ਰਾਜ ਦੌਰਾਨ ਕੇਂਦਰ ਵਿਚ ਜਾਂ ਮੱਧ ਪ੍ਰਦੇਸ਼ ਅੰਦਰ ਹੁਣ ਤਕ ਕਿਉਂ ਨਹੀਂ ਸੀ ਕੀਤਾ ਤੇ ਕਾਂਗਰਸ ਵੀ ਹੁਣ ਤਕ ਕੀ ਕਰਦੀ ਰਹੀ ਸੀ? ਇਹੋ ਜਿਹੀਆਂ ਗੱਲਾਂ ਦਾ ਜਵਾਬ ਦੋਵੇਂ ਪਾਸਿਓਂ ਕਦੇ ਕੋਈ ਨਹੀਂ ਦੇਂਦਾ ਹੁੰਦਾ।

ਮੁਖ ਮੁੱਦਾ ਹੁਣ ਇਸ ਬਹਿਸ ਵਿਚ ਵਾਰਨ ਐਂਡਰਸਨ ਬਣ ਚੁੱਕਾ ਹੈ, ਜਿਹੜਾ ਉਸ ਕੰਪਨੀ ਦਾ ਅਮਰੀਕੀ ਮੁਖੀ ਸੀ। ਇਕ ਵਾਰੀ ਭਾਰਤ ਆ ਕੇ ਦੌੜ ਗਿਆ ਜਾਂ ਦੌੜ ਜਾਣ ਦਿੱਤਾ ਗਿਆ ਤੇ ਫੇਰ ਹੱਥ ਨਹੀਂ ਆਇਆ। ਉਸ ਨੂੰ ਦੁਖਾਂਤ ਤੋਂ ਤੀਜੇ ਦਿਨ ਭੋਪਾਲ ਵਿਚ ਗ੍ਰਿਫਤਾਰ ਕੀਤਾ ਗਿਆ



ਵਾਰਨ ਐਂਡਰਸਨ

ਤੇ ਸਿਰਫ ਦੋ ਘੰਟੇ ਬਾਅਦ ਜ਼ਮਾਨਤ ਕਰਵਾ ਕੇ ਛੱਡ ਦਿੱਤਾ ਗਿਆ ਸੀ। ਉਹ ਸੰਸਾਰ ਪੱਧਰ ਦਾ ਪੂੰਜੀਪਤੀ ਸੀ, ਪਰ ਜ਼ਮਾਨਤ ਉਸ ਦੀ ਕਿਸੇ ਮਾਲਦਾਰ ਅਸਾਮੀ ਨੇ ਨਹੀਂ ਸੀ ਦਿੱਤੀ, ਜਿਸ ਗੈਸਟ ਹਾਊਸ ਵਿਚ ਉਸ ਨੂੰ ਗ੍ਰਿਫਤਾਰ ਕਰ ਕੇ ਰੱਖਿਆ ਗਿਆ ਸੀ, ਉਸੇ ਦਾ ਚੌਕੀਦਾਰ ਉਸ ਦਾ ਜ਼ਮਾਨਤੀ ਬਣਾ ਦਿੱਤਾ ਗਿਆ। ਵੱਡੇ ਲੋਕਾਂ ਦੇ ਕੰਮ ਏਦਾਂ ਦੇ ਹੀ ਹੁੰਦੇ ਹਨ। ਪੰਜਾਬ ਦਾ ਇਕ ਸੀਨੀਅਰ ਆਈ ਏ ਐਸ ਅਫਸਰ ਇਕ ਵਾਰੀ ਆਪਣੇ ਤੋਂ ਵੱਡੇ ਅਫਸਰ ਦੀ ਪਤਨੀ ਨਾਲ ਪੰਚਕੂਲੇ ਵਿਚ ਹਰਿਆਣੇ ਦੀ ਪੁਲਸ ਨੇ ਫੜ ਲਿਆ ਸੀ। ਚੇਤਾਵਨੀ ਦੇ ਕੇ ਛੱਡਣ ਸਮੇਂ ਉਸ ਨੂੰ ਉਸ ਦੇ ਡਰਾਈਵਰ ਦੇ 'ਸਪੁਰਦ' ਕਰਕੇ ਸਪੁਰਦਦਾਰੀ ਲਿਖਵਾਈ ਗਈ ਸੀ ਤੇ ਬਾਸ ਦੀ ਬੀਵੀ ਨੂੰ ਉਸ ਦਾ ਧੋਬੀ ਸੱਦ ਕੇ ਉਸ ਦੇ ਸਪੁਰਦ ਕੀਤਾ ਗਿਆ ਸੀ। ਵਾਰਨ ਐਂਡਰਸਨ ਤਾਂ ਗੈਸਟ ਹਾਊਸ ਦੇ ਉਸ ਚੌਕੀਦਾਰ ਨੂੰ ਪਛਾਣਦਾ ਵੀ ਨਹੀਂ ਹੋਣਾ ਤੇ ਓਦੋਂ ਵਾਲੇ ਜ਼ਿਲ੍ਹਾ ਮੈਜਿਸਟਰੇਟ ਦੇ ਦੱਸਣ ਅਨੁਸਾਰ ਚੌਕੀਦਾਰ ਦਸਖਤ ਕਰਨ ਲੱਗਾ ਡਰੀ ਜਾਂਦਾ ਸੀ, ਪਰ ਉਸ ਨੂੰ ਸਮਝਾਇਆ ਗਿਆ ਤਾਂ ਉਹ ਜ਼ਮਾਨਤ ਦੇਣੀ ਮੰਨ ਗਿਆ ਸੀ। ਮਨਾਇਆ ਕਿਸ ਨੇ, ਇਹ ਕੰਮ ਵਾਰਨ ਐਂਡਰਸਨ ਨੇ ਨਹੀਂ, ਰਾਜ ਦੀ ਸਰਕਾਰ ਦੇ ਕਾਰਿੰਦਿਆਂ ਨੇ ਖੁਦ ਕੀਤਾ ਸੀ।

ਕਾਰਿੰਦੇ ਕੀ ਕਹਿੰਦੇ ਹਨ? ਓਦੋਂ ਦਾ ਜ਼ਿਲ੍ਹਾ ਮੈਜਿਸਟਰੇਟ ਕਹੀ ਜਾ ਰਿਹਾ ਹੈ ਕਿ ਉਸ ਨੂੰ ਮੱਧ ਪ੍ਰਦੇਸ਼ ਦੇ ਮੁੱਖ ਸਕੱਤਰ ਨੇ ਕਿਹਾ ਸੀ ਕਿ ਐਂਡਰਸਨ ਨੂੰ ਛੇਤੀ ਵਿਹਲਾ ਕਰ ਕੇ ਦਿੱਲੀ ਜਾਣ ਲਈ ਹਵਾਈ ਅੱਡੇ ਪੁਜਦਾ ਕਰੋ। ਜਦੋਂ ਇਹ ਉਸ ਦੀ ਜ਼ਮਾਨਤ ਦੇ ਕਾਗਜ਼ ਭਰਵਾ ਕੇ ਹਵਾਈ ਅੱਡੇ ਪੁੱਜੇ, ਮੱਧ ਪ੍ਰਦੇਸ਼ ਸਰਕਾਰ ਦਾ ਹਵਾਈ ਜਹਾਜ਼ ਤਿਆਰ ਖੜਾ ਸੀ। ਓਦੋਂ ਵਾਲਾ ਪਾਇਲਟ ਕਹਿ ਰਿਹਾ ਹੈ ਕਿ ਉਸ ਨੂੰ ਰਾਜ ਦੇ ਹਵਾਬਾਜ਼ੀ ਦੇ ਇੰਚਾਰਜ ਅਧਿਕਾਰੀ ਨੇ ਕਿਹਾ ਸੀ ਤੇ ਉਹ ਅਗੋਂ ਇਹ ਕਹਿੰਦਾ ਹੈ ਕਿ ਉਸ ਨੂੰ ਮੁੱਖ ਮੰਤਰੀ ਦਫਤਰ ਤੋਂ ਕਿਹਾ ਗਿਆ ਸੀ। ਮੁਖ ਮੰਤਰੀ ਓਦੋਂ ਅਰਜਨ ਸਿੰਘ ਹੁੰਦਾ ਸੀ, ਜਿਹੜਾ ਹੁਣ ਚੁੱਪ ਨਹੀਂ ਤੋੜ ਰਿਹਾ। ਪਹਿਲਾਂ ਹੀ ਬੁਰੀ ਤਰ੍ਹਾਂ ਫਸ ਚੁੱਕਾ, ਉਹ ਬੰਦਾ ਹੁਣ ਚੁੱਪ ਤੋੜ ਕੇ ਹੋਰ ਪੁਆੜੇ ਨਹੀਂ ਪਾਉਣਾ ਚਾਹੁੰਦਾ, ਪਰ ਓਦੋਂ ਦਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਮੁਖ ਸਹਾਇਕ ਪੀ ਸੀ ਅਲੈਗਜ਼ੈਂਡਰ ਸਿੱਧੀ ਉਂਗਲ ਰਾਜੀਵ ਗਾਂਧੀ ਵਲ ਕਰੀ ਜਾ ਰਿਹਾ ਹੈ। ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸੀ ਤੇ ਇਹ ਹੋ ਹੀ ਨਹੀਂ ਸਕਦਾ ਕਿ ਉਹਦੀ ਹਦਾਇਤ ਜਾਂ ਘੱਟੋ ਘੱਟ ਜਾਣਕਾਰੀ, ਤੋਂ ਬਗੈਰ ਕਿਸੇ ਰਾਜ ਦਾ ਮੁਖ ਮੰਤਰੀ ਏਡਾ ਵੱਡਾ ਕਦਮ ਚੁੱਕ ਕੇ ਆਪਣਾ ਭਵਿੱਖ ਖਤਰੇ ਵਿਚ ਪਾਉਣਾ ਤੁਰ ਪਵੇ।

ਦੂਜੀ ਖਬਰ ਇਹ ਵੀ ਆ ਰਹੀ ਹੈ ਕਿ ਵਾਰਨ ਐਂਡਰਸਨ ਦਿੱਲੀ ਜਾ ਕੇ ਆਪਣੇ ਦੇਸ਼ ਅਮਰੀਕਾ ਨੂੰ ਉਡਾਰੀ ਭਰਨ ਤੋਂ ਪਹਿਲਾਂ ਮੌਕੇ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਮਿਲਿਆ ਸੀ। ਗਿਆਨੀ ਜ਼ੈਲ ਸਿੰਘ ਦਾ ਓਦੋਂ ਦਾ ਸਹਾਇਕ ਤਰਲੋਚਨ ਸਿੰਘ ਇਸ ਮਾਮਲੇ ਵਿਚ ਜਿਵੇਂ ਸ਼ਬਦਾਂ ਦਾ ਜਾਲ ਬੁਣਦਾ ਹੈ, ਉਸ ਨੂੰ ਪੜ੍ਹ ਕੇ ਵੱਡੇ ਤੋਂ ਵੱਡਾ ਵਿਦਵਾਨ ਵੀ ਇਸ ਗੱਲ ਵਿਚ ਉਲਝ ਜਾਵੇਗਾ ਕਿ ਤਰਲੋਚਨ ਸਿੰਘ ਇਸ ਮਿਲਣੀ ਤੋਂ ਇਨਕਾਰ ਕਰ ਰਿਹਾ ਹੈ ਜਾਂ ਇਸ ਦੀ ਪੁਸ਼ਟੀ ਕਰ ਰਿਹਾ ਹੈ।

ਕੀ ਇਹ ਕਮਾਲ ਦੀ ਗੱਲ ਨਹੀਂ ਕਿ ਹਥਲਾ ਲੇਖ ਅੱਧਾ ਨਿਕਲ ਜਾਣ ਤਕ ਤੁਸੀਂ ਸਿਰਫ ਵਾਰਨ ਐਂਡਰਸਨ ਬਾਰੇ ਹੀ ਪੜ੍ਹ ਰਹੇ ਹੋ, ਉਸ ਦੇ ਉਨ੍ਹਾਂ ਸੱਤ ਜੋਟੀਦਾਰਾਂ ਦਾ ਜ਼ਿਕਰ ਹੀ ਨਹੀਂ ਆਇਆ, ਜਿਹੜੇ ਅਦਾਲਤ ਨੇ ਬਾਕਾਇਦਾ ਦੋਸ਼ੀ ਗਰਦਾਨੇ ਹਨ? ਏਦਾਂ ਦੀ ਕਮਾਲ ਹੁੰਦੀ ਅਸੀਂ ਵੀ ਵੇਖੀ ਹੈ। ਸੱਤ ਜੂਨ ਨੂੰ ਅਦਾਲਤ ਦਾ ਫੈਸਲਾ ਆ ਗਿਆ, ਅੱਠ ਜੂਨ ਦੇ ਅਖ਼ਬਾਰਾਂ ਵਿਚ ਨਾਂਅ ਛਪ ਗਏ, ਪਰ ਬਾਰਾਂ ਜੂਨ ਤੱਕ ਇਕ ਵੀ ਟੀ ਵੀ ਚੈਨਲ ਨੇ ਉਨ੍ਹਾਂ ਸੱਤਾਂ ਦੋਸ਼ੀਆਂ ਬਾਰੇ ਕੋਈ ਚਰਚਾ ਹੀ ਨਹੀਂ ਛੇੜੀ, ਬਹਿਸ ਹੀ ਨਹੀਂ ਕਰਵਾਈ, ਸਿਰਫ ਵਾਰਨ ਐਂਡਰਸਨ ਦੀ ਹੀ ਚਰਚਾ ਹੁੰਦੀ ਰਹੀ ਹੈ ਕਿ ਉਹ ਆਇਆ ਕਿਵੇਂ, ਫੜਿਆ ਕਿੱਦਾਂ, ਰੱਖਿਆ ਕਿੱਥੇ, ਦੌੜਿਆ ਕਿਸ ਤਰ੍ਹਾਂ, ਦੌੜਾਇਆ ਕਿਸ ਨੇ, ਹੁਣ



ਕੇਸ਼ਬ ਮਹਿੰਦਰਾ

ਉਹ ਅਮਰੀਕਾ ਦੇ ਕਿਸ ਸਮੁੰਦਰੀ ਕੰਢੇ ਆਪਣੇ ਘਰ ਵਿਚ ਕਿਸ ਹਾਲ ਵਿਚ ਰਹਿੰਦਾ ਹੈ?

ਐਂਡਰਸਨ ਅਮਰੀਕੀ ਨਾਗਰਿਕ ਸੀ, ਇਕ ਵਾਰੀ ਦੌੜ ਜਾਣ ਪਿੱਛੋਂ ਨਾ ਉਹ ਭਾਰਤ ਨੂੰ ਮਿਲਿਆ ਹੈ, ਨਾ ਮਿਲਣਾ ਹੈ। ਮਿਲ ਵੀ ਜਾਵੇ ਤਾਂ ਉਸ ਦਾ ਕਰਾਂਗੇ ਕੀ? ਇਥੇ ਪੰਜਾਹ ਸਾਲ ਦੀ ਉਮਰ ਦਾ ਜਲੰਧਰ ਦਾ ਸਰਕਾਰੀ ਡਾਕਟਰ ਵੀ ਪੈਸੇ ਲੈਂਦਾ ਫੜਿਆ ਜਾਵੇ, ਪੰਦਰਾਂ ਮਿੰਟਾਂ ਬਾਅਦ ਬਿਮਾਰੀ ਦਾ ਬਹਾਨਾ ਲਾ ਕੇ ਹਸਪਤਾਲ ਜਾ ਪਹੁੰਚਦਾ ਹੈ, ਨੱਬੇ ਸਾਲਾਂ ਨੇੜੇ ਪੁੱਜਾ ਐਂਡਰਸਨ ਵੀ ਲਿਆ ਕੇ ਜੇਲ੍ਹ ਦੀ ਬਜਾਏ ਹਸਪਤਾਲ ਹੀ ਰੱਖਣਾ ਪੈਣਾ ਹੈ। ਬਾਬੇ ਕਹਿੰਦੇ ਹੁੰਦੇ ਸਨ ਕਿ "ਆਲੇ 'ਚ ਤੜੀਆਂ ਛੱਡ ਕੇ ਉਡਦੀਆਂ ਮਗਰ ਨਹੀਂ ਦੌੜਨਾ ਚਾਹੀਦਾ।" ਐਂਡਰਸਨ ਉਡਾਰੀ ਮਾਰ ਗਿਆ ਸੀ, ਪਰ ਭਾਰਤ ਦੇ ਕੋਲ 'ਆਲੇ ਵਿਚ ਤੜੇ ਹੋਏ' ਭਾਰਤ ਦੇ ਅੰਦਰ ਰਹਿੰਦੇ ਸੱਤ ਮਹਾਂ-ਦੋਸ਼ੀ ਸਨ, ਉਨ੍ਹਾਂ ਦਾ ਅਸੀਂ ਕੀ ਵਿਗਾੜ ਲਿਆ ਹੈ? ਕਾਨੂੰਨ ਦਾ ਮੂੰਹ ਚਿੜਾਉਂਦੇ ਉਹ ਖੁੱਲ੍ਹੇ ਤੁਰੇ ਫਿਰਦੇ ਹਨ।

ਵਾਰਨ ਐਂਡਰਸਨ ਮੁੱਖ ਦੋਸ਼ੀ ਸੀ, ਪਰ ਇਨ੍ਹਾਂ ਦਾ ਗੁਨਾਹ ਵੀ ਘੱਟ ਤਾਂ ਨਹੀਂ ਸੀ। ਉਹ ਤਾਂ ਕਦੇ-ਕਦਾਈਂ ਆਉਂਦਾ ਸੀ, ਇਹ ਰੋਜ਼ ਦਾ ਕੰਮ ਸੰਭਾਲਦੇ ਸਨ ਤੇ ਇਨ੍ਹਾਂ ਨੂੰ ਪਤਾ ਸੀ ਕਿ ਅਮਰੀਕਾ ਤੋਂ ਆਈ ਇਕ ਟੀਮ ਛੇ ਮਹੀਨੇ ਪਹਿਲਾਂ ਹੀ ਇਹ ਕਹਿ ਗਈ ਸੀ ਕਿ ਗੈਸ ਲੀਕ ਹੋ ਸਕਦੀ ਹੈ। ਭਾਰਤ ਦੇ ਇਹ ਸੱਤੇ ਨਾਗਰਿਕ ਇਨ੍ਹਾਂ ਰਿਪੋਰਟਾਂ ਪ੍ਰਤੀ ਲਾਪਰਵਾਹ ਰਹੇ। ਲਾਪਰਵਾਹੀ ਦਾ ਕਾਰਨ ਵੀ ਖਾਸ ਸੀ। ਯੂਨੀਅਨ ਕਾਰਬਾਈਡ ਕੰਪਨੀ ਨੇ ਭਾਰਤ ਵਿਚਲੀ ਬ੍ਰਾਂਚ ਨੂੰ 'ਯੂਨੀਅਨ ਕਾਰਬਾਈਡ ਇੰਡੀਆ' ਦਾ ਨਾਂਅ ਦਿੱਤਾ ਸੀ ਤੇ ਇਸ ਨੂੰ ਸਿੱਧਾ ਅਮਰੀਕਾ ਤੋਂ ਕੰਟਰੋਲ ਕਰਨ ਦੀ ਥਾਂ ਹਾਂਗਕਾਂਗ ਵਿਚ ਬਣਾਈ ਹੋਈ ਖੇਤਰੀ ਕੰਪਨੀ 'ਯੂਨੀਅਨ ਕਾਰਬਾਈਡ ਈਸਟਰਨ' ਰਾਹੀਂ ਕੰਟਰੋਲ ਕਰਦੀ ਸੀ। ਹਾਂਗਕਾਂਗ ਵਾਲੇ ਉਸ ਈਸਟਰਨ ਦਫਤਰ ਦੇ ਰਾਹੀਂ ਇਹ ਫੈਸਲਾ ਭੋਪਾਲ ਤਕ ਪਹੁੰਚ ਚੁੱਕਾ ਸੀ ਕਿ ਇਥੋਂ ਦਾ ਕਾਰਖਾਨਾ ਮੁਨਾਫਾ ਨਹੀਂ ਦੇ ਰਿਹਾ, ਇਸ ਦੀ ਮਸ਼ੀਨਰੀ ਉਧੇੜ ਕੇ ਹੁਣ ਬਰਾਜ਼ੀਲ ਲੈ ਜਾਣੀ ਹੈ ਤੇ ਇਸ ਬਾਰੇ ਸਾਰੀ ਲਾਗਤ ਦੀ ਰਿਪੋਰਟ ਵੀ 26 ਅਕਤੂਬਰ 1984 ਨੂੰ, ਗੈਸ ਲੀਕ ਹੋਣ ਦੇ ਦੁਖਾਂਤ ਤੋਂ ਸਵਾ ਮਹੀਨਾ ਪਹਿਲਾਂ, ਬਣ ਕੇ ਉਥੇ ਪਹੁੰਚ ਚੁੱਕੀ ਸੀ। ਇਹੋ ਜਿਹੀ ਹਾਲਤ ਵਿਚ ਸਾਫ ਹੈ ਕਿ ਕਾਰਖਾਨੇ ਨੂੰ ਬੰਦ ਹੋਣ ਲੱਗਾ ਮੰਨ ਕੇ ਉਸ ਅੰਦਰਲੇ ਸੁਰੱਖਿਆ ਪ੍ਰਬੰਧ ਵਿਸਾਰ ਦਿੱਤੇ ਗਏ ਸਨ, ਜਿਸ ਨੇ ਇਹ ਮਹਾਂ-ਕਹਿਰ ਮਚਾ ਦਿੱਤਾ। ਕਾਰਖਾਨਾ ਜਿਸ ਵੀ ਪੜਾਅ ਉਤੇ ਸੀ, ਉਸ ਦੇ ਜੋ ਵੀ ਸੁਰੱਖਿਆ ਪ੍ਰਬੰਧ ਸਨ, ਉਨ੍ਹਾਂ ਲਈ ਵਾਰਨ ਐਂਡਰਸਨ ਨੂੰ ਦੋਸ਼ ਮੁਕਤ ਤਾਂ ਨਹੀਂ ਕੀਤਾ ਜਾ ਸਕਦਾ, ਪਰ ਮੁਖ ਦੋਸ਼ੀ ਉਹ ਸਨ, ਜਿਹੜੇ ਇਸ ਦੇਸ਼ ਦੀ ਮਿੱਟੀ ਦੇ ਜੰਮੇ-ਜਾਏ ਸਨ, ਪਰ ਆਪਣੀ ਮਿੱਟੀ ਨਾਲ ਵਫਾਦਾਰੀ ਨਹੀਂ ਸਨ ਕਰ ਸਕੇ। ਉਨ੍ਹਾਂ ਦੀ ਚਰਚਾ ਹੀ ਛੱਡ ਦਿੱਤੀ ਗਈ ਹੈ।

ਚਰਚਾ ਵਿਚੋਂ ਅਣਗੌਲੇ ਕੀਤੇ ਜਾ ਰਹੇ ਸੱਤਾਂ ਦੀ ਕਥਾ ਅਸੀਂ ਇੱਕੋ ਲੇਖ ਵਿਚ ਨਹੀਂ ਕਰ ਸਕਦੇ, ਇਸ ਲਈ ਸੱਤਾਂ ਦੇ ਸਿਖਰਲੇ ਦੀ ਗੱਲ ਕਰਾਂਗੇ। ਇਸ ਸਿਖਰਲੇ ਬੰਦੇ ਦਾ ਨਾਂਅ ਕੇਸ਼ਬ ਮਹਿੰਦਰਾ ਹੈ ਤੇ ਉਹ ਭਾਰਤ ਦਾ ਇਕ ਸਿਖਰਲਿਆਂ ਵਿਚ ਗਿਣਿਆ ਜਾਂਦਾ ਕਾਰਖਾਨੇਦਾਰ ਹੈ, ਜਿਸ ਦੀ ਕੰਪਨੀ ਕਾਰਾਂ-ਜੀਪਾਂ ਤੋਂ ਲੈ ਕੇ ਟਰੈਕਟਰ ਤੱਕ ਬਣਾਉਂਦੀ ਤੇ ਟੂਰਿਸਟਾਂ ਵਾਸਤੇ ਮੌਜ-ਮੇਲੇ ਦੇ ਟਿਕਾਣੇ ਚਲਾਉਂਦੀ ਹੈ। ਉਸ ਦਾ ਜ਼ਿਕਰ ਕਰਨ ਨਾਲ ਰਾਜਸੀ ਪਾਰਟੀਆਂ ਨੂੰ ਚੋਣ-ਚੰਦੇ ਦਾ ਅਤੇ ਟੀ ਵੀ ਚੈਨਲਾਂ ਨੂੰ ਇਸ਼ਤਿਹਾਰਬਾਜ਼ੀ ਦੀ ਆਮਦਨ ਦਾ ਨੁਕਸਾਨ ਹੁੰਦਾ ਹੈ। ਵਾਰਨ ਐਂਡਰਸਨ ਦੇ ਬਹਾਨੇ ਭਾਜਪਾ ਵਾਲੇ ਕਾਂਗਰਸ ਨੂੰ ਕੋਸਦੇ ਹਨ, ਪਰ ਮਹਿੰਦਰਾ ਦਾ ਜ਼ਿਕਰ ਕਰਨ ਤੋਂ ਉਹ ਵੀ ਇਸ ਕਰ ਕੇ ਡਰਦੇ ਹਨ ਕਿ ਗੱਲ ਆਪਣੇ ਘਰ ਤਕ ਆ ਜਾਣੀ ਹੈ। ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਸਨ ਤੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸੀ, ਜਿਸ ਨੇ ਛੱਬੀ ਜਨਵਰੀ 2002 ਨੂੰ ਇਹ ਐਲਾਨ ਕੀਤਾ ਸੀ ਕਿ ਕੇਸ਼ਬ ਮਹਿੰਦਰਾ ਨੂੰ 'ਪਦਮ ਭੂਸ਼ਣ' ਦੇ ਸਨਮਾਨ ਨਾਲ ਨਿਵਾਜਿਆ ਜਾਵੇਗਾ।

ਭੋਪਾਲ ਦੇ ਗੈਸ ਪੀੜਤ ਇਸ ਤੋਂ ਭੜਕ ਉਠੇ ਸਨ। ਮੁਜ਼ਾਹਰੇ ਸ਼ੁਰੂ ਹੋ ਗਏ ਤੇ ਹਾਲਤ ਇਹ ਬਣ ਗਈ ਕਿ ਫਰਵਰੀ ਮਸਾਂ ਲੰਘੀ ਤੇ ਮਾਰਚ ਦੇ ਪਹਿਲੇ ਹਫਤੇ ਕੇਸ਼ਬ ਮਹਿੰਦਰਾ ਨੂੰ ਖੁਦ ਐਲਾਨ ਕਰਨਾ ਪਿਆ ਕਿ ਉਸ ਦੇ ਖਿਲਾਫ ਯੂਨੀਅਨ ਕਾਰਬਾਈਡ ਵਾਲਾ ਮੁਕੱਦਮਾ ਚਲਦਾ ਹੋਣ ਕਰਕੇ ਉਹ 'ਪਦਮ ਭੂਸ਼ਣ' ਵਰਗੇ ਐਵਾਰਡ ਦੇ ਸਤਿਕਾਰ ਨੂੰ ਕਾਇਮ ਰੱਖਣ ਲਈ ਇਹ ਸਨਮਾਨ ਲੈਣ ਤੋਂ ਇਨਕਾਰ ਕਰਦਾ ਹੈ। ਜੇ ਇਹ ਜ਼ਮੀਰ ਦੀ ਆਵਾਜ਼ ਸੀ ਤਾਂ ਡੇਢ ਮਹੀਨਾ ਲਾ ਕੇ ਜ਼ਮੀਰ ਕਿਉਂ ਜਾਗੀ ਸੀ? ਸਾਡੇ ਕੋਲ ਅੱਜ ਕੱਲ੍ਹ ਇਕ ਭਖਦਾ ਮਸਲਾ ਰੁਚਿਕਾ ਮਾਮਲੇ ਦੇ ਮੁਲਜ਼ਮ ਹਰਿਆਣੇ ਦੇ ਡੀ ਜੀ ਪੀ ਰਾਠੌਰ ਦਾ ਹੈ। ਉਸ ਨੂੰ ਉਸ ਕੇਸ ਨਾਲ ਸੰਬੰਧਤ ਘਟਨਾ ਵਾਪਰਨ ਤੋਂ ਪਹਿਲਾਂ ਮਿਲਿਆ ਰਾਸ਼ਟਰਪਤੀ ਮੈਡਲ ਵੀ ਇਸ ਕਰ ਕੇ ਵਾਪਸ ਕਰਨਾ ਪਿਆ ਕਿ ਉਹ ਸਨਮਾਨ ਦਾ ਸਤਿਕਾਰ ਨਹੀਂ ਸੀ ਕਾਇਮ ਰੱਖ ਸਕਿਆ। ਰਾਠੌਰ ਦਾ ਸਨਮਾਨ ਤਾਂ ਪਹਿਲਾਂ ਮਿਲਿਆ ਸੀ, ਕੇਸ਼ਬ ਮਹਿੰਦਰਾ ਨੂੰ ਮਹਾਂ-ਦੁਖਾਂਤ ਦੇ ਭਾਰਤੀ ਮੁਲਜ਼ਮਾਂ ਦਾ ਮੋਹਰੀ ਹੁੰਦੇ ਹੋਏ ਵੀ ਜਿਸ ਵਾਜਪਾਈ ਸਰਕਾਰ ਨੇ ਦੇਸ਼ ਦਾ ਤੀਜਾ ਵੱਡਾ ਸਨਮਾਨ 'ਪਦਮ ਭੂਸ਼ਣ' ਦੇਣ ਲਈ ਚੁਣਿਆ ਸੀ, ਕੀ ਉਸ ਦੀ ਅਗਵਾਈ ਕਰਨ ਵਾਲੀ ਪਾਰਟੀ ਭਾਜਪਾ ਨੂੰ ਵੀ ਇਸ ਦੇਸ਼ ਦੇ ਲੋਕਾਂ ਤੋਂ ਮਾਫੀ ਨਹੀਂ ਮੰਗਣੀ ਚਾਹੀਦੀ? ਕਾਂਗਰਸ ਹੋਵੇ ਜਾਂ ਭਾਜਪਾ, ਪੱਲਾ ਤਾਂ ਦੋਵਾਂ ਦਾ ਹੀ ਸਾਫ ਨਹੀਂ।

ਸਿਰਫ ਕਾਂਗਰਸ ਤੇ ਭਾਜਪਾ ਕਿਉਂ, ਭੂਮਿਕਾ ਤਾਂ ਉਸ ਮੀਡੀਆ ਦੀ ਵੀ ਈਮਾਨਦਾਰਾਨਾ ਨਹੀਂ, ਜਿਸ ਦਾ ਇਕ ਅਦਨਾ ਜਿਹਾ ਅੰਗ ਅਸੀਂ ਵੀ ਹਾਂ। ਮੀਡੀਆ ਜਿਸ ਤਰ੍ਹਾਂ ਇਸ ਸਾਰੀ ਕਹਾਣੀ ਨੂੰ ਸਿਰਫ ਵਾਰਨ ਐਂਡਰਸਨ ਦੇ ਦੁਆਲੇ ਘੁਮਾ ਕੇ ਅਸਲ ਵਿਚ ਕੇਸ਼ਬ ਮਹਿੰਦਰਾ ਤੇ ਉਸ ਦੇ ਸਾਥੀਆਂ ਵਲੋਂ ਦੇਸ਼ ਦੀ ਜਨਤਾ ਦਾ ਧਿਆਨ ਹਟਾਉਣ ਦਾ ਗੁਨਾਹ ਕਰ ਰਿਹਾ ਹੈ, ਕੀ ਉਹ ਕਿਸੇ ਮੁਲਜ਼ਮ ਨੂੰ ਪਨਾਹ ਦੇਣ ਦੇ ਬਰਾਬਰ ਨਹੀਂ ਮੰਨਿਆ ਜਾਣਾ ਚਾਹੀਦਾ?

## ਵਿਦੇਸ਼ੀਂ ਜਾਣਾ ਸੌਖਾ ਨਹੀਂ ਰਿਹਾ ਅਧਿਆਪਕਾਂ ਲਈ

**ਪਠਾਨਕੋਟ:** ਲੰਬੀ ਛੁੱਟੀ ਲੈ ਕੇ ਵਿਦੇਸ਼ ਜਾਣ ਜਾਂ ਆਪਣਾ ਕੰਮ ਸ਼ੁਰੂ ਕਰਨ ਵਾਲੇ ਅਧਿਆਪਕਾਂ ਨੂੰ ਨੌਕਰੀ ਤੋਂ ਕੱਢਣ ਲਈ ਪੰਜਾਬ ਸਰਕਾਰ ਨੇ ਨਵੀਂ ਨੀਤੀ ਤਿਆਰ ਕੀਤੀ ਹੈ। ਇਸ ਸੋਧੀ ਨੀਤੀ ਮੁਤਾਬਿਕ ਛੁੱਟੀ ਲੈਣ ਲਈ ਦਿੱਤੀ ਜਾਣ ਵਾਲੀ ਅਰਜ਼ੀ ਨਾਲ ਹੁਣ ਅਧਿਆਪਕਾਂ ਨੂੰ ਐਡਵਾਂਸ ਵਿਚ ਆਪਣਾ ਅਸਤੀਫ਼ਾ ਵੀ ਲਿਖ ਕੇ ਦੇਣਾ ਪਵੇਗਾ।

ਸਿੱਖਿਆ ਵਿਭਾਗ ਦੇ ਵਿਸ਼ੇਸ਼ ਸਕੱਤਰ ਵਲੋਂ ਜਾਰੀ ਕੀਤੇ ਪੱਤਰ ਮੁਤਾਬਿਕ ਵਿਦੇਸ਼ ਜਾਣ ਲਈ ਆਮ ਛੁੱਟੀ ਦੀ ਸ਼ਰਤ ਵਿਚ ਸਿਰਫ 2 ਮਹੀਨੇ ਦੀ ਛੁੱਟੀ ਮਿਲੇਗੀ। ਜੇਕਰ ਦੇਸ਼ ਅੰਦਰ ਰਹਿ ਕੇ ਕੋਈ ਕੰਮ ਧੰਦਾ ਸ਼ੁਰੂ ਕਰਨਾ ਹੈ ਤਾਂ 4 ਮਹੀਨੇ ਤੱਕ ਦੀ ਵਿਸ਼ੇਸ਼ ਛੁੱਟੀ ਮਨਜ਼ੂਰ ਹੋਵੇਗੀ। ਇਹ ਛੁੱਟੀ ਮਨਜ਼ੂਰ ਕਰਵਾਉਣ ਲਈ ਘੱਟੋ-ਘੱਟ ਦੋ ਮਹੀਨੇ ਪਹਿਲਾਂ ਸਮਰਥ ਅਧਿਕਾਰੀ ਨੂੰ ਬੇਨਤੀ ਕਰਨੀ ਹੋਵੇਗੀ ਪਰ



ਇਸ ਦੇ ਨਾਲ ਹੀ ਹਲਫ਼ੀਆ ਬਿਆਨ ਦੇਣਾ ਹੋਵੇਗਾ, ਜਿਸ ਵਿਚ ਸਪਸ਼ਟ ਲਿਖਿਆ ਜਾਵੇਗਾ ਕਿ ਜੇਕਰ ਬੇਨਤੀਕਰਤਾ ਨਿਰਧਾਰਤ ਸਮੇਂ ਅੰਦਰ ਜਾਂ ਛੁੱਟੀ ਖਤਮ ਹੋਣ 'ਤੇ ਹੈਡ ਆਫਿਸ ਨੂੰ ਆਪਣੀ ਰਿਪੋਰਟ ਨਹੀਂ ਦਿੰਦਾ ਤਾਂ ਉਸ ਦਾ ਨੌਕਰੀ ਤੋਂ ਅਸਤੀਫ਼ਾ ਸਮਝਿਆ ਜਾਵੇ ਅਤੇ ਬਣਦੇ ਬਕਾਏ ਦੇ ਦਿੱਤੇ ਜਾਣ। ਜੇਕਰ ਅਧਿਆਪਕ ਛੁੱਟੀ ਖਤਮ ਹੋਣ ਤੋਂ ਬਾਅਦ ਹੋਰ ਛੁੱਟੀ ਮੰਗਦਾ ਹੈ ਜਾਂ ਕਿਸੇ ਵੀ ਵਜ੍ਹਾ ਕਾਰਨ ਡਿਊਟੀ 'ਤੇ ਹਾਜ਼ਰ ਨਹੀਂ ਹੁੰਦਾ ਤਾਂ ਉਸ ਵਲੋਂ ਐਡਵਾਂਸ ਵਿਚ ਦਿੱਤਾ ਹਲਫ਼ੀਆ ਬਿਆਨ ਉਸ ਦਾ ਅਸਤੀਫ਼ਾ ਸਮਝਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਵਿਦੇਸ਼ ਜਾਣ ਸਮੇਂ ਅਧਿਆਪਕ ਆਪਣੀ ਨਿਯੁਕਤੀ ਦੀ ਮਿਤੀ, ਪੋਸਟ 'ਤੇ ਹਾਜ਼ਰ ਹੋਣ ਦੀ ਮਿਤੀ, ਰਿਟਾਇਰ ਹੋਣ ਦੀ ਮਿਤੀ, ਵਿਦੇਸ਼ ਛੁੱਟੀ ਦੀ ਕਿਸਮ, ਦੇਸ਼ ਜਾਂ ਵਿਦੇਸ਼ ਵਿਚ ਛੁੱਟੀ ਦੌਰਾਨ ਬਿਜ਼ਨਸ ਦੀ ਕਿਸਮ ਦਾ ਜ਼ਿਕਰ ਕਰੇਗਾ ਤੇ ਆਪਣੀ ਬੇਨਤੀ ਨਾਲ ਪਾਸਪੋਰਟ ਦੀ ਤਸਦੀਕਸ਼ੁਦਾ ਕਾਪੀ ਵੀ ਨੱਥੀ ਕਰੇਗਾ। ਇਸ ਤੋਂ ਇਲਾਵਾ ਜੇਕਰ ਕਿਸੇ ਵੀ ਕਾਰਨ ਛੁੱਟੀ ਦੌਰਾਨ ਅਧਿਆਪਕ ਨੂੰ ਆਪਣਾ ਪਤਾ ਬਦਲਣਾ ਪੈਂਦਾ ਹੈ ਤਾਂ ਇਸ ਦੀ ਸੂਚਨਾ ਦੇਣ ਲਈ ਨਵਾਂ ਹਲਫ਼ੀਆ ਬਿਆਨ ਦੇਣਾ ਪਵੇਗਾ। ਪੱਤਰ ਵਿਚ ਕਿਹਾ ਗਿਆ ਹੈ ਕਿ ਵਿਦੇਸ਼ ਜਾਣ ਸਮੇਂ ਅਤੇ ਵਾਪਸ ਆਉਣ ਸਮੇਂ ਜਹਾਜ਼ ਚੜ੍ਹਨ ਅਤੇ ਉਤਰਨ ਵਾਲੇ ਏਅਰਪੋਰਟ ਦੇ ਨਾਂ ਦਿੱਤੇ ਜਾਣ, ਇਹੀ ਨਹੀਂ ਸਬੂਤ ਦੇ ਤੌਰ 'ਤੇ ਹਵਾਈ ਜਹਾਜ਼ ਦੀ ਟਿਕਟ, ਪਾਸਪੋਰਟ, ਬੋਰਡਿੰਗ ਪਾਸ ਅਤੇ ਵੀਜ਼ੇ ਵਾਲੇ ਪਾਸਪੋਰਟ ਦੇ ਸਫ਼ੇ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕੀਤੀਆਂ ਜਾਣ।

ਜਿਸ ਤਰ੍ਹਾਂ ਰਿਟਾਇਰ ਹੋਣ ਵਾਲੇ ਕਰਮਚਾਰੀ ਆਪਣੇ ਸਾਰੇ ਚਾਰਜ ਹੈਂਡ ਓਵਰ ਕਰਦੇ ਹਨ, ਉਸੇ ਤਰ੍ਹਾਂ ਛੁੱਟੀ ਜਾਣ ਵਾਲੇ ਅਧਿਆਪਕਾਂ ਨੂੰ ਵੀ ਆਪਣੇ ਸਾਰਾ ਚਾਰਜ ਮੁਕੰਮਲ ਰੂਪ ਵਿਚ ਹੈਂਡਓਵਰ ਕਰਕੇ ਜਾਣਾ ਪਵੇਗਾ। ਜੇ ਕਿਸੇ ਅਧਿਆਪਕ ਨੇ ਕੋਈ ਸਰਕਾਰੀ ਜਾਂ ਪ੍ਰਾਈਵੇਟ ਕਰਜ਼ਾ ਲਿਆ ਹੈ ਤਾਂ ਇਸ ਕਰਜ਼ੇ ਨੂੰ ਮੋੜਨ ਸਬੰਧੀ ਵੀ ਹਲਫ਼ੀਆ ਬਿਆਨ ਦੇਣਾ ਹੋਵੇਗਾ। ਸਰਕਾਰ ਨੇ ਇਹ ਨੀਤੀ ਵਿਦਿਆਰਥੀਆਂ ਦੇ ਪੜ੍ਹਾਈ ਦੇ ਨੁਕਸਾਨ ਨੂੰ ਰੋਕਣ ਅਤੇ ਦੋਸ਼ੀ ਅਧਿਆਪਕਾਂ ਵਿਰੁਧ ਤੁਰੰਤ ਕਾਰਵਾਈ ਕਰਨ ਦੇ ਇਰਾਦੇ ਨਾਲ ਬਣਾਈ ਹੈ।

ਵਰਣਨਯੋਗ ਹੈ ਕਿ ਜਲੰਧਰ, ਕਪੂਰਥਲਾ, ਨਵਾਂ ਸ਼ਹਿਰ ਅਤੇ ਹੁਸ਼ਿਆਰਪੁਰ ਦੇ ਸੈਂਕੜੇ ਅਧਿਆਪਕ ਛੁੱਟੀ ਲੈ ਕੇ ਬਾਹਰਲੇ ਮੁਲਕਾਂ ਵਿਚ ਜਾਂਦੇ ਰਹੇ ਹਨ। ਆਪਣੇ ਪੈਰ ਜਮਾਉਣ ਤੋਂ ਬਾਅਦ ਕਲਰਕਾਂ ਦੀ ਮਿਲੀ ਭੁਗਤ ਨਾਲ ਇਹ ਅਧਿਆਪਕ ਵਿਦੇਸ਼ ਬੈਠੇ ਟੈਲੀਫੋਨਾਂ ਰਾਹੀਂ ਆਪਣੀ ਛੁੱਟੀ ਵਧਾ ਲੈਂਦੇ ਸਨ ਜਿਸ ਕਾਰਨ ਕਈ-ਕਈ ਸਾਲ ਇਨ੍ਹਾਂ ਦੀਆਂ ਪੋਸਟਾਂ ਵਿਹਲੀਆਂ ਰਹਿੰਦੀਆਂ ਸਨ। ਵਿਦੇਸ਼ੋਂ ਪਰਤਣ ਤੋਂ ਬਾਅਦ ਇਹ ਸਿੱਧੇ ਸਕੂਲ ਜਾ ਕੇ ਡਿਊਟੀ ਦੇ ਦਿੰਦੇ ਹਨ। ਇਸ ਨੀਤੀ ਮੁਤਾਬਿਕ ਹੁਣ ਅਜਿਹੇ ਅਧਿਆਪਕ ਜ਼ਿਲ੍ਹਾ ਸਿੱਖਿਆ ਦਫ਼ਤਰ ਰਿਪੋਰਟ ਕਰਨਗੇ ਅਤੇ ਇਨ੍ਹਾਂ ਨੂੰ ਹੁਣ ਵਿਭਾਗ ਦੀ ਜ਼ਰੂਰਤ ਮੁਤਾਬਿਕ ਤੈਨਾਤ ਕਰਨ ਲਈ ਆਦੇਸ਼ ਜਾਰੀ ਹੋਣਗੇ। ਇਥੇ ਦੱਸਣਾ ਬਣਦਾ ਹੈ ਕਿ ਸਿੱਖਿਆ ਵਿਭਾਗ ਵਿਚ ਅਣਅਧਿਕਾਰਤ ਤੌਰ 'ਤੇ ਗੈਰ ਹਾਜ਼ਰ ਰਹਿਣ ਵਾਲੇ ਅਣਗਿਣਤ ਅਧਿਆਪਕਾਂ ਵਿਰੁਧ ਪਿਛਲੇ ਕਈ ਸਾਲਾਂ ਤੋਂ ਪੜਤਾਲਾਂ ਚਲ ਰਹੀਆਂ ਹਨ, ਜਿਨ੍ਹਾਂ ਦਾ ਅਜੇ ਤੱਕ ਕੋਈ ਨਿਪਟਾਰਾ ਨਹੀਂ ਹੋਇਆ ਹੈ।

# ਪੰਜਾਬ ਟਾਈਮਜ਼

ਸਨਿਚਰਵਾਰ, 19 ਜੂਨ 2010

ਪਰਵਾਸ ਦਾ ਵਿਕਾਸ ਨਾਲ ਨੇੜਲਾ ਰਿਸ਼ਤਾ ਹੈ -ਡੇਵਿਡ ਰੇਚਰਟ


## '84 ਦੇ ਕਤਲੇਆਮ ਸੰਬੰਧੀ ਪਟੀਸ਼ਨ

ਲੰਮੀ ਜਦੋਜਹਿਦ ਮਗਰੋਂ ਬੀਤੀ 10 ਜੂਨ ਨੂੰ 1984 ਦੀ ਸਿੱਖ ਨਸਲਕੁਸ਼ੀ ਨੂੰ ਬਿਆਨ ਕਰਦੀ ਦਸ ਹਜ਼ਾਰ ਤੋਂ ਵੱਧ ਦਸਤਖ਼ਤਾਂ ਵਾਲੀ ਇਕ ਪਟੀਸ਼ਨ ਕੈਨੇਡੀਅਨ ਸੰਸਦ ਵਿਚ ਪੇਸ਼ ਕਰ ਦਿੱਤੀ ਗਈ। ਲਿਬਰਲ ਪਾਰਟੀ ਦੇ ਐਮ.ਪੀ. ਐਂਡਰਿਊ ਕੇਨੀਆ ਅਤੇ ਸੁਖਮਿੰਦਰ ਸਿੰਘ (ਸੁੱਖ) ਧਾਲੀਵਾਲ ਨੇ ਸੰਸਦ ਦੀ ਕਾਰਵਾਈ ਅਰੰਭ ਹੁੰਦਿਆਂ ਹੀ ਉਕਤ ਪਟੀਸ਼ਨ ਜਦੋਂ ਪੜ੍ਹੀ ਤਾਂ ਸੱਤਾਧਾਰੀ ਪਾਰਟੀ ਸਮੇਤ ਕਿਸੇ ਵੀ ਸਿਆਸੀ ਦਲ ਨੇ ਇਸ ਦਾ ਵਿਰੋਧ ਨਾ ਕੀਤਾ। ਪਟੀਸ਼ਨਕਰਤਾਵਾਂ ਨੇ ਜ਼ੋਰ ਦੇ ਕੇ ਕਿਹਾ ਕਿ ਕੈਨੇਡਾ ਨੇ ਮਨੁੱਖੀ ਕਤਲੇਆਮ ਦੇ ਪੀੜਤਾਂ ਲਈ ਇਨਸਾਫ ਅਤੇ ਦੋਸ਼ੀਆਂ ਲਈ ਸਜ਼ਾਵਾਂ ਦੀ ਤਰਜ਼ਮਾਨੀ ਕਰਦਿਆਂ ਮਨੁੱਖੀ ਹੱਕਾਂ ਦਾ ਚੈਂਪੀਅਨ ਹੋਣ ਦਾ ਸਬੂਤ ਦੇ ਦਿੱਤਾ ਹੈ। ਸੰਸਦ ਵਿਚ ਪਟੀਸ਼ਨ ਪੇਸ਼ ਹੋਣ ਮਗਰੋਂ ਇਹ ਵਿਦੇਸ਼ ਮੰਤਰਾਲੇ ਕੋਲ ਜਾਵੇਗੀ,ਜਿਥੇ ਇਸ ਦੇ ਵਿਸ਼ਾ ਵਸਤੂ ਉਪਰ ਆਉਂਦੇ 45 ਦਿਨਾਂ ਵਿਚ ਵਿਚਾਰ ਕੀਤੀ ਜਾਣੀ ਹੈ।

ਇਥੇ ਜ਼ਿਕਰਯੋਗ ਹੈ ਕਿ ਇਸ ਤੋਂ ਇਕ ਦਿਨ ਪਹਿਲਾਂ ਕੈਨੇਡਾ ਦੀ ਰਾਜਧਾਨੀ ਓਟਾਵਾ ਸਥਿਤ ਪਾਰਲੀਮੈਂਟ 'ਚ ਉਕਤ ਪਟੀਸ਼ਨ ਸੱਤਾਧਾਰੀ ਪਾਰਟੀ ਵਲੋਂ ਵੋਟਾਂ ਪਾ ਕੇ ਰੋਕ ਦਿੱਤੀ ਗਈ ਸੀ। ਹਾਊਸ ਆਫ ਕਾਮਨਜ਼ ਵਿਚ ਲਿਬਰਲ ਪਾਰਟੀ ਦੇ ਐਮ.ਪੀ. ਐਂਡਰਿਊ ਕੇਨੀਆ ਵਲੋਂ ਇਹ ਪਟੀਸ਼ਨ ਪੇਸ਼ ਕੀਤੀ ਜਾਣੀ ਸੀ ਜਦਕਿ ਸੁੱਖ ਧਾਲੀਵਾਲ ਵਲੋਂ ਸਿੱਖ ਕਤਲੇਆਮ ਸੰਬੰਧੀ ਪਟੀਸ਼ਨ ਬਾਰੇ ਵਿਸਥਾਰ ਪੜ੍ਹੀ ਜਾਣੀ ਸੀ। ਪਰੰਤੂ ਕੰਜ਼ਰਵੇਟਿਵ ਪਾਰਟੀ ਦੇ ਐਮ.ਪੀ. ਮਾਰਵ ਟਵੀਡ ਵਲੋਂ ਹਾਊਸ ਬਿਜ਼ਨੈਸ ਦੇ ਸੰਬੰਧੀ ਲਿਆਂਦੇ ਇਕ ਮਤੇ 'ਤੇ ਪਈਆਂ ਵੋਟਾਂ ਰਾਹੀਂ ਸਦਨ ਵਿਚ ਅਗਲੀ ਕਾਰਵਾਈ ਰੋਕ ਦਿੱਤੀ ਗਈ। ਇਸ ਦਿਨ ਵੀ ਪਾਰਲੀਮੈਂਟ ਅੰਦਰ ਸਿੱਖ ਕਤਲੇਆਮ ਬਾਰੇ ਕ੍ਰਿਸਟੀ ਡੰਕਨ, ਨਵਦੀਪ ਬੈਂਸ, ਗੁਰਬਖਸ਼ ਸਿੰਘ ਮੱਲ੍ਹੀ ਅਤੇ ਬੋਨੀ ਕਰਾਊਂਬੀ ਨੇ ਕਤਲੇਆਮ ਦੇ ਮੁੱਦੇ 'ਤੇ ਵਿਚਾਰ ਪੇਸ਼ ਕੀਤੇ ਸਨ। ਨਿਊ ਡੈਮੋਕ੍ਰੇਟਿਕ ਪਾਰਟੀ ਤੇ ਬਲਾਕ ਕਿਊਬੈਕ ਦੇ ਕੁਝ ਮੈਂਬਰ ਪਾਰਲੀਮੈਂਟਾਂ ਨੇ ਪਟੀਸ਼ਨ ਦੇ ਹੱਕ ਵਿਚ ਵੋਟ ਪਾਈ ਸੀ ਪ੍ਰੰਤੂ ਸੱਤਾਧਾਰੀ ਟੋਰੀ ਪਾਰਟੀ ਦੇ ਮੈਂਬਰਾਂ ਦੀਆਂ ਵੋਟਾਂ ਵਧ ਹੋਣ ਕਾਰਨ ਇਹ ਪਟੀਸ਼ਨ ਪੇਸ਼ ਨਹੀਂ ਸੀ ਹੋ ਸਕੀ।

ਕਿਹਾ ਜਾ ਰਿਹਾ ਹੈ ਕਿ ਸਿੱਖ ਕਤਲੇਆਮ ਦੀ ਪਟੀਸ਼ਨ ਨੂੰ ਸੰਸਦ ਵਿਚ ਪੇਸ਼ ਹੋਣ ਤੋਂ ਰੋਕਣ ਲਈ ਭਾਰਤੀ ਹਾਈ ਕਮਿਸ਼ਨ ਵਲੋਂ ਭਾਰੀ ਦਬਾਅ ਪਾਇਆ ਗਿਆ ਸੀ, ਜਿਸ ਕਾਰਨ ਕੁਝ ਭਾਰਤੀ ਮੂਲ ਦੇ ਮੈਂਬਰ ਪਾਰਲੀਮੈਂਟ ਵੀ ਹਾਊਸ ਆਫ ਕਾਮਨਜ਼ ਵਿਚੋਂ ਗੈਰਹਾਜ਼ਰ ਰਹੇ ਸਨ। ਇਸ ਮੌਕੇ ਪਾਰਲੀਮੈਂਟ ਅੱਗੇ ਕੈਨੇਡਾ ਭਰ ਵਿਚੋਂ ਵੱਡੀ ਗਿਣਤੀ ਵਿਚ ਸਿੱਖ ਇਕੱਠੇ ਹੋਏ। ਪੇਸ਼ ਕੀਤੀ ਗਈ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਦਾ ਸਿੱਖ ਭਾਈਚਾਰਾ 1897 ਤੋਂ ਪੂਰੀ ਤਰ੍ਹਾਂ ਗਤੀਸ਼ੀਲ ਭਾਈਚਾਰਾ ਹੈ ਅਤੇ ਉਹ ਕੈਨੇਡੀਅਨ ਸੱਭਿਆਚਾਰ, ਸਮਾਜ ਅਤੇ ਆਰਥਿਕਤਾ ਦਾ ਅਟੁੱਟ ਅੰਗ ਹੈ। ਇਸ ਤੋਂ ਇਲਾਵਾ ਸਿੱਖ ਭਾਈਚਾਰਾ ਇਸ ਦੇਸ਼ ਵਿਚ ਸਭ ਤੋਂ ਵੱਡਾ ਧਾਰਮਿਕ ਭਾਈਚਾਰਾ ਵੀ ਹੈ। ਪਟੀਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ 1984 ਵਿਚ ਭਾਰਤ ਵਿਚ ਸਿੱਖ ਭਾਈਚਾਰੇ ਦੇ ਲੋਕਾਂ ਵਿਰੁਧ ਨਸਲਕੁਸ਼ੀ ਦੀ ਬੜੀ ਸੋਚੀ-ਸਮਝੀ ਸਾਜਿਸ਼ ਸੰਗਠਤ ਤਰੀਕੇ ਤਹਿਤ ਚਲਾਈ ਗਈ ਸੀ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬੇਕਸੂਰ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ। ਪਟੀਸ਼ਨ ਵਿਚ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਭਾਰਤ ਵਿਚ ਨਵੰਬਰ 1984 ਵਿਚ ਸਿੱਖ ਭਾਈਚਾਰੇ ਦੇ ਖਿਲਾਫ਼ ਹਿੰਸਾ, ਬਲਾਤਕਾਰ ਤੇ ਹੱਤਿਆਵਾਂ ਨੂੰ ਇਕ ਸੰਗਠਿਤ ਅਤੇ ਸੋਚੀ-ਸਮਝੀ ਸਾਜ਼ਿਸ਼ ਮੰਨਿਆ ਜਾਵੇ। ਭਾਰਤ ਸਰਕਾਰ ਨੂੰ ਅਪੀਲ ਕੀਤੀ ਜਾਵੇ ਕਿ ਹਿੰਸਾ ਦੀ ਇਸ ਸੰਗਠਿਤ ਮੁਹਿੰਮ ਲਈ ਜ਼ਿੰਮੇਵਾਰ ਸਾਰੇ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕਰਨ ਲਈ ਸਾਰੇ ਉਚਿਤ ਕਦਮ ਚੁੱਕੇ ਜਾਣ। ਇਸ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਕਾਨੂੰਨ ਦੀ ਪ੍ਰਕਿਰਿਆ ਅਨੁਸਾਰ ਅਪਰਾਧਿਕ ਮੁਕੱਦਮਾ ਵੀ ਚਲਾਇਆ ਜਾਵੇ।

ਇਸ ਤੋਂ ਇਲਾਵਾ ਸੰਯੁਕਤ ਰਾਸ਼ਟਰ ਦੀ ਜਿਨੋਸਾਈਡ ਬਾਰੇ ਕਨਵੈਨਸ਼ਨ ਅਨੁਸਾਰ ਸਿੱਖ ਕਤਲੇਆਮ ਨੂੰ ਇਕ ਸੰਗਠਿਤ ਨਸਲਕੁਸ਼ੀ ਐਲਾਨੇ ਜਾਣ ਦੀ ਵੀ ਮੰਗ ਕੀਤੀ ਗਈ ਹੈ। ਉਂਜ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਕੈਨੇਡਾ-ਇੰਡੀਆ ਫਾਊਂਡੇਸ਼ਨ ਨਾਂ ਦੀ ਇਕ ਗੈਰ-ਸਿਆਸੀ ਜਥੇਬੰਦੀ ਵਲੋਂ ਇਸ ਪਟੀਸ਼ਨ ਦੀ ਆਮਦ ਦਾ ਜ਼ੋਰਦਾਰ ਵਿਰੋਧ ਕੀਤਾ ਗਿਆ ਅਤੇ ਇਸ ਨੂੰ ਕੈਨੇਡੀਅਨ-ਭਾਰਤੀ ਲੋਕਾਂ ਨੂੰ ਵੰਡਣ ਵਾਲੀ ਪਟੀਸ਼ਨ ਦਾ ਨਾਂ ਦਿੱਤਾ ਗਿਆ। ਇਸ ਤੋਂ ਇਲਾਵਾ ਭਾਰਤੀ ਸਫਾਰਤਖਾਨੇ ਵਲੋਂ ਵੀ ਉਕਤ ਪਟੀਸ਼ਨ ਨੂੰ ਰੋਕਣ ਲਈ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਫਿਰ ਵੀ ਪਟੀਸ਼ਨ ਪੱਖੀ ਮੈਂਬਰ ਪਾਰਲੀਮੈਂਟ ਇਸ ਨੂੰ ਪੇਸ਼ ਕਰਨ ਵਿਚ ਕਾਮਯਾਬ ਰਹੇ।

ਕੈਨੇਡੀਅਨ ਪਾਰਲੀਮੈਂਟ ਵਿਚ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਐਲਾਨੇ ਜਾਣ ਸੰਬੰਧੀ ਪੇਸ਼ ਕੀਤੀ ਗਈ ਇਸ ਪਟੀਸ਼ਨ ਦੀਆਂ ਸਿਆਸੀ ਮਾਹਿਰ ਵੱਡੀਆਂ ਅਰਥ ਸੰਭਾਵਨਾਵਾਂ ਵੇਖ ਰਹੇ ਹਨ। ਇਸ ਦੇ ਆਉਣ ਵਾਲੇ ਸਮੇਂ ਵਿਚ ਕੀ ਸਿਆਸੀ ਸੰਕੇਤ ਹੋ ਸਕਦੇ ਹਨ, ਇਸ ਦਾ ਪਤਾ ਇਸ ਤੱਥ ਤੋਂ ਵੀ ਲੱਗਦਾ ਹੈ ਕਿ ਉਤਰੀ ਭਾਰਤ ਦੇ ਵੱਡੇ ਮੀਡੀਏ ਨੇ ਇਸ ਖ਼ਬਰ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਅਤੇ ਪੰਜਾਬੀ ਦੀਆਂ ਕੁਝ ਗਿਣਵੀਆਂ-ਚੁਣਵੀਆਂ ਅਖ਼ਬਾਰਾਂ ਨੇ ਇਸ ਸੰਬੰਧੀ ਵਿਸਥਾਰ 'ਚ ਖ਼ਬਰ ਦਿੱਤੀ। ਇਸ ਦੇ ਬਾਵਜੂਦ ਵੀ ਇਹ ਖ਼ਬਰ ਇੰਟਰਨੈਸ਼ਨਲ ਮੀਡੀਏ ਰਾਹੀਂ ਸਾਰੀ ਦੁਨੀਆਂ ਵਿਚ ਫੈਲ ਗਈ ਹੈ ਅਤੇ ਸਾਰੀ ਦੁਨੀਆਂ ਦੇ ਸਿੱਖ ਅਤੇ ਪੰਜਾਬੀ ਇਸ ਘਟਨਾਕ੍ਰਮ ਤੋਂ ਸੁਚੇਤ ਹੋ ਗਏ ਹਨ। ਕੈਨੇਡੀਅਨ ਪਾਰਲੀਮੈਂਟ ਵਿਚ ਪੇਸ਼ ਹੋਈ ਪਟੀਸ਼ਨ ਇਹ ਸੰਕੇਤ ਵੀ ਦਿੰਦੀ ਹੈ ਕਿ ਦੁਨੀਆਂ ਨਵੇਂ ਮੀਡੀਏ ਰਾਹੀਂ ਜਿੰਨੀ ਇਕਮਿਕ ਹੋ ਗਈ ਹੈ, ਉਸ ਸਥਿਤੀ ਵਿਚ ਹੁਣ ਕੋਈ ਵੀ ਦੇਸ਼ ਕਿਸੇ ਇਕ ਭਾਈਚਾਰੇ ਨੂੰ ਬਹੁਤੀ ਦੇਰ ਨਾ ਤਾਂ ਬੰਦੀ ਬਣਾ ਕੇ ਰੱਖ ਸਕਦਾ ਹੈ ਅਤੇ ਨਾ ਹੀ ਨਸਲਕੁਸ਼ੀ ਜਾਂ ਕਤਲੇਆਮ ਦਾ ਸ਼ਿਕਾਰ ਬਣਾ ਸਕਦਾ ਹੈ। ਇਸ ਸਥਿਤੀ ਵਿਚ ਉਸ ਨੂੰ ਵੱਡੇ ਅੰਤਰਰਾਸ਼ਟਰੀ ਦਬਾਵਾਂ ਦਾ ਸਾਹਮਣਾ ਕਰਨਾ ਪਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਇਉਂ ਬੋਲਿਆ ਪੰਜਾਬ ਸਿੰਘ !

ਇਕ ਧੇਲੇ ਦੀ ਕੀਮਤ ਵੀ ਨਹੀਂ ਹੁੰਦੀ, ਝੂਠੇ ਬਿਆਨ ਅਖ਼ਬਾਰਾਂ ਵਿਚ ਘੋਟਿਆਂ ਦੀ।
ਭਲੇ ਮਾਣਸ ਨੂੰ ਗਊ ਹੀ ਸਮਝਦੇ ਨੇ, ਚੌਧਰ ਚੱਲਦੀ ਸਿਆਸਤੀ ਝੋਟਿਆਂ ਦੀ।
ਕਿਰਤੀ ਹੱਡੀਆਂ ਰਗੜਦੇ ਮਰੀ ਜਾਂਦੇ, ਚਰਬੀ ਵਧੀ ਜਾਵੇ ਢਿੱਡਾਂ ਮੋਟਿਆਂ ਦੀ।
ਵੱਡੇ ਛੋਟੇ ਸਭ ਪਿੱਟਦੇ ਹਾਏ ਬਿਜਲੀ! ਸੁੰਨੀ ਹੁੰਦੀ ਪਈ ਛਾਂ ਬਰੋਟਿਆਂ ਦੀ
ਚਰਖੇ ਪਏ ਸਟੋਰਾਂ 'ਤੇ ਤਰਸਦੇ ਨੇ, ਕੱਤੇ ਕੌਣ ਚੰਗੇਰ ਗਲੋਟਿਆਂ ਦੀ।
ਸਮੇਂ ਕਿੱਦਾਂ ਦੇ ਆਏ ਪੰਜਾਬ ਸਿੰਘਾ, ਕੀਮਤ ਖਰਿਆਂ ਤੋਂ ਵਧੀ ਏ ਖੋਟਿਆਂ ਦੀ!

# ਭਾਰਤ-ਅਮਰੀਕਾ ਸੰਬੰਧਾਂ 'ਤੇ ਮਨਮੋਹਨ ਸਿੰਘ ਦੀ ਛਾਪ

**ਹਰਜਾਪ ਸਿੰਘ ਔਜਲਾ**

ਆਖਣ ਨੂੰ ਤਾਂ ਭਾਰਤ ਅਤੇ ਅਮਰੀਕਾ ਦੋਵੇਂ ਜਮਹੂਰੀਅਤਾਂ ਹਨ, ਲੇਕਿਨ ਇਨ੍ਹਾਂ ਦੋਹਾਂ ਦੀ ਆਪਸੀ ਮਿੱਤਰਤਾ ਕਦੀ ਵੀ ਸੰਘਣੀ ਨਹੀਂ ਹੋਈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਸਮਾਜਵਾਦੀ ਵਿਚਾਰਧਾਰਾ ਦੇ ਧਾਰਨੀ ਸਨ। ਦੂਜੇ ਪਾਸੇ ਅਮਰੀਕਾ ਵਿਚ 'ਜੋ ਮਕਾਰਥੀ' ਨਾਂ ਦੇ ਇਕ ਰੀਪਬਲੀਕਨ ਸੈਨੇਟਰ ਵਿਚਾਰਧਾਰਾ ਦੇ ਪੱਖ ਤੋਂ ਐਨੇ ਪ੍ਰਭਾਵਸ਼ਾਲੀ ਬਣ ਚੁੱਕੇ ਸਨ ਕਿ ਅਮਰੀਕੀ ਸੰਸਦ ਵਿਚ ਉਨ੍ਹਾਂ ਦੀ ਤੂਤੀ ਗੂੰਜਦੀ ਸੀ। ਦੂਜੀ ਆਲਮੀ ਜੰਗ ਤੋਂ ਬਾਅਦ ਅਮਰੀਕੀ ਰਾਸ਼ਟਰਪਤੀਆਂ ਨਾਲੋਂ ਵੀ ਵਿਦੇਸ਼ ਨੀਤੀ ਉਪਰ ਵਧ ਅਸਰ-ਰਸੂਖ ਸੈਨੇਟਰ ਮਕਾਰਥੀ ਦਾ ਸੀ। ਮਕਾਰਥੀ ਸੋਵੀਅਤ ਸੰਘ ਨੂੰ ਘਿਰਣਾ ਕਰਦੇ ਸਨ। ਉਨ੍ਹਾਂ ਦੀ ਨਜ਼ਰ ਵਿਚ ਜਿਹੜਾ ਵੀ ਦੇਸ਼ ਸੋਵੀਅਤ ਸੰਘ ਨਾਲ ਜ਼ਰਾ ਵੀ ਸਹਿਮਤੀ ਪ੍ਰਗਟ ਕਰਦਾ ਸੀ, ਉਹ ਵੀ ਘਿਰਣਾ ਦਾ ਸੋਵੀਅਤ ਸੰਘ ਜਿੰਨਾ ਹੀ ਪਾਤਰ ਸੀ।

ਹੁਣ ਨਾ ਤਾਂ ਸੰਸਦ (ਅਮਰੀਕਨ) ਵਿਚ ਮਕਾਰਥੀ ਦੀ ਆਵਾਜ਼ ਗੂੰਜਦੀ ਏ ਅਤੇ ਨਾ ਹੀ ਭਾਰਤ ਦੀ ਹੁਕਮਰਾਨ ਪਾਰਟੀ ਵਿਚ ਵੀ ਕੇ ਕ੍ਰਿਸ਼ਨਾ ਮੈਨਨ ਅਤੇ ਪੰਡਿਤ ਨਹਿਰੂ ਦੀ ਮੌਜੂਦਗੀ ਹੈ। ਉਨੀ ਸੌ ਪੰਜਾਹਵਿਆਂ ਤੋਂ ਅੱਸੀਵਿਆਂ ਤੱਕ ਭਾਰਤ ਦੀ ਵਿਕਾਸ ਦਰ ਮਹਿਜ 2 ਤੋਂ 4 ਫੀਸਦੀ ਵਿਚਾਲੇ ਹੀ ਲਟਕੀ ਹੋਈ ਸੀ। ਇਸਨੂੰ ਪੀਲੀਆਗ੍ਰਸਤ ਮਾਨਸ ਦੀ ਵਿਕਾਸ ਦਰ ਦਰਸਾ ਕੇ ਦੁਰਕਾਰਿਆ ਜਾਂਦਾ ਸੀ। ਭਾਰਤ ਇਕ ਅਤਿ ਗਰੀਬ ਦੇਸ਼ ਹੈ, ਇਸੇ ਹੀ ਕਾਰਨ ਭਾਰਤ ਵਿਚ ਵਿਕਾਸ ਦਰ ਦੇ ਤੇਜ਼ੀ ਨਾਲ ਵਾਧੇ ਦੀਆਂ ਅਪਾਰ ਸੰਭਾਵਨਾਵਾਂ ਹਨ। ਲੇਕਿਨ ਜੇ ਮੁਲਕ ਨੇ ਵਿਦੇਸ਼ੀ ਤਕਨੀਕ ਨਾਲ ਲੈਸ ਕੋਈ ਸਨਅਤ ਲੱਗਣ ਹੀ ਨਹੀਂ ਦੇਣੀ ਤਾਂ ਉਨਤੀ ਦੀ ਦਰ ਕਿਸ ਤਰ੍ਹਾਂ ਵਧ ਸਕੇਗੀ। ਭਾਰਤ ਅਧਾਰ ਤਾਂ ਇਹ ਸੀ ਕਿ ਉਹ ਮੁਲਕ ਦੀਆਂ ਉਦਯੋਗਿਕ ਮਸਨੂਆਤ ਮੁਲਕ ਦੇ ਅੰਦਰ ਹੀ ਤਾਮੀਰ ਕਰਵਾ ਕੇ ਦੇਵੇਗਾ। ਲੇਕਿਨ ਜੇ ਕਾਰਾਂ ਵੱਲ ਹੀ ਵੇਖ ਲਓ ਤਾਂ ਅੱਧੀ ਸਦੀ ਤਾਈਂ ਭਾਰਤ ਬਰਤਾਨੀਆ ਦੀ ਘਸੀ ਪਿਟੀ ਤਕਨਾਲੋਜੀ ਨਾਲ ਬਣੀ ਅੰਬੈਸੇਡਰ ਕਾਰ ਅਤੇ ਉਸ ਤੋਂ ਥੋੜ੍ਹੀ ਜਿਹੀ ਬੇਹਤਰ ਇਟਲੀ ਦੀ ਪੁਰਾਣੀ ਕਿਸਮ ਦੀ ਫੀਅਟ 'ਤੇ ਹੀ ਨਿਰਭਰ ਕਰਦਾ ਸੀ। ਜੇ ਟਰੱਕਾਂ ਦੀ ਗੱਲ ਕਰੀਏ ਤਾਂ ਭਾਰਤ ਜਰਮਨੀ ਦੇ ਇਕ ਪੁਰਾਣੇ ਮਰਸਿਡੀਜ਼ ਮਾਡਲ ਤੇ ਆਧਾਰਤ ਟਾਟਾ ਟਰੱਕਾਂ ਅਤੇ ਬਰਤਾਨੀਆਂ ਦੇ ਪੁਰਾਣੇ ਲੇਲੈਂਡ ਦੇ ਮਾਡਲ ਨਾਲ ਹੀ ਪੰਜ ਦਹਾਕਿਆਂ ਤਾਈਂ ਦੇਸ਼ ਦੀ ਜਨਤਾ ਦੀ ਸੇਵਾ ਕਰਦਾ ਰਿਹਾ। ਕੋਰੀਆ (ਦੱਖਣੀ), ਤਾਇਵਾਨ ਅਤੇ ਜਪਾਨ ਨੇ ਅਮਰੀਕਾ ਅਤੇ ਯੂਰਪ ਦੀ ਤਾਜ਼ਾਤਰੀਨ ਤਕਨਾਲੋਜੀ ਦੀ ਆਪੋ ਆਪਣੇ ਮੁਲਕ ਵਿਚ ਖੁੱਲ੍ਹ ਕੇ ਆਮਦ ਹੋਣ ਦਿੱਤੀ। ਨਤੀਜਾ ਇਹ ਹੋਇਆ ਕਿ ਅੱਜ ਇਨ੍ਹਾਂ ਮੁਲਕਾਂ ਦੀਆਂ ਬਣਾਈਆਂ ਟੋਯੋਟਾ, ਹਾਂਡਾ, ਨਿਸਾਨ ਅਤੇ ਹੁੰਡੇਈ ਕਾਰਾਂ ਸਾਰੇ ਵਿਸ਼ਵ ਵਿਚ ਵਿਕ ਰਹੀਆਂ ਹਨ।

ਡਾ. ਮਨਮੋਹਨ ਸਿੰਘ ਦੀ ਸ਼ਖਸ਼ੀਅਤ ਭਾਰਤ ਵਿਚ ਉਸਾਰੇ ਸਿਆਸੀ ਅਗਵਾਈ ਦੇ ਨਿਰਮਾਣ ਵਾਲੇ ਕਾਰਖਾਨਿਆਂ ਦੀ ਉਪਜ ਨਹੀਂ ਹੈ। ਉਨ੍ਹਾਂ ਨੇ ਪੂੰਜੀਵਾਦੀ ਅਰਥ ਸ਼ਾਸਤਰ ਦੀਆਂ ਕਿਤਾਬਾਂ



ਵੀ ਪੜ੍ਹੀਆਂ ਹਨ ਅਤੇ ਸਮਾਜਵਾਦੀ ਅਰਥ ਵਿਗਿਆਨ ਦੀਆਂ ਪੁਸਤਕਾਂ ਵੀ। ਉਹ ਅਮ੍ਰਿਤਆ ਸੇਨ ਦੇ ਪ੍ਰਸ਼ੰਸਕ ਹਨ ਅਤੇ ਬਿੱਲ ਗੇਟਸ ਦੀ ਤਰੱਕੀ ਦੇ ਵੀ ਪ੍ਰਸ਼ੰਸਕ ਹਨ। ਇਸ ਸਭ ਤੋਂ ਉਪਰ ਉਠ ਕੇ ਉਹ ਬੜੇ ਦੂਰਦਰਸ਼ੀ ਹਨ ਅਤੇ ਜੋ ਫੈਸਲਾ ਕਰਦੇ ਹਨ, ਉਹ ਠੀਕ ਹੀ ਹੁੰਦਾ ਹੈ। 1991 'ਚ ਜਦੋਂ ਡਾ. ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਬਣਾਇਆ ਗਿਆ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਉਸ ਵਕਤ ਦੇ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ ਨੂੰ ਇਕਤਸਾਦੀ ਉਦਾਰੀਕਰਨ ਵਾਸਤੇ ਕਾਇਲ ਕੀਤਾ। ਇਸ ਤੋਂ ਉਪਰੰਤ ਡਾ. ਮਨਮੋਹਨ ਸਿੰਘ ਨੇ ਵਿੱਤੀ ਸੁਧਾਰਾਂ ਦੀ ਝੜੀ ਲਗਾ ਦਿੱਤੀ। ਜਿਸ ਮੁਲਕ ਦੀ ਅਰਥ ਵਿਵਸਥਾ 1950ਵਿਆਂ ਵਿਚ ਹੀ ਵਿਦੇਸ਼ੀ ਨਿਵੇਸ਼ ਵਾਸਤੇ ਖੁਲ੍ਹ ਜਾਣੀ ਸੀ, ਉਹ ਆਖਿਰਕਾਰ ਚਾਲੀ ਸਾਲਾਂ ਬਾਅਦ 1991 ਵਿਚ ਖੋਲ੍ਹੀ ਗਈ। ਨਤੀਜਾ ਇਹ ਨਿਕਲਿਆਂ ਕਿ ਮੁਲਕ ਦੀ ਵਿਕਾਸ ਦਰ 4% ਤੋਂ ਵਧ ਕੇ 6% ਅਤੇ 7% ਹੋ ਗਈ। ਚੀਨ ਜੋ ਕਮਿਊਨਿਜ਼ਮ ਦੇ ਬਾਵਜੂਦ ਭਾਰਤ ਤੋਂ ਵੀਹ ਵਰ੍ਹੇ ਪਹਿਲਾਂ ਵਿਦੇਸ਼ੀ ਪੂੰਜੀਨਿਵੇਸ਼ ਵਾਸਤੇ ਉਦਾਰੀਕਰਨ ਕਰ ਚੁੱਕਿਆ ਸੀ, ਦੀ ਰਾਸ਼ਟਰੀ ਵਿਕਾਸ ਦਰ 8% ਤੋਂ 9% ਦੇ ਵਿਚਾਲੇ ਸੀ ਜੋ ਵਧ ਕੇ 10% ਤੱਕ ਅੱਪੜ ਗਈ।

1996 ਵਿਚ ਡਾ. ਮਨਮੋਹਨ ਸਿੰਘ ਸਰਕਾਰ ਬਦਲਣ ਪਿਛੋਂ ਖਜ਼ਾਨਾ ਮੰਤਰੀ ਦੇ ਅਹੁਦੇ ਤੋਂ ਮੁਕਤ ਹੋ ਗਏ। ਕੁਝ ਸਮੇਂ ਵਾਸਤੇ ਦੇਵੇਗੌੜਾ ਅਤੇ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਰਹੇ। ਉਨ੍ਹਾਂ ਦੋਹਾਂ ਹੀ ਪ੍ਰਧਾਨ ਮੰਤਰੀਆਂ ਦੇ ਕੋਲ ਬਹੁਮਤ ਦੀ ਘਾਟ ਸੀ। ਉਹ ਨਾ ਤਾਂ ਡਾ. ਮਨਮੋਹਨ ਸਿੰਘ ਦੀਆਂ ਨੀਤੀਆਂ ਨੂੰ ਆਪਣਾ ਸਕੇ ਅਤੇ ਨਾ ਹੀ ਨਕਾਰ ਸਕੇ। ਅਲਬੱਤਾ ਭਾਰਤੀ ਜਨਤਾ ਪਾਰਟੀ ਨੇ ਡਾ. ਮਨਮੋਹਨ ਸਿੰਘ ਦੀਆਂ ਨੀਤੀਆਂ ਉਪਰ ਹੀ ਮੋਹਰ ਲਗਾ ਦਿੱਤੀ। ਭਾਜਪਾ ਸਰਕਾਰ 1998 ਤੋਂ 2004 ਤਾਈਂ ਰਹੀ। ਇਸ ਸਮੇਂ ਵਿਕਾਸ ਦਰ 7% ਤੋਂ ਵੱਧ ਬਣੀ ਰਹੀ ਅਤੇ ਕਈ ਅਮਰੀਕੀ ਕੰਪਨੀਆਂ ਨੇ ਖੁੱਲ੍ਹ ਕੇ ਨਿਵੇਸ਼ ਕੀਤਾ।

2004 ਦੇ ਮਈ ਮਹੀਨੇ ਤੋਂ ਹੁਣ ਤਾਈਂ ਡਾ. ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਹਨ। ਉਨ੍ਹਾਂ ਦੀਆਂ ਨੀਤੀਆਂ ਨਾਲ ਅਮਰੀਕਾ ਨੂੰ ਕੋਈ ਗਿਲਾ ਸ਼ਿਕਵਾ ਨਹੀਂ। ਉਨ੍ਹਾਂ ਦੇ ਹੁੰਦਿਆਂ ਅਮਰੀਕਾ ਨੂੰ ਅਹਿਸਾਸ ਹੋ ਗਿਆ ਹੈ ਕਿ ਭਾਰਤ ਇਕ ਝਗੜਾਲੂ ਦੇਸ਼ ਨਹੀਂ ਹੈ। ਅਮਰੀਕਾ ਨੂੰ ਭਾਰਤ ਦੀ ਇਕਤਸਾਦੀ ਮਿਲਵਰਤਨ ਵਾਸਤੇ ਲੋੜ ਹੈ। ਅਮਰੀਕਾ ਨੂੰ ਪਾਕਿਸਤਾਨ ਦੀ ਅਫਗਾਨਿਸਤਾਨ ਵਿਚ ਦਖਲ ਵਾਸਤੇ ਵੀ ਸਖਤ ਜ਼ਰੂਰਤ ਹੈ। ਜੇ ਇਹ ਦੋਵੇਂ ਦੇਸ਼ ਲੜਦੇ ਰਹਿਣ ਤਾਂ ਅਮਰੀਕਾ ਨੂੰ ਭਾਰੀ ਨੁਕਸਾਨ ਹੈ। ਡਾ. ਮਨਮੋਹਨ ਸਿੰਘ ਵਿਚ ਅਮਰੀਕਾ ਨੂੰ ਇਕ ਅਜਿਹਾ ਮਿੱਤਰ ਮਿਲ ਗਿਆ ਹੈ ਜੋ ਕਿਸੇ ਵੀ ਦੇਸ਼ ਨਾਲ ਲੜਾਈ ਕਰਨ ਦਾ ਇੱਛੁਕ ਨਹੀਂ। ਪਾਕਿਸਤਾਨ ਭਾਰਤ ਵਿਚ ਵੱਡੇ ਵੱਡੇ ਅਤਿਵਾਦੀ ਹਮਲੇ ਕਰ ਚੁੱਕਿਆ ਹੈ। ਭਾਰਤ ਇਕ ਵੱਡਾ ਦੇਸ਼ ਹੈ, ਫੌਜੀ ਤੌਰ 'ਤੇ ਪਾਕਿਸਤਾਨ ਨਾਲੋਂ ਵਧੇਰੇ ਸਮਰੱਥ ਹੈ। ਲੇਕਿਨ ਡਾ. ਮਨਮੋਹਨ ਸਿੰਘ ਦੇ ਰਾਜਕਾਲ ਵਿਚ ਭਾਰਤ ਨੇ ਕਸ਼ੀਦਗੀ ਦੀ ਕੋਈ ਕਾਰਵਾਈ ਨਹੀਂ ਕੀਤੀ। ਇਸ ਕਾਰਨ ਅਮਰੀਕਾ ਭਾਰਤ ਦਾ ਧੰਨਵਾਦੀ ਹੈ। ਹੁਣ ਅਮਰੀਕਾ ਸਮਝ ਗਿਆ ਹੈ ਕਿ ਭਾਰਤ ਦੀ ਮਿੱਤਰਤਾ ਉਸ ਵਾਸਤੇ ਲਾਹੇਵੰਦ ਹੈ, ਨੁਕਸਾਨਦਾਇਕ ਨਹੀਂ। ਇਸ ਕਾਰਨ ਸੰਬੰਧ ਸੁਧਾਰਨ ਦੀ ਪਹਿਲ ਹੁਣ ਬਰਾਕ ਓਬਾਮਾ ਵਲੋਂ ਹੋ ਰਹੀ ਹੈ।

# ਭੁਪਾਲ ਕਾਂਡ ਨੇ ਸਿਆਸਤ ਅਤੇ ਨਿਆਂ ਪ੍ਰਬੰਧ ਨੰਗੇ ਕੀਤੇ

**ਕੰਵਰਜੀਤ ਸਿੰਘ ਸੰਗੂਧੌਣ**

ਕੀ ਭਾਰਤ ਵਿਚ ਕਿਧਰੇ ਨਿਆਂ ਕਾਨੂੰਨ ਨਾਂ ਦੀ ਕੋਈ ਸ਼ੈਅ ਹੈ? ਇਹ ਸਵਾਲ ਬੇਹੱਦ ਗੰਭੀਰ ਹੈ, ਚਿੰਤਾ ਦਾ ਮਸਲਾ ਵੀ ਤੇ ਦੁੱਖ ਦੀ ਵਜ੍ਹਾ ਵੀ ਹੈ। ਦੁੱਖ ਦੀ ਗੱਲ ਇਹ ਹੈ ਕਿ ਇਸ ਸਵਾਲ ਨੂੰ ਉਠਣ ਤੋਂ ਪਹਿਲਾਂ ਹੀ ਦਬਾ ਲਿਆ ਜਾਂਦਾ ਹੈ। ਇੱਕੀਵੀਂ ਸਦੀ 'ਚ ਦਾਖਲ ਹੋ ਕੇ ਅਸੀਂ ਕਿਹੋ ਜਿਹੇ ਨਿਆਂਹੀਣ ਪ੍ਰਬੰਧ ਵਿਚ ਜਿਉਂ ਰਹੇ ਹਾਂ? ਇਹ ਸਵਾਲ ਰੂਹਾਂ ਨੂੰ ਬੇਚੈਨ ਕਰ ਦਿੰਦਾ ਹੈ।

ਭਾਰਤ ਵਿਚ ਇਸ ਦਾ ਜਵਾਬ ਜਾਂ ਹੱਲ ਸ਼ਾਇਦ ਕਦੇ ਵੀ ਨਾ ਮਿਲ ਸਕੇ। ਪਿਛਲੇ ਦਿਨੀਂ ਭੁਪਾਲ ਦੀ ਇਕ ਅਦਾਲਤ ਨੇ ਭੁਪਾਲ ਗੈਸ ਕਾਂਡ ਸੰਬੰਧੀ ਸਾਢੇ 25 ਸਾਲ ਬੀਤ ਜਾਣ ਤੋਂ ਬਾਅਦ ਇਕ ਫੈਸਲਾ ਸੁਣਾਇਆ ਜਿਸ ਤਹਿਤ ਇਸ ਕਾਰੇ ਦੇ ਅੱਠ-ਨੌਂ ਦੋਸ਼ੀਆਂ ਨੂੰ 2-2 ਸਾਲ ਦੀ ਮਾਮੂਲੀ ਸਜ਼ਾ ਸੁਣਾਈ ਗਈ ਹੈ। ਵਧੇਰੇ ਸ਼ਰਮਨਾਕ ਗੱਲ ਇਹ ਕਿ ਇਹ ਸਾਰੇ ਦੋਸ਼ੀ ਉਸੇ ਵਕਤ 25-25 ਹਜ਼ਾਰ ਦੀ ਜ਼ਮਾਨਤ ਦੇ ਕੇ ਬਾਹਰ ਵੀ ਆ ਗਏ। 2-3 ਦਸੰਬਰ 1984 ਦੀ ਰਾਤ ਨੂੰ ਭੁਪਾਲ ਵਿਚ ਅਮਰੀਕਾ ਦੀ ਬਹੁ-ਕੌਮੀ ਕੰਪਨੀ ਯੂਨੀਅਨ ਕਾਰਬਾਈਡ ਵਲੋਂ ਲਗਾਏ ਪਲਾਂਟ ਵਿਚ ਅਧਿਕਾਰੀਆਂ ਦੀ ਸ਼ਰੇਆਮ ਅਣਗਹਿਲੀ ਕਾਰਨ ਗੈਸ ਲੀਕ ਹੋਈ ਸੀ, ਜਿਸ ਵਿਚ ਹਜ਼ਾਰਾਂ ਲੋਕ ਕੁਝ ਕੁ ਮਿੰਟਾਂ ਵਿਚ ਹੀ ਮਾਰੇ ਗਏ ਸਨ। ਗੈਸ ਦੇ ਰਿਸਣ ਦਾ ਸਿੱਟਾ ਹੈ ਕਿ ਉਥੇ ਹੁਣ ਵੀ ਲੋਕ ਅਪਾਹਜ ਪੈਦਾ ਹੋ ਰਹੇ ਹਨ। ਇਸ ਘਟਨਾ ਨੂੰ ਇਕ ਵੱਡਾ ਸਨਅਤੀ ਹਾਦਸਾ ਮੰਨਿਆ ਜਾਂਦਾ ਹੈ ਪਰ ਇਸ ਵਿਚ ਮਾਰੇ ਗਏ 15000 ਦੇ ਕਰੀਬ ਲੋਕਾਂ ਤੇ ਹੋਰ ਵਾਤਾਵਰਨਿਕ ਨੁਕਸਾਨਾਂ ਦੇ ਬਦਲੇ ਕਿਸੇ ਦਾ ਵਾਲ ਵੀ ਵਿੰਗਾ ਹੁੰਦਾ ਨਜ਼ਰ ਨਹੀਂ ਆਉਂਦਾ। ਕੰਪਨੀ ਦੇ ਮੁਖੀ ਵਾਰਨ ਐਂਡਰਸਨ ਬਾਰੇ ਮੁਕੱਦਮੇ ਦੇ ਫੈਸਲੇ ਵਿਚ ਜ਼ਿਕਰ ਤੱਕ ਨਹੀਂ। ਕੰਪਨੀ ਅਮਰੀਕਾ ਵਿਚੋਂ ਬਿਆਨ ਦਿੰਦੀ ਹੈ ਕਿ ਭਾਰਤ ਦੀ ਕੋਈ ਅਦਾਲਤ ਸਾਡੇ 'ਤੇ ਮੁਕੱਦਮਾ ਚਲਾ ਹੀ ਨਹੀਂ ਸਕਦੀ। ਵਕੀਲ, ਕਾਨੂੰਨੀ ਮਾਹਿਰ ਤੇ ਜਾਂਚ ਅਧਿਕਾਰੀ ਤੱਕ ਇਸ ਕਾਂਡ ਵਿਚ ਅਦਾਲਤ ਤੇ ਸਰਕਾਰਾਂ ਨੂੰ ਸਾਫ ਦੋਸ਼ੀ ਦਸ ਰਹੇ ਹਨ। ਹਜ਼ਾਰਾਂ ਮੌਤਾਂ ਦੇ ਜ਼ਿੰਮੇਵਾਰ ਐਂਡਰਸਨ ਨੂੰ ਫੜ ਕੇ ਜੇਲ੍ਹ 'ਚ ਸੁੱਟਣ ਦੀ ਬਜਾਏ ਖਾਸ ਮਹਿਮਾਨਾਂ ਦੀ ਤਰ੍ਹਾਂ ਭਾਰਤ ਤੋਂ ਵਿਦਾ ਕੀਤਾ ਗਿਆ।

ਯਾਦ ਰਹੇ ਦੋ ਕੁ ਹਫਤੇ ਪਹਿਲਾਂ ਇਕ ਹੋਰ ਮਾਮਲਾ ਬੜਾ ਹੀ ਚਰਚਿਤ ਹੋਇਆ ਸੀ। ਹਰਿਆਣਾ ਦੇ ਇਕ ਪੁਲਿਸ ਅਫਸਰ ਰਾਠੌਰ ਵਲੋਂ ਆਪਣੀ ਧੀ ਦੀ ਉਮਰ ਦੀ, ਸਕੂਲ ਪੜ੍ਹਦੀ ਲੜਕੀ ਰੁਚਿਕਾ ਨਾਲ ਛੇੜਖਾਨੀ ਕੀਤੀ ਗਈ ਜਿਸ ਦਾ ਸੰਤਾਪ ਭੋਗਦਿਆਂ, ਉਹ ਕੁਝ ਸਮੇਂ ਦੀ ਜੱਦੋਜਹਿਦ ਤੋਂ ਬਾਅਦ ਆਤਮਹੱਤਿਆ ਕਰਨ ਲਈ ਮਜਬੂਰ ਹੋ ਗਈ। ਰੁਚਿਕਾ ਦੀ ਇਕ ਸਹੇਲੀ ਅਰਾਧਨਾ ਤੇ ਰੁਚਿਕਾ ਦੇ ਪਿਤਾ ਨੇ ਇਸ ਮਾਮਲੇ ਨੂੰ ਅਦਾਲਤ ਵਿਚ ਲਿਆਂਦਾ ਜਿਸ ਕਾਰਨ ਪੁਲਿਸ ਮੁਖੀ ਰਾਠੌਰ ਵਲੋਂ ਰੁਚਿਕਾ ਦੇ ਪਰਿਵਾਰ 'ਤੇ ਦਬਾਅ ਪਾਉਣ ਲਈ ਕਈ ਤਰ੍ਹਾਂ ਦੇ ਹਰਬੇ ਵਰਤੇ ਗਏ ਪਰ ਉਹ ਟੱਸ ਤੋਂ ਮੱਸ ਨਾ ਹੋਏ। ਅਖੀਰ 17 ਸਾਲਾਂ ਬਾਅਦ ਫੈਸਲਾ ਆਇਆ ਤੇ ਰਾਠੌਰ ਨੂੰ ਸਜ਼ਾ ਮਿਲੀ, ਸਿਰਫ ਛੇ ਮਹੀਨੇ। ਪਰਿਵਾਰ ਵਲੋਂ ਵੱਡੀ ਅਦਾਲਤ ਵਿਚ ਅਰਜ਼ੀ ਪਾਈ ਗਈ ਤਾਂ ਉਥੇ ਸਜ਼ਾ ਵਧਾ ਕੇ ਡੇਢ ਸਾਲ ਕਰ ਦਿੱਤੀ ਗਈ।

ਇਨ੍ਹਾਂ ਦੋ ਘਟਨਾਵਾਂ ਨੂੰ ਦੇਖਣ ਤੋਂ ਬਾਅਦ ਕੀ ਭਾਰਤ ਵਿਚ ਇਨਸਾਫ ਲਈ ਸੋਚਿਆ ਵੀ ਜਾ ਸਕਦਾ ਹੈ? ਅਦਾਲਤੀ ਫੈਸਲੇ ਸਿਰਫ ਗਿਣਤੀ ਦੀਆਂ ਧਾਰਾਵਾਂ ਤੇ ਝੂਠੇ ਸੱਚੇ ਸਬੂਤਾਂ ਦੀ ਬਿਨਾ ਤੇ ਨਿਰਭਰ ਹੁੰਦੇ ਹਨ ਪਰ ਕੀ ਨਿਆਂ ਦੀ ਆਪਣੀ ਕੋਈ ਸੰਵੇਦਨਾ ਜਾਂ ਵਿਵੇਕ ਨਹੀਂ ਹੋਣਾ ਚਾਹੀਦਾ?

1984 ਦੇ ਸਿੱਖ ਵਿਰੋਧੀ ਕਤਲੇਆਮ ਵਿਚ ਦੇਸ਼ ਭਰ ਵਿਚ ਹਜ਼ਾਰਾਂ ਸਿੱਖ ਮਾਰੇ ਗਏ, ਕਿਤੇ ਕੋਈ ਫੈਸਲਾ ਆਇਆ? ਜਿਸ ਨੂੰ ਇਨਸਾਫ ਕਹਿ ਸਕੀਏ। 1984 ਵਿਚ ਹੀ ਵਾਪਰੇ ਭੁਪਾਲ ਗੈਸ ਕਾਂਡ ਵਿਚ ਹਜ਼ਾਰਾਂ ਬੰਦੇ ਮਾਰੇ ਗਏ, ਹਜ਼ਾਰਾਂ ਦੀ ਸਿਹਤ ਦਾ ਨੁਕਸਾਨ ਹੋਇਆ, ਪਰ ਛੱਬੀ ਸਾਲਾਂ ਬਾਅਦ ਗਿਣਤੀ ਦੇ ਦੋਸ਼ੀਆਂ ਨੂੰ ਜੋ ਨਿਗੂਣੀ ਸਜ਼ਾ ਹੋਈ, ਕੀ ਉਹ ਇਨਸਾਫ ਦਾ ਕਤਲ ਨਹੀਂ? ਇਸ ਤੋਂ ਵੱਡੀ ਬੇਇਨਸਾਫੀ ਕੀ ਹੋਵੇਗੀ ਕਿ ਘਟਨਾ ਦੇ ਮੁੱਖ ਦੋਸ਼ੀ ਵਾਰਨ ਐਂਡਰਸਨ ਤੇ ਉਸ ਦੀ ਕੰਪਨੀ ਨੂੰ ਸਜ਼ਾ ਦੇਣੀ ਤਾਂ ਦੂਰ, ਦੋਸ਼ੀ ਮਿਥਣ ਦੀ ਵੀ ਜੁਰਅਤ ਨਹੀਂ ਕੀਤੀ ਗਈ। ਇਕ ਸਕੂਲ ਪੜ੍ਹਦੀ ਬੱਚੀ ਨੂੰ ਹਵਸ ਦਾ ਸ਼ਿਕਾਰ ਬਣਾਉਣ ਦੀ ਕੋਸ਼ਿਸ਼ ਕਰਨ ਵਾਲੇ ਤੇ ਉਸ ਦੀ ਮੌਤ ਲਈ ਜ਼ਿੰਮੇਵਾਰ ਪੁਲਿਸ ਅਧਿਕਾਰੀ ਰਾਠੌਰ ਨੂੰ ਸਤਾਰਾਂ ਵਰ੍ਹਿਆਂ ਬਾਅਦ ਸਿਰਫ ਡੇਢ ਸਾਲ ਦੀ ਸਜ਼ਾ ਇਨਸਾਫ ਦੇ ਨਾਂ 'ਤੇ ਇਕ ਕੋਝਾ ਮਜ਼ਾਕ ਹੀ ਹੈ। ਇਹ ਸਿਰਫ ਗਿਣਤੀ ਦੇ ਮਾਮਲੇ ਹਨ, ਅਜਿਹੇ ਹਜ਼ਾਰਾਂ ਮੁਕੱਦਮੇ ਭਾਰਤੀ ਅਦਾਲਤਾਂ ਵਿਚ ਹੋਣਗੇ ਜਿੱਥੇ ਨਿਆਂ ਦੇਰੀ ਨਾਲ ਹੋਇਆ ਜਾਂ ਹੋਵੇਗਾ। ਇਹ ਉਦੋਂ ਹੋਵੇਗਾ ਜਦੋਂ ਇਸ ਦਾ ਕੋਈ ਅਰਥ ਨਹੀਂ ਰਹਿ ਜਾਵੇਗਾ ਜਾਂ ਇਹ ਏਨਾ ਕੁ ਹਲਕਾ ਹੋਵੇਗਾ ਕਿ ਇਸ ਦਾ ਨਾ ਹੋਣਾ ਹੀ ਸ਼ਾਇਦ ਚੰਗਾ ਹੋਵੇ। ਦੇਖਣ ਵਾਲੀ ਗੱਲ ਇਹ ਵੀ ਹੈ ਕਿ ਜਦੋਂ ਰੁਤਬੇ ਵਿਚ ਵੱਡੇ ਲੋਕ (ਰਾਜਸੀ ਜਾਂ ਆਰਥਿਕ ਪੱਖੋਂ) ਕਿਸੇ ਤ੍ਰਾਸਦੀ ਦਾ ਸ਼ਿਕਾਰ ਬਣਦੇ ਹਨ ਤਾਂ ਕੀ ਹੁੰਦਾ ਹੈ? ਉਦੋਂ ਜਾਂਚ ਏਜੰਸੀਆਂ ਕਿੰਨੀ ਮੁਸਤੈਦੀ ਨਾਲ ਕੰਮ ਕਰਦੀਆਂ ਹਨ, ਅਦਾਲਤਾਂ ਕਿੰਨੀ ਤੇਜ਼ ਗਤੀ ਨਾਲ ਤਰੀਕਾਂ ਭੁਗਤਾਉਂਦੀਆਂ ਹਨ ਤੇ ਫੈਸਲੇ ਕੀ ਹੁੰਦੇ ਹਨ?

# ਬੰਗਾਲ ਦੀਆਂ ਸਥਾਨਕ ਚੋਣਾਂ ਤੇ ਖੱਬੇ ਪੱਖੀਆਂ ਦੀ ਡਿੱਗਦੀ ਸਾਖ

**ਸੁਕੀਰਤ**

ਆਮ ਤੌਰ ’ਤੇ ਕਿਸੇ ਸੂਬੇ ਦੀਆਂ ਸਥਾਨਕ ਨਗਰ ਨਿਗਮ ਚੋਣਾਂ ਏਨੀਆਂ ਮਹੱਤਵਪੂਰਨ ਨਹੀਂ ਹੁੰਦੀਆਂ ਕਿ ਉਹ ਕੌਮੀ ਮੀਡੀਏ ਵਿਚ ਅਹਿਮ ਥਾਂ ਮੱਲਣ ਦੀਆਂ ਹੱਕਦਾਰ ਮੰਨੀਆਂ ਜਾਂਦੀਆਂ ਹੋਣ ਪਰ ਜੇ ਸੂਬਾ ਹੋਵੇ ਪੱਛਮੀ ਬੰਗਾਲ ਦਾ, ਜੇਤੂ ਬਣ ਕੇ ਨਿਕਲੀ ਹੋਵੇ ਮਮਤਾ ਬੈਨਰਜੀ ਅਤੇ ਉਸਦੀ ਤ੍ਰਿਣਮੂਲ ਕਾਂਗਰਸ ਅਤੇ ਫੇਟ ਖਾਣ ਵਾਲੀ ਧਿਰ ਹੋਵੇ ਖੱਬਾ-ਫਰੰਟ ਤਾਂ ਇਨ੍ਹਾਂ ਸਥਾਨਕ ਚੋਣਾਂ ਦਾ ਪ੍ਰਛਾਵਾਂ ਵੀ ਆਪਣੇ ਸੂਬੇ ਦੀਆਂ ਹੱਦਾਂ ਤੋਂ ਕਿਤੇ ਲੰਮੇਰਾ ਜਾਪਣ ਲੱਗ ਪੈਂਦਾ ਹੈ।

ਅਖ਼ਬਾਰਾਂ ਦੀਆਂ ਸੁਰਖੀਆਂ ਕਹਿ ਰਹੀਆਂ ਹਨ ਕਿ ਮਮਤਾ ਦੇ ਝੁਲਾਏ ਝੱਖੜ ਨੇ ਖੱਬੇ ਫਰੰਟ ਦੀਆਂ ਜੜ੍ਹਾਂ ਹਿਲਾ ਕੇ ਰਖ ਦਿੱਤੀਆਂ ਹਨ। ਜਦੋਂ ਅਸੰਬਲੀ ਚੋਣਾਂ ਹੋਣ ਵਿਚ ਸਾਲ ਹੀ ਬਾਕੀ ਰਹਿ ਗਿਆ ਹੋਵੇ, ਪੰਚਾਇਤੀ ਅਤੇ ਲੋਕ-ਸਭਾਈ ਚੋਣਾਂ ਤੋਂ ਬਾਅਦ ਬੰਗਾਲ ਵਿਚ ਸਰਕਾਰ ਚਲਾ ਰਹੀ ਧਿਰ ਲਈ ਉਤੋੜਿਤੀ ਹਾਰਾਂ ਦਾ ਤੀਜਾ ਝਟਕਾ ਹੋਵੇ ਅਤੇ ਹੋਵੇ ਵੀ ਉਸ ਸੂਬੇ ਵਿਚ ਜਿੱਥੇ ਖੱਬਾ ਫਰੰਟ ਪਿਛਲੇ 32 ਸਾਲ ਤੋਂ ਲਗਾਤਾਰ ਰਾਜ ਕਰਦਾ ਆ ਰਿਹਾ ਹੈ ਤਾਂ ਇਨ੍ਹਾਂ ਨਿਗਮੀ ਚੋਣਾਂ ਦੇ ਨਤੀਜਿਆਂ ਨੇ ਆਪਣੇ ਜੁਗਰਾਫੀਏ ਦੀਆਂ ਸੀਮਾਵਾਂ ਤੋਂ ਬਾਹਰ ਵੀ ਖੌਰੂ ਤਾਂ ਪਾਉਣਾ ਹੀ ਹੋਇਆ।

ਜਿੱਤ/ਹਾਰ ਦੇ ਰੌਲ਼ੇ ਤੋਂ ਪਰ੍ਹੇ ਬਹਿ ਕੇ ਦੇਖਿਆ ਜਾਏ ਤਾਂ ਇਸ ਚੋਣ ਵਿਚ ਸ਼ਾਮਲ ਦੋਵੇਂ ਮੁਖ ਧਿਰਾਂ (ਤ੍ਰਿਣਮੂਲ ਕਾਂਗਰਸ ਅਤੇ ਖੱਬਾ ਫਰੰਟ) ਤੇ ਇਸ ਸੂਬੇ ਵਿਚਲੀ ਤੀਜੀ ਨਿੱਕੀ ਧਿਰ ਕਾਂਗਰਸ, ਤਿੰਨਾਂ ਲਈ ਹੀ ਇਹ ਚੋਣਾਂ ਗੰਭੀਰ ਸਵਾਲ ਖੜੇ ਕਰਦੀਆਂ ਹਨ।

ਪਹਿਲੋਂ ਗੱਲ ਕਰੀਏ ਖੱਬੇ ਫਰੰਟ ਦੀ ਜਿਹੜਾ ਚੋਣਾਂ ਤੱਕ ਪੱਛਮੀ ਬੰਗਾਲ ਦੇ 82 ਨਿਗਮਾਂ ਵਿਚੋਂ 54 ’ਤੇ ਕਾਬਜ਼ ਸੀ ਪਰ ਹੁਣ ਘਟ ਕੇ 18 ਜੋਗਾ ਰਹਿ ਗਿਆ ਹੈ। ਸੂਬੇ ਦੇ ਸਭ ਤੋਂ ਅਹਿਮ ਨਿਗਮ, ਰਾਜਧਾਨੀ ਕਲਕੱਤਾ ਨਿਗਮ ਦੇ 141 ਵਿਚੋਂ 95 ਵਾਰਡ ਮਮਤਾ ਬੈਨਰਜੀ ਦੀ ਝੋਲੀ ਆਣ ਪਏ ਹਨ ਤੇ 10 ਹੋਰ ਕਾਂਗਰਸ ਦੇ ਹਿੱਸੇ ਆਏ ਹਨ। ਖੱਬਾ ਫਰੰਟ 33 ਵਾਰਡਾਂ ਤੱਕ ਸੁੰਗੜ ਕੇ ਰਹਿ ਗਿਆ ਹੈ। ਮੁੱਖ ਮੰਤਰੀ ਬੁੱਧਾਦੇਬ ਭੱਟਾਚਾਰਜੀ ਦੇ ਆਪਣੇ ਅਸੰਬਲੀ ਹਲਕੇ ਵਿਚ ਪੈਂਦੇ 10 ਵਿਚੋਂ 6 ਵਾਰਡਾਂ ਉਤੇ ਤ੍ਰਿਣਮੂਲ ਕਾਂਗਰਸ ਜੇਤੂ ਰਹੀ ਹੈ। ਇਹੋ ਹਾਲ ਕੈਬਨਿਟ ਦੇ ਸੱਤ ਹੋਰ ਮੰਤਰੀਆਂ ਦੇ ਹਲਕਿਆਂ ਦਾ ਰਿਹਾ ਹੈ। ਲੰਘੇ ਵਰ੍ਹੇ ਲੋਕ ਸਭਾ ਚੋਣਾਂ ਵਿਚ 35 ਤੋਂ ਘਟ ਕੇ 15 ਸੀਟਾਂ ਤੱਕ ਸੀਮਤ ਰਹਿ ਜਾਣ ਵਾਲੇ ਖੱਬੇ-ਫਰੰਟ ਲਈ ਇਹ ਖਤਰੇ ਦੀ ਘੰਟੀ ਹੈ। ਇਸ ਲਈ ਖੱਬੇ ਫਰੰਟ ਦੇ ਚੇਅਰਮੈਨ ਬਿਮਾਨ ਬੋਸ ਨੂੰ ਸਪੱਸ਼ਟ ਸ਼ਬਦਾਂ ਵਿਚ ਕਹਿਣਾ ਪਿਆ ਹੈ, “ਸਾਨੂੰ ਨਿਗਮੀ ਚੋਣਾਂ ਦੇ ਨਤੀਜਿਆਂ ਦੀ ਪੜਚੋਲ ਕਰਨੀ ਪਵੇਗੀ ਅਤੇ ਇਸ ਗੱਲ ਦੀ ਵੀ ਕਿ ਗੜਬੜ ਕਿੱਥੇ ਹੋਈ, ਸਾਨੂੰ ਆਪਣਾ ਅੰਦਰ ਫਰੋਲ ਕੇ ਦੇਖਣਾ ਪਵੇਗਾ ਅਤੇ ਆਪਣੇ ਆਪ ਨੂੰ ਸੁਧਾਰਨਾ ਪਵੇਗਾ। ਖੱਬੀ ਧਿਰ ਨੂੰ ਲੋਕਾਂ ਦੇ ਹਿਤਾਂ ਬਾਰੇ ਸੋਚਣਾ ਪਵੇਗਾ। ਅਸੀਂ ਇਸ ਨੁਕਸਾਨ ਨੂੰ ਭਰਨ ਦੀ ਕੋਸ਼ਿਸ਼ ਕਰਾਂਗੇ।” ਏਸੇ ਤਰ੍ਹਾਂ ਮਾਕਪਾ ਦੇ ਬੁਲਾਰੇ ‘ਪੀਪਲਜ਼ ਡੈਮੋਕਰੇਸੀ’ ਨੇ ਆਪਣੀ ਸੰਪਾਦਕੀ ਵਿਚ ਲਿਖਿਆ ਹੈ, “ਉਤਰੀ 24 ਪਰਗਣਾ ਅਤੇ ਹੁਗਲੀ ਵਰਗੇ ਜ਼ਿਲਿਆਂ ਵਿਚ, ਜਿਹੜੇ ਖੱਬੀ ਧਿਰ ਦਾ ਗੜ੍ਹ ਮੰਨੇ ਜਾਂਦੇ ਹਨ, ਸਾਡੇ ਇੰਜ ਢਹਿ ਜਾਣ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਸਾਨੂੰ ਸਹੀ ਸਬਕ ਲੈਣੇ ਪੈਣਗੇ ਅਤੇ ਲੋੜੀਂਦੇ ਸੁਧਾਰ ਕਰਨੇ ਪੈਣਗੇ”। ਇਨ੍ਹਾਂ ਦੋ ਜ਼ਿਲ੍ਹਿਆਂ ਵਿਚ 2005 ਦੀਆਂ ਚੋਣਾਂ ਵਿਚ 33 ਵਿਚੋਂ 26 ਨਿਗਮ ਖੱਬੇ ਫਰੰਟ ਨੇ ਜਿੱਤੇ ਸਨ, ਹੁਣ ਇਸਦੀ ਝੋਲੀ ਵਿਚ ਸਪੱਸ਼ਟ ਰੂਪ ਵਿਚ ਸਿਰਫ 4 ਆਏ ਹਨ ਅਤੇ ਦੋ ਥਾਵਾਂ ਤੇ ਤੱਕੜੀ ਐਨ ਸਾਂਵੀਂ ਰਹੀ ਹੈ। ਭਾਕਪਾ ਦੇ ਜਨਰਲ ਸਕੱਤਰ ਕਾ. ਬਰਧਨ ਨੇ ਟੀ.ਵੀ. ਉਤੇ ਕੁਝ ਹੋਰ ਕਰੜੇ ਸ਼ਬਦਾਂ ਵਿਚ ਕਿਹਾ, “ਇਸ ਵਿਚ ਕੋਈ ਸ਼ੱਕ ਨਹੀਂ ਕਿ ਖੱਬੀ ਧਿਰ ਲਈ ਇਹ ਬਹੁਤ ਵੱਡੀ ਹਾਰ ਹੈ...ਖੱਬੇ ਫਰੰਟ ਨੂੰ ਆਪਣੇ ਆਪ ਨੂੰ ਸੁਧਾਰਨਾ ਪਵੇਗਾ। ਬਹੁਤ ਲੰਮਾ ਸਮਾਂ ਸੱਤਾ ਵਿਚ ਰਹਿਣ ਕਾਰਨ ਸ਼ਾਇਦ ਉਨ੍ਹਾਂ ਦੇ ਸਿਰ ਕੁਝ ਫਿਰ ਗਏ ਸਨ...।” ਭਾਕਪਾ ਦੇ ਹੀ ਸਹਾਇਕ ਸਕੱਤਰ ਸੁਧਾਕਰ ਰੈਡੀ ਨੇ ਇਨ੍ਹਾਂ ਨਤੀਜਿਆਂ ਨੂੰ ‘ਨਿਰਾਸ਼ਾਜਨਕ’ ਅਤੇ ਸੂਬੇ ਦੀ ਜਨਤਾ ਦੇ ਖੱਬੇ ਫਰੰਟ ਨਾਲੋਂ ‘ਟੁੱਟ ਜਾਣ ਦਾ ਸੂਚਕ’ ਮੰਨਿਆ ਹੈ, “ਖੱਬੇ ਫਰੰਟ ਨੂੰ ਇਨ੍ਹਾਂ ਚੋਣ ਨਤੀਜਿਆਂ ਨੂੰ ਚੰਗੀ ਤਰ੍ਹਾਂ ਪੜਚੋਲਣਾ ਚਾਹੀਦਾ ਹੈ ਅਤੇ ਪਤਾ ਲਾਉਣਾ ਚਾਹੀਦਾ ਹੈ ਕਿ ਉਸ ਦੇ ਪੁਰਾਣੇ ਅਤੇ ਲੰਮੇ ਸਮੇਂ ਤੋਂ ਤੁਰੇ ਆ ਰਹੇ ਸਮਰਥਕਾਂ ਦੀ ਏਡੀ ਵੱਡੀ ਗਿਣਤੀ ਉਸ ਤੋਂ ਬੇਮੁੱਖ ਕਿਉਂ ਹੋ ਗਈ ਹੈ।” ਅਸੰਬਲੀ ਚੋਣਾਂ ਹੋਣ ਵਿਚ ਸਾਲ ਤੋਂ ਵੀ ਘੱਟ ਸਮਾਂ ਬਾਕੀ ਹੈ। 2006 ਦੀਆਂ ਅਸੰਬਲੀ ਚੋਣਾਂ ਵਿਚ ਖੱਬੇ ਫਰੰਟ ਨੇ ਸੱਤਵੀਂ ਵਾਰ ਰਿਕਾਰਡ ਤੋੜ ਜਿੱਤ ਹਾਸਲ ਕੀਤੀ ਸੀ। ਵਿਧਾਨ ਸਭਾ ਦੀਆਂ 294 ਵਿਚੋਂ 235 ਸੀਟਾਂ ’ਤੇ ਖੱਬੇ ਫਰੰਟ ਦੀ ਕਿਸੇ ਨਾ ਕਿਸੇ ਪਾਰਟੀ ਦਾ ਉਮੀਦਵਾਰ ਜੇਤੂ ਰਿਹਾ ਸੀ। ਪਰ ਅੱਜ ਹਾਲਤ ਇਹ ਹੈ ਕਿ ਅਗਲੀਆਂ ਚੋਣਾਂ ਵਿਚ ਕੋਈ ‘ਚਮਤਕਾਰ’ ਹੀ ਖੱਬੇ ਫਰੰਟ ਨੂੰ ਮੁੜ ਸਰਕਾਰ ਬਣਾਉਣ ਦੀ ਹਾਲਤ ਤੀਕ ਪੁਚਾ ਸਕਦਾ ਜਾਪਦਾ ਹੈ। ਸੋ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਸ੍ਰੀ ਬਿਮਾਨ ਬੋਸ ਨੂੰ ਇਹ ਕਹਿਣਾ ਪੈ ਰਿਹਾ ਹੈ, “ਖੱਬੀ ਧਿਰ ਨੂੰ ਲੋਕਾਂ ਦੇ ਹਿਤਾਂ ਬਾਰੇ ਸੋਚਣਾ ਪਵੇਗਾ ਅਤੇ ਸਾਨੂੰ ਲੋਕ-ਹਿਤੈਸ਼ੀ ਪ੍ਰੋਗਰਾਮ ਅਪਨਾਉਣੇ ਪੈਣਗੇ।”



ਕਿਹੋ ਜਿਹੀ ਵਿਡੰਬਨਾ ਹੈ ਕਿ ਲੋਕ-ਹਿਤਾਂ ਨੂੰ ਪ੍ਰਣਾਈ ਵਿਚਾਰਧਾਰਾ ਵਾਲੀਆਂ ਪਾਰਟੀਆਂ ਨੂੰ ਲੋਕ-ਹਿਤਾਂ ਬਾਰੇ ‘ਸੋਚਣ’ ਲਈ ਮਜਬੂਰ ਹੋਣਾ ਹੋਵੇ। ਕਿਤੇ ਤਾਂ ਵਿਚਾਰਧਾਰਕ ਅਸੂਲਾਂ ਨੂੰ ਅਮਲੀ ਜਾਮਾ ਪੁਆਉਣ ਵਿਚ ਬੱਜਰ ਗਲਤੀਆਂ ਹੋਈਆਂ ਹੀ ਹਨ। ਜੇ ਹੁਣ ਵੀ ਇਸ ਹਾਰ ਤੋਂ ਸਹੀ ਸਬਕ ਸਿੱਖੇ ਜਾ ਸਕਣ!

ਹੁਣ ਆਈਏ ਦੂਜੀ ਅਤੇ ਇਸ ਰਾਜ ਵਿਚ ਮੁਕਾਬਲਤਨ ਨਿਗੂਣੀ ਧਿਰ, ਯਾਨਿ ਕਾਂਗਰਸ ਵਲ। ਕੇਂਦਰ ਸਰਕਾਰ ਦੀ ਸਭ ਤੋਂ ਵੱਡੀ ਇਸ ਪਾਰਟੀ ਨੇ ਲੋਕ ਸਭਾ ਦੀਆਂ ਚੋਣਾਂ ਤ੍ਰਿਣਮੂਲ ਕਾਂਗਰਸ ਨਾਲ ਰਲ ਕੇ ਲੜੀਆਂ ਸਨ ਪਰ ਇਨ੍ਹਾਂ ਨਿਗਮੀ ਚੋਣਾਂ ਵਿਚ ਆਪਸੀ ਸਹਿਮਤੀ ਨਾ ਹੋ ਸਕੀ। ਸ਼ਾਇਦ ਲਗਾਤਾਰ ਦੂਜੀ ਵਾਰ ਕੇਂਦਰ ਸਰਕਾਰ ਬਣਾਉਣ ਵਿਚ ਸਫਲ ਹੋਈ ਕਾਂਗਰਸ ਨੂੰ ਆਪਣੀ ਤਾਕਤ ਉਤੇ ਵਿਤੋਂ ਬਾਹਰਾ ਭਰੋਸਾ ਹੋਣ ਕਰਕੇ। ਪਰ ਇਨ੍ਹਾਂ ਨਤੀਜਿਆਂ ਨੇ ਦਰਸਾ ਦਿੱਤਾ ਹੈ ਕਿ ਇਹ ਭਰੋਸਾ ਬੇਲੋੜਾ ਸੀ। ਪਹਿਲੋਂ 16 ਨਿਗਮਾਂ ਉਤੇ ਕਾਬਜ਼ ਰਹਿ ਚੁੱਕੀ ਕਾਂਗਰਸ, ਆਪਣੇ ਬਲਬੂਤੇ ਸਿਰਫ 7 ਥਾਈਂ ਹੀ ਜੇਤੂ ਸਾਬਤ ਹੋਈ ਹੈ। ਜ਼ਾਹਰ ਹੈ ਕਿ ਤ੍ਰਿਣਮੂਲ ਨੇ ਖੱਬੇ ਫਰੰਟ ਦੇ ਕਿਲ੍ਹੇ ਨੂੰ ਹੀ ਸੰਨ੍ਹ ਨਹੀਂ ਲਾਈ, ਜ਼ਮੀਨ ਕਾਂਗਰਸ ਦੇ ਪੈਰਾਂ ਹੇਠੋਂ ਵੀ ਖਿਸਕਾਈ ਹੈ। ਪਿਛਲੀਆਂ ਚੋਣਾਂ ਵਿਚ ਕਲਕੱਤਾ ਨਿਗਮ ਵਿਚ 15 ਵਾਰਡਾਂ ’ਤੇ ਕਾਬਜ਼ ਰਹੀ ਕਾਂਗਰਸ ਦੇ ਪੱਲੇ ਇਸ ਵਾਰ ਸਿਰਫ 10 ਵਾਰਡ ਹੀ ਪਏ ਹਨ, ਜਦਕਿ ਤ੍ਰਿਣਮੂਲ ਨੇ 42 ਦੀ ਥਾਂ 95 ਵਾਰਡ ਆਪਣੇ ਕਬਜ਼ੇ ਹੇਠ ਕਰ ਲਏ ਹਨ। ਸੋ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਹੁਣ ਸੁਰ ਕਾਂਗਰਸ ਦੀ ਵੀ ਬਦਲੀ ਹੋਈ ਹੈ ਅਤੇ ਮਮਤਾ ਬੈਨਰਜੀ ਨੂੰ ਜਿੱਤ ਦੀ ਵਧਾਈ ਦੇਣ ਵਿਚ ਪਹਿਲ ਸ੍ਰੀ ਪ੍ਰਣਬ ਮੁਖਰਜੀ ਨੇ ਕੀਤੀ, ਜਿਹੜੇ ਅਜੇ ਇਕ ਹਫਤਾ ਪਹਿਲਾਂ ਤੀਕ ਮਮਤਾ ਬੈਨਰਜੀ ਨਾਲ ਬਿਆਨਬਾਜ਼ੀ ਵਿਚ ਉਲਝੇ ਹੋਏ ਲੱਭਦੇ ਸਨ। ਪੱਛਮੀ ਬੰਗਾਲ ਦੇ ਵੋਟਰ ਕੋਲੋਂ 33 ਸਾਲਾਂ ਤੋਂ ਟੁੱਟੀ ਹੋਈ ਕਾਂਗਰਸ ਨੂੰ ਆਪਣੇ ਬਲ-ਬੂਤੇ ਸਰਕਾਰ ਬਣਾਉਣ ਲਈ ਵੀ ਕਿਸੇ ‘ਚਮਤਕਾਰ’ ਦੀ ਹੀ ਲੋੜ ਹੈ, ਜਿਸਦੀਆਂ ਚੰਗੀਆਂ ਜਾਂ ਮੰਦੀਆਂ ਵਾਗਾਂ ਇਸ ਸਮੇਂ ਤ੍ਰਿਣਮੂਲ ਕਾਂਗਰਸ ਦੇ ਹੱਥ ਹੀ ਦਿਸਦੀਆਂ ਹਨ।

ਜਿਹੜੀ ਧਿਰ ਜੇਤੂ ਰਹੀ ਹੈ, ਸਵਾਲ ਉਸ ਦੇ ਸਾਹਮਣੇ ਵੀ ਅਜਿਹੇ ਖੜੇ ਹਨ ਜਿਨ੍ਹਾਂ ਉਪਰ ਉਸਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ। ਭਾਵੇਂ ਕਲਕੱਤਾ ਨਗਰ ਨਿਗਮ ਸਮੇਤ 27 ਨਿਗਮਾਂ ਉਪਰ ਤ੍ਰਿਣਮੂਲ ਕਾਂਗਰਸ ਕਾਬਜ਼ ਹੋ ਗਈ ਹੈ, ਪਰ ਇਹ ਵੀ ਭੁੱਲਣਾ ਨਹੀਂ ਚਾਹੀਦਾ ਕਿ ਰਾਜ ਵਿਚਲੇ ਸਾਰੇ ਨਿਗਮਾਂ ਦੀ ਕੁੱਲ ਗਿਣਤੀ ਦਾ ਇਹ ਤੀਜਾ ਹਿੱਸਾ ਹੀ ਬਣਦਾ ਹੈ। 31 ਨਿਗਮਾਂ ਵਿਚ ਕਿਸੇ ਵੀ ਧਿਰ ਨੂੰ ਬਹੁਮਤ ਹਾਸਲ ਨਹੀਂ ਹੋ ਸਕਿਆ। ਇਨ੍ਹਾਂ ਸਾਰੀਆਂ ਥਾਂਵਾਂ ਉਤੇ ਮਮਤਾ ਬੈਨਰਜੀ ਨੂੰ ਕਾਂਗਰਸ ਦੀ ਮਦਦ ਦੀ ਲੋੜ ਤਾਂ ਪਵੇਗੀ ਹੀ, ਇਹ ਤੱਥ ਇਸ ਗੱਲ ਦਾ ਵੀ ਸੂਚਕ ਹੈ ਕਿ ਅਖਬਾਰੀ ਸੁਰਖੀਆਂ ਭਾਵੇਂ ਮਮਤਾ ਦੇ ਝੁੱਲੇ ਝੱਖੜ ਦੀਆਂ ਗੱਲਾਂ ਕਰਦੀਆਂ ਹੋਣ, ਇਹ ਉਸਨੂੰ ਏਨਾ ਤਾਕਤਵਰ ਵੀ ਨਹੀਂ ਬਣਾਉਂਦੀਆਂ ਕਿ ਆਉਂਦੀਆਂ ਚੋਣਾਂ ਵਿਚ ਤ੍ਰਿਣਮੂਲ ਨੂੰ ਚੁੱਕ ਕੇ ਰਾਜਗੱਦੀ ਤੇ ਲਿਆ ਬਿਠਾਉਣ। ਅਸੰਬਲੀ ਚੋਣਾਂ ਵਿਚ ਬਹੁਮਤ ਹਾਸਲ ਕਰਨ ਲਈ ਉਸਨੂੰ ਮੁੜ ਕਾਂਗਰਸ ਨਾਲ ਗਠਜੋੜ ਕਰਨਾ ਹੀ ਪਵੇਗਾ। ਇਹੋ ਕਾਰਨ ਹੈ ਕਿ ਜਿੱਤ ਦੀਆਂ ਇਨ੍ਹਾਂ ਪਹਿਲੀਆਂ ਖੁਮਾਰੀ ਘੜੀਆਂ ਵਿਚ ਵੀ ਮਮਤਾ ਬੈਨਰਜੀ ਨੇ ਆਪਣੇ ਸੁਭਾ ਤੋਂ ਉਲਟ ਠਰ੍ਹੰਮੇ ਵਾਲੀ ਸੁਰ ਅਪਣਾ ਕੇ ਕਿਹਾ ਹੈ, “ਅਸੀਂ ਯੂ.ਪੀ.ਏ. ਸਰਕਾਰ ਨਾਲ ਆਪਣੇ ਸਬੰਧ ਕਾਇਮ ਰੱਖਣਾ ਚਾਹੁੰਦੇ ਹਾਂ। ਅਸੀਂ ਹਮੇਸ਼ਾ ਮਹਾਜੋਤ (ਵੱਡੇ ਗੱਠਜੋੜ) ਦੇ ਹੱਕ ਵਿਚ ਰਹੇ ਹਾਂ”। ਮਮਤਾ ਬੈਨਰਜੀ ਸ਼ਾਤਰ ਸਿਆਸਤਦਾਨ ਹੈ ਅਤੇ ਜਾਣਦੀ ਹੈ ਕਿ ਪੱਛਮੀ ਬੰਗਾਲ ਵਿਚ ਖੱਬੇ-ਫਰੰਟ ਨੂੰ ਲਾਂਭੇ ਕਰਨ ਦੀ ਦੌੜ ਵਿਚ ਜਿੰਨੀ ਲੋੜ ਕਾਂਗਰਸ ਨੂੰ ਉਸਦੇ ਸਾਥ ਦੀ ਹੈ, ਉਨੀ ਹੀ ਤ੍ਰਿਣਮੂਲ ਕਾਂਗਰਸ ਨੂੰ ਕਾਂਗਰਸ ਦੇ ਨਾਲ ਗਠਜੋੜ ਦੀ ਹੈ। ਪਰ ਮਮਤਾ ਦੀ ਸ਼ਾਤਰਤਾ ਵਿਚ ਗੈਰ-ਜ਼ਿੰਮੇਵਾਰੀ ਅਤੇ ਮੌਕਾਪ੍ਰਸਤੀ ਵੀ ਰਲੇ ਹੋਏ ਹਨ, ਜੋ ਉਸਨੂੰ ਕਦੇ ਕਾਂਗਰਸ ਅਤੇ ਕਦੇ ਭਾਜਪਾ ਨਾਲ ਮਹਾਜੋਤਾਂ ਵਲ ਧੱਕਦੇ ਹਨ। ਲੋੜ ਪੈਣ ਉਤੇ ਉਹ ਮਾਓਵਾਦੀ ਪੱਤਾ ਵੀ ਖੇਡ ਲੈਂਦੀ ਹੈ। ਪਿਛਲੇ ਕੁਝ ਸਮੇਂ ਤੋਂ ਉਸਦੀਆਂ ਇਹ ਤਕਰੀਬਾਂ ਉਸ ਨੂੰ ਰਾਸ ਆਉਂਦੀਆਂ ਰਹੀਆਂ ਹਨ, ਪਰ ਇਨ੍ਹਾਂ ਦੇ ਰਾਸ ਆਉਣ ਵਿਚ ਵੱਡਾ ਹਿੱਸਾ ਖੱਬੇ ਫਰੰਟ ਦੀਆਂ ਆਪਣੀਆਂ ਗਲਤੀਆਂ ਦਾ ਵੀ ਸੀ। ਸ਼ਿੰਗੂਰ ਅਤੇ ਨੰਦੀਗ੍ਰਾਮ ਵਰਗੇ ਮੁੱਦੇ ਉਸਨੂੰ ਬੈਠੇ ਬਿਠਾਏ ਪਰੋਸ ਦਿੱਤੇ ਗਏ ਅਤੇ ਆਪਣੀ ਹਰ ਥਾਂ ਪਹੁੰਚਣ ਵਾਲੀ ਉਦਮੀ ਕਾਰਜਸ਼ੀਲਤਾ (ਜੋ ਸ਼ੂਰੂ ਤੋਂ ਹੀ ਮਮਤਾ ਦੇ ਰਾਜਸੀ ਵਿਹਾਰ ਦਾ ਵੱਡਾ ਗੁਣ ਰਿਹਾ ਹੈ) ਅਤੇ ਮੌਕਾਪ੍ਰਸਤੀ (ਇਹ ਸਿਧਾਂਤਕ ਲਚਕੀਲਾਪਣ ਵੀ ਮਮਤਾ ਦੇ ਰਾਜਸੀ ਪੈਂਤੜਿਆਂ ਵਿਚ ਸ਼ੁਰੂ ਤੋਂ ਹੀ ਤੁਰਿਆ ਆਉਂਦਾ ਹੈ) ਕਾਰਨ ਉਸਨੇ ਇਨ੍ਹਾਂ ਦਾ ਭਰਪੂਰ ਲਾਹਾ ਲਿਆ।

ਇਨ੍ਹਾਂ ਭਾਵਨਾਤਮਕ ਮੁੱਦਿਆਂ ਦੇ ਆਧਾਰ ਉਤੇ ਉਹ ਪੱਛਮੀ ਬੰਗਾਲ ਦੀ ਮਧ-ਵਰਗੀ ਜਮਾਤ ਤੋਂ ਲੈ ਕੇ ਬੁੱਧੀਜੀਵੀਆਂ ਨੂੰ ਆਪਣੇ ਵਲ ਖਿੱਚਣ ਵਿਚ ਕਾਮਯਾਬ ਹੋਈ। ਪਰ ਹੁਣ ਅਜਿਹੇ ਮੁੱਦਿਆਂ (ਜਾਂ ਖੱਬੇ-ਫਰੰਟ ਦੀਆਂ ਗਲਤੀਆਂ) ਦੀ ਦੁਹਾਈ ਦੇ ਕੇ ਜਨਤਕ ਰਾਏ ਲਾਮਬੰਦ ਕਰਨ ਦਾ ਵੇਲਾ ਲੰਘ ਚੁੱਕਾ ਹੈ। ਹੁਣ ਉਸਾਰੂ ਕੰਮ ਕਰਨੇ ਪੈਣਗੇ। ਨਹੀਂ ਤਾਂ ਜਨਤਾ ਦੇ ਮੋਹ ਨੂੰ ਰੋਸ ਵਿਚ ਬਦਲਦਿਆਂ ਵੀ ਦੇਰ ਨਹੀਂ ਲਗਦੀ। ਅਸੰਬਲੀ ਵਿਚ ਬਹੁਮਤ ਹਾਸਲ ਕਰਨ ਲਈ ਮਮਤਾ ਬੈਨਰਜੀ ਨੂੰ ਵਿਕਾਸ ਦਾ ਠੋਸ ਬਦਲ ਪੇਸ਼ ਕਰਨਾ ਪਵੇਗਾ, ਨਿਰੇ ਭਾਵਨਾਤਮਕ ਮੁੱਦੇ ਉਛਾਲਣ ਨਾਲ ਕੰਮ ਨਹੀਂ ਸਰਨਾ। ਅਸੰਬਲੀ ਚੋਣਾਂ ਵਿਚ ਹੁਣ ਸਾਲ ਤੋਂ ਵੀ ਘੱਟ ਸਮਾਂ ਰਹਿ ਗਿਆ ਹੈ, ਪਰ ਕਹਿੰਦੇ ਨੇ ਰਾਜਨੀਤੀ ਵਿਚ ਇਕ ਸਾਲ ਦਾ ਸਮਾਂ ਵੀ ਬਹੁਤ ਲੰਮਾ ਸਾਬਤ ਹੋ ਸਕਦਾ ਹੈ...ਪੱਛਮੀ ਬੰਗਾਲ ਦੀ ਅਸੰਬਲੀ ਤੇ ਕਾਬਜ਼ ਹੋਣ ਲਈ ਹੋੜ ਵਿਚ ਲੱਗੀਆਂ ਸਾਰੀਆਂ ਹੀ ਧਿਰਾਂ ਨੂੰ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ।

# ਕਸ਼ਮੀਰ ਮਸਲਾ ਵੱਡੀ ਰਾਜਨੀਤਿਕ ਗੁੰਝਲ ਬਣਿਆ

**ਖੁਸ਼ਵਿੰਦਰ ਸਿੰਘ ਸੂਰੀਆ**

ਪਿਛਲੇ ਦਿਨੀਂ ਭਾਰਤ ਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੀ ਥਿੰਫੂ ਵਿਚ ਹੋਈ ਮੁਲਾਕਾਤ ਤੋਂ ਬਾਅਦ ਪਾਕਿਸਤਾਨ ਦੇ ਵਿਦੇਸ਼ ਮੰਤਰੀ ਕੁਰੈਸ਼ੀ ਨੇ ਭਾਰਤ ਦੇ ਵਿਦੇਸ਼ ਮੰਤਰੀ ਕ੍ਰਿਸ਼ਨਾ ਨੂੰ ਫੋਨ ’ਤੇ ਗੱਲਬਾਤ ਮਗਰੋਂ 15 ਜੁਲਾਈ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੱਤਾ। ਇਕ ਵਾਰ ਫਿਰ ਭਾਰਤ-ਪਾਕਿ ਗੱਲਬਾਤ ਹੋ ਰਹੀ ਹੈ ਤੇ ਫਿਰ ਤੋਂ ਅਤਿਵਾਦ ਸਮੇਤ ਹੋਰ ਆਪਸੀ ਮੱਤਭੇਦ ਵਾਲੇ ਮੁੱਦੇ ਵਿਚਾਰੇ ਜਾਣਗੇ ਅਤੇ ਅਜਿਹੇ ਸਮੇਂ ਕਸ਼ਮੀਰ ਦਾ ਮੁੱਦਾ ਵੀ ਜ਼ਰੂਰ ਉਠਾਇਆ ਜਾਵੇਗਾ ਜੋ ਭਾਰਤ ਦੀ ਰਾਜਨੀਤੀ ਤੇ ਅੰਤਰਰਾਸ਼ਟਰੀ ਰਾਜਨੀਤੀ ਲਈ ਇਕ ਭਖਦਾ ਵਿਸ਼ਾ ਹੈ। ਭਾਜਪਾ ਪਾਕਿਸਤਾਨ ਨਾਲ ਇਸ ਤਰ੍ਹਾਂ ਦੀ ਗੱਲਬਾਤ ਦਾ ਵਿਰੋਧ ਕਰ ਰਹੀ ਹੈ ਕਿਉਂਕਿ ਉਸ ਅਨੁਸਾਰ ਪਾਕਿ ਕਦੇ ਵੀ ਆਪਣੀ ਗੱਲਬਾਤ ’ਤੇ ਕਾਇਮ ਨਹੀਂ ਰਿਹਾ ਤੇ ਨਾ ਹੀ ਭਾਰਤ ਵਿਰੁਧ ਅਤਿਵਾਦੀ ਕਾਰਵਾਈਆਂ ਲਈ ਆਪਣੀ ਜ਼ਮੀਨ ਦੀ ਹੋ ਰਹੀ ਦੁਰਵਰਤੋਂ ਰੋਕਦਾ ਹੈ। ਪਹਿਲਾਂ ਵੀ ਕਈ ਵਾਰ ਭਾਰਤ-ਪਾਕਿ ਵਿਚ ਹੋਈਆਂ ਵਾਰਤਾਵਾਂ ਲਗਭਗ ਅਸਫਲ ਹੀ ਰਹੀਆਂ ਹਨ।

1947 ਵਿਚ ਭਾਰਤ-ਪਾਕਿ ਵੰਡ ਵੇਲੇ ਤੋਂ ਹੀ ਕਸ਼ਮੀਰ ਪ੍ਰਤੀ ਪਾਕਿਸਤਾਨ ਦੀ ਨੀਅਤ ਲਾਲਚੀ ਰਹੀ ਹੈ। ਉਸ ਸਮੇਂ ਬਰਤਾਨੀਆ ਤੋਂ ਆਜ਼ਾਦ ਹੋਈਆਂ ਲਗਪਗ ਸਭ 600 ਦੇਸੀ ਰਿਆਸਤਾਂ ਆਪਣੀ ਇੱਛਾ ਅਨੁਸਾਰ ਭਾਰਤ ਤੇ ਪਾਕਿਸਤਾਨ ਵਿਚ ਮਿਲ ਗਈਆਂ। ਅੰਤ ’ਚ ਸਿਰਫ ਕਸ਼ਮੀਰ ਹੀ ਇਕ ਅਜਿਹੀ ਰਿਆਸਤ ਰਹਿ ਗਈ ਸੀ ਜਿਸ ਦੇ ਰਾਜਾ ਹਰੀ ਸਿੰਘ ਨੇ ਇਸ ਸਬੰਧੀ ਕੋਈ ਨਿਰਣਾ ਨਹੀਂ ਸੀ ਕੀਤਾ। ਕਸ਼ਮੀਰ ਦਾ ਰਾਜਾ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨਾਲ ਕੁਝ ਆਰਜ਼ੀ ਸਮਝੌਤੇ ਕਰਨ ਦਾ ਚਾਹਵਾਨ ਸੀ। ਉਸ ਸਮੇਂ ਪਾਕਿਸਤਾਨ ਨੇ ਇਕ ਪਾਸੇ ਕਸ਼ਮੀਰ ਰਿਆਸਤ ਨਾਲ ਕੁਝ ਸਮਝੌਤੇ ਕੀਤੇ ਤੇ ਦੂਜੇ ਪਾਸੇ ਕਬਾਇਲੀਆਂ ਨੂੰ ਹਥਿਆਰ ਦੇ ਕੇ ਹਮਲਾ ਕਰਵਾ ਦਿੱਤਾ ਤੇ ਕਸ਼ਮੀਰ ਦੇ ਕਾਫੀ ਹਿੱਸੇ ’ਤੇ ਕਬਜ਼ਾ ਵੀ ਕਰ ਲਿਆ। ਕਸ਼ਮੀਰ ਦੇ ਮਹਾਰਾਜਾ ਨੇ ਨਿਰਾਸ਼ ਹੋ ਕੇ ਭਾਰਤ ਤੋਂ ਸਹਾਇਤਾ ਮੰਗੀ ਤੇ ਨਾਲ ਹੀ 26 ਅਕਤੂਬਰ, 1947 ਨੂੰ ਆਪਣੀ ਜੰਮੂ-ਕਸ਼ਮੀਰ ਦੀ ਰਿਆਸਤ ਨੂੰ ਹਿੰਦੁਸਤਾਨ ਵਿਚ ਮਿਲਾ ਦੇਣ ਦੀ ਘੋਸ਼ਣਾ ’ਤੇ ਦਸਤਖਤ ਕਰ ਦਿਤੇ।

ਭਾਰਤ ਨੇ ਤੁਰੰਤ ਫੌਜ ਇਕੱਤਰ ਕੀਤੀ ਜਿਸ ਵਿਚ ਮਹਾਰਾਜਾ ਪਟਿਆਲਾ ਦੀ ਫੌਜ ਰਜਿੰਦਰਾ ਲਾਂਸਰ ਵਿਸ਼ੇਸ਼ ਤੌਰ ‘ਤੇ ਸ਼ਾਮਲ ਹੋਈ ਤੇ 27 ਅਕਤੂਬਰ, 1947 ਤੱਕ ਜੰਮੂ-ਕਸ਼ਮੀਰ ਪੁੱਜ ਗਈ ਜਿਸ ਨੇ ਆਪਣੀ ਬਹਾਦਰੀ ਨਾਲ ਲਗਭਗ ਸ੍ਰੀਨਗਰ ਤਕ ਪਹੁੰਚ ਚੁੱਕੇ ਪਾਕਿ ਹਮਲਾਵਰਾਂ ਨੂੰ ਪਿੱਛੇ ਖਦੇੜ ਦਿੱਤਾ ਪ੍ਰੰਤੂ ਅਚਾਨਕ ਜੰਗ ਦਰਮਿਆਨ ਉਸ ਸਮੇਂ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਜੰਗਬੰਦੀ ਦਾ ਆਦੇਸ਼ ਦੇ ਦਿੱਤਾ ਤੇ ਇਹ ਮਸਲਾ ਸੰਯੁਕਤ ਰਾਸ਼ਟਰ ਸੰਘ ਵਿਚ ਸੁਲਝਾਉਣ ਦੀ ਦਲੀਲ ਦਿੱਤੀ। ਇਹ ਉਹ ਸਮਾਂ ਸੀ ਜਦੋਂ ਭਾਰਤੀ ਫੌਜ ਕੁਝ ਹੀ ਘੰਟਿਆਂ ਵਿਚ ਪਾਕਿਸਤਾਨ ਦੇ ਹਮਲਾਵਰਾਂ ਨੂੰ ਪੂਰੇ ਕਸ਼ਮੀਰ ’ਚੋਂ ਖਦੇੜ ਸਕਣ ਦੀ ਹਾਲਤ ਵਿਚ ਸੀ।

ਜੰਗਬੰਦੀ ਮਗਰੋਂ ਕਸ਼ਮੀਰ ਦਾ ਕਾਫੀ ਹਿੱਸਾ ਪਾਕਿਸਤਾਨ ਦੇ ਕਬਜ਼ੇ ਹੇਠ ਰਹਿ ਗਿਆ ਜਿਸ ਨੂੰ ਉਨ੍ਹਾਂ ‘ਆਜ਼ਾਦ ਕਸ਼ਮੀਰ’ ਦਾ ਨਾਂ ਦਿੱਤਾ ਤੇ ਭਾਰਤ-ਪਾਕਿ ਦੇ ਕਬਜ਼ੇ ਵਾਲੇ ਕਸ਼ਮੀਰ ਦੀ ਵਿਚਕਾਰਲੀ ਰੇਖਾ ‘ਲਾਈਨ ਆਫ ਕੰਟਰੋਲ’ ਬਣ ਗਈ। ਸੰਯੁਕਤ ਰਾਸ਼ਟਰ ਸੰਘ ਨੇ ਉਸ ਸਮੇਂ ਦੋ ਬਦਲ ਮੂਹਰੇ ਰੱਖੇ (1) ਪਾਕਿਸਤਾਨ ਤੁਰੰਤ ਕਸ਼ਮੀਰ ਦੇ ਕਾਬਜ਼ ਹਿੱਸੇ ’ਚੋਂ ਆਪਣੀ ਫੌਜ ਹਟਾ ਕੇ ਉਸ ਨੂੰ ਖਾਲੀ ਕਰੇ, (2) ਸ਼ਾਂਤੀ ਮਗਰੋਂ ਕਸ਼ਮੀਰ ਦੀ ਜਨਤਾ ਹੀ ਆਪਣੀ ਖੁਸ਼ੀ (ਬਾਅਦ ਵਿਚ ਕਿਹਾ ਜਨਮਤ) ਰਾਹੀਂ ਆਪਣੇ ਭਵਿੱਖ ਦਾ ਫੈਸਲਾ ਕਰੇਗੀ। ਪ੍ਰੰਤੂ ਹਾਲੇ ਤਕ ਦੋਹਾਂ ਵਿਚੋਂ ਕੋਈ ਵੀ ਬਦਲ ਲਾਗੂ ਨਹੀਂ ਹੋ ਸਕਿਆ ਤੇ ਨਾ ਹੀ ਸੰਯੁਕਤ ਰਾਸ਼ਟਰ ਸੰਘ ਪਾਕਿਸਤਾਨ ਤੋਂ ਇਹ ਦਬਾਅ ਨਾਲ ਕਰਵਾ ਸਕਿਆ। ਪਾਕਿਸਤਾਨ ਨੇ ਦੁਬਾਰਾ 5 ਅਗਸਤ, 1965 ਨੂੰ ਭਾਰਤ ਦੇ ਹਿੱਸੇ ਵਾਲੇ ਕਸ਼ਮੀਰ ’ਤੇ ਹਮਲਾ ਕੀਤਾ ਤੇ ਫਿਰ ਇਕ ਵਾਰ 1999 ਵਿਚ ਅਜਿਹਾ ਫੌਜੀ ਹਮਲਾ ਕੀਤਾ।

ਪਾਕਿਸਤਾਨ ਕਈ ਵਾਰ ਅੰਤਰਰਾਸ਼ਟਰੀ ਤੇ ਰਾਸ਼ਟਰੀ ਮੰਚ ’ਤੇ ਭਾਰਤ ਨਾਲ ਕਸ਼ਮੀਰ ਮਸਲਾ ਗੱਲਬਾਤ ਰਾਹੀਂ ਸੁਲਝਾਉਣ ਦੀ ਗੱਲ ਕਰਦਾ ਰਿਹਾ ਹੈ, ਪਰ ਦੂਜੇ ਪਾਸੇ ਇਸ ਮਸਲੇ ਵਿਚ ਫੌਜੀ ਤਾਕਤ ਦੀ ਦੁਰਵਰਤੋਂ ਕਰਨ ਤੋਂ ਵੀ ਕਦੇ ਸੰਕੋਚ ਨਹੀਂ ਕਰਦਾ। 1998 ਵਿਚ ਦੋਹਾਂ ਵਲੋਂ ਵੱਡੇ ਪ੍ਰਮਾਣੂ ਪ੍ਰੀਖਣਾਂ ਮਗਰੋਂ ਇਹ ਯਕੀਨੀ ਬਣਾਉਣਾ ਜ਼ਰੂਰੀ ਹੋ ਗਿਆ ਕਿ ਦੋਵੇਂ ਪ੍ਰਮਾਣੂ ਦੇਸ਼ ਆਪਣੇ ਤਣਾਅਪੂਰਨ ਸਬੰਧਾਂ ’ਤੇ ਕਾਬੂ ਪਾ ਕੇ ਰੱਖਣ। ਇਸ ਲਈ 21 ਫਰਵਰੀ, 1999 ਨੂੰ ਲਾਹੌਰ ਵਿਖੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਤੇ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਲਾਹੌਰ ਘੋਸ਼ਣਾ ਸਮਝੌਤੇ ’ਤੇ ਦਸਤਖਤ ਕਰਕੇ ਦੋਹਾਂ ਦੇਸ਼ਾਂ ਦੇ ਸਬੰਧ ਸੁਧਾਰਨ ਦਾ ਇਕ ਹੋਰ ਯਤਨ ਕੀਤਾ, ਪਰ ਇਹ ਸਭ ਕੁਝ ਇਕ ਵਾਰ ਫਿਰ ਵਿਅਰਥ ਹੋ ਗਿਆ ਜਦੋਂ ਸਿਰਫ ਦੋ ਮਹੀਨੇ ਬਾਅਦ ਮਈ 1999 ਵਿਚ ਪਾਕਿਸਤਾਨ ਦੀ ਫੌਜ ਨੇ ਭਾਰਤ ’ਤੇ ਹਮਲਾ ਕਰ ਦਿੱਤਾ ਤੇ ਕਾਰਗਿਲ ਦਾ ਯੁੱਧ ਛਿੜ ਗਿਆ।

15 ਜੁਲਾਈ, 2001 ਨੂੰ ਆਗਰਾ ਵਾਰਤਾ ਦੌਰਾਨ ਵੀ ਪਾਕਿਸਤਾਨ ਦਾ ਕਸ਼ਮੀਰ ਪ੍ਰਤੀ ਅੜੀਅਲ ਰਵੱਈਆ ਜੱਗ ਜ਼ਾਹਿਰ ਸੀ। ਆਗਰਾ ਵਾਰਤਾ ਦੌਰਾਨ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਤੇ ਸ੍ਰੀ ਅਟਲ ਬਿਹਾਰੀ ਵਾਜਪਾਈ ਦਰਮਿਆਨ ਕਸ਼ਮੀਰ ਮਸਲੇ ’ਤੇ ਲੰਬੀ ਬਹਿਸ ਹੋਈ, ਪਰ ਇਹ ਦੋ-ਦਿਨਾ ਵਾਰਤਾ ਪਰਵੇਜ਼ ਮੁਸ਼ੱਰਫ ਦੇ ਕਸ਼ਮੀਰ ਮਸਲੇ ’ਤੇ ਆਪਣੀ ਰਣਨੀਤੀ ਨਾ ਬਦਲਣ ਕਾਰਨ ਅਸਫਲ ਹੀ ਸਾਬਤ ਹੋਈ। ਮੁਸ਼ੱਰਫ ਇਹ ਕਹਿ ਕੇ ਚਲਦੇ ਬਣੇ ਕਿ ਦੋਹਾਂ ਦੇਸ਼ਾਂ ਦੇ ਮੁੱਦੇ ਬਹੁਤ ਜਟਿਲ ਹੋ ਚੁੱਕੇ ਹਨ ਜੋ ਐਨੇ ਥੋੜ੍ਹੇ ਸਮੇਂ ਵਿਚ ਨਹੀਂ ਸੁਲਝ ਸਕਦੇ।

ਦਰਅਸਲ ਇਸ ਮਸਲੇ ਨੂੰ ਨਿੱਜੀ ਤੇ ਰਾਜਸੀ ਲਾਭ ਲੈਣ ਲਈ ਪਾਕਿਸਤਾਨ ਵਲੋਂ ਤੇ ਇਸ ਨੂੰ ਹੱਲ ਕਰਵਾਉਣ ਲਈ ਕਈ ਵਾਰ ਵਿਚੋਲਾ ਬਣੇ ਅਮਰੀਕਾ ਵਲੋਂ ਜਾਣਬੁੱਝ ਕੇ ਜਟਿਲ ਬਣਾਇਆ ਜਾ ਰਿਹਾ ਹੈ। ਖੁਦ ਪਾਕਿਸਤਾਨ ਇਸ ਮਸਲੇ ਨੂੰ ਹੱਲ ਨਹੀਂ ਕਰਨਾ ਚਾਹੁੰਦਾ। ਵਾਰਤਾਵਾਂ, ਸਮਝੌਤੇ ਸਿਰਫ ਲੋਕ ਵਿਖਾਵਾ ਹਨ। ਆਜ਼ਾਦੀ ਤੋਂ ਬਾਅਦ ਛੇ ਦਹਾਕਿਆਂ ਤੋਂ ਵੱਧ ਦੇ ਸਮੇਂ ਦੌਰਾਨ ਸਵਾਰਥੀ ਹਕੂਮਤ ਨੇ ਪਾਕਿਸਤਾਨ ਨੂੰ ਬੁਰੀ ਤਰ੍ਹਾਂ ਆਰਥਿਕ ਪਛੜੇਪਣ ਦਾ ਸ਼ਿਕਾਰ ਬਣਾ ਦਿੱਤਾ ਹੈ। ਇਸਲਾਮਾਬਾਦ ਤੇ ਲਾਹੌਰ ਦੀ ਮਾਮੂਲੀ ਤਰੱਕੀ ਨੂੰ ਛੱਡ ਕੇ ਪੂਰਾ ਪਾਕਿਸਤਾਨ ਹਰ ਖੇਤਰ ਵਿਚ ਬੁਰੀ ਤਰ੍ਹਾਂ ਪਛੜ ਚੁੱਕਿਆ ਹੈ। ਨਾ ਚੰਗੀ ਸਿੱਖਿਆ ਤੇ ਰੁਜ਼ਗਾਰ ਹੈ ਤੇ ਨਾ ਹੀ ਸੜਕਾਂ, ਇਮਾਰਤਾਂ, ਰੇਲ ਸੇਵਾਵਾਂ, ਸੰਚਾਰ ਸਾਧਨਾਂ ਦਾ ਕੋਈ ਨਵ-ਨਿਰਮਾਣ। ਸਿਹਤ ਸੇਵਾਵਾਂ ਬੁਰੀ ਤਰ੍ਹਾਂ ਅਸਫਲ ਹਨ। ਦੂਜਾ, ਪਾਕਿਸਤਾਨ ਅਤਿਵਾਦੀ ਸੰਗਠਨਾਂ ਦਾ ਅੱਡਾ ਬਣ ਚੁੱਕਾ ਹੈ ਤੇ ਖੁਦ ਵੀ ਦਹਿਸ਼ਤਗਰਦੀ ਤੋਂ ਸੱਖਣਾ ਨਹੀਂ ਰਿਹਾ। ਅਜਿਹੇ ਮਾਹੌਲ ਵਿਚ ਪਾਕਿਸਤਾਨ ਸਰਕਾਰ ਸਮੇਂ-ਸਮੇਂ ਸਿਰਫ ਕਸ਼ਮੀਰ ਮੁੱਦੇ ਨੂੰ ਭਖਦਾ ਰੱਖ ਕੇ ਕੰਮ ਚਲਾ ਰਹੀ ਹੈ। ਆਮ ਜਨਤਾ ਨੂੰ ਉਸਾਰੂ ਮਾਹੌਲ ਦੇਣ ਦੀ ਥਾਂ ਉਨ੍ਹਾਂ ਦੇ ਦਿਲਾਂ ਵਿਚ ਨਫਰਤ ਭਰ ਕੇ ਉਨ੍ਹਾਂ ਦਾ ਧਿਆਨ ਕਸ਼ਮੀਰ ’ਤੇ ਹੀ ਕੇਂਦਰਿਤ ਕੀਤਾ ਜਾ ਰਿਹਾ ਹੈ।

ਜਿੱਥੋਂ ਤੱਕ ਅਮਰੀਕਾ ਦਾ ਸਵਾਲ ਹੈ, ਉਹ ਇਕ ਵਪਾਰੀ ਪੂੰਜੀਪਤੀ ਦੇਸ਼ ਹੈ ਜਿਸ ਦਾ ਉਦੇਸ਼ ਸਿਰਫ ਮੁਨਾਫੇ ਤਕ ਸੀਮਤ ਹੈ। ਏਸ਼ੀਆ ਉਸ ਦੇ ਮਹਿੰਗੇ ਹਥਿਆਰਾਂ ਦੀ ਮੰਡੀ ਹੈ ਤੇ ਪਾਕਿਸਤਾਨ ਉਸ ਦਾ ਵੱਡਾ ਗਾਹਕ ਹੈ ਜਿਹੜਾ ਭਾਰਤ ਵਿਰੁਧ ਲਗਾਤਾਰ ਮਹਿੰਗੇ ਹਥਿਆਰ ਖਰੀਦਦਾ ਰਹਿੰਦਾ ਹੈ।

ਜੇਕਰ ਦੋਹਾਂ ਦੇਸ਼ਾਂ ਦੇ ਆਪਸੀ ਮਤਭੇਦ ਹੱਲ ਹੋ ਜਾਣਗੇ ਤਾਂ ਇਹ ਅਮਰੀਕਾ ਲਈ ਸਿੱਧਾ ਘਾਟਾ ਹੋਵੇਗਾ। ਕਸ਼ਮੀਰ ਮਸਲਾ ਭਾਰਤ ਤੇ ਪਾਕਿਸਤਾਨ ਦੀ ਸਮੱਸਿਆ ਹੈ, ਹਜ਼ਾਰ ਮੀਲ ਦੂਰ ਬੈਠੇ ਅਮਰੀਕਾ ਦੀ ਨਹੀਂ। ਭਾਵੇਂ ਸੰਯੁਕਤ ਰਾਸ਼ਟਰ ਸੰਘ ਪਾਕਿਸਤਾਨ ਨੂੰ ਕਈ ਵਾਰ ਇਸ ਮਸਲੇ ਵਿਚ ਗਲਤ ਠਹਿਰਾ ਚੁੱਕਾ ਹੈ, ਪਰ ਅਸਿੱਧੇ ਤੌਰ ’ਤੇ ਇਹ ਸੰਘ ਵੀ ਅਮਰੀਕਾ ਦੇ ਪ੍ਰਭਾਵ ਤੋਂ ਮੁਕਤ ਨਹੀਂ ਹੈ। ਇਸ ਲਈ ਸੰਯੁਕਤ ਰਾਸ਼ਟਰ ਸੰਘ ਕਦੇ ਵੀ ਅਮਰੀਕਾ ਦੀ ਸਹਿਮਤੀ ਤੋਂ ਬਿਨਾਂ ਇਸ ਮਸਲੇ ਵਿਚ ਪਾਕਿ ਵਿਰੁਧ ਕੋਈ ਠੋਸ ਕਾਰਵਾਈ ਨਹੀਂ ਕਰੇਗਾ। ਹੁਣ ਕਸ਼ਮੀਰ ਸਿਰਫ ਇਕ ਮਸਲਾ ਨਹੀਂ ਰਿਹਾ ਬਲਕਿ ਅਜਿਹੀ ਰਾਜਨੀਤਕ ਗੁੰਝਲ ਬਣਾ ਦਿੱਤਾ ਗਿਆ ਹੈ ਜਿਸ ਨੂੰ ਪਾਕਿਸਤਾਨ ਹੁਕਮਰਾਨ ਜਮਾਤ ਆਪਣੇ ਸੌੜੇ ਹਿਤਾਂ ਦੀ ਪੂਰਤੀ ਲਈ ਕਦੇ ਸੁਲਝਾਉਣਾ ਨਹੀਂ ਚਾਹੇਗੀ ਤੇ ਨਾ ਹੀ ਅਮਰੀਕਾ ਆਪਣੇ ਮੁਨਾਫੇ ਲਈ ਇਸ ਨੂੰ ਸੁਲਝਣ ਦੇਵੇਗਾ।

# ਕ੍ਰੋਧ ਦੀ ਕ੍ਰਿਪਾ ਨਾਲ ਮਿਲਿਆ ਬੁੱਧੂ ਬਕਸੇ ਤੋਂ ਛੁਟਕਾਰਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਦੋ ਚੌਂਹ ਵਿਅਕਤੀਆਂ ਅੱਗੇ ਜੇ ਇਹ ਸਵਾਲ ਰੱਖਿਆ ਜਾਏ ਕਿ ਬੰਦੇ ਦੇ ਪੰਜ ਮਿੱਤਰਾਂ ਦੇ ਨਾਂ ਦੱਸੋ? ਉਹ ਸੱਜਣ ਬੇਸ਼ੱਕ ਜਿੰਨੇ ਮਰਜ਼ੀ ਪੜ੍ਹੇ ਲਿਖੇ ਤੇ ਸੂਝਵਾਨ ਹੋਣ, ਪਰ ਉਨ੍ਹਾਂ ਵਲੋਂ ਗਿਣਾਏ ਗਏ ਨਾਮ, ਇਕ ਦੂਸਰੇ ਨਾਲ ਬਿਲਕੁਲ ਵੀ ਮਿਲਦੇ ਨਹੀਂ ਹੋਣਗੇ। ਹਰੇਕ ਨੇ ਆਪੋ ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਇਨ੍ਹਾਂ ਨਾਵਾਂ ਦੀ ਚੋਣ ਕੀਤੀ ਹੋਵੇਗੀ। ਇਸ ਦੇ ਉਲਟ ਜੇ ਦਸ ਅਨਪੜ੍ਹਾਂ ਨੂੰ ਪੁੱਛਿਆ ਜਾਵੇ ਕਿ ਬੰਦੇ ਦੇ ਪੰਜ ਦੁਸ਼ਮਣਾਂ ਬਾਰੇ ਦੱਸੋ? ਮੁਮਕਿਨ ਹੈ ਕਿ ਦਸ ਦੇ ਦਸ ਇਕੋ ਸਾਹੇ ਕਹਿ ਦੇਣ-'ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ!' ਸ਼ਾਇਦ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਸਾਰ ਹੀ ਇਨ੍ਹਾਂ ਪੰਜਾਂ ਨੇ ਆਪਣਾ ਤਾਕਤਵਰ ਗਰੁਪ ਬਣਾ ਕੇ ਮਨੁੱਖ ਨਾਲ ਆਢਾ ਲਾ ਲਿਆ ਹੋਵੇ ਤਾਹੀਓਂ ਤਾਂ ਇਹ ਬੁਰੀ ਤਰ੍ਹਾਂ ਬਦਨਾਮ ਹੋ ਚੁੱਕੇ ਹਨ। ਤਕਰੀਬਨ ਹਰੇਕ ਧਰਮ-ਫਲਸਫੇ ਨੇ ਜਾਂ ਹਰੇਕ ਧਰਮੀ ਰਹਿਬਰ ਨੇ ਇਨ੍ਹਾਂ ਵੈਰੀਆਂ ਦੀ ਨਿਸ਼ਾਨਦੇਹੀ ਕਰਦਿਆਂ ਆਪੋ ਆਪਣੀ ਉਮਤਿ ਨੂੰ ਇਨ੍ਹਾਂ ਤੋਂ ਦੂਰੀ ਬਣਾਈ ਰੱਖਣ ਦੀ ਹਦਾਇਤ ਦਿੱਤੀ।

ਇਹ ਪੰਜੇ ਯੋਧੇ ਮਨੁੱਖਤਾ ਨਾਲ ਕੁਝ ਇਸ ਤਰ੍ਹਾਂ ਦੀ ਲੁਕਣ-ਮੀਚੀ ਖੇਡਦੇ ਆ ਰਹੇ ਹਨ ਕਿ ਹਰ ਆਦਮੀ ਨਾਲ ਦਸਤ-ਪੰਜਾ ਲਈ ਰੱਖਦੇ ਨੇ। ਇਹ ਵੀ ਸਿਤਮ ਦੀ ਗੱਲ ਹੈ ਕਿ ਕਿਸੇ ਵਿਰਲੇ ਮਾਈ ਦੇ ਲਾਲ ਨੇ ਹੀ ਇਨ੍ਹਾਂ 'ਤੇ ਫਤਿਹ ਪਾਈ ਹੋਵੇਗੀ। ਨਹੀਂ ਤਾਂ ਇਹ ਕਿਸੇ ਨੂੰ ਵੀ 'ਸੁੱਕਾ' ਨਹੀਂ ਜਾਣ ਦਿੰਦੇ। ਜੇ ਕੋਈ ਭਾਗਾਂ ਵਾਲਾ ਅੱਡੀਆਂ ਤੱਕ ਜ਼ੋਰ ਲਾ ਕੇ, ਇਨ੍ਹਾਂ 'ਚੋਂ ਕਿਸੇ ਇਕ ਦੋਂਹ ਨੂੰ ਹਰਾ ਵੀ ਦੇਵੇ ਤਾਂ ਬਾਕੀ ਦੇ ਐਸਾ ਜ਼ਬਰਦਸਤ ਹੱਲਾ ਬੋਲਦੇ ਨੇ, ਉਸ ਬੰਦੇ ਵਿਚਾਰੇ ਦੀ ਸਾਰੀ ਕੀਤੀ ਕਰਾਈ ਖੂਹ 'ਚ ਪੈ ਜਾਂਦੀ ਹੈ।

ਲੇਕਿਨ ਇਨ੍ਹਾਂ ਪੰਜੇ ਵੈਰੀਆਂ ਵਲੋਂ ਕੀਤੀ ਜਾਂਦੀ ਖੇਹ-ਖਰਾਬੀ ਵਾਲੀ ਭੈੜੀ ਤਸਵੀਰ ਦਾ ਇਕ ਦੂਸਰਾ ਪੱਖ ਵੀ ਹੈ। ਉਹ ਇਹ ਕਿ ਜੇ ਸਾਰੀ ਮਨੁੱਖਤਾ ਇਨ੍ਹਾਂ ਪੰਜਾਂ ਦਾ ਮੁਕੰਮਲ ਤਿਆਗ ਕਰ ਦੇਵੇ ਤਾਂ ਚਾਰੇ ਪਾਸੇ 'ਗਲੀਆਂ ਹੋਵਣ ਸੁੰਨੀਆਂ' ਵਾਲਾ ਭਾਣਾ ਹੀ ਵਰਤ ਜਾਵੇ। ਦੁਨੀਆਂ ਦਾ ਸਾਰਾ ਰੌਣਕ ਮੇਲਾ ਹੀ ਅਲੋਪ ਹੋ ਜਾਏ। ਇਨ੍ਹਾਂ ਪੰਜਾਂ ਦੀ ਹੀ ਆਪੋ ਆਪਣੀ ਪਹਿਚਾਣ ਅਤੇ ਮਹੱਤਤਾ ਹੈ। ਜਿਵੇਂ ਸਿਆਣੇ ਆਖਦੇ ਨੇ ਕਿ ਰੋਜ਼ ਦਾ ਆਉਣਾ ਜਾਣਾ, ਗੂੜ੍ਹੀ ਤੋਂ ਗੂੜ੍ਹੀ ਦੋਸਤੀ ਵਿਚ ਵੀ ਫਿੱਕ ਪਾ ਦਿੰਦਾ ਹੈ। ਇਸੇ ਤਰ੍ਹਾਂ ਜੇ ਮਨੁੱਖ ਇਨ੍ਹਾਂ ਦੁਸ਼ਮਣਾਂ ਨਾਲ ਵਾਹ ਪੈਣ ਵੇਲੇ ਸੂਝ ਸਿਆਣਪ ਤੇ ਸੰਜਮ ਦਾ ਪੱਲਾ ਘੁੱਟ ਕੇ ਫੜੀ ਰੱਖੇ ਤਾਂ ਇਹ ਦੁਸ਼ਮਣੀ ਦੀ ਥਾਂ ਤਾਬਿਆਦਾਰੀ ਵੀ ਕਰ ਸਕਦੇ ਨੇ। ਦੁੱਖ ਦੇਣ ਦੀ ਬਜਾਏ ਸੁਖ ਵੀ ਦੇ ਸਕਦੇ ਨੇ। ਜੇ ਇਨ੍ਹਾਂ ਪੰਜਾਂ ਦਾ ਕੁਰਸੀਨਾਮਾ ਫਰੋਲਣ ਲੱਗੀਏ ਤਾਂ ਪਤਾ ਨਹੀਂ ਕਿੰਨੀਆਂ ਕੁ ਅਖਬਾਰਾਂ ਭਰ ਜਾਣ। ਇਥੇ ਸਿਰਫ 'ਦੋ ਨੰਬਰ' ਵਾਲੇ, ਕ੍ਰੋਧ ਦੀ ਕ੍ਰਿਪਾ ਦ੍ਰਿਸ਼ਟੀ ਬਾਰੇ ਹੀ ਚਰਚਾ ਕਰ ਰਿਹਾ ਹਾਂ।

ਬਚਿੱਤ੍ਰ ਨਾਟਕ ਵਿਚਲੀ ਤੁਕ 'ਜਬੈ ਬਾਣ ਲਾਗਯੋ ਤਬੈ ਰੋਸ ਜਾਗਿਉ' ਵਿਚ ਆਏ ਸ਼ਬਦ 'ਰੋਸ' ਨੂੰ ਆਪਾਂ ਗੁੱਸੇ ਜਾਂ ਕ੍ਰੋਧ ਦਾ ਹੀ ਸੁਧਰਿਆ ਰੂਪ ਕਹਿ ਸਕਦੇ ਹਾਂ। ਜਦੋਂ ਸੂਰਮੇ ਦੇ ਬਾਣ ਵੱਜਦਾ ਹੈ ਤਦੇ ਉਸ ਦੇ ਦਿਲ ਵਿਚ ਰੋਸ ਜਾਗਦਾ ਹੈ। ਸੂਰਮਿਆਂ ਨੂੰ ਚੜ੍ਹੇ ਗੁੱਸੇ ਕਾਰਨ ਹੀ ਗੁਲਾਮੀ ਦੇ ਸੰਗਲ ਟੁੱਟਦੇ ਹਨ। ਆਜ਼ਾਦੀ ਆਪਣੇ ਮੁਖੜੇ ਦੀ ਝਲਕ ਦਿਖਾਲਦੀ ਹੈ। ਗਿਣਤੀ ਦੇ ਅਣਖੀਲਿਆਂ ਨੂੰ ਜਾਗੇ ਰੋਸ ਦੀ ਬਦੌਲਤ ਪੂਰੀਆਂ ਦੀਆਂ ਪੂਰੀਆਂ ਕੌਮਾਂ ਆਜ਼ਾਦੀ ਦਾ ਨਿੱਘ ਮਾਨਣ ਦੇ ਸਮਰਥ ਹੁੰਦੀਆਂ ਹਨ। ਜਲ੍ਹਿਆਂਵਾਲੇ ਬਾਗ ਵਿਚ ਵਿਛੀਆਂ ਲਾਸ਼ਾਂ ਦੇਖ ਕੇ ਜੇ ਊਧਮ ਸਿੰਘ ਸੁਨਾਮ ਦੇ ਦਿਲ ਵਿਚ ਗੁੱਸਾ ਨਾ ਭੜਕਦਾ ਤਾਂ ਓਡਵਾਇਰ ਦੀ ਫਟਕੜੀ ਫੁੱਲ ਕਿਵੇਂ ਹੁੰਦੀ? ਜੇ ਭਗਤ ਸਿੰਘ ਨੂੰ ਅੰਗਰੇਜ਼ ਹਾਕਮਾਂ 'ਤੇ ਗੁੱਸਾ ਹੀ ਨਾ ਆਉਂਦਾ ਤਾਂ ਉਹ ਆਰਾਮ ਨਾਲ ਆਪਣੀ ਪੜ੍ਹਾਈ 'ਚ ਹੀ ਮਸਤ ਰਹਿੰਦਾ। ਉਹ ਅਸੰਬਲੀ ਹਾਲ ਵਿਚ ਕਦੇ ਵੀ ਬੰਬ ਨਾ ਸੁੱਟਦਾ। ਆਪਣੇ ਗੁਰੂ ਦੇ ਵਸਾਏ ਤੇ ਵਰੋਸਾਏ ਅਨੰਦਪੁਰ ਸਾਹਿਬ ਦੁਆਲੇ ਬਾਈਧਾਰ ਦੇ ਪਹਾੜੀ ਰਾਜਿਆਂ ਵਲੋਂ ਪਾਇਆ ਹੋਇਆ ਘੇਰਾ ਦੇਖ ਕੇ, ਮਧਰੇ ਜਿਹੇ ਕਦ-ਕਾਠ ਵਾਲੇ ਭਾਈ ਬਚਿੱਤਰ ਸਿੰਘ ਨੂੰ ਪਤਾ ਨਹੀਂ ਕਿੰਨਾ ਕੁ ਰੋਸ ਜਾਗਿਆ ਹੋਵੇਗਾ? ਛੋਟੇ ਸਾਹਿਬਜ਼ਾਦਿਆਂ ਦਾ ਬ੍ਰਿਤਾਂਤ ਸੁਣ ਕੇ, ਨੰਦੇੜ ਤੋਂ ਸਰਹਿੰਦ ਵਲ ਵਧਦੇ ਆ ਰਹੇ ਬਾਬਾ ਬੰਦਾ ਸਿੰਘ ਬਹਾਦਰ ਦੇ ਦਿਲ ਵਿਚ ਆਇਆ ਗੁੱਸਾ, ਪਤਾ ਨਹੀਂ ਕਿੰਨੇ ਉਬਾਲੇ ਖਾ ਰਿਹਾ ਹੋਵੇਗਾ? ਜੇ ਬਾਬਾ ਜੀ ਨੂੰ ਵਜੀਦੇ ਖਾਨ 'ਤੇ ਗੁੱਸਾ ਨਾ ਚੜ੍ਹਦਾ ਤਾਂ ਸਰਹਿੰਦ ਦੀ ਇੱਟ ਨਾਲ ਇੱਟ ਨਾ ਖੜਕਦੀ।

> **ਜੇ ਮਨੁੱਖ ਇਨ੍ਹਾਂ ਦੁਸ਼ਮਣਾਂ ਨਾਲ ਵਾਹ ਪੈਣ ਵੇਲੇ ਸੂਝ ਸਿਆਣਪ ਤੇ ਸੰਜਮ ਦਾ ਪੱਲਾ ਘੁੱਟ ਕੇ ਫੜੀ ਰੱਖੇ ਤਾਂ ਇਹ ਦੁਸ਼ਮਣੀ ਦੀ ਥਾਂ ਤਾਬਿਆਦਾਰੀ ਵੀ ਕਰ ਸਕਦੇ ਨੇ। ਦੁੱਖ ਦੇਣ ਦੀ ਬਜਾਏ ਸੁਖ ਵੀ ਦੇ ਸਕਦੇ ਨੇ। ਜੇ ਇਨ੍ਹਾਂ ਪੰਜਾਂ ਦਾ ਕੁਰਸੀਨਾਮਾ ਫਰੋਲਣ ਲੱਗੀਏ ਤਾਂ ਪਤਾ ਨਹੀਂ ਕਿੰਨੀਆਂ ਕੁ ਅਖ਼ਬਾਰਾਂ ਭਰ ਜਾਣ।**



ਹੁਣ ਜ਼ਰਾ 'ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗਾ ਤੇਲੀ' ਵਾਲੀ ਕਹਾਵਤ ਅਨੁਸਾਰ ਸਿਰਲੱਥ ਸੂਰਬੀਰਾਂ ਨੂੰ ਜਾਗੇ ਰੋਸ ਤੋਂ ਬਾਅਦ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਚੜ੍ਹੇ ਗੁੱਸੇ ਦੀ ਬਾਤ ਵੀ ਸੁਣਨ ਦੀ ਖੇਚਲ ਕਰ ਲਓ। ਜਿਸ ਦੀ ਮੇਹਰ ਸਦਕਾ ਮੈਨੂੰ ਛੇਆਂ ਕੁ ਮਹੀਨਿਆਂ ਤੋਂ ਮਾਨਸਿਕ ਸਕੂਨ ਅਤੇ ਅਨੰਦ-ਪ੍ਰਸੰਨਤਾ, ਦੋਵੇਂ ਮਿਲੇ ਹੋਏ ਹਨ। ਕ੍ਰੋਧ ਅਤੇ ਪ੍ਰਸੰਨਤਾ? ਇਨ੍ਹਾਂ ਦੋਹਾਂ ਦਾ ਕੋਈ ਮੇਲ ਤਾਂ ਹੈ ਨਹੀਂ, ਪਰ ਮੇਰਾ ਨਿੱਜੀ ਤਜਰਬਾ ਇਸ ਦੀ ਗਵਾਹੀ ਦਿੰਦਾ ਹੈ।

ਉਨ੍ਹਾਂ ਦਿਨਾਂ ਦੀ ਗੱਲ ਹੈ ਜਦੋਂ ਸਿੱਖ ਜਗਤ ਦੇ ਧੁਰੰਧਰ ਵਿਦਵਾਨ ਪ੍ਰੋ. ਦਰਸ਼ਨ ਸਿੰਘ ਖਾਲਸਾ ਦਾ ਮਸਲਾ ਪੂਰੀ ਤਰ੍ਹਾਂ ਭਖਿਆ ਹੋਇਆ ਸੀ। ਇਕ ਟੀ. ਵੀ. ਚੈਨਲ ਅਤੇ ਉਸਦੇ ਇਕ ਖਾਸ ਐਂਕਰ ਨੇ ਪ੍ਰੋਫੈਸਰ ਸਾਹਿਬ ਜਿਹੇ ਮਹਾਨ ਪੰਥਕ ਬੁਲਾਰੇ ਨੂੰ ਜਿੱਚ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਦਿੱਤਾ। ਜੋ ਕੁਝ ਉਨ੍ਹਾਂ ਨਾਲ ਹੋਇਆ, ਜਿਵੇਂ ਹੋਇਆ, ਹੋਰ ਤਮਾਮ ਸਿੱਖਾਂ ਵਾਂਗ ਮੈਂ ਵੀ ਮਾਯੂਸ ਹੋ ਕੇ ਦੇਖਦਾ ਰਿਹਾ। ਸ਼੍ਰੋਮਣੀ ਕਮੇਟੀ ਦੇ ਮੈਂਬਰ ਦੀ ਹੈਸੀਅਤ ਵਿਚ ਦੋ ਸਾਧ ਬਾਬਿਆਂ ਦੇ ਮਾਮਲਿਆਂ ਸਬੰਧੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਆਉਂਦਾ-ਜਾਂਦਾ ਰਿਹਾ ਹੋਣ ਕਰਕੇ, ਮੈਨੂੰ ਤਲਖੀ ਕੁਝ ਜ਼ਿਆਦਾ ਮਹਿਸੂਸ ਹੋ ਰਹੀ ਸੀ ਕਿਉਂਕਿ ਉਥੇ ਚਲਦੀ 'ਅੰਦਰਲੀ ਕਾਰਵਾਈ' ਕਈ ਵਾਰ ਨੇੜਿਉਂ ਦੇਖ ਚੁੱਕਾ ਹੋਇਆ ਸਾਂ। ਇਸ ਹਾਲਤ ਵਿਚ ਧੱਕੇਸ਼ਾਹੀ, ਇਕਪਾਸੜ ਕਾਰਵਾਈ ਦੇਖ ਕੇ ਗੁੱਸਾ ਆਉਣਾ ਸੁਭਾਵਕ ਹੀ ਸੀ।

ਇੱਧਰ ਜਦੋਂ ਵੀ ਟੀ. ਵੀ. ਚਾਲੂ ਕਰਨਾ, ਉਹੀ ਸ੍ਰੀਮਾਨ ਐਂਕਰ 'ਜਾਭਾਂ ਦੇ ਭੇੜ' ਕਰਦਾ ਨਜ਼ਰ ਆਉਣਾ। ਉਹੀ ਤੈਅਸ਼ੁਦਾ ਕੁਟਲਨੀਤੀਆਂ ਤੇ ਚੁਸਤ ਚਲਾਕੀਆਂ। ਇਕਤਰਫਾ ਦੁਸ਼-ਪ੍ਰਚਾਰ। ਇਹ ਸਾਰਾ ਕੁਝ ਦੇਖਦਿਆਂ ਸਿਵਾਏ ਬੁੜ ਬੁੜ ਕਰਨ ਤੋਂ ਕਰ ਕੁਝ ਨਹੀਂ ਸਾਂ ਸਕਦਾ ਪਰ ਇਕ ਦਿਨ ਉਸ ਪੇਸ਼ਕਾਰ ਦੀ ਸ਼ਕਲ ਦੇਖ ਕੇ ਐਨਾ ਗੁੱਸਾ ਚੜ੍ਹਿਆ ਕਿ ਡਿਸ਼ ਕੁਨੈਕਸ਼ਨ ਹੀ ਕਟਵਾ ਕੇ ਅਹੁ ਮਾਰਿਆ। ਨਾ ਰਹੇਗਾ ਬਾਂਸ, ਨਾ ਵੱਜੇਗੀ ਬੰਸਰੀ!! ਲਓ ਜੀ ਉਹ ਦਿਨ ਗਿਆ ਤੇ ਆਹ ਦਿਨ ਆਇਆ, ਟੀ.ਵੀ. ਦੀ ਬੋਲਤੀ ਹੀ ਬੰਦ! ਇਕ ਦਿਨ ਚੜ੍ਹੇ ਗੁੱਸੇ ਨੇ ਰੋਜ਼ ਰੋਜ਼ ਦੀ ਕਿੜ ਕਿੜ ਮੁਕਾ ਦਿਤੀ।

ਹੁਣ ਅੱਗੇ ਸੁਣੋ, ਇਸ ਗੁੱਸੇ ਦੀ ਪੈਦਾਇਸ਼-ਫਾਇਦਿਆਂ ਦੀ ਫਹਿਰਸਤ। ਉਹ ਪਾਠਕ, ਜਿਹੜੇ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦੇ ਪੱਕੇ ਸ੍ਰੋਤੇ ਹਨ, ਉਨ੍ਹਾਂ ਦੇ ਮਨ 'ਚ ਸਵਾਲ ਉਠਿਆ ਹੋਵੇਗਾ ਕਿ ਅਸੀਂ ਇਲਾਹੀ ਕੀਰਤਨ ਤੋਂ ਵਾਂਝੇ ਹੋ ਗਏ ਹੋਵਾਂਗੇ? ਜੀ ਨਹੀਂ, ਅਸੀਂ ਇਹ ਭੁੱਖ, ਇੰਟਰਨੈਟ ਰਾਹੀਂ ਕੀਰਤਨ 'ਸੁਣ ਕੇ' ਪੂਰੀ ਕਰਦੇ ਹਾਂ। ਮੇਰਾ ਇਹ ਮੰਨਣਾ ਹੈ ਕਿ ਸਿੱਖ ਸਿਧਾਂਤ ਅਨੁਸਾਰ ਕੀਰਤਨ 'ਦੇਖਣ' ਦੀ ਥਾਂ 'ਸੁਣਨਾ' ਵਧੇਰੇ ਲਾਭਦਾਇਕ ਹੁੰਦਾ ਹੈ। ਸਿੱਖ ਘਰਾਂ ਵਿਚ ਸ੍ਰੀ ਦਰਬਾਰ ਸਾਹਿਬ ਦਾ ਕੀਰਤਨ ਕਿੰਨੀ ਕੁ 'ਸ਼ਰਧਾ' ਅਤੇ ਕਿੰਨੇ ਕੁ 'ਸਤਿਕਾਰ' ਨਾਲ ਸ੍ਰਵਣ ਕੀਤਾ ਜਾਂਦਾ ਹੈ? ਇਸ ਵਿਸ਼ੇ 'ਤੇ ਕਿਤੇ ਵੱਖਰਾ ਲੇਖ ਲਿਖਾਂਗਾ। ਹਾਂ, ਚੈਨਲਾਂ ਵਾਲੇ ਵਪਾਰੀਆਂ ਨੂੰ ਸ੍ਰੀ ਦਰਬਾਰ ਸਾਹਿਬ ਦੇ ਕੀਰਤਨ ਦਾ ਇਕ 'ਕਮਾਊ ਬਹਾਨਾ' ਮਿਲਿਆ ਹੋਇਆ ਹੈ। ਦੋ ਘੰਟੇ ਦਾ ਕੀਰਤਨ, ਬਾਕੀ ਬਾਈ ਘੰਟੇ ਦੁਨੀਆਂ ਭਰ ਦਾ ਊਲ-ਜਲੂਲ! ਪੰਜਾਬੀਅਤ ਦੇ ਨਾਂ ਥੱਲੇ ਭੰਗੜਖਾਨਾ, ਧਾਂਬੜ-ਧਸੀਆ ਸਾਰਾ ਦਿਨ ਚੱਲਣ ਦੇ!!

ਇਸ ਬੀਮਾਰੀ (ਟੀ.ਵੀ.) ਦੀ ਜ਼ੁਬਾਨਬੰਦੀ ਹੋਣ ਨਾਲ ਘਰ ਵਿਚ ਅੰਮ੍ਰਿਤ ਵੇਲੇ ਵਰਗੀ ਸ਼ਾਂਤੀ ਪਸਰੀ ਰਹਿੰਦੀ ਹੈ। ਰਸੋਈ 'ਚੋਂ ਪਾਣੀ ਮੰਗਿਆਂ ਦਾਲ ਨਹੀਂ ਪਾਣੀ ਹੀ ਆਉਂਦਾ ਹੈ। ਤਵੇ 'ਤੇ ਕਦੀ ਰੋਟੀ ਸੜਨ ਜਾਂ ਦਾਲ ਸਬਜ਼ੀ ਜ਼ਿਆਦਾ ਭੁੱਜਣ ਦੀ ਸੜ੍ਹਾਂਦ ਨਹੀਂ ਉਠਦੀ। ਸੋਫਿਆਂ 'ਤੇ ਆਲੂ ਬਣ ਕੇ ਬੈਠਿਆਂ ਸਕਰੀਨ ਵਲ ਨਜ਼ਰਾਂ ਗੱਡਣ ਦੀ ਥਾਂ ਅਸੀਂ ਆਪਸ ਵਿਚੀਂ ਨਿੱਕੀਆਂ ਨਿੱਕੀਆਂ ਗੱਲਾਂ ਕਰਦੇ ਹਾਂ। ਪੰਜਾਬ ਰਹਿੰਦੇ ਰਿਸ਼ਤੇਦਾਰਾਂ ਨਾਲ ਖੁੱਲ੍ਹੀਆਂ-ਡੁੱਲ੍ਹੀਆਂ ਗੱਲਾਂ ਮਾਰਨ ਨੂੰ ਸਮਾਂ ਮਿਲ ਗਿਆ। ਕਤਲੋ-ਗਾਰਤ, ਮਾਰ-ਧਾੜ ਦੀਆਂ ਖਬਰਾਂ ਦੇਖ ਦੇਖ, ਭਿਆਨਕ ਜਿਹਾ ਮੂੰਹ ਬਣਾ ਕੇ 'ਚੁ-ਚੁ-ਚੁ' ਕਰਨ ਦੀ ਥਾਂ ਅਸੀਂ ਸਾਰੇ ਇਕੱਠੇ ਸ਼ਾਮ ਦੀ ਸੈਰ ਵੀ ਅਕਸਰ ਕਰ ਲੈਂਦੇ ਹਾਂ। ਪੰਜਾਬੀ ਜੀਵਨ ਸ਼ੈਲੀ ਨੂੰ ਭ੍ਰਿਸ਼ਟ ਤੇ ਆਚਰਣਹੀਣ ਬਣਾਉਣ ਵਾਲੇ ਨੰਗੇਜ ਭਰਪੂਰ ਦ੍ਰਿਸ਼ ਦੇਖ ਕੇ ਸਾਡੇ ਨਿਆਣਿਆਂ ਨੂੰ (ਸਾਡੀ ਹਾਜ਼ਰੀ ਵਿਚ) ਸ਼ਰਮਿੰਦੇ ਹੁੰਦਿਆਂ, ਮੂੰਹ ਇਧਰ-ਉਧਰ ਨਹੀਂ ਘੁਮਾਉਣਾ ਪੈਂਦਾ। ਬੇਹੂਦਾ ਅਤੇ ਹਾਸੋਹੀਣੀਆਂ 'ਐਡਾਂ' ਤੱਕ ਕੇ ਨੱਕ ਬੁੱਲ੍ਹ ਚਾੜ੍ਹਨ ਤੋਂ ਛੁਟਕਾਰਾ ਹੋ ਗਿਆ। ਪੰਜਾਬ ਨੂੰ ਜੋਕਾਂ ਬਣ ਕੇ ਚਿੰਬੜੇ ਸਿਆਸਤਦਾਨਾਂ ਦੀਆਂ ਦੰਦੀਆਂ ਕੱਢਦੀਆਂ ਬੂਥੀਆਂ ਵੀ ਦਿਸਣੋਂ ਬੰਦ ਹੋ ਗਈਆਂ। ਸਿੱਖ ਪੰਥ 'ਤੇ ਪੀਲੀ ਵੇਲ ਬਣ ਕੇ ਛਾਏ ਦੰਭੀ ਤੇ ਮੱਕਾਰ ਆਗੂਆਂ ਦੀਆਂ 'ਲਾਈਵ-ਕੰਜਰ-ਚਾਲਾਂ' ਦੇਖ ਦੇਖ- 'ਆਹ ਤੁਹਾਡੀ ਬੇੜੀ ਬਹਿ ਜਾਏ!' ਜੈਸੀ 'ਅੱਗ-ਵਾਣੀ' ਹੁਣ ਮੇਰੇ ਮੂੰਹੋਂ ਨਿਕਲਣੀ ਬੰਦ ਹੋ ਗਈ ਹੈ।

ਆਪਣੇ ਪਰਿਵਾਰਕ ਸਮਾਗਮਾਂ ਦੀਆਂ ਪੁਰਾਣੀਆਂ ਵੀਡੀਓ-ਸੀਡੀਆਂ, ਜਿਨ੍ਹਾਂ ਨੂੰ ਬਕਸਿਆਂ 'ਚ ਪਈਆਂ ਨੂੰ ਹੀ ਜੁੱਗੜੇ ਵਿਹਾ ਗਏ ਸਨ, ਹੁਣ ਬਾਹਰ ਨਿਕਲ ਆਈਆਂ ਹਨ। ਕਦੇ ਕਦੇ ਉਸ ਪੁਰਾਣੇ ਮਾਖਿਓਂ ਨੂੰ ਵੀ ਚੱਖਣ ਦਾ ਅਨੰਦ ਲਈਦਾ ਹੈ। ਕਈ ਚਿਰ ਤੋਂ ਖਾਮੋਸ਼ ਪਈਆਂ ਕਿਤਾਬਾਂ ਦੀ ਵੀ ਕਿਸਮਤ ਖੁਲ੍ਹ ਗਈ ਹੈ। ਹੁਣ ਉਨ੍ਹਾਂ ਦੇ ਸਫਿਆਂ ਉਤੇ ਵੀ ਨਜ਼ਰਾਂ ਤੇ ਹਵਾ ਫਿਰਨ ਲੱਗ ਪਈਆਂ ਹਨ। ਪੰਜਾਬੀ ਜਾਂ ਸਿੱਖ ਭਾਈਚਾਰਕ ਕਦਰਾਂ ਕੀਮਤਾਂ ਦੇ ਨੇੜੇ ਵੀ ਨਾ ਫਟਕਣ ਵਾਲੀਆਂ ਰੀਤਾਂ-ਰਵਾਇਤਾਂ ਨਾਲ ਨੱਕੋ-ਨੱਕ ਭਰੇ ਪਏ ਹਿੰਦੀ ਸੀਰੀਅਲਾਂ ਬਾਰੇ ਬੇਲੋੜੀ ਚਰਚਾ, ਸਾਡੇ ਘਰੋਂ ਦਫਾ ਹੋ ਚੁੱਕੀ ਹੈ। ਇਨ੍ਹਾਂ ਸਾਰੇ ਫਾਇਦਿਆਂ ਤੋਂ ਸਿਰਮੌਰ ਪ੍ਰਾਪਤੀ ਮੈਨੂੰ ਇਹ ਹੋਈ ਹੈ ਕਿ ਸੈਂਚੀਆਂ ਤੋਂ ਇਲਾਹੀ ਬਾਣੀ ਦਾ ਸਹਿਜ ਪਾਠ ਕਰਨ ਲਈ ਵਾਧੂ ਸਮਾਂ ਮਿਲ ਗਿਆ ਹੈ। ਦਿਖਾਈ ਦਿੰਦੇ ਜਾਂ ਮਹਿਸੂਸ ਕੀਤੇ ਜਾਣ ਵਾਲੇ ਲਾਭਾਂ ਤੋਂ ਇਲਾਵਾ ਕਈ ਅਣ-ਦਿਸਦੇ ਜਾਂ ਅਦ੍ਰਿਸ਼ਟ ਫਾਇਦੇ ਵੀ ਹੋਣਗੇ, ਜਿਹੜੇ ਨਿਗਾਹ ਦੀ ਪਕੜ ਵਿਚ ਨਹੀਂ ਆ ਸਕੇ! ਇਕ ਦਿਨ, ਇਕ ਸਮੇਂ ਕ੍ਰੋਧ ਚੜ੍ਹਨ ਨਾਲ ਮੈਂ ਉਪਰ ਵਰਨਣ ਕੀਤੇ ਗਏ ਅਨੰਦ ਭਰਪੂਰ ਫਾਇਦਿਆਂ ਨਾਲ ਮਾਲਾ-ਮਾਲ ਹੋ ਗਿਆ ਹਾਂ। ਹਰਖੋਵਾਲੀਏ ਸੰਤਾਂ ਦੇ ਕਹਿਣ ਵਾਂਗ ਇਸ 'ਟੀਬੀ' ਦੀ ਬਿਮਾਰੀ ਤੋਂ ਰੱਬ ਸੱਚਾ ਹੱਥ ਦੇ ਕੇ ਬਚਾਈ ਰੱਖੇ। ਤੁਸੀਂ ਵੀ ਅਰਦਾਸ ਕਰਿਓ!

# ਉਹ ਪਿੰਡ ਨਹੀਂ ਲੱਭਣੇ...

ਸਾਧੂ ਸਿੰਘ

ਹਥਲੇ ਪੰਜਾਬੀ ਅਨੁਵਾਦ ਦੇ ਆਪਣੇ ਕੰਮ ਦਾ ਦੂਸਰਾ ਅੱਧ ਮੈਂ ਆਪਣੇ ਪਿੰਡ ਬੈਠ ਕੇ ਮੁਕਾਉਂਦਾ ਹਾਂ। ਬੈਗ ਖੋਲ੍ਹਦਾ ਹਾਂ ਤਾਂ ਵੇਖਦਾ ਹਾਂ ਕਿ ਕੋਰੇ ਕਾਗਜ਼ ਲਿਆਉਣੇ ਭੁੱਲ ਗਿਆ ਹਾਂ। ਮੈਂ ਪਿੰਡ ਦੀ ਲਾਗਲੀ ਹੱਟੀ ਉਤੇ ਜਾਂਦਾ ਹਾਂ। ਵੇਖ ਕੇ ਪੁਰਾਣੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਅਜੇ ਵੀ ਵਿਰਲੇ-ਟਾਵੇਂ ਘਰਾਂ ਦੇ ਬੱਚੇ ਹੱਟੀ ਉਤੇ ਕਣਕ ਲਿਆ ਕੇ ਉਸ ਬਦਲੇ ਸੌਦਾ ਲੈ ਰਹੇ ਹਨ। ਬੇਸ਼ੱਕ ਦਾਣੇ ਉਨ੍ਹਾਂ ਦੀਆਂ ਝੋਲੀਆਂ ਵਿਚ ਨਹੀਂ ਹਨ। ਅਸੀਂ ਤਾਂ ਇਸ ਉਮਰੇ ਆਪਣੀਆਂ ਝੋਲੀਆਂ ਵਿਚ ਹੀ ਦਾਣੇ ਹੱਟੀ ਲੈ ਜਾਇਆ ਕਰਦੇ ਸਾਂ। ਬਾਹਰੋਂ ਪੈਲੀਆਂ ਵਿਚੋਂ ਆਪਣੀ ਕਪਾਹ, ਬੋਝਿਆਂ ਵਿਚ ਭਰ ਕੇ ਹੱਟੀ ਲੈ ਆਇਆ ਕਰਦੇ ਸਾਂ। ਮੈਂ ਇਕ ਕੋਰੀ ਕਾਪੀ ਦੀ ਮੰਗ ਕਰਦਾ ਹਾਂ। 'ਦਸਾਂ ਵਾਲੀ ਕਿ ਪੰਜਾਂ ਵਾਲੀ' ਰਤਨ ਹੱਟੀ ਵਾਲਾ ਮੈਨੂੰ ਪੁੱਛਦਾ ਹੈ। ਮੈਂ ਕਾਪੀਆਂ ਵੇਖਦਾ ਹਾਂ। ਮੇਰੇ ਲਈ ਪੰਜ ਵਾਲੀ ਹੀ ਕਾਫ਼ੀ ਹੈ। ਮੈਂ ਇਕ ਲੈ ਲੈਂਦਾ ਹਾਂ। ਫਿਰ ਆਪਣੇ ਸਮੇਂ ਯਾਦ ਆਉਂਦੇ ਹਨ, ਜਦੋਂ ਪੰਜ ਰੁਪਏ ਦੀਆਂ ਦਸਤਾ, ਦਸਤਾ ਕਾਗਜ਼ ਦੀਆਂ ਪੰਜ ਤੋਂ ਵੀ ਵੱਧ ਵਧੀਆ ਕਾਪੀਆਂ ਮਿਲ ਜਾਂਦੀਆਂ ਸਨ। ਠੀਕ ਹੈ, ਉਦੋਂ ਪੰਜ ਰੁਪਏ ਮਿਲਦੇ ਵੀ ਕਿਹੜੇ ਸੌਖੇ ਸਨ। ਕਈ ਕਈ ਦਿਨ ਘਰ ਵਾਲਿਆਂ ਤੋਂ ਮੰਗਦੇ ਰਹੀਦਾ ਸੀ। ਖ਼ੈਰ!

ਮੈਂ ਸਮਝਦਾ ਸਾਂ ਪਿੰਡ ਆਪਣੇ ਭਤੀਜੇ ਦੀ ਬੰਬੀ ਉਤੇ ਬਹਿ ਕੇ ਅਨੁਵਾਦ ਦਾ ਕੰਮ ਨਿਬੇੜ ਲਵਾਂਗਾ। ਜਦੋਂ ਜੀਅ ਕੀਤਾ ਚੁਬੱਚੇ ਵਿਚ ਨਹਾ ਲਿਆ ਪਰ ਅਜੇਹਾ ਨਹੀਂ ਹੋਇਆ। ਬਿਜਲੀ ਕਿੱਥੇ ਹੈ? ਭਤੀਜਾ ਦੱਸਦਾ ਹੈ, ਇਹ ਅੱਧਾ ਘੰਟਾ ਹੀ ਆਉਂਦੀ ਹੈ, ਉਹ ਵੀ ਰਾਤ ਨੂੰ। ਕਦੇ ਇਹ ਵੀ ਨਹੀਂ ਆਉਂਦੀ। ਚੁਬੱਚੇ ਦਾ ਪਾਣੀ ਤੱਤਾ ਤੇ ਮੈਲਾ ਹੈ। ਉਹ ਮੈਨੂੰ ਬਿਜਲੀ ਦੀ ਸ਼ਿਕਾਇਤ ਬਾਰੇ ਕੋਈ ਖ਼ਬਰ ਲਵਾਉਣ ਲਈ ਕਹਿੰਦਾ ਹੈ।

ਮੈਂ ਇਹ ਵੀ ਸਮਝਦਾ ਸਾਂ ਕਿ ਪਿੰਡ ਵਾਲੀ ਆਪਣੀ ਨਹਿਰ ਵਗਦੀ ਹੋਏਗੀ, ਜਿਸ ਵਿਚ ਇਨ੍ਹੀਂ ਦਿਨੀਂ ਜਦੋਂ ਕਿ ਸਕੂਲੋਂ ਛੁੱਟੀਆਂ ਹੁੰਦੀਆਂ ਸਨ, ਅਸੀਂ ਦੁਪਹਿਰ ਸਮੇਂ ਮੱਝਾਂ ਨੁਹਾਇਆ ਕਰਦੇ ਸਾਂ ਤੇ ਨਾਲੇ ਆਪ ਖ਼ਰਮਸਤੀਆਂ ਕਰਦੇ ਹੁੰਦੇ ਸਾਂ। ਹੁਣ ਜੇ ਇਸ ਵਿਚ ਨਹਾਵਾਂਗਾ ਨਹੀਂ ਤਾਂ ਸ਼ਾਮ ਨੂੰ ਇਸ ਕਿਨਾਰੇ ਸੈਰ ਤਾਂ ਕਰ ਹੀ ਲਿਆ ਕਰਾਂਗਾ। ਪਰ ਨਹਿਰ ਤਾਂ ਕਦੋਂ ਦੀ ਸੁੱਕੀ ਪਈ ਹੈ। ਵਿਚ ਪਲਾਸਟਿਕ ਦੇ ਰੰਗ-ਬਰੰਗੇ ਲਿਫ਼ਾਫ਼ੇ ਤੇ ਹੋਰ ਗੰਦ-ਮੰਦ ਉਡਦਾ ਫਿਰ ਰਿਹਾ ਹੈ। ਪਿੰਡ ਜਾਣ ਦਾ ਚਾਅ ਮਾਰਿਆ ਜਾਂਦਾ ਹੈ। ਨਵੀਆਂ ਕੋਠੀਆਂ ਉਸਰੀਆਂ ਤਾਂ ਨਜ਼ਰ ਆਉਂਦੀਆਂ ਹਨ ਪਰ ਵੱਡੇ ਰੁੱਖ, ਪਿੱਪਲ, ਬੋਹੜ, ਨਿੰਮਾਂ ਕਿਧਰੇ ਨਜ਼ਰ ਨਹੀਂ ਆਉਂਦੇ, ਉਹ ਜਿਨ੍ਹਾਂ 'ਤੇ ਇਨ੍ਹੀਂ ਦਿਨੀਂ ਅਸੀਂ ਪੀਘਾਂ ਪਾ ਕੇ ਝੂਟਿਆ ਕਰਦੇ ਸਾਂ। ਕੁੜੀਆਂ-ਮੁੰਡੇ ਸਭ ਇਕੱਠੇ। ਖਤਮ ਹੋ ਗਈਆਂ ਨੇ ਪਿੱਪਲਾਂ, ਬੋਹੜਾਂ ਥੱਲੇ ਦੀਆਂ ਪਿੰਡਾਂ ਦੀਆਂ ਦੁਪਹਿਰਾਂ ਦੀਆਂ ਰੌਣਕਾਂ। ਪਿੰਡ ਵਿਚ ਇਕ ਤੋਂ ਚਾਰ ਬਣ ਗਏ ਗੁਰਦੁਆਰੇ ਤੇ ਉਚੇ ਕੇਸਰੀ ਝੰਡੇ ਝੂਲਦੇ ਤਾਂ ਨਜ਼ਰ ਆਉਂਦੇ ਹਨ, ਪਰ ਆਪਸੀ ਸਾਂਝਾਂ ਤੇ ਮੋਹ ਮੁਹੱਬਤਾਂ ਕਿਧਰੇ ਨਹੀਂ ਦੀਂਹਦੀਆਂ। ਮੈਨੂੰ ਸਵੇਰੇ, ਸ਼ਾਮ ਸ਼ੋਰ ਪ੍ਰਦੂਸ਼ਣ ਤੰਗ ਕਰਦਾ ਹੈ।



ਰਾਤ ਨੂੰ ਮੈਂ ਭਤੀਜੇ ਦੇ ਚੁਬਾਰੇ ਦੀ ਛੱਤ ਉਤੇ ਪਿਆ ਹਾਂ। ਬਿਜਲੀ ਬੰਦ ਹੈ। ਮੈਂ ਨਿਰਮਲ ਅਕਾਸ਼ ਵਲ ਝਾਕਦਾ ਹਾਂ ਤੇ ਪਾਉਂਦਾ ਹਾਂ ਜਿਵੇਂ ਹੀਰਿਆਂ ਜੜਿਆ ਕੋਈ ਚੰਦੋਆ ਮੇਰੇ ਉਤੇ ਤਣਿਆ ਹੋਇਆ ਹੈ। ਰੱਬ ਦੀ ਮੰਜੀ ਵੇਖਦਾ ਹਾਂ, ਗਿੱਟੀਆਂ ਅਤੇ ਸਰਵਣ ਦੀ ਵਹਿੰਗੀ ਵੇਖਦਾ ਹਾਂ। ਰੱਬ ਦਾ ਪਹਿਆ ਵੇਖਦਾ ਹਾਂ। ਤਾਰਿਆਂ ਦੀਆਂ ਕਈ ਬਣਤਰਾਂ ਨੂੰ ਨਿਹਾਰਦਾ ਹਾਂ। ਬੜਾ ਅਨੰਦ ਆਉਂਦਾ ਹੈ। ਅਰਧ ਚੰਦ ਦੀਆਂ ਕਿਰਨਾਂ ਮੈਂ ਆਪਣੀਆਂ ਅੱਖਾਂ ਵਿਚ ਬਾਰ-ਬਾਰ ਭਰਦਾ ਹਾਂ। ਕਹਿੰਦੇ ਨੇ ਅਜੇਹਾ ਕਰਨ ਨਾਲ ਅੱਖਾਂ ਨੂੰ ਬਲ ਮਿਲਦਾ ਹੈ ਅਤੇ ਸਰੀਰ ਵਿਚ ਸ਼ਕਤੀ ਚਾਰਜ ਹੁੰਦੀ ਹੈ। ਇਸ ਰਾਤ ਦੇ ਹੁਸਨ ਤੋਂ ਮੈਂ ਬਲਿਹਾਰੇ ਜਾਂਦਾ ਹਾਂ। ਨਿਸ਼ਚੇ ਹੀ ਸ਼ਿਵ ਯਾਦ ਆਉਂਦਾ ਹੈ:

ਰਾਤ ਜਿਵੇਂ ਕੋਈ ਕੁੜੀ ਝਿਊਰੀ
ਪਾ ਬੱਦਲਾਂ ਦਾ ਪਾਟਾ ਝੱਗਾ
ਚੁੱਕੀ ਚੰਨ ਦੀ ਚਿੱਬੀ ਗਾਗਰ
ਧਰਤੀ ਦੇ ਖੂਹੇ 'ਤੇ ਆਈ
ਤੁਰੇ ਵਿਚਾਰੀ ਊਂਧੀ ਪਾਈ।

ਉਠ ਕੇ ਮੈਂ ਇਕ ਝਾਤੀ ਪਿੰਡ ਦੇ ਘਰਾਂ ਦੀਆਂ ਛੱਤਾਂ ਉਤੇ ਮਾਰਦਾ ਹਾਂ। ਕੋਈ ਵੀ ਛੱਤ ਉਤੇ ਸੁੱਤਾ ਭਲਾਮਾਣਸ ਕਿਧਰੇ ਨਹੀਂ ਦਿਸਦਾ। ਸਾਡੇ ਵੇਲੇ ਤਾਂ ਇਨ੍ਹੀਂ ਦਿਨੀਂ ਛੱਤਾਂ ਭਰੀਆਂ ਹੋਈਆਂ ਹੁੰਦੀਆਂ ਸਨ। ਸਾਡੇ ਨਾਲ ਵਾਲੀ ਛੱਤ ਉਤੋਂ ਚਾਚਾ ਲਛਮਣ ਸਿੰਹੁ ਅਤੇ ਬਿਸ਼ਨ ਸੁਨਿਆਰਾ ਬਹੁਤ ਹੀ ਸੋਹਣੀਆਂ ਤੇ ਲੰਮੀਆਂ-ਲੰਮੀਆਂ ਬਾਤਾਂ ਸੁਣਾਇਆ ਕਰਦੇ ਸਨ। ਹੁਣ ਤਾਂ ਕਦ ਦੇ ਤੁਰ ਗਏ ਨੇ ਉਹ। ਉਹ ਪਿੰਡ ਕਿੱਥੇ ਰਹਿ ਗਏ ਨੇ ਹੁਣ। ਮੈਂ ਭਤੀਜੇ ਦੇ ਇਨਵਰਟਰ ਨਾਲ ਚੱਲਦੇ ਪੱਖੇ ਥੱਲੇ ਬੈਠਕ ਵਿਚ ਬਹਿ ਕੇ ਤਰਜਮੇ ਦਾ ਆਪਣਾ ਕੰਮ ਮੁਕਾਉਂਦਾ ਹਾਂ ਤੇ ਚੰਡੀਗੜ੍ਹ ਨੂੰ ਚੜ੍ਹ ਆਉਂਦਾ ਹਾਂ।

# ਪੱਤਰਕਾਰ ਇਕਬਾਲ ਜੱਬੋਵਾਲੀਆ ਦਾ ਸਨਮਾਨ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਦੋਆਬਾ ਸਿੱਖ ਐਸੋਸੀਏਸ਼ਨ ਆਫ ਨਿਊ ਯਾਰਕ ਵਲੋਂ ਪੱਤਰਕਾਰ ਤੇ ਕਾਲਮਨਵੀਸ ਸ੍ਰੀ ਇਕਬਾਲ ਜੱਬੋਵਾਲੀਆ ਦਾ ਇਕ ਯਾਦਗਾਰੀ ਚਿੰਨ੍ਹ ਨਾਲ ਵਿਸ਼ੇਸ਼ ਸਨਮਾਨ ਕੀਤਾ ਗਿਆ। ਸ੍ਰੀ ਜੱਬੋਵਾਲੀਆ ਦਾ ਇਹ ਸਨਮਾਨ ਉਨ੍ਹਾਂ ਵਲੋਂ ਨਵਾਂ ਸ਼ਹਿਰ ਇਲਾਕੇ ਦੇ ਗਰੀਬ, ਲੋੜਵੰਦ ਵਿਦਿਆਰਥੀਆਂ ਦੀ ਮਾਲੀ ਮਦਦ ਕਰਨ, ਇਲਾਕੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਹਟਾ ਕੇ ਖੇਡਾਂ ਵੱਲ ਪ੍ਰੇਰਿਤ ਕਰਨ, ਰਾਜਾ ਸਾਹਿਬ ਸਪੋਰਟਸ ਕਲੱਬ, ਨਵਾਂ ਸ਼ਹਿਰ ਰਾਹੀਂ ਗਰੀਬ ਨੌਜਵਾਨ ਵੇਟ ਲਿਫਟਰਾਂ ਅਤੇ ਪਾਵਰ ਲਿਫਟਰਾਂ ਦੀ ਸਾਜ਼ੋ-ਸਾਮਾਨ ਲਈ ਮਦਦ ਕਰਨ ਅਤੇ ਮੀਡੀਏ ਵਿਚ ਨਿਭਾਈ ਗਈ ਉਸਾਰੂ ਸੇਵਾ ਲਈ ਕੀਤਾ ਗਿਆ। ਸ੍ਰੀ ਜੱਬੋਵਾਲ ਪੰਜਾਬ ਟਾਈਮਜ਼ ਦੇ ਵੀ ਨਿਊ ਯਾਰਕ ਤੋਂ ਪੱਤਰਕਾਰ ਹਨ ਅਤੇ ਉਹ ਖੇਡਾਂ ਤੋਂ ਇਲਾਵਾ ਵੱਖ ਵੱਖ ਸਮਾਜਿਕ ਵਿਸ਼ਿਆਂ 'ਤੇ ਲਿਖਦੇ ਰਹਿੰਦੇ ਹਨ।

ਇਸ ਸਨਮਾਨ ਸਮਾਗਮ ਮੌਕੇ ਦੋਆਬਾ ਸਿੱਖ ਐਸੋਸੀਏਸ਼ਨ ਦੇ ਪ੍ਰਧਾਨ ਹਰਮੇਲ ਸਿੰਘ ਦੋਸਾਂਝ, ਚੇਅਰਮੈਨ ਬਲਜਿੰਦਰ ਰਾਣਾ, ਸਕੱਤਰ ਮਾਸਟਰ ਬਲਦੇਵ ਸਿੰਘ ਦੋਸਾਂਝ ਤੋਂ ਇਲਾਵਾ ਰਾਜਾ ਸਾਹਿਬ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ ਤੇ ਸੰਚਾਲਕ ਬਲਦੇਵ ਮਾਨ, ਪੰਜਾਬੀ ਵਿਰਸਾ





ਸਪੋਰਟਸ ਐਂਡ ਕਲਚਰਲ ਆਰਗੇਨਾਈਜੇਸ਼ਨ ਦੇ ਪ੍ਰਧਾਨ ਮਹਿੰਦਰ ਸਿੰਘ ਸਿੱਧੂ, ਜਸਵੀਰ ਸਿੰਘ ਪਲੀਆ, ਦੀਪਾ ਪਲੀਆ, ਮੱਖਣ ਸਿੰਘ ਚਾਹਲ, ਕਸ਼ਮੀਰ ਸਿੰਘ, ਨਵਜੋਤ ਸਿੰਘ, ਹਰਜਿੰਦਰ ਖੱਖ, ਕੁਲਦੀਪ ਭਲਵਾਨ, ਭੁਪਿੰਦਰ ਸਿੰਘ ਬੋਪਾਰਾਏ ਅਤੇ ਹੋਰ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

# ਕਹਾਣੀਕਾਰ ਸੁਰਿੰਦਰ ਸਿੰਘ ਬੈਦਵਾਨ ਸੜਕ ਹਾਦਸੇ 'ਚ ਹਲਾਕ

**ਨਿਊ ਯਾਰਕ (ਸੁਰਿੰਦਰ ਸੋਹਲ):** ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਦੇ ਸੁਹਿਰਦ ਮੈਂਬਰ ਅਤੇ ਪੰਜਾਬੀ ਕਹਾਣੀਕਾਰ ਸੁਰਿੰਦਰ ਸਿੰਘ ਬੈਦਵਾਨ ਬੀਤੇ ਬੁੱਧਵਾਰ ਨੂੰ ਚੰਡੀਗੜ੍ਹ ਨੇੜੇ ਇਕ ਸੜਕ ਹਾਦਸੇ ਵਿਚ ਅਕਾਲ ਚਲਾਣਾ ਕਰ ਗਏ। ਉਹ ਆਪਣੇ ਪਿਛੇ ਬੇਟਾ ਪ੍ਰੀਤ ਅਤੇ ਬੇਟੀ ਪੰਖੜੀ ਛੱਡ ਗਏ ਹਨ। ਇਨ੍ਹੀਂ ਦਿਨੀਂ ਉਹ ਭਾਰਤ ਗਏ ਹੋਏ ਸਨ ਅਤੇ ਚੰਡੀਗੜ੍ਹ ਆਪਣੇ ਘਰ ਰਹਿੰਦੇ ਸਨ। ਉਹ ਸਕੂਟਰ 'ਤੇ ਖਰੜ ਨੂੰ ਗਏ ਸਨ, ਜਿਥੇ ਬੁੱਧਵਾਰ ਦੀ ਸ਼ਾਮ ਉਨ੍ਹਾਂ ਦਾ ਸਕੂਟਰ ਇਕ ਕਾਰ ਨਾਲ ਟਕਰਾ ਗਿਆ। ਟੱਕਰ ਏਨੀ ਜ਼ੋਰਦਾਰ ਸੀ ਕਿ ਸ੍ਰੀ ਬੈਦਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਦੀ ਖ਼ਬਰ ਸੁਣਦੇ ਸਾਰ ਹੀ ਉਨ੍ਹਾਂ ਦਾ ਬੇਟਾ ਪ੍ਰੀਤ ਪੰਜਾਬ ਨੂੰ ਚਲਿਆ ਗਿਆ। ਸ੍ਰੀ ਬੈਦਵਾਨ ਦੀ ਬੇਟੀ ਚੰਡੀਗੜ੍ਹ ਹੀ ਰਹਿੰਦੀ ਹੈ, ਜਿਸ ਨੂੰ ਮਿਲਣ ਉਹ ਅਕਸਰ ਹੀ ਚੰਡੀਗੜ੍ਹ ਜਾਂਦੇ ਰਹਿੰਦੇ ਸਨ।

ਪੰਜਾਬੀ ਸਾਹਿਤ ਅਕੈਡਮੀ ਨਿਊ ਯਾਰਕ ਦੇ ਪ੍ਰਧਾਨ ਡਾ. ਰਾਮਜੀ ਦਾਸ ਸੇਠੀ ਨੇ ਸ੍ਰੀ ਬੈਦਵਾਨ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ 19 ਜੂਨ ਨੂੰ ਹੋਣ ਵਾਲੀ ਮੀਟਿੰਗ ਸ੍ਰੀ ਬੈਦਵਾਨ ਨੂੰ ਸਮਰਪਿਤ ਕੀਤੀ ਹੈ। ਸਾਬਕਾ ਪ੍ਰਧਾਨ ਰਣਧੀਰ ਸਿੰਘ ਨਿਊ ਯਾਰਕ ਨੇ ਕਿਹਾ ਕਿ ਸ੍ਰੀ ਬੈਦਵਾਨ ਦੀ ਮੌਤ ਦੀ ਖ਼ਬਰ ਇਕ ਬਿਜਲੀ ਵਾਂਗ ਗਿਰੀ ਹੈ। ਅਕੈਡਮੀ ਦੇ ਮੀਤ ਪ੍ਰਧਾਨ ਰਾਜਿੰਦਰ



*ਸੁਰਿੰਦਰ ਸਿੰਘ ਬੈਦਵਾਨ*

ਜਿੰਦ ਨੇ ਬੇਹੱਦ ਦੁਖੀ ਹਿਰਦੇ ਨਾਲ ਕਿਹਾ ਕਿ ਅਕੈਡਮੀ ਦੇ ਪਰਿਵਾਰ ਵਿਚੋਂ ਨਿਹਾਇਤ ਸ਼ਰੀਫ਼ ਅਤੇ ਵਧੀਆ ਕਹਾਣੀਕਾਰ ਵਿਛੜ ਗਿਆ ਹੈ।

19 ਜੁਲਾਈ 1939 ਨੂੰ ਪਿੰਡ ਰਾਮਗੜ੍ਹ (ਜ਼ਿਲਾ ਰੋਪੜ) ਵਿਚ ਜਨਮੇ ਸੁਰਿੰਦਰ ਸਿੰਘ ਬੈਦਵਾਨ 1984 ਤੋਂ ਅਮਰੀਕਾ ਆ ਗਏ ਸਨ। ਭਾਰਤ ਵਿਚ ਉਨ੍ਹਾਂ ਪੀ ਜੀ ਆਈ ਵਿਚ ਲੰਬਾ ਸਮਾਂ ਨੌਕਰੀ ਕੀਤੀ। ਆਪਣੀ ਕਹਾਣੀਕਾਰ ਪਤਨੀ ਗੁਰਜੀਤ ਕੌਰ ਬੈਦਵਾਨ ਦੀ ਮੌਤ ਤੋਂ ਬਾਦ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਸ੍ਰੀ ਬੈਦਵਾਨ ਨੇ ਖ਼ੁਦ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ ਸਨ। ਇਨ੍ਹੀਂ ਦਿਨੀਂ ਉਹ ਆਪਣੀ ਕਿਤਾਬ ਛਪਾਉਣ ਬਾਰੇ ਵੀ ਸਲਾਹ-ਮਸ਼ਵਰਾ ਕਰ ਰਹੇ ਸਨ।

## ਐਲਿਜ਼ਾਬੈਥ ਨੇ ਪਰਵਾਸੀ ਸਿੱਖਾਂ ਦਾ ਕੀਤਾ ਸਨਮਾਨ

**ਲੰਡਨ:** ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਦੂਜੀ ਨੇ ਬੀਤੀ 12 ਜੂਨ ਨੂੰ ਸੁਖਬੀਰ ਸਿੰਘ ਕਪੂਰ, ਇੰਦਰਜੀਤ ਕੌਰ ਸੰਧੂ, ਦਲਜੀਤ ਸਿੰਘ ਆਹਲੂਵਾਲੀਆ, ਬਲਵਿੰਦਰ ਸਿੰਘ ਸੋਖੀ ਸਣੇ ਕਈ ਭਾਰਤੀਆਂ ਨੂੰ ਆਰਡਰ ਆਫ਼ ਬ੍ਰਿਟਿਸ਼ ਅੰਪਾਇਰ (ਓ.ਬੀ.ਈ) ਨਾਲ ਸਨਮਾਨਤ ਕੀਤਾ। ਸੁਖਬੀਰ ਸਿੰਘ ਕਪੂਰ ਨੂੰ ਸਿੱਖੀ ਲਈ ਪਾਏ ਯੋਗਦਾਨ ਖ਼ਾਤਰ ਸਨਮਾਨਤ ਕੀਤਾ ਗਿਆ ਜਦਕਿ ਇੰਦਰਜੀਤ ਕੌਰ ਨੂੰ ਸਿਖਿਆ ਖੇਤਰ ਵਿਚ ਲਈ ਇਹ ਪੁਰਸਕਾਰ ਦਿਤਾ ਗਿਆ। ਇਸ ਤੋਂ ਇਲਾਵਾ ਮਹਾਰਾਣੀ ਨੇ ਬਰਤਾਨਵੀ ਵੀਟਾਬਾਇਉਟਿਕਸ ਦੇ ਬਾਨੀ ਕਰਤਾਰ ਸਿੰਘ ਲਾਲਵਾਨੀ, ਪ੍ਰੇਮ ਦਤ ਸ਼ਰਮਾ, ਵੀਨਾ ਕੁਮਾਰੀ ਮੋਹਿੰਦਰਾ, ਪੀ. ਜੈਰਾਮ ਅਤੇ ਮੁਕੇਸ਼ ਪਟੇਲ ਨੂੰ ਇਸ ਸਨਮਾਨ ਨਾਲ ਨਿਵਾਜਿਆ ਗਿਆ। ਕਰਤਾਰ ਸਿੰਘ ਲਾਲਵਾਨੀ ਨੇ 1971 ਵਿਚ ਵੀਟਾਬਾਇਉਟਿਕਸ ਨਾਂ ਦੀ ਦਵਾਈਆਂ ਦੀ ਕੰਪਨੀ ਸਥਾਪਤ ਕੀਤੀ ਸੀ। ਅਨਿਲ ਕੁਮਾਰ ਭਨੋਟ ਨੂੰ ਹਿੰਦੂ ਧਰਮ ਲਈ ਪਾਏ ਯੋਗਦਾਨ ਵਾਸਤੇ ਸਨਮਾਨਤ ਕੀਤਾ ਗਿਆ, ਜਦਕਿ ਬਲਜੀਤ ਦੂਬੇ ਨੂੰ ਕਾਨੂੰਨ ਖੇਤਰ ਦੀਆਂ ਸੇਵਾਵਾਂ ਲਈ ਪੁਰਸਕਾਰ ਦਿੱਤਾ ਗਿਆ। ਕਲਚਰਲ ਕੋਆਪ੍ਰੇਸ਼ਨ ਦੇ ਮੁੱਖ ਕਾਰਜਕਾਰੀ ਅਫ਼ਸਰ ਪ੍ਰਕਾਸ਼ ਦਾਸਵਾਨੀ ਦਾ ਕਲਾ ਦੇ ਖੇਤਰ ਲਈ ਸਨਮਾਨ ਕੀਤਾ।



# ਯੂਰੇਨੀਅਮ ਦੀਆਂ ਘੁੱਟਾਂ ਭਰਦੇ ਪੰਜਾਬ ਦੇ ਲੋਕ

*ਸਫਾ ਇਕ ਦੀ ਬਾਕੀ*

ਕਰਦਿਆਂ ਦਾਅਵਾ ਕੀਤਾ ਕਿ ਯੂਰੇਨੀਅਮ ਦੀ ਏਨੀ ਮਾਤਰਾ ਮਨੁੱਖੀ ਸਰੀਰ ਵਿਚ ਹੋਣ ਦਾ ਮੁੱਖ ਕਾਰਨ ਅਮਰੀਕਾ ਵਲੋਂ ਅਫਗਾਨਿਸਤਾਨ ਅਤੇ ਇਰਾਕ ਵਿਚ ਵਰਤੇ ਗਏ ਮਾਰੂ ਹਥਿਆਰ ਅਤੇ ਬੰਕਰ ਤੋੜਨ ਲਈ ਵਰਤਿਆ ਗਿਆ ਯੂਰੇਨੀਅਮ ਹੈ ਜਿਸ ਨੇ ਇਕ ਹਜ਼ਾਰ ਕਿਲੋਮੀਟਰ ਤੱਕ ਦੇ ਵਾਤਾਵਰਨ ਨੂੰ ਆਪਣੀ ਲਪੇਟ ਵਿਚ ਲਿਆ ਹੈ। ਡਾਕਟਰਾਂ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ ਵਲੋਂ ਜਾਪਾਨੀ ਸ਼ਹਿਰਾਂ ਹੀਰੋਸ਼ੀਮਾ ਤੇ ਨਾਗਾਸਾਕੀ ਵਿਚ ਵਰਤੇ ਗਏ ਬੰਬਾਂ ਤੋਂ ਢਾਈ ਲੱਖ ਗੁਣਾ ਜ਼ਿਆਦਾ ਰੇਡੀਓਐਕਟਿਵ ਮਾਦਾ ਇਨ੍ਹਾਂ ਜੰਗਾਂ ਵਿਚ ਵਰਤਿਆ ਗਿਆ, ਪ੍ਰੰਤੂ ਇਸ ਨੂੰ ਵਰਤਣ ਦਾ ਤਰੀਕਾ ਅਲੱਗ ਸੀ, ਜਿਸ ਕਰਕੇ ਇਸ ਦੇ ਪ੍ਰਭਾਵ ਕੁਝ ਸਮੇਂ ਬਾਅਦ ਪੈਣ ਲੱਗੇ ਹਨ।

ਇਸ ਰਿਪੋਰਟ 'ਤੇ ਪ੍ਰਤੀਕਰਮ ਦਿੰਦਿਆਂ ਡਾਕਟਰਾਂ ਨੇ ਆਖਿਆ ਹੈ ਕਿ ਇਸ ਨਾਲ ਚਮੜੀ ਦੇ ਰੋਗ, ਕੈਂਸਰ, ਗੁਰਦੇ ਖਰਾਬ ਹੋਣੇ, ਨਿਪੁੰਸਕਤਾ, ਬਾਂਝਪਣ, ਦਿਮਾਗੀ ਕਮਜੋਰੀ ਵਰਗੇ ਗੰਭੀਰ ਰੋਗ ਮਨੁੱਖੀ ਸਰੀਰ 'ਤੇ ਅਸਰ ਕਰਨਗੇ। ਇਸ ਦੌਰਾਨ ਡਾ. ਅਮਨ ਵਿਸ਼ਵਨਾਥ ਨੇ ਆਖਿਆ ਕਿ ਜੇ ਇਸ ਭਿਆਨਕ ਸਥਿਤੀ ਉਪਰ ਸਰਕਾਰ ਨੇ ਕਾਬੂ ਨਾ ਪਾਇਆ ਤਾਂ ਹਰ ਪਿੰਡ ਜਾਂ ਗਲੀ-ਮੁਹੱਲੇ ਵਿਚ ਸਿਹਤਮੰਦ ਬੱਚੇ ਨਹੀਂ ਬਲਕਿ ਮੰਦਬੁੱਧੀ ਬੱਚੇ ਖੇਡਦੇ ਨਜ਼ਰ ਆਉਣਗੇ। ਜ਼ਿਕਰਯੋਗ ਹੈ ਕਿ ਇਹ ਰਿਪੋਰਟ ਦੱਖਣੀ ਅਫਰੀਕਾ ਦੀ ਡਾਕਟਰ ਕੈਰਨ ਸਮਿੱਥ ਨੇ 3 ਕਰੋੜ ਰੁਪਏ ਇਕੱਤਰ ਕਰਕੇ ਤਿਆਰੀ ਕਰਵਾਈ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਚੰਡੀਗੜ੍ਹ ਦੀ ਨਾਮਵਰ ਸਿਹਤ ਸੰਸਥਾ ਪੀ.ਜੀ.ਆਈ ਨੇ ਪੰਜਾਬ ਦੀ ਮਾਲਵਾ ਪੱਟੀ ਦੇ ਪਾਣੀ 'ਚ ਖਤਰਨਾਕ ਤੱਤਾਂ ਦੀ ਮੌਜੂਦਗੀ ਬਾਰੇ ਕਈ ਵਾਰ ਚਿਤਾਵਨੀ ਦਿੱਤੀ ਹੈ। ਇਸ ਪੱਟੀ 'ਚ ਦਿਨੋ ਦਿਨ ਕੈਂਸਰ ਤੇ ਹੋਰ ਲਾਇਲਾਜ ਬਿਮਾਰੀਆਂ ਦੇ ਕੇਸ ਵਧ ਰਹੇ ਹਨ ਤੇ ਹੁਣ ਤੱਕ ਸੈਂਕੜੇ ਲੋਕ ਇਨ੍ਹਾਂ ਬਿਮਾਰੀਆਂ ਕਾਰਨ ਮੌਤ ਦੇ ਮੂੰਹ ਵਿਚ ਚਲੇ ਗਏ ਹਨ। ਹੁਣ ਬਾਬਾ ਫਰੀਦ ਸੈਂਟਰ 'ਚ ਦਿਮਾਗੀ ਤੇ ਸਰੀਰਕ ਤੌਰ 'ਤੇ ਨੁਕਸਾਨੇ ਗਏ ਬੱਚਿਆਂ ਦਾ ਅਧਿਐਨ ਕਰਦੇ ਸਮੇਂ ਇਹ ਸਨਸਨੀਖੇਜ਼ ਖੁਲਾਸਾ ਕੀਤਾ ਗਿਆ ਹੈ।

ਇਹ ਵੀ ਦੱਸਣਾ ਬਣਦਾ ਹੈ ਕਿ ਯੂਰੇਨੀਅਮ ਇਕ ਰੇਡਿਓਐਕਟਿਵ ਪਦਾਰਥ ਹੈ, ਜਿਸ 'ਚੋਂ ਨਿਕਲਦੀਆਂ ਕਿਰਨਾਂ ਮਾਨਵਜਾਤੀ ਤੇ ਹੋਰ ਜੀਵਾਂ ਲਈ ਬਹੁਤ ਹਾਨੀਕਾਰਕ ਹਨ। ਜੇਕਰ ਇਹ ਕਿਰਨਾਂ ਸਹਿਣਯੋਗ ਮਾਤਰਾ ਤੋਂ ਥੋੜ੍ਹਾ ਜਿਹਾ ਵਧੇਰੇ ਪ੍ਰਭਾਵ ਪਾ ਦੇਣ ਤਾਂ ਵਿਅਕਤੀ ਦੀ ਮੌਤ ਹੋ ਸਕਦੀ ਹੈ। ਦੁਨੀਆ ਭਰ 'ਚ ਸੈਂਕੜੇ ਹੀ ਲੋਕ ਪ੍ਰਮਾਣੂ ਹਾਦਸਿਆਂ 'ਚ ਮਾਰੇ ਗਏ ਹਨ ਜੋ ਯੂਰੇਨੀਅਮ ਦੀਆਂ ਮਾਰੂ ਕਿਰਨਾਂ ਦੇ ਪ੍ਰਭਾਵ ਹੇਠ ਆ ਗਏ ਸਨ। ਰੂਸ ਵਿਚ ਵਾਪਰੇ ਚਿਰਨੋਬਿਲ ਹਾਦਸੇ ਬਾਰੇ ਸਾਰਾ ਸੰਸਾਰ ਜਾਣਦਾ ਹੈ। ਅਜੇ ਪਿੱਛੇ ਜਿਹੇ ਹੀ ਦਿੱਲੀ ਯੂਨੀਵਰਸਿਟੀ ਦੀ ਅਣਗਹਿਲੀ ਕਾਰਨ ਇਸ ਯੂਨੀਵਰਸਿਟੀ ਵਲੋਂ ਵੇਚੇ ਗਏ ਕੂੜੇ 'ਚ ਰੇਡਿਓਐਕਟਿਵ ਪਦਾਰਥ ਹੋਣ ਕਾਰਨ ਕੁਝ ਵਿਅਕਤੀਆਂ ਦੀ ਮੌਤ ਹੋ ਗਈ ਸੀ।

ਬਾਬਾ ਫਰੀਦ ਸੈਂਟਰ ਦੇ ਬੱਚਿਆਂ ਦੇ ਵਾਲਾਂ ਦਾ ਨਿਰੀਖਣ ਕਰਨ ਤੋਂ ਜਰਮਨੀ ਦੇ ਵਿਗਿਆਨੀਆਂ ਨੇ ਵੇਖਿਆ ਹੈ ਕਿ ਇਨ੍ਹਾਂ ਅਪਾਹਜ ਬੱਚਿਆਂ ਦੀ ਮੁਸੀਬਤ ਦਾ ਕਾਰਨ ਪਾਣੀ 'ਚ ਯੂਰੇਨੀਅਮ ਦੀ ਵਧੇਰੇ ਮਾਤਰਾ ਹੀ ਹੈ, ਜਿਸ ਨੇ ਉਨ੍ਹਾਂ ਦੇ ਦਿਮਾਗ ਤੇ ਸਰੀਰ ਦੇ ਹੋਰ ਅੰਗਾਂ 'ਤੇ ਬਹੁਤ ਹੀ ਮਾੜਾ ਪ੍ਰਭਾਵ ਪਾਇਆ ਹੈ।

ਪੰਜਾਬ ਵਿਚ ਯੂਰੇਨੀਅਮ ਕਿਧਰੇ ਵੀ ਨਹੀਂ ਪਾਇਆ ਜਾਂਦਾ, ਫੇਰ ਇਹ ਪਾਣੀ ਵਿਚ ਕਿੱਥੋਂ ਆ ਗਿਆ? ਇਸ ਦੀ ਪੂਰੀ ਘੋਖ ਕਰਨ ਤੋਂ ਬਾਅਦ ਵਿਗਿਆਨੀ ਦਾਅਵਾ ਕਰ ਰਹੇ ਹਨ ਕਿ ਅਮਰੀਕਾ ਵਲੋਂ ਇਰਾਕ ਤੇ ਅਫ਼ਗਾਨਿਸਤਾਨ 'ਚ ਜੋ ਜੰਗ ਚਲਾਈ ਜਾ ਰਹੀ ਹੈ, ਉਸ 'ਚ ਵਰਤੇ ਜਾ ਰਹੇ ਗੋਲਾ ਬਰੂਦ ਵਿਚ ਰੇਡਿਓਐਕਟਿਵ ਪਦਾਰਥ ਕੁਝ ਮਾਤਰਾ 'ਚ ਵਰਤੇ ਜਾ ਰਹੇ ਹਨ ਤਾਂ ਜੋ ਸੁੱਟੇ ਜਾਣ ਵਾਲੇ ਗੋਲੇ ਅਸਾਨੀ ਨਾਲ ਦੁਸ਼ਮਣ ਦੇ ਟੈਂਕਾਂ ਨੂੰ ਤਬਾਹ ਕਰ ਸਕਣ। ਯੂਰੇਨੀਅਮ ਟੈਂਕਾਂ ਤੇ ਹੋਰ ਭਾਰੀ ਗੱਡੀਆਂ ਨੂੰ ਅਸਾਨੀ ਨਾਲ ਤਬਾਹ ਕਰ ਸਕਦਾ ਹੈ ਪਰ ਇਨ੍ਹਾਂ ਗੋਲਿਆਂ ਨਾਲ ਵਾਤਾਵਰਣ 'ਚ ਯੂਰੇਨੀਅਮ ਦੀਆਂ ਕਿਰਨਾਂ ਆਪਣਾ ਪ੍ਰਭਾਵ ਵਿਖਾਉਂਦੀਆਂ ਹਨ ਤੇ ਉਹ ਹਵਾ ਤੇ ਪਾਣੀ ਦੇ ਸਰੋਤਾਂ ਨੂੰ ਕੁਝ ਹੱਦ ਤੱਕ ਪਲੀਤ ਕਰ ਦੇਂਦੀਆਂ ਹਨ।

ਹਵਾ ਪਾਣੀ ਦਾ ਇਹ ਪ੍ਰਦੂਸ਼ਣ ਏਨਾ ਨਹੀਂ ਹੁੰਦਾ ਕਿ ਇਸ ਨਾਲ ਮਨੁੱਖ ਤੇ ਜਾਵਨਰ ਵੱਡੀ ਗਿਣਤੀ 'ਚ ਮਰਨੇ ਸ਼ੁਰ ਹੋ ਜਾਣ, ਪਰ ਫਿਰ ਵੀ ਇਹ ਐਨਾ ਕੁ ਜ਼ਰੂਰ ਹੁੰਦਾ ਹੈ ਕਿ ਇਹ ਹਵਾ ਨਾਲ ਦੂਰ-ਦੂਰ ਤੱਕ ਫੈਲ ਕੇ ਜੀਵਾਂ ਨੂੰ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦੇਵੇ। ਜਰਮਨੀ ਦੀ ਖੋਜ ਸੰਸਥਾ ਨੇ ਸਿਰਫ਼ ਫਰੀਦਕੋਟ ਦੇ ਸੈਂਟਰ ਦਾ ਹੀ ਅਧਿਐਨ ਕੀਤਾ ਹੈ, ਪਰ ਜੇਕਰ ਉਹ ਪੰਜਾਬ ਦੇ ਹੋਰ ਇਲਾਕਿਆਂ 'ਚ ਵੀ ਬੱਚਿਆਂ ਤੇ ਹੋਰ ਵਿਅਕਤੀਆਂ ਦੇ ਵਾਲਾਂ ਦਾ ਵਿਸ਼ਲੇਸ਼ਣ ਕਰੇ ਤਾਂ ਹੋ ਸਕਦਾ ਹੈ ਕਿ ਪੰਜਾਬ ਦੇ ਲੱਖਾਂ ਲੋਕਾਂ 'ਚ ਯੂਰੇਨੀਅਮ ਦੀ ਮਾਤਰਾ ਪਰਵਾਨਤ ਮਾਤਰਾ ਤੋਂ ਕਈ ਗੁਣਾ ਵਧੇਰੇ ਮਿਲੇ।

ਪੰਜਾਬ ਦੀਆਂ ਫਸਲਾਂ 'ਤੇ ਵਰਤੇ ਜਾਣ ਵਾਲੇ ਕੈਮੀਕਲਾਂ 'ਚ ਵੀ ਭਾਰੀ ਧਾਤਾਂ ਦੀ ਮੌਜੂਦਗੀ ਹੋ ਸਕਦੀ ਹੈ। ਇਸ ਤੋਂ ਬਿਨਾਂ ਸਨਅਤਾਂ ਵਿਚੋਂ ਜੋ ਰਹਿੰਦ-ਖੂੰਹਦ ਪਾਣੀ ਦੇ ਸਰੋਤਾਂ 'ਚ ਛੱਡੀ ਜਾ ਰਹੀ ਹੈ, ਉਸ ਦਾ ਦੁਰਪ੍ਰਭਾਵ ਵੀ ਦੂਰ-ਦੂਰ ਤੱਕ ਜਾਂਦਾ ਹੈ। ਯੂਰੇਨੀਅਮ ਵਰਗੀ ਧਾਤ ਰਾਹੀਂ ਫੈਲਾਈ ਜਾ ਰਹੀ ਜ਼ਹਿਰ ਦਾ ਪੰਜਾਬ ਸਰਕਾਰ ਕੋਲ ਹੱਲ ਵੀ ਨਜ਼ਰ ਨਹੀਂ ਆਉਂਦਾ।



*ਪ੍ਰਦੂਸ਼ਿਤ ਪਾਣੀ ਕਰਕੇ ਅਪਾਹਜ ਹੋਏ ਇਕ ਬੱਚੇ ਦਾ ਹਾਲ ਪੁੱਛਦਾ ਹੋਇਆ ਭਗਵੰਤ ਮਾਨ। ਮਾਨ ਨੇ ਵੀ ਇਨ੍ਹੀਂ ਦਿਨੀਂ ਪਾਣੀ ਦੇ ਪ੍ਰਦੂਸ਼ਣ ਵਿਰੁਧ ਮੁਹਿੰਮ ਚਲਾਈ ਹੋਈ ਹੈ।*




# ਕੈਨੇਡਾ ਦੀ ਸੰਸਦ ਵਿਚ ਸਿੱਖਾਂ ਦੀ ਨਸਲਕੁਸ਼ੀ 'ਤੇ ਪਟੀਸ਼ਨ ਪੇਸ਼

ਸਫਾ ਇਕ ਦੀ ਬਾਕੀ

ਉਤੇ ਦਬਾਅ ਪਾਉਣ ਦੀ ਮੰਗ ਰੱਖੀ ਗਈ ਹੈ। ਪਟੀਸ਼ਨ ਦਾਇਰ ਕਰਨ ਵਿਚ ਲੇਬਰ ਪਾਰਟੀ ਦੇ ਆਗੂਆਂ ਨੇ ਸਿੱਖਾਂ ਦੀ ਬਾਂਹ ਫੜੀ ਤੇ ਯਕੀਨ ਦਿਵਾਇਆ ਕਿ ਉਹ ਸਿੱਖਾਂ ਨੂੰ ਇਨਸਾਫ ਦਿਵਾਉਣਗੇ। ਪਟੀਸ਼ਨ ਲਿਬਰਲ ਐਮ.ਪੀ. ਐਂਡਰਿਊ ਕੇਨੀਆ ਤੇ ਸੁੱਖ ਧਾਲੀਵਾਲ ਵਲੋਂ ਪੇਸ਼ ਕੀਤੀ ਗਈ ਹੈ।

ਦਾਇਰ ਕੀਤੀ ਪਟੀਸ਼ਨ ਵਿਚ ਲਿਬਰਲ ਪਾਰਟੀ ਦੇ ਆਗੂ ਸੁੱਖ ਧਾਲੀਵਾਲ ਨੇ ਸਪੱਸ਼ਟ ਕੀਤਾ ਕਿ 1984 ਵਿਚ ਵਾਪਰੀਆਂ ਘਟਨਾਵਾਂ ਨਸਲਘਾਤ ਸਨ। ਉਨ੍ਹਾਂ ਕਿਹਾ, "ਮੈਂ ਕੈਨੇਡਾ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਮਾਮਲੇ ਨੂੰ ਭਾਰਤ ਸਰਕਾਰ ਕੋਲ ਜ਼ੋਰਦਾਰ ਢੰਗ ਨਾਲ ਉਠਾਵੇ।" ਲਿਬਰਲ ਆਗੂ ਬੌਬ ਰੇਅ ਨੇ ਵੀ ਪਟੀਸ਼ਨ ਦੀ ਹਮਾਇਤ ਕੀਤੀ। ਪਟੀਸ਼ਨ ਪੇਸ਼ ਕਰਨ ਸਮੇਂ ਕਿਸੇ ਵੀ ਸਿਆਸੀ ਪਾਰਟੀ ਦੇ ਸੰਸਦ ਮੈਂਬਰ ਨੇ ਇਸ 'ਤੇ ਇਤਰਾਜ਼ ਨਹੀਂ ਕਿਤਾ। ਕ੍ਰਿਸਟੀ ਡੰਕਨ, ਰੌਬ ਔਲਫੈਂਡ, ਬਾਨੀ ਕਰਾਂਬਸ਼ੀ, ਮਾਰਕ ਹੌਲੈਂਡ ਅਤੇ ਜੌਹਨ ਡੌਰੇਨ ਆਦਿ ਮੈਂਬਰਾਂ ਨੇ ਇਸ ਦੀ ਪੁਰਜ਼ੋਰ ਹਮਾਇਤ ਕੀਤੀ। ਇਸ ਤੋਂ ਇਲਾਵਾ ਸ. ਗੁਰਬਖਸ਼ ਸਿੰਘ ਮੱਲ੍ਹੀ ਅਤੇ ਸ. ਨਵਦੀਪ ਸਿੰਘ ਬੈਂਸ ਨੇ ਵੀ ਪਟੀਸ਼ਨ ਦੇ ਹੱਕ 'ਚ ਭਾਸ਼ਣ ਦਿੱਤਾ।

ਦੂਜੇ ਪਾਸੇ ਕੈਨੇਡਾ ਦੀ ਪਾਰਲੀਮੈਂਟ 'ਚ ਸਿੱਖ ਕਤਲੇਆਮ ਬਾਰੇ ਪਟੀਸ਼ਨ ਦਾ ਵਿਰੋਧ ਕਰਨ ਵਾਲੀਆਂ ਤਾਕਤਾਂ ਦਾ ਉਸ ਵੇਲੇ ਪਰਦਾ ਫਾਸ਼ ਹੋ ਗਿਆ, ਜਦੋਂ ਕੈਨੇਡਾ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਦੱਸਿਆ ਕਿ ਉਨ੍ਹਾਂ ਉਪਰ ਪਟੀਸ਼ਨ ਦੇ ਵਿਰੋਧ ਲਈ ਦਬਾਅ ਪਾਇਆ ਗਿਆ ਸੀ। 'ਕੈਨੇਡਾ-ਇੰਡੀਆ ਫਾਊਂਡੇਸ਼ਨ' ਨਾਂਅ ਦੀ ਗੈਰ-ਸਿਆਸੀ ਤੇ ਗੈਰ ਮੁਨਾਫਾ ਅਖਵਾਉਣ ਵਾਲੀ ਇਕ ਸੰਸਥਾ ਵਲੋਂ ਕੈਨੇਡਾ ਦੇ ਸਾਰੇ ਸੰਸਦ ਮੈਂਬਰਾਂ ਦੇ ਨਾਂਅ ਜਾਰੀ ਪੱਤਰ ਵਿਚ ਸਿੱਖ ਕਤਲੇਆਮ ਦੀ ਪਟੀਸ਼ਨ ਰੱਦ ਕਰਵਾਉਣ ਲਈ ਪਾਏ ਗਏ ਸਿਆਸੀ ਪ੍ਰਭਾਵ ਦੇ ਅਹਿਮ ਇੰਕਸ਼ਾਫ ਹੋਏ ਹਨ। ਇਸ ਸੰਸਥਾ ਦੇ ਆਗੂ ਰਮੇਸ਼ ਚੋਟਾਏ, ਕੌਮੀ ਕਨਵੀਨਰ ਅਦਿੱਤਿਆ ਝਾਅ, ਕੌਮੀ ਬੁਲਾਰੇ ਮਨੋਜ ਪੰਡਿਤ, ਦੀਪਕ ਰੁਪਾਰਲ ਅਤੇ ਐਗਜ਼ੈਕਟਿਵ ਡਾਇਰੈਕਟਰ ਕਲਿਆਣ ਸੁੰਦਰਮ ਆਦਿ ਆਗੂਆਂ ਨੇ ਸਿੱਖ ਪਟੀਸ਼ਨ ਨੂੰ ਕੈਨੇਡਾ ਵਿਚਲੇ 'ਭਾਰਤੀਆਂ ਨੂੰ ਵੰਡਣ ਵਾਲੀ' ਅਤੇ ਪਟੀਸ਼ਨ ਕਰਤਾਵਾਂ ਨੂੰ ਅੱਤਵਾਦੀਆਂ ਦੇ ਸਮੂਹ ਦਾ ਨਾਂਅ ਦਿੱਤਾ ਹੈ। ਉਧਰ ਪਟੀਸ਼ਨ ਰੱਦ ਕਰਵਾਉਣ ਲਈ ਔਟਵਾ ਸਥਿਤ ਭਾਰਤੀ ਹਾਈ ਕਮਿਸ਼ਨਰ ਦਫਤਰ ਵਲੋਂ ਨਿਊ ਡੈਮੋਕਰੇਟਿਕ ਪਾਰਟੀ ਦੇ ਆਗੂ ਜੈਕ ਲੇਟਨ, ਲਿਬਰਲ ਪਾਰਟੀ ਦੇ ਆਗੂ ਮਾਈਕਲ ਇਗਨੈਟੀਆਫ ਤੇ ਟੋਰੀ ਸਰਕਾਰ ਦੇ ਮੰਤਰੀਆਂ ਨੂੰ ਪਟੀਸ਼ਨ ਵਿਰੁਧ ਭੁਗਤਣ ਤੇ ਭਾਰਤ ਨਾਲ

## ਕੈਨੇਡਾ ਦੀ ਪਾਰਲੀਮੈਂਟ 'ਚ ਦਾਇਰ ਸਿੱਖ ਨਸਲਕੁਸ਼ੀ ਦੀ ਪਟੀਸ਼ਨ

ਅਸੀਂ ਨਿਮਨ ਹਸਤਾਖਰ ਕਰਨ ਵਾਲੇ ਕੈਨੇਡਾ ਦੇ ਨਾਗਰਿਕ ਹਾਊਸ ਦਾ ਧਿਆਨ ਅੱਗੇ ਦੱਸੀਆਂ ਜਾ ਰਹੀਆਂ ਗੱਲਾਂ ਵਲ ਦਿਵਾਉਣਾ ਚਾਹੁੰਦੇ ਹਾਂ।

ਜਿਵੇਂ ਕਿ ਕੈਨੇਡਾ ਵਿਚ ਵਸਦਾ ਸਿੱਖ ਭਾਈਚਾਰਾ ਕੈਨੇਡਾ ਦੇ ਵਿਸ਼ਾਲ ਸਭਿਆਚਾਰ ਦਾ 1897 ਤੋਂ ਇਕ ਗਤੀਸ਼ੀਲ ਭਾਈਵਾਲ ਰਿਹਾ ਹੈ। ਜਿਵੇਂ ਕਿ ਕੈਨੇਡਾ ਦਾ ਸਿੱਖ ਭਾਈਚਾਰਾ ਭਾਰਤੀ-ਕੈਨੇਡੀਆਈ ਭਾਈਚਾਰੇ ਵਿਚਲੇ ਸਭ ਤੋਂ ਵੱਡੇ ਧਾਰਮਿਕ ਗਰੁੱਪਾਂ ਵਿਚੋਂ ਇਕ ਹੈ।

ਜਿਵੇਂ ਕਿ ਕੈਨੇਡੀਅਨ ਸਿੱਖ ਭਾਈਚਾਰੇ ਦੇ ਲੋਕ ਕੈਨੇਡਾ ਦੇ ਸਭਿਆਚਾਰ ਦਾ ਇਕ ਅਖੰਡ ਹਿੱਸਾ ਬਣ ਗਏ ਹਨ, ਕਿਉਂਕਿ ਉਹ ਦੇਸ਼ ਦੀ ਆਰਥਿਕਤਾ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਨਵੰਬਰ 1984 ਵਿਚ ਭਾਰਤ ਵਿਚ ਸਿੱਖ ਭਾਈਚਾਰੇ ਦੇ ਲੋਕਾਂ ਵਿਰੁਧ ਨਸਲਕੁਸ਼ੀ ਦੀ ਬੜੀ ਸੋਚੀ-ਸਮਝੀ ਸਾਜ਼ਿਸ਼ ਸੰਗਠਿਤ ਤਰੀਕੇ ਤਹਿਤ ਮੁਹਿੰਮ ਵਾਂਗ ਚਲਾਈ ਗਈ ਸੀ, ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬੇਕਸੂਰ ਲੋਕਾਂ ਨੂੰ ਮਾਰ ਦਿੱਤਾ ਗਿਆ ਸੀ, ਅਸੀਂ ਕੈਨੇਡਾ ਦੀ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ:

1. ਮੰਨਿਆ ਜਾਵੇ ਕਿ ਭਾਰਤ ਵਿਚ ਨਵੰਬਰ 1984 ਵਿਚ ਸਿੱਖ ਭਾਈਚਾਰੇ ਦੇ ਖਿਲਾਫ ਹਿੰਸਾ, ਬਲਾਤਕਾਰ ਤੇ ਹੱਤਿਆਵਾਂ, ਜਿਸ ਵਿਚ ਹਜ਼ਾਰਾਂ ਹੀ ਲੋਕ ਮਾਰੇ ਗਏ ਸਨ, ਇਕ ਸੋਚੀ-ਸਮਝੀ ਸੰਗਠਿਤ ਸਾਜ਼ਿਸ਼ ਸੀ ।
2. ਭਾਰਤ ਸਰਕਾਰ ਨੂੰ ਅਪੀਲ ਕੀਤੀ ਜਾਵੇ ਕਿ ਹਿੰਸਾ ਦੀ ਇਸ ਸੰਗਠਿਤ ਮੁਹਿੰਮ ਲਈ ਜ਼ਿੰਮੇਵਾਰ ਸਾਰੇ ਲੋਕਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜਾ ਕਰਨ ਲਈ ਸਾਰੇ ਉਚਿਤ ਕਦਮ ਉਠਾਏ ਜਾਣ, ਜਿਸ ਵਿਚ ਜਿੰਮੇਵਾਰ ਵਿਅਕਤੀਆਂ ਖਿਲਾਫ ਕਾਨੂੰਨ ਦੀ ਪ੍ਰਕਿਰਿਆ ਅਨੁਸਾਰ ਅਪਰਾਧਿਕ ਮੁਕੱਦਮਾ ਚਲਾਉਣਾ ਵੀ ਸ਼ਾਮਿਲ ਹੈ।
3. ਸੰਯੁਕਤ ਰਾਸ਼ਟਰ ਦੀ ਪ੍ਰੀਵੈਨਸ਼ਨ ਐਂਡ ਪਨਿਸ਼ਮੈਂਟ ਆਫ ਦੀ ਕਰਾਈਮ ਆਫ ਜਿਨੋਸਾਈਡ ਬਾਰੇ ਕਨਵੈਨਸ਼ਨ ਅਨੁਸਾਰ ਰਸਮੀ ਤੌਰ 'ਤੇ ਮਾਨਤਾ ਦਿੱਤੀ ਜਾਵੇ ਕਿ ਹਜ਼ਾਰਾਂ ਹੀ ਲੋਕਾਂ ਦਾ ਸੰਗਠਿਤ ਕਤਲੇਆਮ ਨਸਲਕੁਸ਼ੀ ਹੈ।




ਪਟੀਸ਼ਨ ਦੀ ਹਮਾਇਤ ਵਿਚ ਜੁੜੇ ਸਿੱਖ

ਸੰਬੰਧ ਸੁਖਾਵੇਂ ਬਣਾਉਣ ਦੇ ਵਾਸਤੇ ਵੀ ਪਾਏ ਗਏ ਸਨ। ਇਸ ਮਾਮਲੇ 'ਚ ਸਭ ਤੋਂ ਵਧ ਸਰਗਰਮ ਭੂਮਿਕਾ ਟੋਰੀ ਮੈਂਬਰ ਦੀਪਕ ਓਬਰਾਏ ਵਲੋਂ ਨਿਭਾਈ ਗਈ, ਜਿਸ ਨੇ ਖੁੱਲ੍ਹੇਆਮ ਸਿੱਖ ਕਤਲੇਆਮ ਦੀ ਪਟੀਸ਼ਨ ਨੂੰ ਭਾਰਤ-ਕੈਨੇਡਾ ਵਿਚਾਲੇ ਸਬੰਧ ਖਰਾਬ ਕਰਨ ਦੀ ਚਾਲ ਕਰਾਰ ਦਿੱਤਾ।

ਓਂਟਾਰੀਓ ਖ਼ਾਲਸਾ ਦਰਬਾਰ ਗੁਰਦਵਾਰਾ ਡਿਕਸੀ ਰੋਡ ਦੇ ਪ੍ਰਧਾਨ ਸ. ਅਵਤਾਰ ਸਿੰਘ ਨੇ ਕਿਹਾ ਕਿ ਹੁਣ ਸਾਨੂੰ ਇਨਸਾਫ ਮਿਲਣ ਦੀ ਆਸ ਬੱਝੀ ਹੈ। ਸਿੱਖਜ਼ ਫ਼ਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ. ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ, "ਅਸੀਂ ਇਨਸਾਫ ਮਿਲਣ ਤੱਕ ਇਸ ਮਾਮਲੇ 'ਤੇ ਚੁੱਪ ਨਹੀਂ ਰਹਾਂਗੇ।" ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਡਾ. ਮਨੋਮਹਨ ਸਿੰਘ ਇਸ ਮਹੀਨੇ ਦੇ ਅਖ਼ੀਰ ਵਿਚ ਜੀ-20 ਦੇਸ਼ਾਂ ਦੀ ਬੈਠਕ ਵਿਚ ਹਿੱਸਾ ਲੈਣ ਲਈ ਕੈਨੇਡਾ ਆ ਰਹੇ ਹਨ। ਸਿੱਖ ਇਸ ਮੌਕੇ ਉਨ੍ਹਾਂ ਨੂੰ ਸਪੱਸ਼ਟ ਕਰਨਗੇ ਕਿ ਸਿੱਖ ਦਹਿਸ਼ਤਗਰਦੀ ਦੀ ਹਮਾਇਤ ਨਹੀਂ ਕਰਦੇ ਪਰ ਇਨਸਾਫ ਦੀ ਮੰਗ ਜ਼ਰੂਰ ਕਰਦੇ ਹਨ। ਇਸ ਦੌਰਾਨ ਕੈਨੇਡਾ ਦੀ ਪਾਰਲੀਮੈਂਟ ਵਿਚ 1984 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਕਰਾਰ ਦੇਣ ਲਈ ਪੇਸ਼ ਕੀਤੇ ਨੋਟਿਸ ਆਫ ਮੋਸ਼ਨ ਦੀ ਦਲ ਖਾਲਸਾ ਨੇ ਸ਼ਲਾਘਾ ਕੀਤੀ ਹੈ।

ਬੀਤੀ 13 ਜੂਨ ਨੂੰ ਇਥੇ ਜਾਰੀ ਇਕ ਬਿਆਨ ਵਿਚ ਪਾਰਟੀ ਦੇ ਸਿਆਸੀ ਸਕੱਤਰ ਕੰਵਲਪਾਲ ਸਿੰਘ ਨੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਅਤੇ ਐਂਡਰੀਊ ਕੇਨੀਆ ਵਲੋਂ ਲਿਆਂਦੇ ਮਤੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿਚ ਹਜ਼ਾਰਾਂ ਮਾਸੂਮ ਸਿੱਖਾਂ ਦੇ ਹੋਏ ਕਤਲ ਨੂੰ ਦੰਗਿਆਂ ਦਾ ਨਾਂ ਦਿੱਤਾ ਜਾਂਦਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ 26 ਸਾਲਾਂ ਤੋਂ ਸਿੱਖ ਕੌਮ ਇਨਸਾਫ ਦੀ ਮੰਗ ਕਰ ਰਹੀ ਹੈ ਪਰ ਅੱਜ ਤੱਕ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਦਿੱਤੀ ਗਈ। ਉਨ੍ਹਾਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਭਾਰਤ ਸਰਕਾਰ 'ਤੇ ਦਬਾਅ ਪਾਉਣ। ਇਸ ਦੇ ਨਾਲ ਹੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁਹੰਮਦ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਪਟੀਸ਼ਨ ਦਾਇਰ ਹੋਣ ਨਾਲ 26 ਸਾਲਾਂ ਤੋਂ ਇਨਸਾਫ ਲਈ ਜੱਦੋਜਹਿਦ ਕਰਨ ਵਾਲ ਪੀੜਤ ਪਰਿਵਾਰਾਂ ਨੂੰ ਬਹੁਤ ਵੱਡੀ ਆਸ ਬੱਝੀ ਹੈ। ਹੁਣ ਸਿੱਖ ਅਤੇ ਪੰਜਾਬੀ ਸੰਸਦ ਮੈਂਬਰਾਂ ਨੂੰ ਅਜਿਹੀ ਪਟੀਸ਼ਨ ਭਾਰਤੀ ਸੰਸਦ ਵਿਚ ਪੇਸ਼ ਕਰਨੀ ਚਾਹੀਦੀ ਹੈ।

**ਪਟੀਸ਼ਨ ਫੁੱਟਪਾਊ ਕਰਾਰ :** ਇਥੇ ਵਸਦੇ ਭਾਰਤੀ ਭਾਈਚਾਰੇ ਨੇ ਸਿੱਖਾਂ ਵਲੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਬੱਝਵੀਂ ਹਿੰਸਕ ਮੁਹਿੰਮ ਕਰਾਰ ਦੇਣ ਲਈ ਕੈਨੇਡੀਅਨ ਸਰਕਾਰ ਕੋਲ ਪੇਸ਼ ਕੀਤੀ ਪਟੀਸ਼ਨ ਉਤੇ ਇਤਰਾਜ਼ ਪ੍ਰਗਟ ਕੀਤਾ।

ਇਸ ਪੇਸ਼ਕਦਮੀ ਨੂੰ 'ਸ਼ਰਾਰਤਪੂਰਨ ਅਤੇ ਵੰਡ ਪਾਊ' ਕਰਾਰ ਦਿੰਦਿਆਂ ਭਾਈਚਾਰੇ ਦੇ ਆਗੂਆਂ ਨੇ ਇਸ ਪਟੀਸ਼ਨ ਨੂੰ ਭਾਰਤ ਵਿਰੋਧੀ ਅਤੇ ਇਥੇ ਵਸਦੇ ਭਾਰਤੀਆਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਆਖਿਆ ਹੈ। ਕੈਨੇਡਾ ਦੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਦੇ ਸੰਸਦੀ ਸਕੱਤਰ ਦੀਪਕ ਓਬਰਾਏ ਨੇ ਆਖਿਆ, "1984 ਵਿਚ ਜੋ ਬੇਦੋਸ਼ੇ ਸਿੱਖਾਂ ਨਾਲ ਵਾਪਰਿਆ ਸੀ ਉਹ ਬਹੁਤ ਹੀ ਮੰਦਭਾਗਾ ਸੀ ਅਤੇ ਇਸ ਦੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ।'

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੇ ਯਤਨ ਕਰ ਰਹੀ ਹੈ ਪਰ ਇਹ ਪਟੀਸ਼ਨ ਉਨ੍ਹਾਂ ਵਿਅਕਤੀਆਂ ਦੀ ਸ਼ਰਾਰਤਪੂਰਨ ਅਤੇ ਫੁੱਟਪਾਊ ਕਾਰਵਾਈ ਹੈ ਜੋ ਭਾਰਤੀ-ਕੈਨੇਡੀਅਨ ਭਾਈਚਾਰੇ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਸ੍ਰੀ ਓਬਰਾਏ ਨੇ ਇਕ ਬਿਆਨ ਵਿਚ ਆਖਿਆ, "ਇਹ ਪਟੀਸ਼ਨ ਉਨ੍ਹਾਂ ਦੇ ਆਪਣੇ ਏਜੰਡੇ ਨੂੰ ਅਗੇ ਵਧਾਉਣ ਲਈ ਪੇਸ਼ ਕੀਤੀ ਗਈ ਹੈ।" ਭਾਰਤੀ ਪ੍ਰਧਾਨ ਮੰਤਰੀ ਦੁਨੀਆ ਵਿਚ ਸਭ ਤੋਂ ਵਧ ਸਤਿਕਾਰਤ ਸਿੱਖ ਹਨ ਅਤੇ ਭਾਰਤ ਸਰਕਾਰ ਇਸ ਮੁੱਦੇ ਨੂੰ ਮੁਖ਼ਾਤਬ ਹੋ ਰਹੀ ਹੈ। ਪਰ ਇਹ ਸ਼ਖਸ ਕੈਨੇਡਾ ਨੂੰ ਵਰਤ ਕੇ ਭਾਰਤ ਨੂੰ ਵੰਡਣਾ ਚਾਹੁੰਦੇ ਹਨ।

## ਸੰਘਰਸ਼ ਜਾਰੀ ਰੱਖਾਂਗੇ-ਅਟਾਰਨੀ ਪੰਨੂ

**ਨਿਊ ਯਾਰਕ:** ਕੌਮਾਂਤਰੀ ਮਨੁੱਖੀ ਅਧਿਕਾਰਾਂ ਬਾਰੇ ਸੰਸਥਾ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਇਸ ਮਾਮਲੇ ਵਿਚ ਅਜੇ ਤੱਕ ਕਿਸੇ ਨੂੰ ਸਜ਼ਾ ਨਹੀਂ ਮਿਲ ਸਕੀ ਤੇ ਅਸੀਂ ਇਸ ਮੁੱਦੇ 'ਤੇ ਚੁੱਪ ਨਹੀਂ ਰਹਿ ਸਕਦੇ। ਉਨ੍ਹਾਂ ਕਿਹਾ ਕਿ ਕੈਨੇਡਾ ਤੇ ਹੋਰ ਪੱਛਮੀ ਦੇਸ਼ ਉਸ ਕਤਲੇਆਮ ਦੇ ਸ਼ਿਕਾਰ ਬਣੇ ਸਿੱਖਾਂ ਪ੍ਰਤੀ ਆਪਣੀ ਕਾਨੂੰਨੀ ਤੇ ਨੈਤਿਕ ਜਵਾਬਦੇਹੀ ਰੱਖਦੇ ਹਨ। ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ, ਜੋ ਕਿ ਖੁਦ ਇਕ ਸਿੱਖ ਹਨ, ਦੀ ਅਗਵਾਈ ਵਾਲੀ ਸਰਕਾਰ ਨੂੰ ਚਾਹੀਦਾ ਹੈ ਕਿ ਸਿੱਖ ਭਾਈਚਾਰੇ ਵਿਚ ਇਸ ਸਬੰਧੀ ਪਾਏ ਜਾ ਰਹੇ ਅਥਾਹ ਰੋਸ ਨੂੰ ਸ਼ਾਂਤ ਕਰਨ ਲਈ ਨਿਆਂ ਕਰੇ।

ਕੌਮਾਂਤਰੀ ਤੇ ਕੈਨੇਡਾ ਦਾ ਕਾਨੂੰਨ ਨਸਲਕੁਸ਼ੀ ਦੇ ਮਾਮਲੇ 'ਤੇ ਬਹੁਤ ਸਪਸ਼ਟ ਹੈ ਤੇ ਜਿਹੜੇ ਇਸ ਨੂੰ ਨਸਲਕੁਸ਼ੀ ਨਹੀਂ ਕਹਿਣਾ ਚਾਹੁੰਦੇ ਉਹ ਇਸ ਦੀ ਪਰਿਭਾਸ਼ਾ ਤੇ ਨਵੰਬਰ 84 ਵਿਚ ਜੋ ਕੁਝ ਹੋਇਆ ਉਸ ਵਿਚਲੇ ਅੰਤਰ ਨੂੰ ਦਸ ਨਹੀਂ ਸਕੇ ਹਨ।

ਸ੍ਰੀ ਪੰਨੂ ਨੇ ਹੋਰ ਕਿਹਾ ਕਿ ਜੇਕਰ ਕੈਨੇਡਾ ਸਰਕਾਰ ਨੇ ਉਨ੍ਹਾਂ ਦੀ ਇਸ ਬੇਨਤੀ ਨੂੰ ਅਸਵੀਕਾਰ ਕਰ ਦਿੱਤਾ ਜਾਂ ਸਰਕਾਰ ਦਾ ਹੁੰਗਾਰਾ ਹਾਂ ਪੱਖੀ ਨਾ ਹੋਇਆ ਤਾਂ ਕੈਨੇਡਾ ਦੇ ਸਿੱਖ ਸੰਸਦ ਵਿਚ ਇਕ ਮਤਾ ਪੇਸ਼ ਕਰਨ ਦਾ ਯਤਨ ਕਰਨਗੇ ਤਾਂ ਜੋ ਨਵੰਬਰ 84 ਦੇ ਸਿੱਖ ਕਤਲੇਆਮ ਨੂੰ ਨਸਲਕੁਸ਼ੀ ਵਜੋਂ ਮਾਨਤਾ ਦਿੱਤੀ ਜਾ ਸਕੇ।

ਸ੍ਰੀ ਪਨੂੰ ਅਨੁਸਾਰ ਸਿੱਖ ਭਾਈਚਾਰਾ ਭਾਰਤ ਨੂੰ ਆਪਣੀ ਮਾਤਭੂਮੀ ਮੰਨਦਾ ਹੈ ਤੇ ਕਾਮਨਾ ਕਰਦਾ ਹੈ ਕਿ ਭਾਰਤ ਆਰਥਿਕ ਤੌਰ 'ਤੇ ਵਧੇ ਫੂਲੇ। ਅਸਾਂ ਸਿਰਫ ਇਹੀ ਚਾਹੁੰਦੇ ਹਾਂ ਕਿ ਭਾਰਤ ਆਪਣੀ ਜ਼ਿੰਮੇਵਾਰੀ ਸਮਝੇ ਤੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦੇਣ ਲਈ ਕਾਰਵਾਈ ਕਰੇ। ਸ੍ਰੀ ਪੰਨੂ ਨੇ ਕਿਹਾ ਕਿ ਅਸਾਂ ਭਾਰਤ ਦੀ ਵਿਸ਼ਵ ਪੱਧਰ ਤੇ ਮਾਨ ਤੇ ਸ਼ਾਨ ਨੂੰ ਬਰਕਰਾਰ ਰਖਾਂਗੇ ਤੇ ਹੋਰ ਵਧਾਵਾਂਗੇ ਜਿਸ ਨਾਲ ਭਾਰਤੀ ਲੋਕਾਂ ਦਾ ਮਾਣ ਵਧੇਗਾ।

## ਸਿੱਖਾਂ ਨੂੰ ਸਿੱਖ ਹੋਣ ਕਰ ਕੇ ਕਤਲ ਕੀਤਾ-ਬੌਬ ਰੇਅ

**ਓਟਾਵਾ :** ਕੈਨੇਡਾ ਦੀ ਸੰਸਦ ਵਿਚ 1984 'ਚ ਹੋਈ ਸਿੱਖਾਂ ਦੀ ਨਸਲਕੁਸ਼ੀ ਸਬੰਧੀ ਪਾਈ ਪਟੀਸ਼ਨ ਦੇ ਹੱਕ ਵਿਚ ਲਿਬਰਲ ਪਾਰਟੀ ਦੇ ਸੀਨੀਅਰ ਆਗੂਆਂ ਦੇ ਆਉਣ ਨਾਲ ਹੋਰ ਬਲ ਮਿਲਿਆ ਹੈ।

ਪਟੀਸ਼ਨ ਦਾਖ਼ਲ ਕੀਤੇ ਜਾਣ ਮੌਕੇ ਕੈਨੇਡੀਅਨ ਸਿੱਖਾਂ ਵਲੋਂ ਕੀਤੇ ਗਏ ਵਿਸ਼ਾਲ ਇਕੱਠ ਨੂੰ ਸੁੱਖ ਧਾਲੀਵਾਲ, ਐਂਡਰੀਊ ਕੇਨੀਆ ਅਤੇ ਬੌਬ ਰੇਅ ਤੋਂ ਇਲਾਵਾ ਹੋਰ ਕਈ ਆਗੂਆਂ ਨੇ ਸੰਬੋਧਨ ਕੀਤਾ। ਲਿਬਰਲ ਪਾਰਟੀ ਦੇ ਸੀਨੀਅਰ ਆਗੂ ਬੌਬ ਰੇਅ ਵਲੋਂ ਇਸ ਇਕੱਠ ਵਿਚ ਸ਼ਮੂਲੀਅਤ ਕਰਨੀ ਕਾਫੀ



ਬੌਬ ਰੇਅ

ਅਹਿਮ ਮੰਨੀ ਜਾ ਰਹੀ ਹੈ। ਸਿੱਖਾਂ ਨਾਲ ਨੇੜਤਾ ਰੱਖਣ ਵਾਲੇ ਲਿਬਰਲ ਆਗੂ ਬੌਬ ਰੇਅ ਦੇ ਲਫ਼ਜ਼ ਕਿ ਸਿੱਖਾਂ ਨੂੰ ਸਿਰਫ ਸਿੱਖ ਹੋਣ ਕਰ ਕੇ ਹੀ ਮਾਰਿਆ ਗਿਆ, ਬੜੇ ਅਹਿਮ ਹਨ। ਅਜਿਹਾ ਬਿਆਨ ਪਹਿਲੀ ਵਾਰ ਕਿਸੇ ਕੈਨੇਡੀਅਨ ਰਾਜਨੀਤਕ ਨੇ ਸਿੱਖ ਕੌਮ ਦੇ ਕਤਲੇਆਮ ਦੇ ਸਬੰਧ ਵਿਚ ਦਿਤਾ ਹੈ। ਭਾਰਤੀ ਮੰਤਰੀ ਕਮਲ ਨਾਥ ਦੀ ਕੈਨੇਡਾ ਫੇਰੀ ਦੌਰਾਨ ਭਾਵੇਂ ਬੌਬ ਰੇਅ ਨੇ ਪਹਿਲਾਂ ਸਿਆਸੀ ਬਿਆਨ ਦੇ ਦਿਤਾ ਸੀ ਪਰ ਕਮਲ ਨਾਥ ਦੀ ਅਸਲੀਅਤ ਜਾਣਨ ਤੋਂ ਬਾਅਦ ਰੇਅ ਨੇ ਪਾਰਲੀਮੈਂਟ ਵਿਚ ਬਿਆਨ ਦਿਤਾ ਸੀ ਕਿ ਕੈਨੇਡਾ ਸਰਕਾਰ ਨੂੰ ਮੌਕੇ ਦਾ ਫਾਇਦਾ ਲੈਂਦਿਆਂ ਵਿਵਾਦਗ੍ਰਸਤ ਮੰਤਰੀ ਕਮਲ ਨਾਥ ਬਾਰੇ ਹੁਣ ਜਾਂਚ ਕਰਨੀ ਚਾਹੀਦੀ ਹੈ। ਕਮਲ ਨਾਥ ਬਾਰੇ ਪਾਰਲੀਮੈਂਟ ਵਿਚ ਬੋਲਣ ਵਾਲਾ ਬੌਬ ਰੇਅ ਇਕ ਵਾਹਿਦ ਲਿਬਰਲ ਮੈਂਬਰ ਸੀ। ਨੇੜ ਭਵਿੱਖ ਵਿਚ ਬੌਬ ਰੇਅ ਵਰਗੇ ਘਾਗ ਸਿਆਸਤਦਾਨ ਦੀ ਸਿੱਖ ਪੱਖੀ ਸੋਚ, ਕੈਨੇਡਾ ਵਿਚ ਸਿੱਖਾਂ ਦੀ ਸਾਖ ਨੂੰ ਮਜ਼ਬੂਤ ਕਰ ਸਕਦੀ ਹੈ।

## ਹੁਣ ਪਿਆਰ ਲਈ ਲੜ ਰਹੀ ਹੈ ਰੁਖਸਾਨਾ

**ਜੰਮੂ:** ਰਾਜੋਰੀ ਦੀ ਰੁਖਸਾਨਾ ਕੌਸਰ ਨੇ ਬੀਤੇ ਸਾਲ ਸਤੰਬਰ ਮਹੀਨੇ 'ਚ ਆਪਣੇ-ਮਾਂ-ਪਿਓ ਨੂੰ ਬਚਾਉਣ ਲਈ ਅੱਤਵਾਦੀਆਂ ਦਾ ਮੁਕਾਬਲਾ ਕੀਤਾ ਸੀ ਪਰ ਇਨ੍ਹੀਂ ਦਿਨੀਂ ਉਹ ਆਪਣੇ ਪਿਆਰ ਲਈ ਮਾਂ ਪਿਉ ਨਾਲ ਲੜ ਰਹੀ ਹੈ। ਜ਼ਿਕਰਯੋਗ ਹੈ ਕਿ 26 ਸਾਲਾ ਰੁਖਸਾਨਾ ਕੌਸਰ ਦੇ ਆਪਣੇ ਹੀ ਪੀ.ਐਸ.ਓ. (ਪਰਸਨਲ ਸਿਕਿਉਰਿਟੀ ਅਫਸਰ) ਨਾਲ ਪ੍ਰੇਮ ਸਬੰਧ ਬਣ ਗਏ ਸਨ ਜਿਸ ਕਾਰਣ ਉਸ ਨੇ ਆਪਣੇ ਮਾਂ-ਪਿਉ ਦੀ ਮਰਜ਼ੀ ਤੋਂ ਬਿਨਾਂ ਬੀਤੀ 25 ਮਈ ਨੂੰ ਆਪਣੇ ਪ੍ਰੇਮੀ ਕਬੀਰ ਹੁਸੈਨ ਨਾਲ ਵਿਆਹ ਕਰ ਲਿਆ ਸੀ।



ਰੁਖਸਾਨਾ ਨੇ ਕਿਹਾ ਕਿ ਉਸ ਦੇ ਮਾਪੇ ਉਸਦਾ ਵਿਆਹ ਉਸਦੇ ਨੇੜਲੇ ਰਿਸ਼ਤੇਦਾਰ ਨਾਲ ਹੀ ਕਰਨਾ ਚਾਹੁੰਦੇ ਸਨ, ਜਿਨ੍ਹਾਂ ਦੀ ਨਜ਼ਰ ਮੇਰੇ 'ਤੇ ਉਦੋਂ ਪਈ ਜਦੋਂ ਮੈਨੂੰ ਐਵਾਰਡ ਮਿਲੇ ਅਤੇ ਮੈਂ ਅਖ਼ਬਾਰਾਂ ਦੀਆਂ ਸੁਰਖੀਆਂ ਵਿਚ ਆਈ। ਬੀਤੇ ਸਾਲ ਘਰ 'ਚ ਵੜੇ ਲਸ਼ਕਰ ਦੇ ਕਮਾਂਡਰ ਨੂੰ ਮਾਰਨ ਤੋਂ ਬਾਅਦ ਅੱਤਵਾਦੀਆਂ ਨੇ ਕਈ ਵਾਰ ਰੁਖਸਾਨਾ ਦੇ ਘਰ ਨੂੰ ਨਿਸ਼ਾਨਾ ਬਣਾ ਕੇ ਉਸ 'ਤੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਪੁਲਸ ਨੇ ਰੁਖਸਾਨਾ ਅਤੇ ਉਸਦੇ ਰਿਸ਼ਤੇਦਾਰਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਹੋਈ ਹੈ। ਰੁਖਸਾਨਾ ਦੀ ਸੁਰੱਖਿਆ 'ਚ ਕਬੀਰ ਹੁਸੈਨ ਤਾਇਨਾਤ ਸੀ ਜਿਸ ਨਾਲ ਉਸ ਦੇ ਪ੍ਰੇਮ ਸੰਬੰਧ ਸ਼ੁਰੂ ਹੋ ਗਏ। ਰੁਖਸਾਨਾ ਨੇ ਵਿਸ਼ੇਸ਼ ਗੱਲਬਾਤ ਵਿਚ ਕਿਹਾ ਕਿ ਉਹ ਉਸ ਨਾਲ ਪਿਆਰ ਕਰਦੀ ਹੈ ਅਤੇ ਉਸ ਦੇ ਬਿਨਾਂ ਨਹੀਂ ਰਹਿ ਸਕਦੀ।

ਰੁਖਸਾਨਾ ਦਾ ਵਿਚਾਰ ਹੈ ਕਿ ਜਿਸ ਆਦਮੀ ਨਾਲ ਤੁਸੀਂ ਪ੍ਰੇਮ ਕਰਦੇ ਹੋ ਉਸ ਨਾਲ ਵਿਆਹ ਕਰਨਾ ਅਪਰਾਧ ਹੈ? ਰੁਖਸਾਨਾ ਨੇ ਕਿਹਾ ਕਿ ਕਬੀਰ ਹੁਸੈਨ ਨਾਲ ਪ੍ਰੇਮ ਸੰਬੰਧਾਂ ਦਾ ਪਤਾ ਲੱਗਣ 'ਤੇ ਉਸ ਦੇ ਰਿਸ਼ਤੇਦਾਰਾਂ ਨੇ ਉਸ ਨੂੰ 2 ਦਿਨ ਤਕ ਕਮਰੇ ਵਿਚ ਬੰਦ ਰੱਖਿਆ ਅਤੇ ਕੁੱਟਿਆ। ਜਦੋਂ ਉਹ ਡਿਊਟੀ ਤੋਂ 2 ਦਿਨ ਗੈਰ-ਹਾਜ਼ਰ ਰਹੀ ਤਾਂ ਪੁਲਸ ਨੂੰ ਸਾਰੀ ਕਹਾਣੀ ਦਾ ਪਤਾ ਲੱਗਾ ਜਿਸ ਨੇ ਉਸਨੂੰ ਮੁਕਤ ਕਰਵਾਇਆ।

# Five Rivers Entertainment of Indianapolis

*Proudly Presents*




## On Friday, June 25, 2010 at 7:30 pm

**At Madame Walker Theatre Center**

**617 Indiana Avenue, Indianapolis, IN 46202 • (317-236-2099)**

{I-65 to downtown Indianapolis to Dr. Martin Luther King, Jr. Street (AKA West Street) exit #114; take exit to Indiana Avenue (4th stop light); make a right turn at corner of Indiana Avenue in front of building; parking area immediately adjacent to the building.}

**Tickets: VIP ($100), $75, $50 & $35**

**Tickets Available at Desi Bazar and Patel Brothers Grocery Stores**

*Varinder S Sahi:* 317-430-3434
*Sandeep S Laddi:* 317-828-1112
*Manjit S Nagra:* 317-750-1900
*Darshan S Darar:* 317-557-4278
*Amarjit S Jimmy:* 317-538-5385

# ਪਾਕਿਸਤਾਨ ਸਰਕਾਰ ਹਿੰਦੂ ਭਰਾਵਾਂ ਦੀ ਹਿਫਾਜ਼ਤ ਕਰੇ

**ਇਸਲਾਮਾਬਾਦ :** ਪਾਕਿਸਤਾਨ ਹਿੰਦੂ ਕੌਂਸਲ ਨੇ ਪਾਕਿ ਸਰਕਾਰ ਤੋਂ ਮੰਗ ਕੀਤੀ ਹੈ ਕਿ ਦੇਸ਼ ਵਿਚ ਹਿੰਦੂ ਲੋਕਾਂ ਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ ਦੀ ਹਿਫਾਜ਼ਤ ਕੀਤੀ ਜਾਵੇ।ਹਿੰਦੂ ਕੌਂਸਲ ਨੇ ਸਿੰਧ ਤੇ ਬਲੋਚਿਸਤਾਨ ਪ੍ਰਾਂਤ ਦੀਆਂ ਸਰਕਾਰਾਂ ਨੂੰ ਅਰਜ਼ ਕੀਤੀ ਹੈ ਕਿ ਸਿੰਧ ਪ੍ਰਾਂਤ ਦੇ ਮਿੱਥੀ ਕਸਬੇ ਵਿਚ ਹਿੰਦੂਆਂ ਖਿਲਾਫ ਹੋਏ ਵਿਰੋਧ ਪ੍ਰਦਰਸ਼ਨ ਤੇ ਇਕ ਆਸ਼ਰਮ ਨੂੰ ਪਹੁੰਚਾਏ ਗਏ ਨੁਕਸਾਨ ਦੇ ਸਬੰਧ ਵਿਚ ਕਾਰਵਾਈ ਕੀਤੀ ਜਾਵੇ ਤੇ ਹਿੰਦੂਆਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।

ਕਰਾਚੀ ਦੇ ਪ੍ਰੈਸ ਕਲੱਬ ਵਿਚ ਬੀਤੀ 10 ਜੂਨ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਾਕਿ ਹਿੰਦੂ ਕੌਂਸਲ ਦੇ ਪੈਟਰਨ ਰਮੇਸ਼ ਕੁਮਾਰ ਅਤੇ ਪ੍ਰਧਾਨ ਰਾਜਾ ਅਸਰਮਲ ਮਿਗਲਾਨੀ ਨੇ ਕਿਹਾ ਕਿ ਕੁਝ ਦਿਨ ਪਹਿਲਾਂ 'ਫੋਟੋ ਬਜੀਰ' ਨਾਂਅ ਦਾ ਵਿਅਕਤੀ ਸਿੰਧ ਪ੍ਰਾਂਤ ਦੇ ਥਾਰਪਰਕਰ ਜ਼ਿਲ੍ਹੇ ਦੇ ਇਸਲਾਮਕੋਟ ਸ਼ਹਿਰ ਵਿਚ ਸਥਿਤ ਸੰਤ ਨੇਨੂਰਾਮ ਆਸ਼ਰਮ ਵਿਚ ਦਾਖਲ ਹੋਇਆ ਤੇ ਉਥੇ ਤੋੜ-ਭੰਨ ਕੀਤੀ। ਇਸ ਕਾਰਵਾਈ ਦੇ ਵਿਰੋਧ ਵਿਚ ਹਿੰਦੂ ਸੰਗਠਨਾਂ ਨੇ ਦੋ ਦਿਨ ਹੜਤਾਲ ਵੀ ਕੀਤੀ।

ਜ਼ਿਕਰਯੋਗ ਹੈ ਕਿ ਪਾਕਿਸਤਾਨ ਦੇ ਹਿੰਦੂ ਸੰਗਠਨਾਂ ਲਈ ਸੰਤ ਨੇਨੂਰਾਮ ਆਸ਼ਰਮ ਦੀ ਵਿਸ਼ੇਸ਼ ਮਹੱਤਤਾ ਹੈ। ਇਸ ਆਸ਼ਰਮ ਵਿਚ ਹਰ ਰੋਜ਼ ਸੈਂਕੜੇ ਸ਼ਰਧਾਲੂਆਂ ਲਈ ਲੰਗਰ ਤਿਆਰ ਕੀਤਾ ਜਾਂਦਾ ਹੈ ਤੇ ਕਈ ਮੁਸਲਿਮ ਪਰਿਵਾਰ ਵੀ ਇਸ ਆਸ਼ਰਮ ਵਿਚ ਆਉਂਦੇ ਹਨ। ਥਾਰਪਰਕਰ ਜ਼ਿਲ੍ਹੇ ਦੀ ਆਬਾਦੀ 6 ਲੱਖ ਦੇ ਕਰੀਬ ਹੈ ਤੇ ਇਸ ਵਿਚੋਂ 55 ਫੀਸਦੀ ਲੋਕ ਹਿੰਦੂ ਹਨ। ਪਿਛਲੇ ਕਈ ਵਰ੍ਹਿਆਂ ਤੋਂ ਇਸ ਜ਼ਿਲ੍ਹੇ ਵਿਚ ਹਿੰਦੂ ਤੇ ਮੁਸਲਿਮ ਮਿਲ ਜੁਲ ਕੇ ਰਹਿ ਰਹੇ ਹਨ ਪਰ ਹਾਲ ਹੀ ਵਿਚ ਹੋਈ ਘਟਨਾ ਨੇ ਹਿੰਦੂਆਂ ਨੂੰ ਬੇਚੈਨ ਕਰ ਦਿੱਤਾ ਹੈ। ਪਾਕਿ ਹਿੰਦੂ ਕੌਂਸਲ ਦੇ ਆਗੂਆਂ ਨੇ ਕਿਹਾ ਕਿ ਘਟਨਾ ਮਗਰੋਂ ਕੁਝ ਲੋਕਾਂ ਨੇ ਫੋਟ ਬਜੀਰ ਨੂੰ ਕਾਬੂ ਕਰ ਲਿਆ ਤੇ ਪੁਲੀਸ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਦੋਸ਼ ਲਗਾਇਆ ਕਿ ਪੁਲੀਸ ਨੇ ਫੋਟੋ ਬਜੀਰ ਨੂੰ ਅਦਾਲਤ ਵਿਚ ਪੇਸ਼ ਕੀਤਾ ਪਰ ਉਸ ਦਾ ਰਿਮਾਂਡ ਨਹੀਂ ਲਿਆ ਤੇ ਨਾ ਹੀ ਇਸ ਘਟਨਾ ਦੇ ਹੋਰ ਮੁਲਜ਼ਮਾਂ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਗੂ ਫੋਟ ਬਜੀਰ ਦਾ ਸਮਰਥਨ ਕਰ ਰਹੇ ਹਨ।

ਇਨ੍ਹਾਂ ਆਗੂਆਂ ਨੇ ਸਿੰਧ ਪ੍ਰਾਂਤ ਦੇ ਗਵਰਨਰ ਤੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਹੈ ਕਿ ਇਸ ਸਾਜ਼ਿਸ਼ ਦੇ ਮੁਲਜ਼ਮਾਂ ਵਿਰੁਧ ਕਾਰਵਾਈ ਕੀਤੀ ਜਾਵੇ।

# ਪਾਕਿਸਤਾਨੀ ਮੰਤਰੀ ਨੇ ਦਾਰੂ ਪੀ ਕੇ ਕੀਤੀ ਹੁੱਲੜਬਾਜ਼ੀ

**ਕੋਇਟਾ :** ਪਾਕਿਸਤਾਨ ਦੇ ਦੱਖਣ ਪਛਮੀ ਬਲੋਚਿਸਤਾਨ ਸੂਬੇ ਦੇ ਇਕ ਮੰਤਰੀ ਨੂੰ ਥੀਏਟਰ ਵਿਚ ਸ਼ਰਾਬ ਪੀ ਕੇ ਹੁੱਲੜਬਾਜ਼ੀ ਕਰਨੀ ਮਹਿੰਗੀ ਪਈ। ਇਸ ਮੰਤਰੀ ਨੂੰ ਸਜ਼ਾ ਦੇ ਤੌਰ 'ਤੇ ਬਰਖ਼ਾਸਤ ਕਰ ਦਿਤਾ ਗਿਆ ਹੈ। ਬਲੋਚਿਸਤਾਨ ਦੇ ਮੁੱਖ ਮੰਤਰੀ ਦੇ ਬੁਲਾਰੇ ਮੁਨੀਰ ਜਾਨ ਨੇ ਦਸਿਆ ਕਿ ਮੁੱਖ ਮੰਤਰੀ ਨੇ ਦੇਸ਼ ਦੀਆਂ ਘੱਟ ਗਿਣਤੀਆਂ ਵਿਚੋਂ ਮੰਤਰੀ ਜੈਫ਼ਰ ਜਾਰਜ ਨੂੰ ਬਰਖ਼ਾਸਤ ਕਰ ਦਿਤਾ ਹੈ। ਉਸ ਨੂੰ ਲਾਹੌਰ ਵਿਖੇ ਇਕ ਥੀਏਟਰ ਵਿਚ ਸ਼ਰਾਬ ਪੀ ਕੇ ਹੁੱਲੜਬਾਜ਼ੀ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਬੁਲਾਰੇ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਮੰਤਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਸ ਤੋਂ ਬਾਅਦ ਉਸ ਦੀ ਜ਼ਮਾਨਤ ਵੀ ਹੋ ਗਈ।

ਇਹ ਘਟਨਾ ਦੋ ਦਿਨ ਪਹਿਲਾਂ ਦੀ ਹੈ। ਨਿੱਜੀ ਚੈਨਲਾਂ ਨੇ ਕਈ ਵਾਰ ਅਜਿਹੇ ਫੁਟੇਜ ਦਿਖਾਏ ਜਿਨ੍ਹਾਂ ਵਿਚ ਜਾਰਜ ਨੂੰ ਗ੍ਰਿਫ਼ਤਾਰੀ ਤੋਂ ਬਾਅਦ ਲਾਹੌਰ ਪੁਲਿਸ ਥਾਣੇ ਵਿਚ ਪੁਲਿਸ ਅਧਿਕਾਰੀਆਂ ਨਾਲ ਝਗੜਾ ਕਰਦਿਆਂ ਦਿਖਾਇਆ ਗਿਆ ਹੈ। ਖ਼ਬਰਾਂ ਅਨੁਸਾਰ ਜਾਰਜ ਵਿਰੁਧ ਲਾਹੌਰ ਪੁਲਿਸ ਥਾਣੇ ਵਿਚ ਸ਼ਿਕਾਇਤ ਦਰਜ ਹੋਈ ਸੀ। ਬਾਅਦ ਵਿਚ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿਤਾ ਗਿਆ। ਮੁੱਖ ਮੰਤਰੀ ਨਵਾਬ ਮੁਹੰਮਦ ਅਸਲਮ ਰਾਏਸਾਨੀ ਨੇ ਜਾਰਜ ਨੂੰ ਅਹੁਦੇ ਤੋਂ ਹਟਾ ਦਿਤਾ।

## ਪ੍ਰਭਾਕਰਨ ਦੀ ਮਾਂ ਨੂੰ ਇਲਾਜ ਲਈ ਚੇਨਈ ਆਉਣ ਦੀ ਇਜਾਜ਼ਤ ਮਿਲੀ

**ਚੇਨਈ :** ਕੇਂਦਰ ਸਰਕਾਰ ਨੇ ਤਾਮਿਲਨਾਡੂ ਦੀ ਸਰਕਾਰ ਨੂੰ ਕਿਹਾ ਹੈ ਕਿ ਸ੍ਰੀਲੰਕਾ 'ਚ ਫੌਜ ਨਾਲ ਸੰਘਰਸ਼ 'ਚ ਮਾਰੇ ਗਏ ਲਿੱਟੇ ਦੇ ਸਾਬਕਾ ਮੁਖੀ ਵੀ ਪ੍ਰਭਾਕਰਨ ਦੀ ਮਾਂ ਪਾਰਬਤੀ ਅਮਲ ਨੂੰ ਆਪਣੀ ਪੁੱਤਰੀ ਦੀ ਚੇਨਈ ਸਥਿਤ ਰਿਹਾਇਸ਼ 'ਤੇ ਰਹਿ ਕੇ ਇਲਾਜ ਕਰਾਉਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਕੇਂਦਰ ਸਰਕਾਰ ਨੇ ਬੀਤੀ 12 ਜੂਨ ਨੂੰ ਇਕ ਬਿਆਨ 'ਚ ਕਿਹਾ ਕਿ ਪਾਰਬਤੀ ਨੂੰ ਕਿਸੇ ਰਾਜਨੀਤਕ ਪਾਰਟੀ ਦੇ ਆਗੂ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਪ੍ਰੰਤੂ ਉਸ ਦੇ ਰਿਸ਼ਤੇਦਾਰ ਅਤੇ ਮਿੱਤਰ ਉਸ ਨਾਲ ਮਿਲਣ ਲਈ ਆ ਸਕਦੇ ਹਨ। ਜ਼ਿਕਰਯੋਗ ਹੈ ਕਿ ਰਾਜ ਸਰਕਾਰ ਨੇ ਬੀਤੀ 18 ਮਈ ਨੂੰ ਕੇਂਦਰ ਸਰਕਾਰ ਨੂੰ ਇਕ ਪੱਤਰ ਭੇਜ ਕੇ ਕਿਹਾ ਸੀ ਕਿ ਉਨ੍ਹਾਂ ਨੂੰ ਪਾਰਬਤੀ ਦੇ ਆਪਣੀ ਪੁੱਤਰੀ ਦੇ ਘਰ ਰਹਿਣ 'ਤੇ ਕੋਈ ਇਤਰਾਜ਼ ਨਹੀਂ, ਜਿਸ ਤੋਂ ਬਾਅਦ ਕੇਂਦਰ ਸਰਕਾਰ ਨੇ ਇਹ ਇਜਾਜ਼ਤ ਦਿੱਤੀ ਹੈ। ਸ੍ਰੀਲੰਕਾ 'ਚ ਸਥਿਤ ਭਾਰਤੀ ਹਾਈ ਕਮਿਸ਼ਨ ਨੂੰ ਵੀ ਕੇਂਦਰ ਦੇ ਇਸ ਫ਼ੈਸਲੇ ਬਾਰੇ ਜਾਣੂ ਕਰਵਾ ਦਿੱਤਾ ਗਿਆ ਹੈ। ਪਾਰਬਤੀ ਦੀ ਅਰਜ਼ੀ 'ਤੇ ਕੇਂਦਰ ਨੇ ਬੀਤੀ 7 ਮਈ ਨੂੰ ਭੇਜੇ ਸੁਨੇਹੇ 'ਚ ਕਿਹਾ ਸੀ ਕਿ ਉਸ ਨੂੰ ਮਨੁੱਖੀ ਆਧਾਰ 'ਤੇ ਇਲਾਜ ਲਈ ਤਾਮਿਲਨਾਡੂ ਆਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਪ੍ਰੰਤੂ ਉਸ ਨੂੰ ਸਿਰਫ਼ ਹਸਪਤਾਲ 'ਚ ਹੀ ਰਹਿਣਾ ਪਵੇਗਾ ਅਤੇ ਉਹ ਸਿਰਫ਼ ਚੋਣਵੇਂ ਰਿਸ਼ਤੇਦਾਰਾਂ ਨੂੰ ਹੀ ਮਿਲ ਸਕੇਗੀ। ਹਾਲਾਂਕਿ ਬਾਅਦ 'ਚ ਹੋਰ ਰਿਆਇਤ ਦੇ ਕੇ ਪਾਰਬਤੀ ਨੂੰ ਉਸ ਦੀ ਪੁੱਤਰੀ ਦੇ ਘਰ ਰਹਿਣ ਦੀ ਇਜਾਜ਼ਤ ਦੇ ਦਿੱਤੀ ਹੈ।

## ਸੱਤ ਸਾਲਾ ਬੱਚੇ ਨੂੰ ਜਾਸੂਸੀ ਦੇ ਦੋਸ਼ 'ਚ ਫਾਂਸੀ ਦਿੱਤੀ

**ਕਾਬੁਲ :** ਅਫਗਾਨਿਸਤਾਨ ਵਿਚ ਤਾਲਿਬਾਨੀ ਅੱਤਵਾਦੀਆਂ ਨੇ ਬੀਤੀ 10 ਜੂਨ ਨੂੰ ਸਰਕਾਰ ਦੀ ਜਾਸੂਸੀ ਕਰਨ ਦੇ ਇਲਜ਼ਾਮ ਵਿਚ ਇਕ ਸੱਤ ਸਾਲ ਦੇ ਬੱਚੇ ਨੂੰ ਫਾਂਸੀ ਦੇ ਦਿੱਤੀ ਹੈ। ਇਸ ਦੌਰਾਨ ਸੂਬਾਈ ਗਵਰਨਰ ਦੇ ਬੁਲਾਰੇ ਵਾਇਦ ਅਹਿਮਦੀ ਦੇ ਹਵਾਲੇ ਨਾਲ ਦੱਸਿਆ ਕਿ ਅੱਤਵਾਦੀਆਂ ਨੇ ਦੱਖਣੀ ਸੂਬਾ ਹਾਲਮੰਦ ਦੇ ਸੰਗੇਨ ਜ਼ਿਲ੍ਹੇ ਤੋਂ ਬੱਚੇ ਨੂੰ ਚੁੱਕਿਆ ਸੀ। ਅਹਿਮਦੀ ਨੇ ਪੁਲਸ ਨੂੰ ਬੱਚੇ ਦੇ ਰਿਸ਼ਤੇਦਾਰਾਂ ਵਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ਅਨੁਸਾਰ ਦੱਸਿਆ ਕਿ ਅਫਗਾਨ ਸਰਕਾਰ ਲਈ ਜਾਸੂਸੀ ਕਰਨ ਦੇ ਦੋਸ਼ ਵਿਚ ਜ਼ਿਲ੍ਹੇ ਦੇ ਹਰਅਤਿਆਨ ਪਿੰਡ ਵਿਚ ਬੱਚੇ ਨੂੰ ਮਾਰ ਦਿੱਤਾ। ਉਨ੍ਹਾਂ ਦੱਸਿਆ ਕਿ ਜ਼ਿਆਦਾਤਰ ਜ਼ਿਲ੍ਹੇ ਵਿਚ ਤਾਲਿਬਾਨਾਂ ਦਾ ਕਬਜ਼ਾ ਹੈ ਅਤੇ ਕਹਿਣ ਨੂੰ ਹੀ ਅਫਗਾਨ ਤੇ ਵਿਦੇਸ਼ੀ ਜਵਾਨ ਉਥੇ ਤਾਇਨਾਤ ਹਨ।

## ਬ੍ਰਿਸਬੇਨ 'ਚ ਪੰਜਾਬੀ ਟੈਕਸੀ ਚਾਲਕਾਂ 'ਤੇ ਛਾਪੇ

**ਮੈਲਬਰਨ :** ਬ੍ਰਿਸਬੇਨ ਸ਼ਹਿਰ ਵਿਚ ਕੁਈਨਜ਼ਲੈਂਡ ਪੁਲੀਸ ਵਲੋਂ ਬੀਤੀ 10 ਜੂਨ ਦੀ ਰਾਤ ਨੂੰ ਅਚਾਨਕ ਟੈਕਸੀ ਡਰਾਈਵਰਾਂ ਦੀ ਜਾਂਚ ਲਈ ਮੁਹਿੰਮ ਵਿੱਢੀ ਗਈ। ਇਸ ਦੌਰਾਨ 20 ਭਾਰਤੀ ਟੈਕਸੀ ਚਾਲਕਾਂ ਨੂੰ ਇਮੀਗ੍ਰੇਸ਼ਨ ਕਾਨੂੰਨ ਤੋੜਨ ਦੇ ਮਸ਼ਕੂਕ ਪਾਇਆ ਗਿਆ ਹੈ।ਇਨ੍ਹਾਂ 'ਚੋਂ ਬਹੁਤੇ ਪੰਜਾਬੀ ਹਨ।

ਇਨ੍ਹਾਂ ਵਿਚੋਂ ਬਹੁਤੇ ਵਿਦਿਆਰਥੀ ਵੀਜ਼ੇ ਉਤੇ ਆਸਟਰੇਲੀਆ 'ਚ ਹਨ ਤੇ ਪੜ੍ਹਾਈ ਲਈ ਜਾਰੀ ਵੀਜ਼ੇ ਨਾਲ ਵਿਦਿਆਰਥੀ ਸਿਰਫ 20 ਘੰਟੇ ਹਫਤਾ ਕੰਮ ਕਰ ਸਕਦਾ ਹੈ। ਇਸ ਤੋਂ ਵਧ ਕੰਮ ਕਰਨ ਦੇ ਜੁਰਮ 'ਚ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਤੇ ਦੇਸ਼ ਵਾਪਸੀ ਵੀ ਕੀਤੀ ਜਾ ਸਕਦੀ ਹੈ। ਹੁਣ 18 ਵਿਦਿਆਰਥੀ ਇਸ ਛਾਪੇ 'ਚ ਉਪਰੋਕਤ ਕਾਨੂੰਨ ਨੂੰ ਤੋੜਨ ਕਾਰਨ ਇਮੀਗ੍ਰੇਸ਼ਨ ਮੰਤਰਾਲੇ ਦੀ ਜਾਂਚ ਦੇ ਘੇਰੇ 'ਚ ਆ ਗਏ ਹਨ। ਇਕ ਭਾਰਤੀ ਵਿਦਿਆਰਥੀ ਵੀਜ਼ੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਮੰਤਰਾਲੇ ਦੀ ਨਜ਼ਰ 'ਚ ਆਇਆ ਹੈ। ਭਾਰਤੀ ਵਿਦਿਆਰਥੀਆਂ ਵਲੋਂ ਦੋ ਦਿਨ ਪਹਿਲਾਂ ਬ੍ਰਿਸਬੇਨ ਦੇ ਏਅਰ ਪੋਰਟ 'ਚ ਆਸਟਰੇਲੀਆਈ ਫੈਡਰਲ ਪੁਲੀਸ ਦੀ 'ਧੱਕੇਸ਼ਾਹੀ' ਵਿਰੁਧ ਵੱਡੀ ਗਿਣਤੀ 'ਚ ਧਰਨੇ ਮਾਰਨ ਮਗਰੋਂ ਕੁਝ ਸਮਾਂ ਬਾਅਦ ਹੀ ਇਹ ਕਾਰਵਾਈ ਸਾਹਮਣੇ ਆਈ ਹੈ।

ਉਧਰ ਟਰਾਂਸਪੋਰਟ ਮਹਿਕਮੇ ਦੇ ਬੁਲਾਰੇ ਨੇ ਪੁਲੀਸ ਦੇ ਸਹਿਯੋਗ ਨਾਲ ਕੀਤੀ ਇਸ ਕਾਰਵਾਈ ਦੇ 'ਬਦਲਾਖੋਰੀ' ਹੋਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਪਿਛਲੇ ਨੌਂ ਮਹੀਨਿਆਂ 'ਚ ਅਜਿਹੀਆਂ 100 ਦੇ ਕਰੀਬ ਛਾਪੇਮਾਰੀਆਂ ਤਹਿਤ ਟੈਕਸੀ ਇੰਡਸਟਰੀ ਨੂੰ ਸੁਚਾਰੂ ਬਣਾਉਣ ਦਾ ਹੀ ਯਤਨ ਕੀਤਾ ਗਿਆ ਹੈ।

## 5500 ਸਾਲ ਪੁਰਾਣੀ ਜੁੱਤੀ

**ਲੰਡਨ :** ਸਿੰਧੂ ਘਾਟੀ ਦੀ ਸਭਿਅਤਾ ਵੇਲੇ ਦੀ ਜੁੱਤੀ ਆਰਮੀਨੀਆ ਦੀ ਇਕ ਗੁਫਾ ਵਿਚੋਂ ਮਿਲੀ ਹੈ। ਚਮੜੇ ਦੀ ਇਹ ਜੁੱਤੀ ਦੁਨੀਆ ਦੀ ਸਭ ਤੋਂ ਪੁਰਾਣੀ ਹੈ ਤੇ 5500 ਸਾਲ ਪੁਰਾਣੀ ਮੰਨੀ ਜਾ ਰਹੀ ਹੈ। ਪੁਰਾਤੱਤਵ ਵਿਗਿਆਨੀਆਂ ਦੀ ਇਕ ਟੀਮ ਜਿਸ ਨੂੰ ਇਹ ਜੁੱਤੀ ਲੱਭੀ ਹੈ, ਨੇ ਕਿਹਾ ਹੈ ਕਿ ਉਸ ਨੂੰ ਇਕ ਹੀ ਜੁੱਤੀ ਲੱਭੀ ਹੈ ਤੇ ਇਹ ਕਾਫੀ ਚੰਗੀ ਹਾਲਤ ਵਿਚ ਹੈ। ਜੁੱਤੀ ਵਿਚੋਂ ਘਾਹ ਮਿਲਿਆ ਹੈ। ਹਾਲੇ ਤਕ ਇਹ ਸਾਫ ਨਹੀਂ ਹੋ ਸਕਿਆ ਕਿ ਜੁੱਤੀ ਵਿਚ ਘਾਹ ਪੈਰ ਨੂੰ ਨਿੱਘਾ ਰੱਖਣ ਲਈ ਰੱਖਿਆ ਗਿਆ ਸੀ ਜਾਂ ਜੁੱਤੀ ਦਾ ਆਕਾਰ ਠੀਕ-ਠਾਕ ਰੱਖਣ ਲਈ। ਵਿਗਿਆਨੀ ਇਹ ਵੀ ਪਤਾ ਲਾਉਣ ਵਿਚ ਜੁਟ ਗਏ ਹਨ ਕਿ ਇਹ ਜੁੱਤੀ ਜਨਾਨਾ ਹੈ ਜਾਂ ਮਰਦਾਨਾ। ਜਦੋਂ ਇਹ ਜੁੱਤੀ ਲੱਭੀ ਤਾਂ ਪਹਿਲਾਂ ਮੰਨਿਆ ਗਿਆ ਸੀ ਕਿ ਇਹ 500-600 ਸਾਲ ਪੁਰਾਣੀ ਹੈ, ਜਦੋਂ ਇਸ 'ਤੇ ਡੂੰਘੀ ਖੋਜ ਕੀਤੀ ਗਈ ਤਾਂ ਪਤਾ ਲੱਗਿਆ ਕਿ ਇਹ 5500 ਸਾਲ ਪੁਰਾਣੀ ਹੈ।

## ਭਾਰਤੀ ਡਰਾਈਵਰ 'ਤੇ ਹਮਲਾ ਸੰਗੀਨ ਦੋਸ਼

**ਮੈਲਬਰਨ :** ਆਸਟਰੇਲੀਆ ਦੀ ਇਕ ਅਦਾਲਤ ਨੇ ਬੀਤੀ 11 ਜੂਨ ਨੂੰ ਇਕ ਭਾਰਤੀ ਟੈਕਸੀ ਡਰਾਈਵਰ ਉਤੇ ਹਮਲਾ ਕਰਨ ਦੇ ਮੁਲਜ਼ਮ ਆਸਟਰੇਲੀਅਨ ਫੁੱਟਬਾਲਰ ਮਾਈਕਲ ਹਰਲੀ ਦੀ ਉਸ ਨੂੰ ਦੋਸ਼ੀ ਨਾ ਕਰਾਰ ਦੇਣ ਦੀ ਅਪੀਲ ਖਾਰਜ ਕਰ ਦਿੱਤੀ ਹੈ। ਹਰਲੀ ਨੇ ਕਿਹਾ ਕਿ ਉਹ ਭਾਈਚਾਰਕ ਸੇਵਾ (ਕਮਿਊਨਿਟੀ ਸਰਵਿਸ) ਨਿਭਾਉਣ ਲਈ ਤਿਆਰ ਹੈ ਤੇ ਉਸ ਨੂੰ ਮੁਜਰਮ ਨਾ ਕਰਾਰ ਦਿੱਤਾ ਜਾਵੇ। ਪਰ ਅਦਾਲਤ ਨੇ ਕਿਹਾ ਕਿ ਉਸ 'ਤੇ ਲੱਗੇ ਦੋਸ਼ 'ਬਹੁਤ ਸੰਗੀਨ' ਹਨ। ਗੌਰਤਲਬ ਹੈ ਕਿ ਪੱਛਮੀ ਮੁਲਕਾਂ ਵਿਚ ਪਹਿਲੀ ਵਾਰ ਛੋਟਾ-ਮੋਟਾ ਜੁਰਮ ਕਰਨ ਵਾਲਿਆਂ ਨੂੰ ਭਾਈਚਾਰਕ ਸੇਵਾ ਲਾ ਕੇ ਦੋਸ਼ ਮੁਕਤ ਕਰ ਦਿੱਤਾ ਜਾਂਦਾ ਹੈ। ਪਰ ਮੈਲਬਰਨ ਦੇ ਮੈਜਿਸਟਰੇਟ ਚਾਰਲੀ ਰੋਰਜਨਕਵਾਜ ਨੇ ਕਿਹਾ ਕਿ 20 ਸਾਲਾ ਹਰਲੀ ਉਤੇ ਲੱਗੇ ਦੋਸ਼ 'ਬਹੁਤ ਸੰਗੀਨ' ਹਨ ਤੇ ਉਨ੍ਹਾਂ ਨੂੰ ਭਾਈਚਾਰਕ ਸੇਵਾ ਪ੍ਰੋਗਰਾਮ ਲਈ ਨਹੀਂ ਵਿਚਾਰਿਆ ਜਾ ਸਕਦਾ। ਜ਼ਿਕਰਯੋਗ ਹੈ ਕਿ ਹਰਲੀ ਨੇ ਇਕ ਸਮਾਗਮ ਵਿਚ ਹਿੱਸਾ ਲੈ ਕੇ ਪਰਤਣ ਵੇਲੇ 13.8 ਡਾਲਰ ਭਾੜੇ ਸਬੰਧੀ ਝਗੜੇ ਕਾਰਨ ਭਾਰਤੀ ਟੈਕਸੀ ਡਰਾਈਵਰ ਦੀ ਭਾਰੀ ਕੁੱਟਮਾਰ ਕੀਤੀ ਸੀ। ਸਫਾਈ ਵਕੀਲ ਡੇਮੀਅਨ ਸ਼ੀਲਜ਼ ਨੇ ਅਦਾਲਤ ਵਿਚ ਦਲੀਲ ਦਿੱਤੀ, "ਅਸੀਂ ਇਹ ਨਹੀਂ ਕਹਿ ਰਹੇ ਕਿ (ਹਰਲੀ ਦਾ) ਇਹ ਵਿਹਾਰ ਠੀਕ ਸੀ...ਪਰ ਉਹ ਇਕ ਨੌਜਵਾਨ ਹੈ ਜੋ ਉਸ ਦਿਨ (ਪ੍ਰੋਗਰਾਮ ਦੌਰਾਨ) ਟੀ.ਵੀ. ਉਤੇ ਆਉਣ ਕਾਰਨ ਬਹੁਤ ਉਤੇਜਿਤ ਸੀ ਅਤੇ ਉਹ ਰਾਤੀਂ ਲੇਟ ਵੀ ਹੋ ਗਿਆ ਸੀ...।"

ਹਰਲੀ ਉਤੇ ਉਦੋਂ ਕੁੱਟਮਾਰ ਅਤੇ ਤਸ਼ੱਦਦ ਢਾਹੁਣ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ ਜਦੋਂ ਹਰਲੀ ਨੇ ਸ਼ਰਾਬ ਦੇ ਨਸ਼ੇ ਦੀ ਲੋਰ ਵਿਚ ਬੀਤੇ ਸਾਲ 25 ਸਤੰਬਰ ਨੂੰ ਗਰੈਂਡ ਫਾਈਨਲ ਫੂਟੀ ਸ਼ੋਅ ਪਿਛੋਂ ਭਾਰਤੀ ਟੈਕਸੀ ਡਰਾਈਵਰ ਦੀ ਭਾਰੀ ਕੁੱਟਮਾਰ ਕੀਤੀ ਸੀ।

## ਮਾਧੁਰੀ ਦੀ ਹਿਰਾਸਤ 'ਚ 14 ਦਿਨ ਦਾ ਵਾਧਾ

**ਨਵੀਂ ਦਿੱਲੀ :** ਇਕ ਸਥਾਨਕ ਅਦਾਲਤ ਨੇ ਪਾਕਿ ਖੁਫ਼ੀਆ ਏਜੰਸੀ ਨੂੰ ਗੁਪਤ ਸੂਚਨਾ ਮੁਹੱਈਆ ਕਰਵਾਉਣ ਦੇ ਦੋਸ਼ 'ਚ ਗ੍ਰਿਫ਼ਤਾਰ ਮਾਧੁਰੀ ਗੁਪਤਾ ਨੂੰ ਬੀਤੀ 12 ਜੂਨ ਨੂੰ 14 ਦਿਨ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ।

# ਬੇਨਜ਼ੀਰ 'ਤੇ ਡਾਕੂਮੈਂਟਰੀ ਬਣੀ, ਹਾਊਸ ਫੁੱਲ



**ਇਸਲਾਮਾਬਾਦ :** ਆਤਮਘਾਤੀ ਹਮਲੇ ਦਾ ਸ਼ਿਕਾਰ ਹੋਈ ਪਾਕਿਸਤਾਨ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ 'ਤੇ ਬਣੀ ਡਾਕੂਮੈਂਟਰੀ 'ਭੁੱਟੋ' ਨੂੰ ਦੇਖਣ ਲਈ ਪਾਕਿਸਤਾਨ 'ਚ ਦਰਸ਼ਕਾਂ ਦੀ ਭੀੜ ਇਕੱਠੀ ਹੋ ਰਹੀ ਹੈ। ਇਹ ਜਿਹੜੇ ਸਿਨੇਮਾ ਘਰਾਂ ਵਿਚ ਦਿਖਾਈ ਜਾ ਰਹੀ ਹੈ, ਉਥੇ ਹਾਊਸਫੁਲ ਦੇ ਬੋਰਡ ਲੱਗ ਗਏ ਹਨ ਜਦਕਿ ਕੁਝ ਲੋਕਾਂ ਨੂੰ ਇਹ ਪਸੰਦ ਨਹੀਂ ਆਈ ਤੇ ਉਨ੍ਹਾਂ ਨੇ ਇਸਨੂੰ ਸੱਤਾਧਾਰੀ ਪਾਕਿਸਤਾਨ ਪੀਪਲਜ਼ ਪਾਰਟੀ ਵਲੋਂ 'ਪਬਲਿਕ ਰਿਲੇਸ਼ਨ' ਦੀ ਕਸਰਤ ਕਰਾਰ ਦਿਤਾ ਹੈ। 'ਭੁੱਟੋ' ਇਸ ਸਾਲ ਸਨਡਾਂਸ ਫ਼ਿਲਮ ਮੇਲੇ ਵਿਚ ਦਿਖਾਈ ਗਈ ਸੀ ਅਤੇ ਸਮੀਖਿਅਕਾਂ ਨੇ ਵੀ ਕਾਫ਼ੀ ਪਸੰਦ ਕੀਤੀ ਸੀ। ਡ੍ਰਵੇਨ ਬੋਂਗਵੇਨ ਅਤੇ ਜੋਨੀ ਓ ਹਾਰਾ ਨੇ ਇਸ ਨੂੰ ਨਿਰਦੇਸ਼ਿਤ ਕੀਤਾ ਹੈ। ਭੁੱਟੋ ਦੀ 2007 ਵਿਚ ਇਕ ਆਤਮਘਾਤੀ ਹਮਲਾਵਰ ਨੇ ਹੱਤਿਆ ਕਰ ਦਿਤੀ ਸੀ। ਫ਼ਿਲਮ ਨਿਰਮਾਤਾ ਬੋਂਗਵੇਨ ਅਨੁਸਾਰ ਉਨ੍ਹਾਂ ਨੇ ਇਸ ਫ਼ਿਲਮ ਨੂੰ ਬਣਾਉਣ ਦੀ ਸ਼ੁਰੂਆਤ ਬੇਨਜ਼ੀਰ ਦੀ ਹੱਤਿਆ ਤੋਂ ਕੁਝ ਮਹੀਨੇ ਬਾਅਦ ਕੀਤੀ ਸੀ। ਇਸ ਲਈ ਉਨ੍ਹਾਂ ਨੇ ਦੁਬਈ ਵਿਚ ਭੁੱਟੋ ਦੇ ਤਿੰਨ ਬੱਚਿਆਂ ਅਤੇ ਪਤੀ ਆਸਿਫ਼ ਅਲੀ ਜ਼ਰਦਾਰੀ ਨਾਲ ਮੁਲਾਕਾਤ ਕੀਤੀ ਸੀ।

ਜ਼ਰਦਾਰੀ ਨੇ ਇਸ ਡਾਕੂਮੈਂਟਰੀ ਵਿਚ ਦੱਸਿਆ ਹੈ ਕਿ ਬੇਨਜ਼ੀਰ ਨੂੰ ਕਿਉਂ ਅਪਣਾ ਦੇਸ਼ ਅਤੇ ਪਰਿਵਾਰ ਛੱਡ ਕੇ ਵਿਦੇਸ਼ ਜਾਣਾ ਪਿਆ ਸੀ। ਫਿਰ ਉਹ ਕਿਸ ਪ੍ਰਕਾਰ ਦੇਸ਼ ਵਾਪਸ ਪਰਤੀ। ਡਾਕੂਮੈਂਟਰੀ ਭੁੱਟੋ ਦੀ ਪਾਕਿਸਤਾਨ ਵਾਪਸੀ ਦੇ ਨਾਲ ਸ਼ੁਰੂ ਹੁੰਦੀ ਹੈ। ਬੋਂਗਵੇਨ ਅਨੁਸਾਰ ਇਸ ਫ਼ਿਲਮ ਨੂੰ ਬਣਾਉਂਦੇ ਹੋਏ ਉਸ ਨੇ ਪਾਕਿਸਤਾਨ ਨੂੰ ਜਾਣਿਆ ਅਤੇ ਭੁੱਟੋ ਪਰਵਾਰ ਨੂੰ ਬਹੁਤ ਨਜ਼ਦੀਕ ਤੋਂ ਦੇਖਿਆ।ਉਸ ਨੇ ਕਿਹਾ ਕਿ ਮੈਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੋਈ ਕਿ ਇਸ ਪਰਵਾਰ ਦੀ ਕਹਾਣੀ ਕਿਸੇ ਯੂਨਾਨੀ ਤ੍ਰਾਸਦੀ ਦੀ ਤਰ੍ਹਾਂ ਹੈ ਜਿਥੇ ਹੱਤਿਆ ਹੈ, ਸਾਜ਼ਿਸ਼ ਹੈ, ਰਹੱਸ ਹੈ। ਉਸ ਨੇ ਕਿਹਾ ਮੈਨੂੰ ਹੁਣ ਪਤਾ ਲੱਗਾ ਹੈ ਕਿ ਭੁੱਟੋ ਪਰਵਾਰ ਦੇ ਮੈਂਬਰਾਂ ਨੂੰ 'ਪਾਕਿਸਤਾਨ ਦੇ ਕੈਨੇਡੀ' ਕਿਉਂ ਕਿਹਾ ਜਾਂਦਾ ਹੈ। 115 ਮਿੰਟ ਦੀ ਇਹ ਡਾਕੂਮੈਂਟਰੀ ਬੀਤੀ 11 ਜੂਨ ਸ਼ੁੱਕਰਵਾਰ ਨੂੰ ਲਾਹੌਰ, ਕਰਾਚੀ ਅਤੇ ਰਾਵਲਪਿੰਡੀ ਦੇ ਸਿਨੇਮਾ ਘਰਾਂ ਵਿਚ ਰਿਲੀਜ਼ ਹੋਈ। ਜਦੋਂ ਕਿ ਇਸ ਨੂੰ ਦੇਖਣ ਲਈ ਸਿਨੇਮਾ ਘਰਾਂ ਵਿਚ ਜਬਰਦਸਤ ਭੀੜ ਉਮੜੀ ਪਰ ਕਈ ਸਮੀਖਿਅਕਾਂ ਨੇ ਇਸ ਨੂੰ ਦੇਖ ਕੇ ਨਿਰਾਸ਼ਾ ਪ੍ਰਗਟਾਈ। ਉਨ੍ਹਾਂ ਕਿਹਾ ਕਿ 'ਭੁੱਟੋ' ਦੇਖ ਕੇ ਪਾਕਿਸਤਾਨ ਦੇ ਲੋਕਾਂ ਨੂੰ ਕੋਈ ਨਵੀਂ ਜਾਣਕਾਰੀ ਨਹੀਂ ਮਿਲਦੀ ਅਤੇ ਇਹ ਪੀਪਲ ਪਾਰਟੀ ਦਾ ਪ੍ਰਚਾਰ ਸਟੰਟ ਹੀ ਲਗਦਾ ਹੈ।

## ਕੈਨੇਡਾ 'ਚ ਰਹਿੰਦੇ ਭਾਰਤੀਆਂ ਨੂੰ ਪੁਰਸਕਾਰ

**ਟੋਰਾਂਟੋ :** ਕੈਨੇਡਾ ਨੇ ਓਟਾਂਰੀਓ ਪ੍ਰਾਂਤ ਦੇ ਮੰਤਰੀ ਹਰਿੰਦਰ ਤੱਖ਼ਰ ਸਮੇਤ 11 ਭਾਰਤੀ ਮੂਲ ਦੇ ਵਿਅਕਤੀਆਂ ਨੂੰ ਵਪਾਰ, ਸਿਖਿਆ ਅਤੇ ਮਨੁੱਖੀ ਸੇਵਾ ਦੇ ਖੇਤਰ ਵਿਚ ਉਨ੍ਹਾਂ ਵਲੋਂ ਪਾਏ ਗਏ ਬੇਸ਼ਕੀਮਤੀ ਯੋਗਦਾਨ ਲਈ ਇੰਡੋ ਕੈਨੇਡਾ ਚੈਂਬਰ ਆਫ਼ ਕਾਮਰਸ (ਆਈ ਸੀ ਸੀ ਸੀ) ਪੁਰਸਕਾਰ 2010 ਨਾਲ ਸਨਮਾਨਤ ਕੀਤਾ ਗਿਆ ਹੈ।

ਉਂਟਾਰੀਓ ਅਤੇ ਭਾਰਤ ਵਿਚਾਲੇ ਵਪਾਰ ਨੂੰ ਉਤਸ਼ਾਹਿਤ ਕਰਨ ਸਬੰਧੀ ਪਾਏ ਵਿਸ਼ੇਸ਼ ਯਗੋਦਾਨ ਲਈ ਤੱਖ਼ਰ ਨੂੰ ਆਈ ਸੀ ਸੀ ਸੀ ਪ੍ਰੈਜ਼ੀਡੈਂਟ ਐਵਾਰਡ ਨਾਲ ਨਿਵਾਜਿਆ ਗਿਆ। ਆਈ ਸੀ ਸੀ ਸੀ ਵਲੋਂ ਬੀਤੀ 13 ਜੂਨ ਨੂੰ ਆਯੋਜਿਤ ਇਕ ਸਮਾਗਮ ਦੌਰਾਨ ਤੱਖ਼ਰ ਨੂੰ ਇਹ ਪੁਰਸਕਾਰ ਦਿੱਤਾ ਗਿਆ। ਇਸ ਸਮਾਰੋਹ ਵਿਚ ਇਕ ਹਜ਼ਾਰ ਤੋਂ ਵਧ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਅਤੇ ਆਗੂਆਂ ਨੇ ਸ਼ਿਰਕਤ ਕੀਤੀ। ਨਟ ਕਿੰਗ ਦੇ ਨਾਂ ਨਾਲ ਮਸ਼ਹੂਰ ਕਾਰੋਬਾਰੀ ਅਤੇ ਸਮਾਜ ਸੇਵੀ ਵਜੀਦ ਚੱਢਾ ਨੂੰ ਸਿੱਖਿਆ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਸਨਮਾਨਤ ਕੀਤਾ ਗਿਆ, ਜਦਕਿ ਦੰਦਾਂ ਦੇ ਡਾਕਟਰ ਅਤੇ ਸਮਾਜ ਸੇਵਾ ਗਗਨ ਭੱਲਾ ਨੂੰ ਵੀ ਸਨਮਾਨਤ ਕੀਤਾ ਗਿਆ।

## ਘਰ ਦੇ ਗਾਰਡਨ 'ਚੋਂ 1.60 ਲੱਖ ਯੂਰੋ ਲੱਭੇ

ਬੁਰਦੋ ਸ਼ਹਿਰ ਦੇ ਕੋਲ ਇੱਕ ਆਦਮੀ ਨੇ ਜਨਵਰੀ ਦੇ ਮਹੀਨੇ ਨਵਾਂ ਘਰ ਖਰੀਦਿਆ ਸੀ। ਜਦੋਂ ਉਹ ਗਾਰਡਨ ਦੀ ਸਾਫ ਸਫਾਈ ਕਰ ਰਿਹਾ ਸੀ ਉਸ ਨੂੰ ਇਕ ਬੈਗ ਪਿਆ ਮਿਲਿਆ, ਜਿਹੜਾ 1.60 ਲੱਖ ਯੂਰੋ ਦੇ 50-100-500 ਨੋਟਾਂ ਦੇ ਬੰਡਲਾਂ ਨਾਲ ਭਰਿਆ ਹੋਇਆ ਸੀ। ਇਕ ਦਿਨ ਉਹ ਇਕ ਨੋਟ ਲੈ ਕੇ ਸਟੋਰ ਵਿਚ ਖਰੀਦੋ ਫਰੋਖਤ ਕਰਨ ਚਲਿਆ ਗਿਆ। ਜਦੋਂ ਉਸ ਨੇ ਕੈਸ਼ੀਅਰ ਨੂੰ ਪੇਮਿੰਟ ਕਰਨ ਲਈ ਵੱਡਾ ਨੋਟ ਦਿੱਤਾ ਤਾਂ ਨੋਟ ਦੱਬਿਆ ਰਹਿਣ ਕਰਕੇ ਸਲਾਭਾ ਤੇ ਕਾਲਾ ਹੋਇਆ ਸੀ। ਜਿਸ 'ਤੇ ਕੈਸ਼ੀਅਰ ਨੂੰ ਡੁਪਲੀਕੇਟ ਹੋਣ ਦਾ ਸ਼ੱਕ ਹੋ ਜਾਣ 'ਤੇ ਉਸਨੇ ਸਟੋਰ ਦੇ ਸਕਿਉਰਟੀ ਗਾਰਡ ਨੂੰ ਸੱਦ ਕੇ ਪੁਲਿਸ ਬੁਲਾ ਲਈ। ਜਦੋਂ ਪੁਲਿਸ ਨੇ ਆ ਕੇ ਉਸ ਆਦਮੀ ਤੋਂ ਨੋਟ ਵਾਰੇ ਪੁੱਛਗਿੱਛ ਕੀਤੀ ਤਾਂ ਉਸ ਨੇ ਇਨ੍ਹਾਂ ਪੈਸਿਆਂ ਦਾ ਸਾਰਾ ਵੇਰਵਾ ਦੇ ਦਿੱਤਾ।



ਫਿਰ ਪੁਲਿਸ ਨੇ ਡੂੰਘਾਈ ਨਾਲ ਜਾਂਚ ਕੀਤੀ ਤਾਂ ਖੁਲਾਸਾ ਹੋਇਆ ਕਿ ਚਾਰ ਸਾਲ ਪਹਿਲਾਂ ਇਸ ਘਰ ਵਿਚ ਪੈਸਿਆਂ ਦੇ ਲੈਣ-ਦੇਣ ਵਿਚ ਇਕ ਕਤਲ ਵੀ ਹੋਇਆ ਸੀ। ਹੁਣ ਪੁਲਿਸ ਨੇ ਆਰਜ਼ੀ ਤੌਰ 'ਤੇ ਪੈਸਿਆਂ ਨੂੰ ਜ਼ਬਤ ਕਰ ਕੇ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ।

## ਨਿਕਾਹ ਤੋਂ ਤੁਰੰਤ ਬਾਅਦ ਵੀ ਤਲਾਕ ਜਾਇਜ਼

**ਮੁਜ਼ੱਫਰਨਗਰ :** ਦਾਰੂਲ ਉਲੂਮ ਦੇਵਬੰਦ ਦੇ ਉਲੇਮਾਵਾਂ ਨੇ ਨਿਕਾਹ ਦੇ ਕੁਝ ਘੰਟੇ ਬਾਅਦ ਤਲਾਕ ਦੇ ਇਕ ਮਾਮਲੇ ਨੂੰ ਜਾਇਜ਼ ਠਹਿਰਾਉਂਦੇ ਹੋਏ ਕਿਹਾ ਹੈ ਕਿ ਇਸ ਤਰ੍ਹਾਂ ਦੇ ਤਲਾਕ ਸ਼ਰੀਅਤ ਅਨੁਸਾਰ ਸਹੀ ਹਨ। ਬੀਤੀ 10 ਜੂਨ ਨੂੰ ਦੇਵਬੰਦ ਦੇ ਫਤਵਾ ਵਿਭਾਗ ਦੇ ਉਪ ਮੁਖੀ ਮੁਫਤੀ ਅਹਿਸਾਨ ਕਾਸਮੀ ਨੇ ਕਿਹਾ ਕਿ ਨਿਕਾਹ ਤੋਂ ਤੁਰੰਤ ਬਾਅਦ ਪਤੀ ਵਲੋਂ ਤਲਾਕ ਦਿੱਤਾ ਜਾਣਾ ਸ਼ਰੀਅਤ ਅਨੁਸਾਰ ਜਾਇਜ਼ ਹੈ। ਅਜਿਹੇ ਹਾਲਾਤ 'ਚ ਲੜਕੀ ਨੂੰ ਇੱਦਤ 'ਚ ਬੈਠਣ ਦੀ ਲੋੜ ਨਹੀਂ ਹੋਵੇਗੀ।

ਆਲ ਇੰਡੀਆ ਪਰਸਨਲ ਲਾਅ ਬੋਰਡ ਦੇ ਮੈਂਬਰ ਮੌਲਾਨਾ ਮੁਹੰਮਦ ਇਸਲਾਮ ਨੇ ਕਿਹਾ ਕਿ ਜੇ ਨਿਕਾਹ ਤੋਂ ਬਾਅਦ ਲਾੜਾ-ਲਾੜੀ ਇਕੱਲੇ ਨਹੀਂ ਠਹਿਰੇ ਤਾਂ ਤਲਾਕਸ਼ੁਦਾ ਲੜਕੀ ਦੇ ਇੱਦਤ 'ਚ ਜਾਣ ਦੀ ਲੋੜ ਨਹੀਂ ਹੋਵੇਗੀ।

ਵਰਣਨਯੋਗ ਹੈ ਕਿ ਜ਼ਿਲ੍ਹੇ ਦੇ ਕਿਕੌੜਾ ਪਿੰਡ 'ਚ ਸ਼ਾਹਿਦ ਨਾਂ ਦੇ ਨੌਜਵਾਨ ਦੀ ਬਰਾਤ ਸ਼ਬਾਨਾ ਦੇ ਘਰ ਆਈ ਸੀ। ਨਿਕਾਹ ਪੜ੍ਹੇ ਜਾਣ ਤੋਂ ਬਾਅਦ ਪਤਾ ਲੱਗਾ ਕਿ ਸ਼ਾਹਿਦ ਇਸ ਤੋਂ ਪਹਿਲਾਂ 3 ਨਿਕਾਹ ਕਰ ਚੁੱਕਾ ਹੈ। ਇਸ 'ਤੇ ਸ਼ਬਾਨਾ ਨੇ ਉਸਨੂੰ ਆਪਣਾ ਪਤੀ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਪਿੰਡ ਵਾਲਿਆਂ ਨੇ ਲਾੜੇ ਸਮੇਤ ਬਰਾਤ ਨੂੰ ਬੰਧਕ ਬਣਾ ਲਿਆ। ਇਸ ਮਾਮਲੇ 'ਚ ਪੰਚਾਇਤ ਨੇ ਲਾੜੇ 'ਤੇ ਧੋਖਾ ਦੇਣ ਦੇ ਦੋਸ਼ 'ਚ 60 ਹਜ਼ਾਰ ਦੇ ਜੁਰਮਾਨੇ ਦਾ ਫੈਸਲਾ ਸੁਣਾਇਆ, ਜਿਸ 'ਤੇ ਲੜਕੇ ਨੇ ਨਿਕਾਹ ਤੋਂ 4 ਘੰਟੇ ਬਾਅਦ ਤਲਾਕ ਦੇ ਦਿੱਤਾ।

# ਸਿੱਖ ਫ਼ੌਜੀਆਂ ਦੀ ਬਗਾਵਤ ਅਤੇ ਹੁਣ ਤੱਕ ਰੁਲਦੇ ਮਸਲੇ

**ਬਲਜਿੰਦਰ ਕੋਟਭਾਰਾ**

"ਜਿਹੜੇ ਬਾਦਲ ਨੇ ਸਿੱਖ ਸੈਨਿਕਾਂ ਨੂੰ ਬਗਾਵਤ ਲਈ ਉਕਤਸਾਉਂਦਿਆ ਬੀ. ਬੀ. ਸੀ. ਲੰਡਨ ਤੋਂ ਇਹ ਬਿਆਨ ਦਿੱਤਾ ਕਿ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਹੋ ਗਿਆ ਹੈ ਅਤੇ ਸਾਰੀਆਂ ਰੈਜੀਮੈਂਟਾਂ ਦੇ ਸਿੱਖ ਫੌਜੀ ਬਗਾਵਤ ਕਰ ਦੇਣ, ਉਹ ਹੁਣ ਆਪਣੇ ਰਾਜ ਵਿਚ ਸਾਡੀ ਗੱਲ ਸੁਣਨ ਲਈ ਤਿਆਰ ਨਹੀਂ" ਧਰਮੀ ਫ਼ੌਜੀਆਂ ਦੀ ਸੰਸਥਾ ਦਾ ਇੱਕ ਆਗੂ ਔਖਾਂ ਭਰ ਆਉਂਦਾ ਹੈ।

ਜਿਨ੍ਹਾਂ ਸਿੱਖ ਸੈਨਿਕਾਂ ਨੇ ਸਾਕਾ ਨੀਲਾ ਤਾਰਾ ਦੀ ਕਾਰਵਾਈ ਦੇ ਰੋਸ ਵਜੋਂ ਬਗਾਵਤ ਕੀਤੀ, ਉਨ੍ਹਾਂ ਵਿਚੋਂ ਕਾਫੀ ਗੋਲੀਆਂ ਨਾਲ ਮਾਰ ਦਿੱਤੇ ਜਾਂ ਦੁਵੱਲੀ ਫਾਇਰਿੰਗ ਵਿਚ ਵੀ ਮਾਰੇ ਗਏ, ਕੁਝ ਨੂੰ ਖਤਮ ਕਰਕੇ ਅਲੋਪ ਕਰ ਦਿੱਤਾ, ਕੁਝ ਹੋਰ ਵਾਪਸ ਲਏ ਲੈ ਪਰ 26 ਸਾਲ ਬੀਤਣ ਮਗਰੋਂ ਵੀ ਉਨ੍ਹਾਂ ਦੀ ਸਹੀ ਗਿਣਤੀ ਸਾਹਮਣੇ ਨਹੀਂ ਆਈ ਅਤੇ ਨਾ ਹੀ ਇਨ੍ਹਾਂ ਦਾ ਹੁਣ ਤੱਕ ਕੋਈ ਢੁਕਵਾਂ ਹੱਲ ਕੱਢਿਆ ਗਿਆ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਇਸ ਸਬੰਧ ਵਿਚ ਸਰਕਾਰੀ ਅਤੇ ਗੈਰਸਰਕਾਰੀ ਅੰਕੜਿਆਂ ਵਿਚ ਭਾਰੀ ਫਰਕ ਹੈ, ਖੁਦ ਸਰਕਾਰੀ ਅੰਕੜੇ ਵੀ ਦੋ ਵਾਰ ਬਦਲੇ ਗਏ। "ਪੰਜਾਬ ਦਾ ਦੁਖਾਂਤ" ਕਿਤਾਬ ਅਨੁਸਾਰ ਫ਼ੌਜੀ ਕਾਰਵਾਈ ਪਿੱਛੋਂ ਭਾਰਤ ਦੇ ਵੱਖ ਵੱਖ ਭਾਗਾਂ ਤੋਂ 40 ਹਜ਼ਾਰ ਸਿੱਖ ਸਿਪਾਹੀਆਂ ਨੇ ਬਗਾਵਤ ਕੀਤੀ ਅਤੇ ਇਸ ਬਗਾਵਤ ਨੂੰ ਵੀ 12 ਜੂਨ ਤੱਕ ਦਬਾ ਦਿੱਤਾ ਗਿਆ। ਲੇਖਕ ਅਨੁਸਾਰ ਕੋਈ 15 ਸੌ ਜੁਆਨ ਰਾਮਗੜ੍ਹ ਤੇ ਸਿੱਖ ਰੈਜੀਮੈਂਟ ਤੋਂ ਦੌੜੇ ਅਤੇ ਦੌੜਨ ਤੋਂ ਪਹਿਲਾਂ ਉਨ੍ਹਾਂ ਆਰਮੀ 'ਤੇ ਧਾਵਾ ਬੋਲ ਕੇ ਇੱਕ ਕਮਾਂਡੈਂਟ ਅਤੇ ਬ੍ਰਿਗੇਡੀਅਰ ਐਸ. ਸੀ. ਪੁਰੀ ਨੂੰ ਮਾਰ ਦਿੱਤਾ। ਥਾਣੇ, ਜੰਮੂ, ਸਿਲੀਗੁੜੀ, ਸਿਲਚਰ ਤੇ ਅਲਵਰ 'ਚ ਵੀ ਸਿੱਖ ਸੈਨਿਕਾਂ ਨੇ ਬਗਾਵਤ ਕੀਤੀ। ਪੰਜਾਬ ਵੱਲ ਚੱਲਣ 'ਤੇ ਯੂ.ਪੀ. ਵਿਚ ਇੱਕ ਪੁੱਲ 'ਤੇ 20-30 ਮਾਰ ਦਿੱਤੇ, 126 ਆਤਮ ਸਮਰਪਣ ਕਰ ਗਏ।

ਰਾਜਸਥਾਨ-ਪੰਜਾਬ ਸਰਹੱਦ ਨੇੜੇ ਸਭ ਤੋਂ ਬਹੁਤੇ ਜੁਆਨ ਮਰੇ ਤੇ ਫੱਟੜ ਹੋਏ। ਇੱਥੇ ਗੋਰਖਾ ਰੈਜੀਮੈਂਟ ਨੇ ਗੰਗਾਨਗਰ ਤੋਂ ਭੱਜ ਕੇ ਆਏ 300 ਵਿਦਰੋਹੀਆਂ ਨੂੰ ਰੋਕਿਆ, ਇਸ ਝੜਪ ਵਿਚ 100 ਮੌਤਾਂ ਹੋਈਆਂ। ਪੂਨੇ, ਮਹਾਰਾਸ਼ਟਰ ਵਿਚ 150 ਸਿੱਖ ਸਿਪਾਹੀਆਂ ਨੇ ਬੱਸਾ ਤੇ ਫ਼ੌਜੀ ਟਰੱਕ ਕਾਬੂ ਕੀਤੇ ਤੇ ਉਤਰ ਵੱਲ ਚੱਲ ਪਏ।

ਦੂਜੇ ਪਾਸੇ ਡਾਇਰੈਕਟਰ ਸੈਨਿਕ ਭਲਾਈ ਚੰਡੀਗੜ੍ਹ ਦੇ ਪੱਤਰ ਨੰ. 13-3-97 ਰਭ-1410-ਮਿਤੀ 2 ਜੁਲਾਈ, 1999 ਮੁਤਾਬਕ ਕੇਵਲ 49 ਧਰਮੀ ਫੌਜੀ ਮਾਰੇ ਗਏ ਅਤੇ 22 ਲਾਪਤਾ ਹਨ। ਇੱਕ ਹੋਰ ਵੱਖਰੀ ਸਰਕਾਰੀ ਚਿੱਠੀ ਅਨੁਸਾਰ ਕੁਲ 433 ਸਿੱਖ ਸੈਨਿਕ ਬਾਗੀ ਸਨ, ਜਿਨ੍ਹਾਂ ਵਿਚੋਂ 365 ਨੂੰ ਡਿਸਮਿਸ ਕੀਤਾ, 49 ਮਾਰੇ ਗਏ, 19 ਗੁੰਮ ਹੋਏ। ਇੱਕ ਹੋਰ ਸਰਕਾਰੀ ਅੰਕੜੇ ਮੁਤਾਬਕ 437 ਬਾਗੀਆਂ ਨੂੰ ਡਿਸਮਿਸ ਕੀਤਾ, 277 ਨੂੰ ਸਿਵਲ ਜੇਲ੍ਹ ਭੇਜਿਆ ਅਤੇ 72 ਮਾਰੇ ਗਏ।

ਸਿੱਖ ਧਰਮੀ ਫ਼ੌਜੀ ਐਸੋਸੀਏਸ਼ਨ ਮੁਤਾਬਕ ਸਿੱਖ ਪਲਟਨਾਂ ਵਿਚ ਬਗਾਵਤ ਦਾ ਵੇਰਵਾ ਇਸ ਪ੍ਰਕਾਰ ਹੈ-ਸਿੱਖ ਰੈਜੀਮੈਂਟਾਂ ਵਿਚੋਂ 1600 ਸਿੱਖ ਸਿਪਾਹੀਆਂ ਵਲੋਂ ਵਿਦਰੋਹ-ਗੰਗਾਨਗਰ ਤੋਂ 6 ਸਿੱਖ ਰੈਜੀਮੈਂਟ 'ਚ 600, ਜੰਮੂ ਤੋਂ 18 ਸਿੱਖ ਰੈਜੀਮੈਂਟ 'ਚ 150, ਅਲਵਰ ਦੇ ਤੋਪਖਾਨੇ 'ਚ 50, ਨਾਗਾਲੈਂਡ ਤੋਂ 3 ਸਿੱਖ ਰੈਜੀਮੈਂਟ 'ਚ 100, ਕਲਕੱਤਾ ਅੱਜ ਕੱਲ ਕੋਲਕੱਤਾ ਦੀ 7 ਸਿੱਖ ਰੈਜੀਮੈਂਟ ਦੇ 7 ਸੈਨਿਕਾਂ ਨੇ ਬਗਾਵਤ ਦਾ ਝੰਡਾ ਫੜਿਆ। ਇਨ੍ਹਾਂ ਨੂੰ ਇੱਕ ਸਾਲ ਦੀ ਕੈਦ ਤੋਂ ਲੈ ਕੇ ਉਮਰ ਕੈਦ ਤੱਕ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਸੂਤਰਾਂ ਅਨੁਸਾਰ 309 ਸਿੱਖ ਸੈਨਿਕ ਬਾਗੀਆਂ ਦਾ ਕੋਰਟ ਮਾਰਸ਼ਲ ਹੋਇਆ, 900 ਸੌ ਵਾਪਸ ਮੁੱਖ ਧਾਰਾ ਵਿਚ ਚਲੇ ਗਏ, 71 ਮੌਕੇ 'ਤੇ ਮਾਰ ਦਿੱਤੇ ਗਏ। ਕੋਰਟ ਮਾਰਸ਼ਲ ਵਲੋਂ ਅੰਮ੍ਰਿਤਸਰ ਦੇ ਬਲਵਿੰਦਰ ਸਿੰਘ ਨੂੰ ਸਭ ਤੋਂ ਵੱਧ ਉਮਰ ਕੈਦ ਦੀ ਸਜ਼ਾ ਸੁਣਾਈ ਗਈ, 5 ਹੋਰਾਂ ਨੂੰ ਜਿਨ੍ਹਾਂ ਵਿਚ ਸਿੱਖ ਧਰਮੀ ਫ਼ੌਜੀ ਐਸੋਸੀਏਸ਼ਨ ਦਾ ਪ੍ਰਧਾਨ ਅਮਰੀਕ ਸਿੰਘ ਸ਼ਾਮਲ ਹਨ, ਨੂੰ 14-14 ਸਾਲਾਂ ਦੀਆਂ ਸਜ਼ਾਵਾਂ ਹੋਈਆਂ।

## ਨਾਟੋ ਦੇ ਕਾਫ਼ਲੇ 'ਤੇ ਹਮਲਾ, 7 ਦੀ ਮੌਤ

**ਇਸਲਾਮਾਬਾਦ :** ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਨੇੜੇ ਬੀਤੀ 9 ਜੂਨ ਬੁੱਧਵਾਰ ਨੂੰ ਬੰਦੂਕਧਾਰੀਆਂ ਨੇ ਉੱਤਰ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਟਰੱਕਾਂ 'ਤੇ ਹਮਲਾ ਕਰਕੇ 7 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਅਤੇ 50 ਤੋਂ ਵੱਧ ਟਰੱਕਾਂ ਅਤੇ ਟੈਂਕਰਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਸਲਾਮਾਬਾਦ ਦੇ ਪੁਲਿਸ ਮੁਖੀ ਕਲੀਮ ਇਮਾਮ ਨੇ ਕਿਹਾ ਕਿ ਮੋਟਰਸਾਈਕਲਾਂ 'ਤੇ ਸਵਾਰ 10-12 ਹਮਲਾਵਰਾਂ ਨੇ ਇਸਲਾਮਾਬਾਦ ਦੇ ਬਾਹਰੀ ਇਲਾਕੇ 'ਚ ਬੀਤੀ 9 ਜੂਨ ਦੀ ਦੇਰ ਰਾਤ ਲਗਭਗ 50 ਟਰੱਕਾਂ ਅਤੇ ਟੈਂਕਰਾਂ ਨੂੰ ਅੱਗ ਲਗਾ ਦਿੱਤੀ। ਉਨ੍ਹਾਂ ਦੱਸਿਆ ਕਿ ਪੁਲਿਸ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਨਾਟੋ ਦੇ ਕਿੰਨੇ ਟਰੱਕਾਂ ਨੂੰ ਅੱਗ ਲਗਾਈ ਗਈ ਹੈ। ਕਿਸੇ ਵੀ ਜਥੇਬੰਦੀ ਨੇ ਅਜੇ ਤੱਕ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ। ਪਾਕਿਸਤਾਨ ਦੇ ਅੰਦਰੂਨੀ ਮਾਮਲਿਆਂ ਦੇ ਮੰਤਰੀ ਰਹਿਮਾਨ ਮਲਿਕ ਨੇ ਇਸ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਧਰ ਤਾਲਿਬਾਨ ਦਾ ਗੜ੍ਹ ਮੰਨੇ ਜਾਣ ਵਾਲੇ ਦੱਖਣੀ ਅਫ਼ਗਾਨਿਸਤਾਨ ਦੇ ਕੰਧਾਰ ਸੂਬੇ 'ਚ ਇਕ ਵਿਆਹ ਦੌਰਾਨ ਬੀਤੀ 9 ਜੂਨ ਦੀ ਰਾਤ ਨੂੰ ਕੀਤੇ ਗਏ ਹਮਲੇ ਵਿਚ 40 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 74 ਤੋਂ ਵਧ ਜ਼ਖ਼ਮੀ ਹੋ ਗਏ।

## ਲਿੱਟੇ ਵਲੋਂ ਮੁੜ ਧਮਾਕਾ

ਚੇਨਈ : ਤਾਮਿਲਨਾਡੂ ਦੇ ਵੇਲੂਪੁਰਮ ਜ਼ਿਲ੍ਹੇ 'ਚ ਲਿੱਟੇ ਸਮਰਥਕਾਂ ਨੇ ਬੀਤੀ 11 ਜੂਨ ਨੂੰ ਤੜਕੇ 2.10 ਵਜੇ ਰੇਲ ਪਟੜੀ 'ਤੇ ਧਮਾਕਾ ਕਰ ਦਿੱਤਾ। ਇਸ ਹਾਦਸੇ 'ਚ ਤਿਰੂਚਿਰਾਪੱਲੀ-ਚੇਨਈ ਰਾਕਪੋਰਟ ਐਕਸਪ੍ਰੈਸ ਦੇ ਮੁਸਾਫ਼ਰ ਵਾਲ- ਵਾਲ ਬਚ ਗਏ। ਪੁਲਿਸ ਅਤੇ ਰੇਲਵੇ ਸੂਤਰਾਂ ਅਨੁਸਾਰ ਧਮਾਕੇ 'ਚ ਪਟੜੀ ਦਾ ਤਿੰਨ ਫੁੱਟ ਲੰਮਾ ਹਿੱਸਾ ਉਦੋਂ ਉਡ ਗਿਆ। ਇਸ ਤੋਂ ਬਾਅਦ ਸਟੇਸ਼ਨ ਮਾਸਟਰ ਨੇ ਗੱਡੀ ਦੇ ਡਰਾਈਵਰ ਨੂੰ ਖ਼ਤਰੇ ਬਾਰੇ ਸੂਚਨਾ ਦਿੱਤੀ ਅਤੇ ਡਰਾਈਵਰ ਨੇ ਐਮਰਜੈਂਸੀ ਬਰੇਕ ਲਗਾ ਕੇ ਗੱਡੀ ਨੂੰ ਧਮਾਕੇ ਵਾਲੀ ਥਾਂ ਤੋਂ 200 ਫੁੱਟ ਪਹਿਲਾਂ ਰੋਕ ਲਿਆ, ਜਿਸ ਨਾਲ ਵੱਡਾ ਹਾਦਸਾ ਹੋਣੋਂ ਟਲ ਗਿਆ।

## ਮੁਕੇਸ਼ ਅੰਬਾਨੀ ਟੈਲੀਕਾਮ ਖੇਤਰ ਵਿਚ ਦਾਖਲ



**ਨਵੀਂ ਦਿੱਲੀ :** ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟਰੀਜ਼ ਲਿਮਟਿਡ (ਆਰ.ਆਈ.ਐਲ.) ਨੇ ਬੀਤੀ 11 ਜੂਨ ਨੂੰ 4800 ਕਰੋੜ ਰੁਪਏ ਦੀ ਲਾਗਤ ਨਾਲ ਇੰਟਰਨੈਟ ਸੇਵਾ ਦੇਣ ਵਾਲੀ ਕੰਪਨੀ ਇਨਫੋਟੈਲ ਖਰੀਦਣ ਲਈ ਸਹਿਮਤੀ ਦੇ ਦਿੱਤੀ ਜਿਸ ਨਾਲ ਮਹਿੰਦਰ ਨਹਾਟਾ ਦੀ ਇਸ ਕੰਪਨੀ ਦੀ ਕੀਮਤ ਵਧ ਕੇ 5 ਹਜ਼ਾਰ ਕਰੋੜ ਹੋ ਜਾਵੇਗੀ। ਇਸ ਸੌਦੇ ਤਹਿਤ ਆਰ.ਆਈ.ਐਲ. ਵਲੋਂ 4800 ਕਰੋੜ ਰੁਪਏ ਦੇ ਨਿਵੇਸ਼ ਨਾਲ ਇਨਫੋਟੈਲ ਦੇ 95 ਫ਼ੀਸਦੀ ਹਿੱਸੇ ਖਰੀਦੇ ਜਾਣਗੇ। ਇਸ ਨਾਲ ਮੁਕੇਸ਼ ਅੰਬਾਨੀ ਟੈਲੀਕਾਮ ਖੇਤਰ ਵਿਚ ਦਾਖਲ ਹੋ ਗਿਆ ਹੈ।

ਇਹ ਫੈਸਲਾ ਇਨਫੋਟੈਲ ਦੇ ਸਾਰੇ ਦੇਸ਼ ਲਈ ਬਰਾਡਬੈਂਡ ਸਪੈਕਟਰਮ 12872 ਕਰੋੜ ਰੁਪਏ ਨਾਲ ਹਾਸਲ ਕੀਤੇ ਜਾਣ ਦੇ ਕੁਝ ਹੀ ਘੰਟਿਆਂ ਬਾਅਦ ਲਿਆ ਗਿਆ ਹੈ। ਇਸ ਫੈਸਲੇ ਨਾਲ ਮੁਕੇਸ਼ ਅੰਬਾਨੀ ਦੀ ਆਪਣੇ ਛੋਟੇ ਭਰਾ ਅਨਿਲ ਅੰਬਾਨੀ ਨਾਲ ਹੋਈ ਸੁਲ੍ਹਾ ਦੇ ਇਕ ਮਹੀਨੇ ਤੋਂ ਵੀ ਘੱਟ ਸਮੇਂ ਵਿਚ ਆਰ.ਆਈ.ਐਲ. ਦਾ ਟੈਲੀਕਾਮ ਖੇਤਰ ਵਿਚ ਦਾਖਲਾ ਹੋ ਗਿਆ ਹੈ। ਇਸ ਸੁਲ੍ਹਾ-ਸਫਾਈ ਤਹਿਤ ਦੋਵਾਂ ਭਰਾਵਾਂ ਨੇ ਉਹ ਨਾ-ਮੁਕਾਬਲਾ ਸਮਝੌਤੇ ਖਤਮ ਕਰ ਦਿੱਤੇ ਜਿਹੜੇ 2005 ਵਿਚ ਰਿਲਾਇੰਸ ਸਾਮਰਾਜ ਦੀ ਪਰਿਵਾਰਕ ਵੰਡ ਵੇਲੇ ਕੀਤੇ ਗਏ ਸਨ। ਹੁਣ ਦੋਵੇਂ ਭਰਾਵਾਂ ਦੀਆਂ ਕੰਪਨੀਆਂ ਇਨ੍ਹਾਂ ਖੇਤਰਾਂ ਵਿਚ ਵੀ ਦਾਖਲ ਹੋ ਕੇ ਨਿਵੇਸ਼ ਕਰ ਸਕਦੀਆਂ ਹਨ ਜਿਨ੍ਹਾਂ ਵਿਚ ਦਾਖਲੇ ਉਤੇ ਪਹਿਲਾਂ ਇਨ੍ਹਾਂ ਸਮਝੌਤਿਆਂ ਤਹਿਤ ਮਨਾਹੀ ਸੀ।

## ਬਾਲ ਵਿਆਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ

**ਨਵੀਂ ਦਿੱਲੀ :** ਬਾਲ ਵਿਆਹ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੰਦਿਆਂ ਦਿੱਲੀ ਹਾਈ ਕੋਰਟ ਨੇ ਬੀਤੀ 11 ਜੂਨ ਨੂੰ ਇਕ ਅਹਿਮ ਫ਼ੈਸਲਾ ਸੁਣਾਇਆ ਹੈ। ਇਸ ਫ਼ੈਸਲੇ 'ਚ ਦਿੱਲੀ ਹਾਈ ਕੋਰਟ ਨੇ ਨਾਬਾਲਗ ਲੜਕੀ ਨਾਲ ਵਿਆਹ ਕਰਨ ਵਾਲੇ ਇਕ 40 ਸਾਲਾ ਵਿਅਕਤੀ 'ਤੇ ਲੜਕੀ ਦੇ ਬਾਲਗ ਹੋਣ ਤੱਕ ਸਰੀਰਕ ਸਬੰਧ ਸਥਾਪਤ ਕਰਨ 'ਤੇ ਰੋਕ ਲਗਾ ਦਿੱਤੀ ਹੈ।

ਜਸਟਿਸ ਏ ਕੇ ਸਿਕਰੀ ਦੀ ਅਗਵਾਈ ਵਾਲੇ ਬੈਂਚ ਨੇ ਇਸ ਤਰ੍ਹਾਂ ਦੇ ਮਾਮਲਿਆਂ 'ਚ ਸੁਣਾਏ ਜਾਂਦੇ ਫ਼ੈਸਲਿਆਂ ਤੋਂ ਉਲਟ ਫ਼ੈਸਲਾ ਸੁਣਾਇਆ ਹੈ। ਜਸਟਿਸ ਸਿਕਰੀ ਨੇ ਕਿਹਾ ਕਿ 17 ਸਾਲਾ ਲੜਕੀ ਪਤੀ ਦੀ ਬਜਾਏ ਆਪਣੇ ਮਾਤਾ-ਪਿਤਾ ਨਾਲ ਰਹੇਗੀ, ਜਦਕਿ ਇਸ ਤੋਂ ਪਹਿਲਾਂ ਅਜਿਹੇ ਮਾਮਲਿਆਂ 'ਚ ਹਮੇਸ਼ਾ ਪਤੀ ਦੇ ਹੱਕ 'ਚ ਫ਼ੈਸਲਾ ਸੁਣਾਇਆ ਜਾਂਦਾ ਸੀ। ਫ਼ੈਸਲੇ ਬਾਰੇ ਵਿਸਥਾਰ 'ਚ ਦੱਸਦਿਆਂ ਬੈਂਚ ਨੇ ਕਿਹਾ ਕਿ ਅਸਲ 'ਚ ਬਾਲ ਵਿਆਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਇਸ ਨਾਲ ਲੜਕੀਆਂ ਦਾ ਵਿਕਾਸ ਪ੍ਰਭਾਵਿਤ ਹੁੰਦਾ ਹੈ। ਬੈਂਚ ਨੇ ਨਾਲ ਹੀ ਕਿਹਾ ਕਿ ਛੋਟੀ ਉਮਰ 'ਚ ਵਿਆਹ ਕਰਨ ਨਾਲ ਔਰਤਾਂ ਘਰੇਲੂ ਹਿੰਸਾ ਦੀ ਲਪੇਟ 'ਚ ਆ ਜਾਂਦੀਆਂ ਹਨ ਅਤੇ ਇਸ ਦਾ ਉਨ੍ਹਾਂ ਦੇ ਮਨ 'ਤੇ ਗੰਭੀਰ ਅਸਰ ਪੈਂਦਾ ਹੈ। ਅਦਾਲਤ ਨੇ ਇਕ ਗ਼ੈਰ ਸਰਕਾਰੀ ਜਥੇਬੰਦੀ ਵਲੋਂ ਪਾਈ ਅਰਜ਼ੀ ਦੀ ਸੁਣਵਾਈ ਕਰਦਿਆਂ ਇਹ ਫ਼ੈਸਲਾ ਸੁਣਾਇਆ ਹੈ।

ਜਥੇਬੰਦੀ ਨੇ ਆਪਣੀ ਅਰਜ਼ੀ 'ਚ ਦਲੀਲ ਦਿੰਦਿਆਂ ਮੰਗ ਕੀਤੀ ਸੀ ਕਿ 17 ਸਾਲਾ ਚਾਂਦਨੀ ਦਾ ਵਿਆਹ ਜ਼ਬਰਦਸਤੀ 40 ਸਾਲਾ ਯਸ਼ਪਾਲ ਨਾਲ ਕੀਤਾ ਗਿਆ ਹੈ ਅਤੇ ਜਦੋਂ ਤਕ ਚਾਂਦਨੀ ਬਾਲਗ ਨਹੀਂ ਹੁੰਦੀ, ਉਸ ਨੂੰ ਯਸ਼ਪਾਲ ਦੀ ਬਜਾਏ ਪਰਿਵਾਰ ਵਾਲਿਆਂ ਕੋਲ ਰੱਖਿਆ ਜਾਵੇ। ਸੁਣਵਾਈ ਦੌਰਾਨ ਬੈਂਚ ਨੇ ਭਾਵੇਂ ਅਜੇ ਨਵ ਵਿਆਹੁਤਾ ਜੋੜੇ ਨੂੰ ਸਰੀਰਕ ਸਬੰਧ ਬਣਾਉਣ ਤੋਂ ਰੋਕ ਦਿੱਤਾ, ਪਰ ਇਸ ਵਿਆਹ ਨੂੰ ਗ਼ੈਰ ਕਾਨੂੰਨੀ ਨਹੀਂ ਮੰਨਿਆ। ਅਦਾਲਤ ਨੇ ਕਿਹਾ ਕਿ ਨਾਬਾਲਗ ਵਿਆਹ ਸਬੰਧੀ ਇਕ ਅਰਜ਼ੀ ਉਚ ਅਦਾਲਤ 'ਚ ਸੁਣਵਾਈ ਅਧੀਨ ਹੈ ਅਤੇ ਜਦੋਂ ਤਕ ਇਸ ਅਰਜ਼ੀ ਦਾ ਨਿਪਟਾਰਾ ਨਹੀਂ ਹੁੰਦਾ, ਉਦੋਂ ਤੱਕ ਕੋਈ ਵੀ ਫ਼ੈਸਲਾ ਦੇਣਾ ਸਹੀ ਨਹੀਂ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ

ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ

National Truck Driving School

*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਦਾ ਵੀ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi

Office: (866) 933-3038

Balhar S. Ranu

Cell:916-502-7733

4585 Pell Dr. Secramento CA, 95838

# ਦਸਤਾਰ ਗੁਰੂ ਰਵਿਦਾਸ ਜੀ ਦੇ ਪੂਰਵਜਾਂ ਦਾ ਸਿਰਤਾਜ ਸੀ

## ਤੁਹਾਡੀ ਗੱਲ

ਕੋਈ ਸਮਾਂ ਸੀ ਜਦੋਂ ਮਨੂੰ ਦੇ ਬਣਾਏ ਕਾਨੂੰਨਾਂ ਅਨੁਸਾਰ ਸੂਦਰ ਲੋਕਾਂ ਨੂੰ ਅਧਿਕਾਰਾਂ ਤੋਂ ਵਾਂਝੇ ਰੱਖਿਆ ਗਿਆ ਸੀ ਜਿਨ੍ਹਾਂ ਵਿਚ ਪੜ੍ਹਾਈ ਦਾ ਅਧਿਕਾਰ, ਪਹਿਨਣ ਦਾ ਅਧਿਕਾਰ ਅਤੇ ਮਰਜ਼ੀ ਦਾ ਕੰਮ ਕਰਨ ਦਾ ਅਧਿਕਾਰ ਸ਼ਾਮਲ ਸੀ। ਸਰੀਰ 'ਤੇ ਕਿੰਨੇ ਕੱਪੜੇ ਪਹਿਨਣੇ ਹਨ ਉਹ ਹਿੰਦੂਆਂ ਵਲੋਂ ਦਿੱਤੇ ਅਧਿਕਾਰਾਂ ਮੁਤਾਬਕ ਹੀ ਪਹਿਨੇ ਜਾ ਸਕਦੇ ਸਨ। ਸੰਸਾਰ ਦੇ ਬਾਕੀ ਲੋਕਾਂ ਨੂੰ ਇਹ ਅਧਿਕਾਰ ਹਮੇਸ਼ਾ ਰਹੇ ਹਨ। ਜਿਥੇ ਦਸਤਾਰ ਜਾਂ ਪਗੜੀ ਸੰਸਾਰ ਦੇ ਪੁਰਾਣੇ ਕਬੀਲਿਆਂ ਦੀ ਸ਼ਾਨ ਦੀ ਨਿਸ਼ਾਨੀ ਰਹੀ ਹੈ ਉਥੇ ਸੂਦਰ ਨੂੰ ਪੱਗ ਤਾਂ ਕੀ ਪੂਰੇ ਕੱਪੜੇ ਪਹਿਨਣ ਦਾ ਅਧਿਕਾਰ ਵੀ ਨਹੀਂ ਸੀ। ਸੂਦਰ ਤਾਂ ਧੋਤੀ ਤੱਕ ਨਹੀਂ ਸੀ ਪਹਿਨ ਸਕਦਾ।

ਬਸਤਰ ਪਹਿਨਣਾ ਮਨੁੱਖ ਦਾ ਮੌਲਿਕ ਅਧਿਕਾਰ ਹੈ ਅਤੇ ਸ਼ਾਨ ਨਾਲ ਬਸਤਰ ਪਹਿਨਣਾ ਮਨੁੱਖ ਦੀ ਪੂਰਨ ਆਜ਼ਾਦੀ ਦਾ ਸੰਕੇਤ ਹੈ। ਅੱਜ ਦੇ ਵਿਗਿਆਨਕ ਯੁਗ ਵਿਚ ਸਵਾਰਥੀ ਤੱਤਾਂ ਵਲੋਂ ਦਲਿਤਾਂ ਦੀ ਮਾਨਸਿਕਤਾ ਇਸ ਤਰ੍ਹਾਂ ਦੀ ਬਣਾਈ ਜਾ ਰਹੀ ਹੈ ਕਿ ਬਾਕੀ ਸੰਸਾਰ ਦੇ ਲੋਕ ਪਗੜੀ ਸਜਾ ਕੇ ਮਾਣ ਮਹਿਸੂਸ ਕਰ ਸਕਦੇ ਹਨ ਪਰ ਅਸਿਧੇ ਤੌਰ 'ਤੇ ਗੁਰੂ ਰਵਿਦਾਸ ਜੀ ਦਾ ਮੁੱਦਾ ਬਣਾ ਕੇ ਇਨ੍ਹਾਂ ਲੋਕਾਂ ਨੂੰ ਅਹਿਸਾਸ ਕਰਵਾਇਆ ਜਾ ਰਿਹਾ ਹੈ ਕਿ ਪੱਗ ਤੁਹਾਡੇ ਸਮਾਜ ਦਾ ਹਿੱਸਾ ਨਹੀਂ। ਅਜੇ ਵੀ ਤੁਹਾਨੂੰ ਪੂਰੇ ਕੱਪੜੇ ਪਹਿਨਣ ਦਾ ਅਧਿਕਾਰ ਨਹੀਂ ਯਾਨਿ ਤੁਸੀਂ ਕਦੇ ਮਾਣ ਵਾਲੀ ਜ਼ਿੰਦਗੀ ਨਹੀਂ ਜੀ ਸਕਦੇ। ਸਾਰੇ ਸੰਸਾਰ ਵਿਚ ਸਾਨੂੰ ਹੀ ਇਸ ਤਰ੍ਹਾਂ ਨਿਸ਼ਾਨਾ ਕਿਉਂ ਬਣਾਇਆ ਜਾ ਰਿਹਾ ਹੈ? ਕਿਉਂਕਿ ਹਿੰਦੂਵਾਦੀ ਸਮਾਜ ਨਹੀਂ ਚਾਹੁੰਦਾ ਕਿ ਭਾਰਤ ਵਰਸ਼ ਦੇ ਮੂਲ ਨਿਵਾਸੀ ਇਹ ਜਾਨਣ ਕਿ ਇਨ੍ਹਾਂ ਦੇ ਪੂਰਵਜ ਇਸ ਦੇਸ਼ ਦੇ ਰਾਜੇ-ਮਹਾਰਾਜੇ ਸਨ। ਤਾਜ ਅਤੇ ਪਗੜੀਆਂ ਉਨ੍ਹਾਂ ਦੇ ਪੁਰਖਿਆਂ ਦੀ ਸ਼ਾਨ ਰਹੇ ਹਨ। ਉਹ ਇਹ ਸ਼ਾਨ ਸਾਨੂੰ ਮੁੜ ਹਾਸਲ ਹੋਣ ਦੇ ਹਮੇਸ਼ਾ ਵਿਰੋਧੀ ਰਹੇ ਹਨ। ਦਲਿਤ ਸਮਾਜ ਦੀ ਮਾਨਸਿਕਤਾ ਵੀ ਕੁਝ ਇਸ ਤਰ੍ਹਾਂ ਦੀ ਬਣ ਗਈ ਹੈ ਕਿ ਉਹ ਕਦੇ ਆਪਣੇ ਪੁਰਖਿਆਂ ਦਾ ਇਤਿਹਾਸ ਜਾਨਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਜਦੋਂਕਿ ਯਹੂਦੀ, ਇਸਾਈ, ਮੁਸਲਮਾਨ, ਹਿੰਦੂ ਕਦੇ ਵੀ ਆਪਣੇ ਪੁਰਖਿਆਂ ਦਾ ਇਤਿਹਾਸ ਨਹੀਂ ਭੁਲਾਉਂਦੇ ਅਤੇ ਗਹਿਰਾਈ ਤੱਕ ਜਾਂਦੇ ਹਨ।

ਮੇਰੇ ਅਖੌਤੀ ਸੂਦਰ ਭਰਾਵਾਂ ਨੂੰ ਏਨਾ ਤਾਂ ਸਮਝਣਾ ਚਾਹੀਦਾ ਹੈ ਕਿ ਭਾਰਤ ਵਿਚ ਹਿੰਦੂਆਂ ਦੇ ਆਉਣ ਤੋਂ ਪਹਿਲਾਂ ਇਸ ਦੇਸ਼ ਵਿਚ ਕੌਣ ਲੋਕ ਵਸਦੇ ਸਨ। ਇਤਿਹਾਸ ਗਵਾਹ ਹੈ ਕਿ ਹਿੰਦੂ ਭਾਰਤ ਵਰਸ਼ ਦੇ ਮੂਲ ਨਿਵਾਸੀ ਨਹੀਂ ਹਨ। ਜਦੋਂ ਗਾਂਧੀ ਨੇ ਅੰਗਰੇਜ਼ਾਂ ਨੂੰ ਕਿਹਾ ਕਿ ਤੁਸੀਂ ਵਿਦੇਸ਼ੀ ਹੋ, ਹਿੰਦੋਸਤਾਨ ਵਿਚੋਂ ਨਿਕਲ ਜਾਓ ਤਾਂ ਅੰਗਰੇਜ਼ਾਂ ਦਾ ਜਵਾਬ ਸੀ, 'ਤੁਸੀਂ ਅਤੇ ਤੁਹਾਡੇ ਪੁਰਖੇ ਇਸ ਦੇਸ਼ ਦੇ ਮੂਲ ਨਿਵਾਸੀ ਨਹੀਂ ਹਨ। ਤੁਸੀਂ ਵੀ ਸਾਡੇ ਵਰਗੇ ਵਿਦੇਸ਼ੀ ਹੀ ਹੋ। ਤੁਹਾਡੇ ਪੁਰਖੇ ਵੀ ਇਸ ਮੁਲਕ ਨੂੰ ਲੁੱਟਣ ਲਈ ਆਏ ਸਨ, ਇਸ ਹਿਸਾਬ ਇਸ ਮੁਲਕ ਵਿਚੋਂ ਪਹਿਲਾਂ ਤੁਸੀਂ ਨਿਕਲੋਂ, ਅਸੀਂ ਤੁਹਾਡੇ ਤੋਂ ਬਾਅਦ ਵਿਚ ਆਏ ਹਾਂ, ਬਾਅਦ ਵਿਚ ਹੀ ਜਾਵਾਂਗੇ।' ਅੰਗਰੇਜ਼ਾਂ ਦਾ ਇਹ ਜਵਾਬ ਸੁਣ ਕੇ ਗਾਂਧੀ ਨੂੰ ਦੰਦ ਸ਼ਿਕਲ ਪੈ ਗਈ ਸੀ ਕਿ ਜੇ ਸੂਦਰਾਂ ਨੂੰ ਇਸ ਗੱਲ ਦਾ ਪਤਾ ਲੱਗ ਗਿਆ ਤਾਂ ਵਾਕਿਆ ਹੀ ਬੜੀ ਵੱਡੀ ਮੁਸੀਬਤ ਬਣ ਜਾਏਗੀ।

ਸਵਾਲ ਹੈ ਕਿ ਦਲਿਤ ਸਮਾਜ ਦੇ ਲੋਕ ਕਿੰਨਾ ਕੁ ਚਿਰ ਭੰਬਲਭੂਸੇ ਵਿਚ ਪਏ ਰਹਿਣਗੇ? ਇਸ ਜ਼ਿੰਦਗੀ ਵਿਚੋਂ ਨਿਕਲ ਕੇ ਅਣਖ ਨਾਲ ਜਿਊਣਾ ਸਿੱਖਣ ਦੀ ਲੋੜ ਹੈ। ਆਪਣੇ ਪੁਰਖਿਆਂ ਦਾ ਇਤਿਹਾਸ ਖੋਜੀਏ, ਆਪਣੇ ਪੁਰਖਿਆਂ ਦੇ ਸਿਰਾਂ ਦੇ ਤਾਜਾਂ, ਪਗੜੀਆਂ ਨੂੰ ਪੈਰਾਂ ਵਿਚ ਨਾ ਰੋਲੀਏ। ਮਾਣ ਨਾਲ ਆਪਣੇ ਸਿਰਾਂ 'ਤੇ ਧਰੀਏ। ਇਹ ਸਾਡਾ ਮਾਣ ਸਾਡੇ ਪਾਸੋਂ ਕੌਣ ਖੋਹਣ ਦੀ ਕੋਸ਼ਿਸ਼ ਕਰ ਰਿਹਾ ਹੈ? ਇਹ ਉਹੀ ਲੋਕ ਹਨ ਜੋ ਸਾਡੇ ਦਿਮਾਗ ਵਿਚ ਇਹ ਗੱਲ ਪਾ ਰਹੇ ਹਨ ਕਿ ਪਗੜੀ ਤੁਹਾਡੀ ਨਹੀਂ।

ਅੱਜ ਜਦੋਂ ਦੇਸ਼ ਦਾ ਸੂਦਰ ਸਮਝਿਆ ਜਾਂਦਾ ਦਲਿਤ ਵਰਗ ਆਪਣੇ ਪੁਰਖਿਆਂ ਦਾ ਇਤਿਹਾਸ ਜਾਣ ਚੁਕਾ ਹੈ ਅਤੇ ਆਪਣੇ ਖੋਹੇ ਹੋਏ ਅਧਿਕਾਰ ਲੈਣ ਪ੍ਰਤੀ ਚੇਤੰਨ ਹੋ ਰਿਹਾ ਹੈ ਤਾਂ ਜਦੋਂ ਉਹ ਸ਼ਾਸਕ ਬਣੇ ਤਾਂ ਪਗੜੀ ਉਨ੍ਹਾਂ ਦੇ ਸਿਰਾਂ ਦਾ ਤਾਜ ਹੋਏਗੀ ਜਿਸ ਤੋਂ ਸ਼ਾਵਨਵਾਦੀ ਹਿੰਦੂ ਤਾਕਤਾਂ ਨੇ ਦਲਿਤਾਂ ਨੂੰ ਹਮੇਸ਼ਾ ਦੂਰ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਮੇਰੀ ਦਲਿਤਾਂ ਨੂੰ ਵੰਗਾਰ ਹੈ ਕਿ ਹਿੰਦੂਆਂ ਦੇ ਭਾਰਤ ਆਉਣ ਤੋਂ ਪਹਿਲਾਂ ਦੇ ਇਤਿਹਾਸ ਨੂੰ ਖੋਜੋ। ਸਿੰਧੂ ਘਾਟੀ, ਮੋਹਿੰਜਾਦੜੋ ਅਤੇ ਹੜੱਪਾ ਦੀਆਂ ਸੱਭਿਆਤਾਵਾਂ ਬਾਰੇ ਜਾਣੋ, ਆਪਣੇ ਪੁਰਖਿਆਂ ਦਾ ਇਤਿਹਾਸ ਖੋਜੋ, ਉਨ੍ਹਾਂ ਪੁਰਾਣੇ ਸ਼ਿਲਾਲੇਖਾਂ ਨੂੰ ਖੋਜੋ, ਤੁਹਾਡਾ ਇਤਿਹਾਸ ਹਿੰਦੂਆਂ ਵਲੋਂ ਮਿਟਾਇਆ ਗਿਆ ਹੈ। ਆਪਣੇ ਇਤਿਹਾਸਕਾਰਾਂ ਵਲੋਂ ਲਿਖੀਆਂ ਪੁਸਤਕਾਂ ਪੜ੍ਹੋ।

ਜਦੋਂ ਦਲਿਤ ਜਾਂ ਕਿਸੇ ਵੀ ਹੋਰ ਘੱਟਗਿਣਤੀ ਭਾਈਚਾਰੇ ਦੇ ਲੋਕ ਆਪਣੇ ਅਧਿਕਾਰਾਂ ਨੂੰ ਛੱਡ ਕੇ ਜ਼ਿੰਦਗੀ ਜਿਊਣ ਲਈ ਰਾਜ਼ੀ ਹੋ ਜਾਂਦੇ ਹਨ ਤਾਂ ਸ਼ਾਵਨਵਾਦੀ ਹਿੰਦੂ ਸਮਾਜ ਬੜਾ ਸ਼ਾਂਤ ਅਤੇ ਸ਼ਾਂਤੀ ਦਾ ਪੁੰਜ ਬਣ ਜਾਂਦਾ ਹੈ। ਭਲਾ ਅਜਿਹਾ ਕਿਉਂ? ਜੋ ਲੋਕ ਹਿੰਦੂਵਾਦੀ ਸੋਚ ਦਾ ਹੱਥਠੋਕਾ ਬਣ ਕੇ ਦਲਿਤ ਸਮਾਜ ਨੂੰ ਅਧਿਕਾਰ ਰਹਿਤ ਜ਼ਿੰਦਗੀ ਜਿਊਣ ਦਾ ਭੰਬਲਭੂਸਾ ਪਾਉਂਦੇ ਹਨ ਉਨ੍ਹਾਂ ਨੂੰ ਪਛਾਣੋ। ਜੇ ਸਰੀਰਕ ਗੁਲਾਮੀ ਮਾੜੀ ਹੈ ਤਾਂ ਮਾਨਸਿਕ ਗੁਲਾਮੀ ਉਸ ਤੋਂ ਵੀ ਮਾੜੀ ਹੈ। ਦਲਿਤਾਂ ਨੂੰ ਗੈਰਜ਼ਿੰਮੇਵਾਰੀ ਵਾਲਾ ਵਿਹਾਰ ਛੱਡਣਾ ਚਾਹੀਦਾ ਹੈ ਕਿਉਂਕਿ ਗੈਰਜ਼ਿੰਮੇਵਾਰੀ ਆਜ਼ਾਦੀ ਦਾ ਰਸਤਾ ਮੁਸ਼ਕਿਲ ਤੇ ਲੰਮਾ ਕਰਦੀ ਹੈ। ਸਾਡੇ ਪੂਰਵਜਾਂ ਦਾ ਕਤਲੇਆਮ ਅਤੇ ਖੁੱਸਿਆ ਸ਼ਾਹੀ ਪਹਿਰਾਵਾ ਪਗੜੀ ਦੀ ਸ਼ਾਨ ਵਾਰ ਵਾਰ ਵੰਗਾਰਦੀ ਹੈ।

ਜ਼ਰਾ ਸੋਚਣ ਦੀ ਲੋੜ ਹੈ, ਗੁਰੂ ਰਵਿਦਾਸ ਜੀ ਧੋਤੀ, ਟਿੱਕਾ, ਤਿਲਕ ਲਗਾਉਣ ਜਿਹੇ ਅਧਿਕਾਰ ਪ੍ਰਾਪਤ ਕਰਨ ਲਈ ਜੂਝੇ। ਉਹ ਆਪਣੇ ਪੁਰਖਿਆਂ ਦਾ ਸਿਰਤਾਜ ਪਗੜੀ ਕਿਵੇਂ ਵਿਸਾਰ ਸਕਦੇ ਸਨ? ਉਹ ਕ੍ਰਾਂਤੀਕਾਰੀ ਰਹਿਬਰ ਸਨ, ਪਗੜੀ ਦਾ ਮੂਲ ਅਧਿਕਾਰ ਨਹੀਂ ਛੱਡ ਸਕਦੇ ਸਨ। ਹਿੰਦੂ ਧੋਤੀ, ਟਿੱਕਾ, ਤਿਲਕ ਦੇ ਅਧਿਕਾਰ ਤੱਕ ਸਹਿਮਤ ਸੀ ਪਰ ਗੁਰੂ ਰਵਿਦਾਸ ਜੀ ਦੇ ਪਗੜੀ ਦੇ ਅਧਿਕਾਰ ਨੂੰ ਦੱਬਿਆ ਹੀ ਰੱਖਣਾ ਚਾਹੁੰਦਾ ਸੀ। ਕਿਉਂਕਿ ਇਹੀ ਤਾਂ ਅਧਿਕਾਰ ਹੈ ਜੋ ਸੂਦਰਾਂ ਨੂੰ ਆਪਣੇ ਖੁੱਸੇ ਹੋਏ ਰਾਜ ਅਤੇ ਪੁਰਖਿਆਂ ਦੀ ਵਸੀਅਤ ਬਾਰੇ ਜਾਗ੍ਰਿਤ ਕਰਦਾ ਹੈ।

***-ਪ੍ਰੇਮ ਪੈਂਥਰ***
***ਨਿਊ ਯਾਰਕ।***

# ਪੱਗ ਨੂੰ ਪੰਗਾ ਕਹਿਣ ਵਾਲੇ ਸ਼ਰਮ ਕਰਨ

ਪੰਜਾਬ ਟਾਈਮਜ਼ ਵਿਚ ਕੁਝ ਹਫਤੇ ਪਹਿਲਾਂ ਛਪੇ ਮੇਰੇ ਲੇਖ ਦੇ ਪ੍ਰਤੀਕ੍ਰਮ ਵਿਚ ਕਈ ਲੋਕਾਂ ਨੇ ਚੰਗਾ-ਮੰਦਾ ਬੋਲਿਆ ਹੈ। ਸਤਿਕਾਰਯੋਗ ਗੁਰੂ ਰਵਿਦਾਸ ਮਹਾਰਾਜ ਦੇ ਅਖੌਤੀ ਪੁੱਤਰਾਂ ਅਤੇ ਆਪੇ ਬਣੇ ਲੀਡਰਾਂ ਬਾਰੇ ਮੈਂ ਬੱਸ ਇੰਨਾ ਹੀ ਕਹਾਂਗਾ ਕਿ ਉਨ੍ਹਾਂ ਨੂੰ ਸਤਿਗੁਰਾਂ ਨੇ ਮੱਤ ਹੀ ਇੰਨੀ ਕੁ ਦਿੱਤੀ ਹੈ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕਿਸੇ ਨਾਲ ਕਿਵੇਂ ਬੋਲਣਾ ਹੈ ਜਾਂ ਕਿਵੇਂ ਲਿਖਣਾ ਹੈ? ਮੇਰਾ ਕਿਸੇ ਨਾਲ ਕੋਈ ਵਿਰੋਧ ਨਹੀਂ ਕਿਉਂਕਿ ਮੈਂ ਕਿਸੇ ਨੂੰ ਵਿਰੋਧੀ ਸਮਝਦਾ ਹੀ ਨਹੀਂ। ਸਾਰੇ ਮੇਰੇ ਆਪਣੇ ਹਨ। ਫਰਕ ਸਿਰਫ ਇਕ ਸੋਚ ਦਾ ਹੈ। ਕਈ ਵਾਰ ਇਕੋ ਹੀ ਪਿਓ ਦੇ ਪੁੱਤਰਾਂ ਦੀ ਸੋਚ ਵਿਚ ਫਰਕ ਹੁੰਦਾ ਹੈ। ਕੋਈ ਪੁੱਤਰ ਆਪਣੇ ਪਿਓ ਨੂੰ ਕਿਸੇ ਰੂਪ ਵਿਚ ਵੇਖਣਾ ਚਾਹੁੰਦਾ ਹੈ ਤੇ ਕੋਈ ਕਿਸੇ ਹੋਰ ਰੂਪ ਵਿਚ। ਮੇਰੇ ਕੁਝ ਵੀਰਾਂ ਨੇ ਮੇਰੇ ਬਾਰੇ ਇਤਰਾਜ਼ ਭਰੇ ਬੋਲ ਵੀ ਲਿਖੇ ਹਨ ਜਿਹੜੇ ਸੁਭਾਵਿਕ ਹੀ ਹਨ ਕਿਉਂਕਿ ਜਦੋਂ ਕਿਸੇ ਇਨਸਾਨ ਨੂੰ ਗਿਆਨ ਹੀ ਨਾ ਹੋਵੇ ਤਾਂ ਇਹੋ ਜਿਹੇ ਬੋਲਾਂ ਦਾ ਮੂੰਹੋਂ ਨਿਕਲਣਾ ਸੁਭਾਵਿਕ ਹੀ ਹੈ।

ਮੈਂ ਉਨ੍ਹਾਂ ਸਾਰੇ ਵੀਰਾਂ ਨੂੰ ਜੋ ਗੁਰੂ ਰਵਿਦਾਸ ਜੀ ਦੇ ਬਹੁਤੇ ਹੀ ਲਾਡਲੇ ਪੁੱਤਰ ਬਣਨ ਦੀ ਕੋਸ਼ਿਸ਼ ਕਰ ਰਹੇ ਹਨ, ਪੁੱਛਣਾ ਚਾਹਵਾਂਗਾ ਕਿ ਤੁਸੀਂ ਦੋਹਤਿਆਂ-ਪੋਤਿਆਂ ਵਾਲੇ ਹੋ ਗਏ ਹੋ, ਡੇਰਿਆਂ ਉਤੇ ਜਾ ਕੇ ਆਪਣੇ ਗੋਡੇ ਤੇ ਸਿਰ ਘਸਾ ਲਏ, ਡੇਰਿਆਂ 'ਤੇ ਜਾਂਦੇ ਸਮੇਂ ਤੁਸੀਂ ਆਪਣੇ ਜਿਸ ਪਿਓ ਨੂੰ ਬੇਦਾਅਵਾ ਦੇ ਗਏ ਸੀ ਕਿ ਇਹ ਸਾਡਾ ਕੁਝ ਨਹੀਂ ਲੱਗਦਾ ਤਾਂ ਹੁਣ ਜਦੋਂ ਉਨ੍ਹਾਂ ਡੇਰਿਆਂ ਤੋਂ ਸਿਵਾਏ ਨਿਰਾਸ਼ਾ ਦੇ ਕੁਝ ਨਹੀਂ ਮਿਲਿਆ ਤਾਂ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦਾ ਚੇਤਾ ਆ ਗਿਆ? ਮੈਂ ਜਿਸ ਤਰ੍ਹਾਂ ਦਾ ਅੱਜ ਹਾਂ ਉਸੇ ਤਰ੍ਹਾਂ ਦਾ ਪਹਿਲਾਂ ਸਾਂ, ਕਿਉਂਕਿ ਮੇਰੇ ਬਾਪ ਨੇ ਪੂਰੇ ਸੰਸਕਾਰ ਦਿੱਤੇ ਸਨ ਕਿ ਕਿਵੇਂ ਬੋਲਣਾ ਤੇ ਲਿਖਣਾ ਹੈ। ਜਿਨ੍ਹਾਂ ਲੋਕਾਂ ਨੂੰ ਦੂਜਿਆਂ ਬਾਰੇ ਸੱਭਿਅਕ ਸ਼ਬਦਾਂ 'ਚ ਬੋਲਣਾ ਹੀ ਨਹੀਂ ਆਉਂਦਾ ਉਨ੍ਹਾਂ ਦੀ ਪੜ੍ਹਾਈ-ਲਿਖਾਈ ਵੀ ਪਰਖੀ ਗਈ। ਜਿਹੜੇ ਲੋਕਾਂ ਨੇ ਮੇਰੇ ਬਾਰੇ ਕਿਹਾ ਹੈ ਕਿ ਉਹ ਤੇ ਚਮਾਰ ਹੀ ਨਹੀਂ ਹੋ ਸਕਦਾ, ਉਨ੍ਹਾਂ ਨੂੰ ਮੈਂ ਪੁੱਛਣਾ ਚਾਹਵਾਂਗਾ ਕਿ ਚਮਾਰ ਕਿਸ ਤਰ੍ਹਾਂ ਦੇ ਲੱਗਣੇ ਚਾਹੀਦੇ ਹਨ? ਕੀ ਮੂੰਹ ਵਿਚ ਤੰਬਾਕੂ ਤੇ ਹੱਥਾਂ ਵਿਚ ਵੱਡੇ ਵੱਡੇ ਹੁੱਕੇ ਫੜ੍ਹਨ ਵਾਲੇ ਹੀ ਚਮਾਰ ਹੋ ਸਕਦੇ ਹਨ? ਕੀ ਲੋਕਾਂ ਦੇ ਖੂਨ ਪਸੀਨੇ ਦੀ ਕਮਾਈ ਹੜੱਪ ਕਰਕੇ ਆਪਣੇ ਆਪ ਨੂੰ ਸੱਚਾ-ਸੁੱਚਾ ਕਹਿਣ ਵਾਲੇ ਹੀ ਚਮਾਰ ਹਨ? ਇਹੋ ਜਿਹਾ ਚਮਾਰ ਬਣਨ ਤੋਂ ਮੇਰੀ ਤੌਬਾ। ਜੇ ਕੋਈ ਚਮਾਰ ਦੀ ਪਰਿਭਾਸ਼ਾ ਹੈ ਤਾਂ ਜ਼ਰੂਰ ਦੱਸੀ ਜਾਵੇ। ਹਾਂ, ਜੇ ਰਵਿਦਾਸੀਏ ਸਿੱਖ ਦੀ ਪਰਿਭਾਸ਼ਾ ਕੋਈ ਜਾਨਣਾ ਚਾਹੁੰਦਾ ਹੈ ਤਾਂ ਉਨ੍ਹਾਂ ਦੀ ਜਾਣਕਾਰੀ ਲਈ ਦੱਸਣਾ ਚਾਹਵਾਂਗਾ ਕਿ ਸੱਚੀ-ਸੁੱਚੀ ਕਿਰਤ ਕਰਨੀ, ਲੋਕਾਂ ਦੇ ਭਲੇ ਲਈ ਸੋਚਣਾ, ਰੱਬ ਦਾ ਨਾਮ ਲੈਣਾ, ਰਵਿਦਾਸ ਮਹਾਰਾਜ ਦੀ ਬਾਣੀ ਉਪਰ ਵਿਸ਼ਵਾਸ ਕਰਨਾ ਇਕ ਰਵਿਦਾਸੀਏ ਸਿੱਖ ਦੀ ਨਿਸ਼ਾਨੀ ਹੈ। ਸ਼ਰਾਬ, ਮੀਟ, ਤੰਬਾਕੂ ਅਤੇ ਹੋਰ ਅਲਾਮਤਾਂ ਦਾ ਸ਼ਿਕਾਰ ਹੋ ਕੇ ਅਖਬਾਰਾਂ ਵਿਚ ਕਿਸੇ ਬੇਗਮਪੁਰੇ ਦੀ ਗੱਲ ਕਰਨਾ ਕਿਧਰ ਦੀ ਧਾਰਮਿਕਤਾ ਹੈ? ਸਮਝ ਤੋਂ ਬਾਹਰ ਹੈ। ਮੈਨੂੰ ਜਾਪਦਾ ਹੈ ਕਿ ਕੁਝ ਲੋਕਾਂ ਨੂੰ ਰਵਿਦਾਸ ਜੀ ਦੀ ਦਸਤਾਰ ਨਾਲ ਘੱਟ ਪਰ ਮੇਰੇ ਨਾਲ ਜ਼ਿਆਦਾ ਵਿਰੋਧ ਹੈ ਕਿਉਂਕਿ ਮੈਂ ਖੁਦ ਸਿੱਖ ਹਾਂ ਅਤੇ ਇਨ੍ਹਾਂ ਲੋਕਾਂ ਨੂੰ ਸਿੱਖਾਂ ਅਤੇ ਸਿੱਖੀ ਤੋਂ ਚਿੜ ਹੈ। ਇਹ ਲੋਕ ਡੇਰਿਆਂ 'ਤੇ ਧੱਕੇ ਖਾ ਕੇ ਹੁਣ ਕਿਸੇ ਨਵੇਂ ਧਰਮ ਦੇ ਲੀਡਰ ਬਣਨ ਲਈ ਕਾਹਲੇ ਹਨ।

ਇਕ ਗੱਲ ਉਨ੍ਹਾਂ ਲੋਕਾਂ ਨਾਲ ਜਿਨ੍ਹਾਂ ਨੇ ਮੇਰੀ ਮੈਂਬਰਸ਼ਿਪ ਖਤਮ ਕਰਨ ਦੀ ਮੰਗ ਕੀਤੀ ਹੈ। ਮੇਰੀ ਸਮਝ ਵਿਚ ਮੈਂਬਰਸ਼ਿਪ ਤਾਂ ਅਜਿਹੀ ਮੰਗ ਕਰਨ ਵਾਲਿਆਂ ਦੀ ਖਤਮ ਕੀਤੀ ਜਾਣੀ ਚਾਹੀਦੀ ਹੈ ਜੋ ਗੱਲ ਰਵਿਦਾਸ ਮਹਾਰਾਜ ਦੀ ਕਰਦੇ ਹਨ ਪਰ ਸੇਵਾ ਕਿਸੇ ਡੇਰੇ ਦੀ ਕਰਦੇ ਹਨ। ਜੱਟਾਂ ਦਾ ਵਿਰੋਧ ਕਰਦੇ ਹਨ ਤੇ ਜੱਟਾਂ ਨੂੰ ਹੀ ਗੁਰੂ ਧਾਰਦੇ ਹਨ। ਮੈਂ ਤਾਂ ਪਿਛਲੇ 25 ਸਾਲ ਤੋਂ ਰਵਿਦਾਸ ਗੁਰੂ ਘਰ ਨਾਲ ਜੁੜਿਆ ਹੋਇਆ ਹਾਂ ਅਤੇ ਮੇਰਾ ਭਰੋਸਾ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਵਿਚ ਹੈ। ਮਹਾਰਾਜ ਦੀ ਦਸਤਾਰ ਵਾਲੀ ਤਸਵੀਰ ਉਨ੍ਹਾਂ ਗੁਰ ਸਿੱਖਾਂ ਵਾਸਤੇ ਹੈ ਜੋ ਧੰਨ ਧੰਨ ਗੁਰੂ ਗ੍ਰੰਥ ਸਾਹਿਬ ਵਿਚ ਅਕੀਦਾ ਰੱਖਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਜਿਹੜੇ ਵੀ ਸੰਤਾਂ ਮਹਾਪੁਰਖਾਂ ਦੀ ਬਾਣੀ ਦਰਜ ਹੈ ਉਹ ਸਮੂਹ ਸਿੱਖ ਜਗਤ ਦਾ ਸਰਮਾਇਆ ਹਨ। ਸਿੱਖ ਆਪਣੇ ਮਹਾਪੁਰਖਾਂ ਨੂੰ ਜਿਸ ਵੀ ਰੂਪ ਵਿਚ ਦੇਖਣਾ ਚਾਹੁਣ ਇਹ ਉਨ੍ਹਾਂ ਦਾ ਅਕੀਦਾ ਹੈ। ਜੋ ਲੋਕ ਇਸ ਗੱਲ ਨਾਲ ਸਹਿਮਤ ਨਹੀਂ ਉਹ ਆਪਣੀ ਨਿਸ਼ਠਾ ਅਨੁਸਾਰ ਸਰੂਪ ਵਿਚ ਭਰੋਸਾ ਰੱਖ ਸਕਦੇ ਹਨ ਕਿਉਂਕਿ ਇਹ ਸੱਚ ਹੈ ਕਿ ਗੁਰੂ ਸਾਹਿਬ ਦੀ ਕੋਈ ਵੀ ਤਸਵੀਰ ਅਸਲੀ ਨਹੀਂ, ਸੱਭੇ ਸਾਡੀ ਕਲਪਨਾ ਹਨ। ਮੈਂ ਆਪਣੀ ਰਾਏ ਦਿੱਤੀ ਹੈ ਇਸ ਨੂੰ ਮੰਨਣਾ ਨਾ ਮੰਨਣਾ ਸੰਗਤ ਦੇ ਹੱਥ ਹੈ।

***-ਗੁਰਦਿਆਲ ਸਿੰਘ ਜੱਬੋਵਾਲ***
***ਸਾਬਕਾ ਚੇਅਰਮੈਨ, ਗੁਰੂ ਰਵਿਦਾਸ ਸਭਾ, ਨਿਊ ਯਾਰਕ।***

# ਇੰਡੀਆ ਜਾਣ ਵਾਲੇ ਯਾਤਰੂ ਸਾਵਧਾਨ !

ਭਾਰਤੀ ਏਅਰਪੋਰਟਾਂ ਉਤੇ ਖਬਰਦਾਰ ਰਹੋ। ਤੁਹਾਡੇ ਪਾਸਪੋਰਟ ਵਿਚੋਂ ਵਰਕੇ ਪਾੜੇ ਜਾ ਸਕਦੇ ਹਨ ਅਤੇ ਤੁਸੀਂ ਮੁਸ਼ਕਿਲ ਵਿਚ ਫਸ ਸਕਦੇ ਹੋ। ਕੁਝ ਭਾਰਤੀ ਇਮੀਗਰੇਸ਼ਨ ਅਧਿਕਾਰੀਆਂ, ਕਸਟਮ, ਏਅਰ ਇੰਡੀਆ ਸਟਾਫ ਅਤੇ ਪੁਲਿਸ ਮੁਲਾਜ਼ਮਾਂ ਦੀ ਮਿਲੀਭੁਗਤ ਨਾਲ ਇਹ ਸਭ ਕੁਝ ਭਾਰਤੀ ਕੌਮਾਂਤਰੀ ਹਵਾਈ ਅੱਡਿਆਂ ਉਤੇ ਹੋ ਰਿਹਾ ਹੈ। ਜਦੋਂ ਕਦੀ ਵੀ ਤੁਸੀਂ ਆਪਣਾ ਪਾਸਪੋਰਟ ਇਮੀਗਰੇਸ਼ਨ/ਕਸਟਮ/ਏਅਰ ਇੰਡੀਆ ਦੇ ਕਿਸੇ ਅਧਿਕਾਰੀ ਨੂੰ ਦਿਖਾਓ ਤਾਂ ਸਾਵਧਾਨ ਰਹੋ। ਤੁਹਾਡੇ ਪਾਸਪੋਰਟ ਨਾਲ ਸੌਖਿਆਂ ਹੀ ਛੇੜਖਾਨੀ ਹੋ ਸਕਦੀ ਹੈ ਜੋ ਤੁਹਾਡੇ ਲਈ ਮਸੀਬਤ ਖੜ੍ਹੀ ਕਰ ਸਕਦੀ ਹੈ। ਇਨ੍ਹਾਂ ਲੋਕਾਂ ਨੇ ਪਰਵਾਸੀ ਭਾਰਤੀਆਂ ਤੋਂ ਪੈਸਾ ਬਟੋਰਨ ਦਾ ਇਕ ਨਵਾਂ ਰਾਹ ਕੱਢ ਲਿਆ ਹੈ। ਇਹ ਜੁਗਤ ਇਸ ਤਰ੍ਹਾਂ ਵਰਤੀ ਜਾਂਦੀ ਹੈ:

ਮੁਸਾਫਰ ਦੀ ਰਵਾਨਗੀ ਮੌਕੇ, ਜੇ ਮੁਸਾਫਰ ਦਾ ਧਿਆਨ ਸਟੈਂਪ ਲਾਉਣ ਵਾਲੇ ਅਫਸਰ ਵੱਲ ਨਹੀਂ ਹੈ ਤਾਂ ਅਫਸਰ ਬੜੀ ਚੁਸਤੀ ਨਾਲ ਪਾਸਪੋਰਟ ਦਾ ਇਕ ਜਾਂ ਵੱਧ ਸਫਾ ਪਾੜ ਲੈਂਦਾ ਹੈ। ਜਦੋਂ ਮੁਸਾਫਰ ਇਮੀਗਰੇਸ਼ਨ ਕਾਊਂਟਰ ਤੋਂ ਅੱਗੇ ਵਧਦਾ ਹੈ ਤਾਂ ਇਹ ਮਾਮਲਾ ਪੂਰੇ ਵਿਸਤਾਰ ਨਾਲ ਕੰਪਿਊਟਰ ਟਰਮੀਨਲ ਉਤੇ ਰਿਪੋਰਟ ਕਰ ਦਿੱਤਾ ਜਾਂਦਾ ਹੈ। ਹੁਣ ਪੂਰੇ ਭਾਰਤ ਵਿਚ ਇਸ ਮੁਸਾਫਰ ਦੇ ਸਾਰੇ ਵੇਰਵੇ ਮੌਜੂਦ ਹਨ ਅਤੇ ਰਵਾਨਗੀ ਇਮੀਗਰੇਸ਼ਨ ਅਫਸਰ ਵਲੋਂ ਕੰਪਿਊਟਰ ਉਤੇ ਦਰਜ ਕੀਤੇ ਗਏ ਪਾਸਪੋਰਟ ਨੰਬਰ ਉਤੇ ਲਾਲ ਝੰਡੀ ਆ ਜਾਂਦੀ ਹੈ। ਇਸ ਤਰ੍ਹਾਂ ਕਰਕੇ ਉਨ੍ਹਾਂ ਆਪਣਾ ਪੈਸਾ ਬਣਾਉਣ ਦਾ ਰਾਹ ਪੱਧਰਾ ਕਰ ਲਿਆ ਹੈ। ਅਗਲੀ ਵਾਰੀ ਜਦੋਂ ਮੁਸਾਫਰ ਇੰਡੀਆ ਪਹੁੰਚਦਾ ਹੈ ਤਾਂ ਉਸ ਦੀ ਤਫਤੀਸ਼ ਕੀਤੀ ਜਾਂਦੀ ਹੈ।

ਮੁਸਾਫਰ ਬਾਹਰ ਕਿੰਨਾ ਚਿਰ ਰਿਹਾ, ਉਸ ਦੀ ਆਮਦਨ ਕਿੰਨੀ ਹੈ ਅਤੇ ਉਸ ਦਾ ਰੁਤਬਾ ਕੀ ਹੈ, ਇਸ ਸਭ ਦੇ ਆਧਾਰ ਉਤੇ ਪੁਲਿਸ ਅਤੇ ਇਮੀਗਰੇਸ਼ਨ ਵਾਲੇ ਲੋਕਾਂ ਵਲੋਂ ਇਹ ਸਮੱਸਿਆ ਦੇ ਹੱਲ ਲਈ ਕੀਮਤ ਤੈਅ ਕੀਤੀ ਜਾਂਦੀ ਹੈ। ਜੇ ਕੋਈ ਸੱਜਣ ਉਜਰ ਕਰਦਾ ਹੈ ਤਾਂ ਉਸ ਦਾ ਭਵਿੱਖ ਖਰਾਬ ਹੋ ਜਾਂਦਾ ਹੈ। ਹਰ ਮੁਸਾਫਰ ਨੂੰ ਇਸ ਮਾਮਲੇ ਵਿਚ ਏਅਰਪੋਰਟ ਉਤੇ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ। ਜਦੋਂ ਵੀ ਕਦੀ ਉਹ ਪਾਸਪੋਰਟ ਏਅਰ ਇੰਡੀਆ, ਇਮੀਗਰੇਸ਼ਨ ਜਾਂ ਕਸਟਮ ਦੇ ਕਾਊਂਟਰ ਉਤੇ ਦੇਣ ਤਾਂ ਆਪਣੀਆਂ ਨਜ਼ਰਾਂ ਪਾਸਪੋਰਟ ਤੋਂ ਪਾਸੇ ਨਾ ਹਟਾਉਣ, ਬੇਸ਼ਕ ਅਫਸਰ ਤੁਹਾਡਾ ਧਿਆਨ ਪਾਸੇ ਹਟਾਉਣ ਲਈ ਕੁਝ ਵੀ ਕਰੇ।

ਇਕ ਅੰਦਾਜ਼ੇ ਮੁਤਾਬਕ ਹਰ ਮਹੀਨੇ 20 ਤੋਂ 30 ਅਜਿਹੇ ਕੇਸ ਸਾਹਮਣੇ ਆਉਂਦੇ ਹਨ ਜਦੋਂ ਕੋਈ ਨਾ ਕੋਈ ਪਰਵਾਸੀ ਭਾਰਤੀ ਭਾਰਤ ਵਿਚ ਉਤਰਦਿਆਂ ਹੀ ਲੁੱਟ ਹੋ ਜਾਂਦਾ ਹੈ। ਆਰਮਕੋ ਦੇ ਆਰਿਫਉਦਦੀਨ ਨਾਲ ਵੀ ਅਜਿਹਾ ਹੀ ਕੁਝ ਵਾਪਰਿਆ। ਉਹ ਆਪਣੇ ਪਰਿਵਾਰ ਨਾਲ ਇੰਡੀਆ ਗਿਆ ਸੀ ਅਤੇ ਉਨ੍ਹਾਂ ਪਾਸ ਛੇ ਪਾਸਪੋਰਟ ਸਨ। ਉਨ੍ਹਾਂ ਅਮਰੀਕਾ ਦਾ ਵੀਜ਼ਾ ਲਿਆ ਅਤੇ ਜੈਦਾ ਤੋਂ ਵਾਇਆ ਹੈਦਰਾਬਾਦ ਅਮਰੀਕਾ ਜਾਣ ਦਾ ਵਿਚਾਰ ਬਣਾਇਆ। ਉਹ ਹੈਦਰਾਬਾਦ ਪਹੁੰਚੇ ਅਤੇ ਕੋਈ ਮਹੀਨਾ ਭਰ ਉਥੇ ਰਹਿਣ ਪਿਛੋਂ ਅਮਰੀਕਾ ਲਈ ਰਵਾਨਾ ਹੋ ਗਏ। ਜਦੋਂ ਅਮਰੀਕਾ ਪਹੁੰਚੇ ਤਾਂ ਉਸ ਦੀ ਪਤਨੀ ਦੇ ਪਾਸਪੋਰਟ ਉਪਰ ਅਮਰੀਕੀ ਵੀਜ਼ੇ ਵਾਲਾ ਸਫਾ ਗੁੰਮ ਸੀ। ਹੈਦਰਾਬਾਦ ਤੋਂ ਰਵਾਨਗੀ ਸਮੇਂ ਇਹ ਸਫਾ ਪਾਸਪੋਰਟ ਵਿਚ ਸਹੀ ਸਲਾਮਤ ਸੀ। ਸਾਰੇ ਪਰਿਵਾਰ ਨੂੰ ਬੇਵਸੀ ਵਿਚ ਵਾਪਸ ਹੈਦਰਾਬਾਦ ਪਰਤਣਾ ਪਿਆ। ਬੰਬਈ ਪਹੁੰਚਣ 'ਤੇ ਉਨ੍ਹਾਂ ਨੂੰ ਪੁਲਿਸ ਨੇ ਕਾਬੂ ਕਰ ਲਿਆ ਅਤੇ ਹੁਣ ਪਿਛਲੇ ਦੋ ਮਹੀਨਿਆਂ ਤੋਂ ਉਹ ਪੁਲਿਸ, ਇਮੀਗਰੇਸ਼ਨ ਅਤੇ ਅਦਾਲਤਾਂ ਦੇ ਗੇੜ ਵਿਚ ਪਏ ਹੋਏ ਹਨ। ਉਸ ਤੋਂ ਵੇਰਵੇ ਜਾਨਣ ਤੋਂ ਬਾਅਦ ਜੋ ਪਤਾ ਲੱਗਾ ਉਸ 'ਤੇ ਯਕੀਨ ਹੀ ਨਹੀਂ ਆਉਂਦਾ ਕਿ ਭਾਰਤੀ ਇਮੀਗਰੇਸ਼ਨ ਵਿਭਾਗ ਦੇ ਲੋਕ ਵੀ ਭੋਲੇ ਭਾਲੇ ਮੁਸਾਫਰਾਂ ਨੂੰ ਲੁੱਟਣ ਲਈ ਅਜਿਹੀ ਗੰਦੀ ਖੇਡ ਖੇਡ ਸਕਦੇ ਹਨ। ਬਰਾਸਤਾ ਬੰਬਈ ਅਤੇ ਹੈਦਰਾਬਾਦ ਇੰਡੀਆ ਜਾਣ ਵਾਲੇ ਮੁਸਾਫਰ ਇਸ ਸਾਜ਼ਿਸ਼ ਤੋਂ ਵਾਕਿਫ ਹਨ। ਇਨ੍ਹਾਂ ਹਵਾਈ ਅੱਡਿਆਂ ਉਤੇ ਹਰ ਮਹੀਨੇ ਅਜਿਹੇ 15 ਤੋਂ 20 ਕੇਸ ਹੁੰਦੇ ਹਨ ਜਦੋਂ ਮੁਸਾਫਰਾਂ ਦੇ ਪਾਸਪੋਰਟ ਵਿਚੋਂ ਵਰਕੇ ਪਾੜ ਲਏ ਜਾਂਦੇ ਹਨ। ਬਹੁਤੇ ਮੁਸਾਫਰਾਂ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਇਹ ਕੀ ਵਾਪਰ ਗਿਆ ਹੈ। ਕਦੋਂ ਅਤੇ ਕਿਵੇਂ ਕਿਸੇ ਨੇ ਉਨ੍ਹਾਂ ਦੇ ਪਾਸਪੋਰਟ ਵਿਚੋਂ ਵਰਕੇ ਪਾੜ ਲਏ ਹਨ। ਪਾਟੇ ਹੋਏ ਵਰਕਿਆਂ ਵਾਲੇ ਪਾਸਪੋਰਟ ਲੈ ਕੇ ਇਥੇ ਪਹੁੰਚਣ ਵਾਲੇ ਮੁਸਾਫਰਾਂ ਨੂੰ ਵੱਡੀ ਤਫਤੀਸ਼ ਵਿਚੋਂ ਲੰਘਣਾ ਪੈਂਦਾ ਹੈ ਅਤੇ ਪ੍ਰੇਸ਼ਾਨ ਹੋਣਾ ਪੈਂਦਾ ਹੈ।

***-ਡਾ. ਬਕੁਲ ਸੰਘਾਨੀ***

# ਫਰਾਡ ਇਮੀਗ੍ਰੇਸ਼ਨ ਏਜੰਟਾਂ ਖ਼ਿਲਾਫ਼ ਸਖ਼ਤ ਰੁਖ਼

**ਜਗਰਾਉ :** ਕੈਨੇਡੀਅਨ ਪਾਰਲੀਮੈਂਟ ਵਿਚ ਇਸ ਹਫ਼ਤੇ ਪੇਸ਼ ਕੀਤੇ ਜਾਣ ਵਾਲੇ ਨਵੇਂ ਕਾਨੂੰਨ ਦੇ ਤਹਿਤ ਕੈਨੇਡਾ ਸਰਕਾਰ ਫਰਾਡ ਟਰੈਵਲ ਏਜੰਟਾਂ ਖ਼ਿਲਾਫ਼ ਸਖਤ ਰੁਖ਼ ਅਖਤਿਆਰ ਕਰਨ ਜਾ ਰਹੀ ਹੈ। ਇਸ ਨਵੇਂ ਕਾਨੂੰਨ ਤਹਿਤ ਭਾਰਤ ਸਮੇਤ ਦੱਖਣੀ ਏਸ਼ੀਆਈ ਖਿੱਤੇ ਦੇ ਹੋਰ ਦੇਸ਼ਾਂ ਵਿਚ ਸਰਗਰਮ ਫਰਾਡ ਇਮੀਗ੍ਰੇਸ਼ਨ ਏਜੰਟਾਂ, ਜੋ ਕੈਨੇਡਾ ਵਿਚ ਪਰਵਾਸ ਕਰਨ ਦੇ ਇੱਛੁਕ ਲੋਕਾਂ ਨੂੰ ਗਲਤ ਤਰੀਕੇ ਨਾਲ ਕੈਨੇਡਾ ਭੇਜਣ ਦੇ ਝਾਂਸੇ ਨਾਲ ਠੱਗੀ ਮਾਰਦੇ ਹਨ, ਨੂੰ ਸਖ਼ਤ ਰੁਖ਼ ਦਾ ਸਾਹਮਣਾ ਕਰਨਾ ਪਵੇਗਾ।

ਜ਼ਿਕਰਯੋਗ ਹੈ ਕਿ ਅਜਿਹੇ ਗੈਰ-ਕਾਨੂੰਨੀ ਟਰੈਵਲ ਏਜੰਟ ਭਾਰਤ ਵਿਚ, ਖਾਸ ਕਰਕੇ ਪੰਜਾਬ ਵਿਚ ਵੱਡੀ ਪੱਧਰ 'ਤੇ ਸਰਗਰਮ ਹਨ, ਜੋ ਆਪਣੇ ਕੈਨੇਡਾ ਵਿਚਲੇ ਹਿੱਸੇਦਾਰਾਂ ਨਾਲ ਮਿਲ ਕੇ ਕੈਨੇਡਾ ਜਾਣ ਦੇ ਚਾਹਵਾਨ ਲੋਕਾਂ ਨੂੰ ਗਲਤ ਦਸਤਾਵੇਜ਼ ਦੇ ਕੇ ਉਨ੍ਹਾਂ ਨਾਲ ਠੱਗੀ ਕਰਦੇ ਹਨ। ਬਹੁਤੇ ਏਜੰਟ ਤਾਂ ਲੋਕਾਂ ਤੋਂ ਧੋਖੇ ਨਾਲ ਪੈਸੇ ਲੈ ਕੇ ਉਨ੍ਹਾਂ ਦੇ ਪੱਲੇ ਕੁਝ ਵੀ ਨਹੀਂ ਪਾਉਂਦੇ। ਨਵੇਂ ਕਾਨੂੰਨ ਤੋਂ ਬਾਅਦ ਭਾਰਤ, ਖਾਸਕਰ ਪੰਜਾਬ ਵਿਚਲੇ ਵੱਡੀ ਗਿਣਤੀ ਗੈਰ-ਕਾਨੂੰਨੀ ਟਰੈਵਲ ਏਜੰਟਾਂ ਨੂੰ ਆਪਣਾ ਗੋਰਖਧੰਦਾ ਚਲਦਾ ਰੱਖਣ ਲਈ ਨਵੇਂ ਰਸਤੇ ਅਖਤਿਆਰ ਕਰਨੇ ਪੈ ਸਕਦੇ ਹਨ।

ਇਸ ਨਵੇਂ ਕਾਨੂੰਨ ਤਹਿਤ ਗੈਰ-ਕਾਨੂੰਨੀ ਤੌਰ 'ਤੇ ਇਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਏਜੰਸੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਕੈਨੇਡਾ ਸਰਕਾਰ ਨੇ ਭਾਰਤ ਅਤੇ ਦੱਖਣੀ ਏਸ਼ੀਆ ਦੇ ਹੋਰ ਦੇਸ਼ਾਂ ਦੀਆਂ ਸਰਕਾਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ ਦੇਸ਼ਾਂ ਵਿਚ ਸਰਗਰਮ ਅਜਿਹੇ ਫਰਾਡ ਇਮੀਗ੍ਰੇਸ਼ਨ ਏਜੰਟਾਂ ਖਿਲਾਫ ਸਖਤ ਕਾਰਵਾਈ ਕਰਨ ਤਾਂ ਜੋ ਲੋਕਾਂ ਨੂੰ ਧੋਖੇ ਤੋਂ ਬਚਾਇਆ ਜਾ ਸਕੇ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਵਲੋਂ ਦੱਖਣੀ ਏਸ਼ੀਅਨ ਦੇਸ਼ਾਂ ਨੂੰ ਲਿਖੇ ਪੱਤਰ 'ਚ ਦੱਸਿਆ ਗਿਆ ਹੈ ਕਿ ਕੈਨੇਡਾ ਵਿਚ ਮੌਜੂਦਾ ਸਮੇਂ ਇਮੀਗ੍ਰੇਸ਼ਨ ਏਜੰਸੀਆਂ ਨੂੰ ਕੰਟਰੋਲ ਕਰਨ ਵਾਲੀ ਕੈਨੇਡੀਅਨ ਸੋਸਾਇਟੀ ਆਫ ਇਮੀਗ੍ਰੇਸ਼ਨ ਕੰਸਲਟੈਂਟਸ ਵਲੋਂ ਮਾਨਤਾ ਪ੍ਰਾਪਤ ਇਮੀਗ੍ਰੇਸ਼ਨ ਏਜੰਸੀਆਂ ਤੋਂ ਵਧੇਰੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਏਜੰਸੀਆਂ ਸਰਗਰਮ ਹਨ, ਇਸ ਲਈ ਸਰਕਾਰ ਆਉਂਦੇ ਹਫਤੇ ਪਾਰਲੀਮੈਂਟ ਵਿਚ ਨਵਾਂ ਕਾਨੂੰਨ ਪੇਸ਼ ਕਰਨ ਜਾ ਰਹੀ ਹੈ ਤਾਂ ਜੋ ਗੈਰ-ਕਾਨੂੰਨੀ ਇਮੀਗ੍ਰੇਸ਼ਨ ਏਜੰਟਾਂ 'ਤੇ ਸ਼ਿਕੰਜਾ ਕੱਸਿਆ ਜਾ ਸਕੇ ਅਤੇ ਲੋਕਾਂ ਨੂੰ ਧੋਖੇ ਤੋਂ ਬਚਾਇਆ ਜਾ ਸਕੇ। ਵਿਭਾਗ ਦੇ ਮੰਤਰੀ ਜੈਸਨ ਕੈਨੀ ਨੇ ਕਿਹਾ ਹੈ, "ਕੈਨੇਡਾ ਸਮੇਤ ਪੂਰੀ ਦੁਨੀਆਂ ਵਿਚ ਇਸ ਸਮੇਂ ਵੱਡੀ ਪੱਧਰ 'ਤੇ ਇਮੀਗ੍ਰੇਸ਼ਨ ਏਜੰਸੀਆਂ ਕੰਮ ਕਰ ਰਹੀਆਂ ਹਨ, ਪਰ ਇਨ੍ਹਾਂ ਵਿਚੋਂ ਬਹੁਤ ਸਾਰੀਆਂ ਏਜੰਸੀਆਂ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰ ਰਹੀਆਂ ਹਨ ਅਤੇ ਉਹ ਵੱਖ-ਵੱਖ ਦੇਸ਼ਾਂ ਤੋਂ ਕੈਨੇਡਾ ਨੂੰ ਪਰਵਾਸ ਕਰਨ ਦੇ ਇੱਛੁਕ ਲੋਕਾਂ ਨੂੰ ਧੋਖੇ ਨਾਲ ਲੁੱਟ ਰਹੀਆਂ ਹਨ। ਅਜਿਹੀਆਂ ਏਜੰਸੀਆਂ ਹੀ ਕੈਨੇਡਾ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਲੋਕਾਂ ਨੂੰ ਭੇਜ ਰਹੀਆਂ ਹਨ।" ਇਹ ਮੰਨਦਿਆਂ ਕਿ ਹਰੇਕ ਸਾਲ ਹਜ਼ਾਰਾਂ ਲੋਕ ਇਨ੍ਹਾਂ ਗੈਰ-ਕਾਨੂੰਨੀ ਟਰੈਵਲ ਏਜੰਸੀਆਂ ਦੇ ਸ਼ਿਕਾਰ ਹੋ ਰਹੇ ਹਨ, ਮੰਤਰੀ ਨੇ ਕਿਹਾ ਕਿ ਇਹ ਇਕ ਗੰਭੀਰ ਸਮੱਸਿਆ ਹੈ ਅਤੇ ਨਵੇਂ ਕਾਨੂੰਨ ਤਹਿਤ ਬਿਨਾਂ ਲਾਇਸੰਸ ਕੰਮ ਕਰਨ ਵਾਲੀਆਂ ਇਮੀਗ੍ਰੇਸ਼ਨ ਏਜੰਸੀਆਂ ਖਿਲਾਫ ਸਖਤ ਕਾਰਵਾਈ ਹੋਵੇਗੀ।

# ਭੁਪਾਲ ਦਾ ਤਜਰਬਾ ਅਤੇ ਮੌਜੂਦਾ ਖਦਸ਼ੇ

**ਦਲਜੀਤ ਅਮੀ**

ਅਦਾਲਤੀ ਫ਼ੈਸਲੇ ਨਾਲ ਭੁਪਾਲ ਗੈਸ ਤ੍ਰਾਸਦੀ ਦਾ ਮਸਲਾ ਆਲਮੀ ਪੱਧਰ ਉਤੇ ਚਰਚਾ ਦਾ ਵਿਸ਼ਾ ਬਣ ਗਿਆ ਹੈ। ਸਾਰੀਆਂ ਸਿਆਸੀ ਧਿਰਾਂ, ਸੂਬਾ ਤੇ ਕੇਂਦਰ ਸਰਕਾਰ ਤੋਂ ਇਲਾਵਾ ਸਮੂਹ ਜਮਹੂਰੀ ਤੇ ਮਨੁੱਖੀ ਹਕੂਕ ਜਥੇਬੰਦੀਆਂ ਇੱਕ-ਸੁਰ ਹੋ ਕੇ ਇਸ ਫ਼ੈਸਲੇ ਉਤੇ ਸਵਾਲ ਕਰ ਰਹੀਆਂ ਹਨ। ਮੁਕਾਮੀ, ਕੌਮੀ ਅਤੇ ਕੌਮਾਂਤਰੀ ਮੀਡੀਆ ਨਿਆਂ ਪ੍ਰਣਾਲੀ, ਜਾਂਚ ਏਜੰਸੀਆਂ, ਯੂਨੀਅਨ ਕਾਰਬਾਈਡ ਅਤੇ ਤੱਤਕਾਲੀ ਸੂਬਾ ਤੇ ਕੇਂਦਰ ਸਰਕਾਰ ਦੀ ਭੂਮਿਕਾ ਉਤੇ ਨਜ਼ਰਸਾਨੀ ਕਰ ਰਿਹਾ ਹੈ। ਭੁਪਾਲ ਦੀ ਸੈਸ਼ਨ ਅਦਾਲਤ ਵਿਚ ਜਿਨ੍ਹਾਂ ਧਾਰਾਵਾਂ ਤਹਿਤ ਦੋਸ਼-ਪੱਤਰ ਦਰਜ ਕੀਤਾ ਗਿਆ ਸੀ ਉਨ੍ਹਾਂ ਮੁਤਾਬਕ ਵੱਧ ਤੋਂ ਵੱਧ ਸਜ਼ਾ ਸੁਣਾਈ ਗਈ ਹੈ। ਅਦਾਲਤੀ ਫ਼ੈਸਲੇ ਤੋਂ ਬਾਅਦ ਸ਼ੁਰੂ ਹੋਈ ਚਰਚਾ ਦੀਆਂ ਕੁਝ ਤੰਦਾਂ ਇਸ ਮਸਲੇ ਦੇ ਪਿਛੋਕੜ ਦੇ ਨਾਲ-ਨਾਲ ਸਾਡੇ ਮੁਲਕ ਦੇ ਆਮ ਲੋਕਾਂ ਦੇ ਭਵਿੱਖ ਨਾਲ ਵੀ ਜੁੜੀਆਂ ਹੋਈਆਂ ਹਨ। ਇਨ੍ਹਾਂ ਤੰਦਾਂ ਦੀ ਪੈੜ ਨੱਪ ਕੇ ਮੌਜੂਦਾ ਨਿਜ਼ਾਮ, ਬਹੁ-ਕੌਮੀ ਕੰਪਨੀਆਂ, ਕੌਮਾਂਤਰੀ ਸਿਆਸਤ ਅਤੇ ਆਲਮੀ ਪੱਧਰ ਉਤੇ ਪ੍ਰਚਾਰੀਆਂ ਤੇ ਥੋਪੀਆਂ ਜਾ ਰਹੀਆਂ ਨੀਤੀਆਂ ਦਾ ਪੇਚੀਦਾ ਰਿਸ਼ਤਾ ਸਮਝਿਆ ਜਾ ਸਕਦਾ ਹੈ।

ਭੁਪਾਲ ਵਿਚ ਯੂਨੀਅਨ ਕਾਰਬਾਈਡ ਨੇ 1976 ਵਿਚ ਕਾਰਖ਼ਾਨਾ ਬਣਾਉਣਾ ਸ਼ੁਰੂ ਕੀਤਾ। ਭਾਰਤੀ ਖੇਤੀ ਨੂੰ ਕੀਟਾਂ ਦੀ ਮਾਰ ਤੋਂ ਬਚਾ ਕੇ ਅੰਨ-ਸੁਰੱਖਿਆ ਦਾ ਟੀਚਾ ਪੂਰਾ ਕਰਨਾ ਮੁੱਖ ਉਦੇਸ਼ ਦੱਸਿਆ ਗਿਆ ਸੀ। 'ਸੇਵਨ' ਨਾਂ ਦੇ ਰਸਾਇਣ ਦੀ ਦਰਾਮਦ ਲਈ ਸਰਕਾਰ ਏਨੀ ਕਾਹਲੀ ਸੀ ਕਿ ਅਮਰੀਕੀ ਕੰਪਨੀ ਨੇ ਕਿਸੇ ਦੂਜੇ ਮੁਲਕ ਨੂੰ ਜਾ ਰਹੇ ਸਮੁੰਦਰੀ ਜਹਾਜ਼ ਦੀ ਮੰਜ਼ਿਲ ਬਦਲ ਕੇ ਭਾਰਤ ਵਿਚ ਇਸ ਦੀ ਪਹਿਲੀ ਖੇਪ ਪਹੁੰਚਾ ਦਿੱਤੀ। ਯੂਨੀਅਨ ਕਾਰਬਾਈਡ ਦੇ ਕਾਰਖ਼ਾਨੇ ਲਈ ਹਰ ਮਹਿਕਮੇ ਤੋਂ ਪ੍ਰਵਾਨਗੀਆਂ ਪਹਿਲ ਦੇ ਆਧਾਰ ਉਤੇ ਮਿਲੀਆਂ। ਚਾਰ ਸਾਲਾਂ ਵਿਚ ਭੁਪਾਲ ਵਿਚ ਪੈਦਾਵਾਰ ਸ਼ੁਰੂ ਹੋ ਗਈ। ਇਸੇ ਸਮੇਂ ਦੌਰਾਨ ਲਾਗਲੇ ਇਲਾਕਿਆਂ ਵਿਚੋਂ ਧਰਤੀ ਹੇਠਲੇ ਪਾਣੀ ਦੇ ਪਲੀਤ ਹੋਣ ਦੀਆਂ ਸ਼ਿਕਾਇਤਾਂ ਮਿਲਣ ਲੱਗੀਆਂ। ਰਸਾਇਣਕ ਸਨਅਤ ਵੱਲੋਂ ਲੋੜੀਂਦੀਆਂ ਪੇਸ਼ਬੰਦੀਆਂ ਵਿਚ ਢਿੱਲ ਵਰਤਣ ਦੀਆਂ ਗੱਲਾਂ ਹੋਣ ਲੱਗੀਆਂ। ਕੰਪਨੀ ਨੇ ਬੱਚਤ ਦੇ ਨਾਂ ਉਤੇ ਹੁਨਰਮੰਦ ਅਤੇ ਪੇਸ਼ੇਵਰ ਪ੍ਰਬੰਧਕਾਂ ਦੀ ਥਾਂ ਘੱਟ ਤਨਖ਼ਾਹਾਂ ਉਤੇ ਨਵੀਂ ਭਰਤੀ ਕੀਤੀ। ਸੁਰੱਖਿਆ ਪੱਖੋਂ ਰਸਾਇਣਿਕ ਸਨਅਤ ਵਿਚ ਘਾਤਕ ਰਸਾਇਣਾਂ ਦੇ ਭੰਡਾਰ ਨੂੰ ਫੌਰੀ ਲੋੜਾਂ ਮੁਤਾਬਕ ਹੀ ਰੱਖਿਆ ਜਾਂਦਾ ਹੈ। ਭੁਪਾਲ ਵਿਚ ਲੋੜੋਂ ਵੱਡੇ ਭੰਡਾਰ ਬਣਾਏ ਗਏ। ਸ਼ੁਰੂ ਵਿਚ ਪ੍ਰਗਟਾਏ ਗਏ ਖ਼ਦਸ਼ਿਆਂ ਨੂੰ ਇਹ ਕਹਿ ਕੇ ਖਾਰਜ ਕੀਤਾ ਗਿਆ ਕਿ ਇਨ੍ਹਾਂ ਟੈਂਕਾਂ ਨੂੰ ਕਦੇ ਭਰਿਆ ਨਹੀਂ ਜਾਵੇਗਾ। ਅੰਦਰ ਪੇਸ਼ਬੰਦੀਆਂ ਢਿੱਲੀਆਂ ਅਤੇ ਹੰਗਾਮੀ ਬੰਦੋਬਸਤ ਸੁਸਤ ਹੋ ਰਹੇ ਸਨ। ਬਾਹਰ ਪਸ਼ੂ ਮਰ ਰਹੇ ਸਨ, ਧਰਤੀ ਹੇਠਲੇ ਪਾਣੀ ਵਿਚ ਰਸਾਇਣਕ ਤੱਤਾਂ ਦੀ ਪੁਸ਼ਟੀ ਹੋ ਰਹੀ ਸੀ ਅਤੇ ਪੱਤਰਕਾਰ ਘਾਤਕ ਹਾਦਸੇ ਦੇ ਖ਼ਦਸ਼ੇ ਪ੍ਰਗਟ ਕਰ ਰਹੇ ਸਨ। ਰਸਾਇਣ ਦੇ ਰਿਸਣ ਕਾਰਨ ਕਾਰਖ਼ਾਨੇ ਦੇ ਅੰਦਰ ਦੋ ਹਾਦਸੇ ਹੋ ਚੁੱਕੇ ਸਨ। ਆਖ਼ਰ ਸਭ ਤੋਂ ਭਿਆਨਕ ਸਨਅਤੀ ਹਾਦਸਾ ਵਾਪਰ ਗਿਆ।

ਜਾਨੀ-ਮਾਲੀ ਨੁਕਸਾਨ ਦੇ ਪੁਖ਼ਤਾ ਅੰਕੜੇ ਅੱਜ ਤੱਕ ਇਕੱਠੇ ਨਹੀਂ ਹੋਏ। ਉਸ ਵੇਲੇ ਹਸਪਤਾਲ ਪਹੁੰਚੇ ਪੀੜਤਾਂ ਦੇ ਇਲਾਜ ਲਈ ਡਾਕਟਰਾਂ ਕੋਲ ਢੁਕਵੀਂ ਜਾਣਕਾਰੀ ਨਹੀਂ ਸੀ। ਡਾਕਟਰੀ ਖੇਤਰ ਵਿਚ ਉਨ੍ਹਾਂ ਪੀੜਤਾਂ ਦੇ ਇਲਾਜ ਬਾਬਤ ਹਾਲੇ ਤੱਕ ਬਹਿਸ ਚਲ ਰਹੀ ਹੈ। ਰਸਾਇਣ ਰਸਾਅ ਦਾ ਅਸਰ ਦੂਜੀ ਅਤੇ ਤੀਜੀ ਪੀੜੀ ਤੱਕ ਪਹੁੰਚ ਗਿਆ ਹੈ। ਜੋ ਲੋਕ ਉਸ ਵੇਲੇ ਪੀੜਤਾਂ ਦੀ ਮਦਦ ਲਈ ਪਹੁੰਚੇ ਸਨ ਉਹ ਅੱਜ ਤੱਕ ਹਸਪਤਾਲਾਂ, ਅਦਾਲਤਾਂ ਅਤੇ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਟ ਰਹੇ ਹਨ।

ਇਸ ਮਨੁੱਖੀ ਤ੍ਰਾਸਦੀ ਬਾਬਤ ਅਹਿਮ ਸਵਾਲ ਇਹ ਹੈ ਕਿ ਕੀ ਇਹ ਅਣਗਹਿਲੀ ਕਾਰਨ ਹੋਇਆ ਹਾਦਸਾ ਹੈ ਜਾਂ ਜਾਣਕਾਰੀ ਹੋਣ ਦੇ ਬਾਵਜੂਦ ਕੀਤੀ ਨਜ਼ਰਅੰਦਾਜ਼ੀ ਦਾ ਅਟੱਲ ਨਤੀਜਾ। ਇਹ ਸਵਾਲ ਮਹਿਜ਼ ਤਕਨੀਕੀ ਨਹੀਂ ਹੈ। ਇਸੇ ਸਵਾਲ ਨਾਲ ਇਹ ਤੈਅ ਹੁੰਦਾ ਹੈ ਕਿ ਮੁਲਜ਼ਮਾਂ ਖ਼ਿਲਾਫ਼ ਕਿਨ੍ਹਾਂ ਧਾਰਾਵਾਂ ਤਹਿਤ ਮੁਕੱਦਮਾ ਚਲਾਇਆ ਜਾਣਾ ਹੈ। ਜਦੋਂ ਯੂਨੀਅਨ ਕਾਰਬਾਈਡ ਦਾ ਪ੍ਰਧਾਨ ਵਾਰਨ ਐਂਡਰਸਨ ਹਾਦਸੇ ਤੋਂ ਕੁਝ ਦਿਨ ਬਾਅਦ ਭਾਰਤ ਆਇਆ ਤਾਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ। ਕੇਂਦਰ ਸਰਕਾਰ ਦੇ ਜ਼ਬਾਨੀ ਜਾਂ ਗੁਪਤ ਹੁਕਮਾਂ ਤਹਿਤ ਸੂਬਾ ਸਰਕਾਰ ਨੇ ਉਸ ਨੂੰ 25,000 ਰੁਪਏ ਦੀ ਜ਼ਮਾਨਤ ਉਤੇ ਰਿਹਾ ਕੀਤਾ। ਸਰਕਾਰੀ ਜਹਾਜ਼ ਵਿਚ ਉਹ ਭੁਪਾਲ ਤੋਂ ਦਿੱਲੀ ਗਿਆ। ਟੈਲੀਵਿਜ਼ਨ ਉਤੇ ਦਿਖਾਇਆ ਜਾ ਰਿਹਾ ਹੈ ਕਿ ਇਸੇ ਦੌਰਾਨ ਉਹ ਅਮਰੀਕਾ ਜਾਣ ਤੋਂ ਪਹਿਲਾਂ ਸੰਸਦ ਭਵਨ ਗਿਆ।

ਅਦਾਲਤੀ ਕਾਰਵਾਈ ਸ਼ੁਰੂ ਹੋਈ। ਭੁਪਾਲ ਵਿਚ ਜਿਸ ਮਾਮਲੇ ਦਾ ਫ਼ੈਸਲਾ ਹੋਇਆ ਹੈ ਇਹ ਮੁਜਰਮਾਂ ਨੂੰ ਸਜ਼ਾ ਦੇਣ ਲਈ ਸੀ। ਇਸ ਤੋਂ ਇਲਾਵਾ ਭੁਪਾਲ ਦੀ ਸੈਸ਼ਨ ਅਦਾਲਤ, ਸੁਪਰੀਮ ਕੋਰਟ ਅਤੇ ਅਮਰੀਕਾ ਦੀ ਅਦਾਲਤ ਵਿਚ ਮੁਕੱਦਮੇ ਚੱਲ ਰਹੇ ਹਨ। ਭਾਰਤ ਦੇ ਲੋਕਾਂ ਦੀ ਅੰਨ ਸੁਰੱਖਿਆ ਲਈ ਸਰਕਾਰ ਨੇ ਯੂਨੀਅਨ ਕਾਰਬਾਈਡ ਨਾਲ ਸਮਝੌਤਾ ਕੀਤਾ ਸੀ। ਸਮਝੌਤੇ ਵਿਚ ਸਰਕਾਰ ਲੋਕਾਂ ਦੀ ਨੁਮਾਇੰਦਗੀ ਕਰ ਰਹੀ ਸੀ। ਮੁਕੱਦਮੇ ਵਿਚ ਲੋਕਾਂ ਦੀ ਨੁਮਾਇੰਦਗੀ ਕਰਨਾ ਸਰਕਾਰ ਦਾ ਫ਼ਰਜ਼ ਸੀ। ਐਂਡਰਸਨ ਨੂੰ ਸੁਰੱਖਿਅਤ ਲਾਂਘਾ ਦੇ ਕੇ ਸਰਕਾਰ ਆਪਣਾ ਪੱਖ ਸਪਸ਼ਟ ਕਰ ਚੁੱਕੀ ਹੈ। ਮੁੱਖ ਮਸਲਾ ਦੋਸ਼ੀਆਂ ਦੀ ਸਜ਼ਾ ਅਤੇ ਪੀੜਤਾਂ ਲਈ ਮੁਆਵਜ਼ੇ ਤੇ ਮੁੜ-ਵਸੇਬੇ ਦਾ ਸੀ। ਸੀ.ਬੀ.ਆਈ. ਨੇ ਜਾਂਚ ਤੋਂ ਬਾਅਦ ਦੋਸ਼ ਪੱਤਰ ਦਾਇਰ ਕੀਤਾ। ਸੁਪਰੀਮ ਕੋਰਟ ਨੇ 1996 ਵਿਚ ਆਪਣੇ ਫ਼ੈਸਲੇ ਤਹਿਤ ਇਲਜ਼ਾਮ 'ਜਾਣਕਾਰੀ ਦੇ ਬਾਵਜੂਦ ਘਾਤਕ ਨਜ਼ਰਅੰਦਾਜ਼ੀ' ਤੋਂ ਘਟਾ ਕੇ 'ਅਣਗਹਿਲੀ ਕਾਰਨ ਕਤਲ' ਕਰ ਦਿੱਤਾ। ਇਸੇ ਇਲਜ਼ਾਮ ਤਹਿਤ ਹੁਣ ਸੈਸ਼ਨ ਅਦਾਲਤ ਨੇ ਫ਼ੈਸਲਾ ਸੁਣਾਇਆ ਹੈ।

ਮੁਆਵਜ਼ੇ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਸਰਕਾਰ ਅਤੇ ਯੂਨੀਅਨ ਕਾਰਬਾਈਡ ਵਿਚਕਾਰ ਸਮਝੌਤੇ ਨੂੰ 1989 ਵਿਚ ਮਨਜ਼ੂਰੀ ਦੇ ਦਿੱਤੀ ਸੀ। ਇਸ ਸਮਝੌਤੇ ਤਹਿਤ ਯੂਨੀਅਨ ਕਾਰਬਾਈਡ ਨੇ 713 ਕਰੋੜ ਮੁਆਵਜ਼ਾ ਦੇਣਾ ਮੰਨ ਲਿਆ ਸੀ ਜਿਸ ਦੇ ਬਦਲੇ ਵਿਚ ਸਰਕਾਰ ਨੇ ਅਦਾਲਤੀ ਕਾਰਵਾਈ ਬੰਦ ਕਰਨ ਦਾ ਵਾਅਦਾ ਕੀਤਾ ਸੀ। ਇਸ ਸਮਝੌਤੇ ਖ਼ਿਲਾਫ਼ ਉਠੇ ਲੋਕ ਰੋਹ ਕਾਰਨ ਇਹ ਮੁਕੱਦਮੇ 1991 ਵਿਚ ਨਵੇਂ ਸਿਰੇ ਤੋਂ ਖੋਲ੍ਹੇ ਗਏ। ਹੁਣ ਤੱਕ ਪੀੜਤਾਂ ਨੂੰ ਮੁਆਵਜ਼ੇ ਵਜੋਂ ਦੋ ਕਿਸ਼ਤਾਂ ਵਿਚ ਤਕਰੀਬਨ 25,000 ਰੁਪਏ ਤੱਕ ਦੀ ਰਕਮ ਦਿੱਤੀ ਗਈ ਹੈ। ਹਾਲੇ ਮੁਆਵਜ਼ੇ ਦਾ ਮਾਮਲਾ ਸੁਪਰੀਮ ਕੋਰਟ ਵਿਚ ਲਟਕਿਆ ਹੋਇਆ ਹੈ। ਸ਼ੁਰੂ ਵਿਚ ਮੁਆਵਜ਼ੇ ਵਜੋਂ 33 ਅਰਬ ਅਮਰੀਕੀ ਡਾਲਰ ਦੀ ਮੰਗ ਕੀਤੀ ਗਈ ਸੀ। ਇੱਥੇ ਮਿਸਾਲ ਵਜੋਂ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਅਦਾਲਤ ਨੇ ਉਪਹਾਰ ਤ੍ਰਾਸਦੀ ਦੇ ਪੀੜਤਾਂ ਨੂੰ 15 ਤੋਂ 18 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਹੈ ਅਤੇ ਅਦਾਲਤੀ ਕਾਰਵਾਈ ਦੇ ਸਮੇਂ ਲਈ 9 ਫ਼ੀਸਦੀ ਸਾਲਾਨਾ ਵਿਆਜ ਦੇਣ ਦਾ ਹੁਕਮ ਸੁਣਾਇਆ ਹੈ।

ਮੁਆਵਜ਼ੇ ਅਤੇ ਸਜ਼ਾ ਦੇ ਮਾਮਲਿਆਂ ਵਿਚ ਇਸ ਵੇਲੇ ਸਾਰੀਆਂ ਸਿਆਸੀ ਧਿਰਾਂ ਪੀੜਤਾਂ ਦੇ ਪੱਖ ਵਿਚ ਬਿਆਨਬਾਜ਼ੀ ਕਰ ਰਹੀਆਂ ਹਨ। ਮੱਧ-ਪ੍ਰਦੇਸ਼ ਦੇ ਤੱਤਕਾਲੀ ਮੁੱਖ-ਮੰਤਰੀ ਅਰਜੁਨ ਸਿੰਘ ਨੂੰ ਘੇਰਨ ਲਈ ਭਾਜਪਾ ਅਤੇ ਕਾਂਗਰਸ ਦਾ ਇੱਕ ਧੜਾ ਸਰਗਰਮ ਹੈ। ਉਂਜ ਇਨ੍ਹਾਂ ਦੋਵਾਂ ਪਾਰਟੀਆਂ ਦਾ ਮੌਜੂਦਾ ਰੋਹ ਇਨ੍ਹਾਂ ਦੀ ਕਾਰਗੁਜ਼ਾਰੀ ਨਾਲ ਮੇਲ ਨਹੀਂ ਖਾਂਦਾ। ਉਸ ਵੇਲੇ ਸੂਬੇ ਅਤੇ ਕੇਂਦਰ ਵਿਚ ਕਾਂਗਰਸ ਦੀ ਸਰਕਾਰ ਸੀ। ਕੇਂਦਰ ਸਰਕਾਰ ਦੀ ਪ੍ਰਵਾਨਗੀ ਜਾਂ ਹੁਕਮ ਤੋਂ ਬਿਨਾਂ ਸੂਬਾ ਸਰਕਾਰ ਵਲੋਂ ਐਂਡਰਸਨ ਨੂੰ ਜ਼ਮਾਨਤ ਮਿਲਣਾ ਔਖਾ ਜਾਪਦਾ ਹੈ। ਭਾਜਪਾ ਨੇ ਆਪਣੇ ਰਾਜ ਦੌਰਾਨ ਭੁਪਾਲ ਗੈਸ ਤ੍ਰਾਸਦੀ ਵਿਚ ਦੋਸ਼ੀ ਕਰਾਰ ਦਿੱਤੇ ਗਏ ਕੇਸ਼ਵ ਮਹਿੰਦਰਾ ਨੂੰ ਪਦਮਸ੍ਰੀ ਸਨਮਾਨ ਲਈ ਨਾਮਜ਼ਦ ਕੀਤਾ ਸੀ। ਇਹ ਵੱਖਰੀ ਗੱਲ ਹੈ ਕਿ ਕੇਸ਼ਵ ਨੇ ਇਹ ਸਨਮਾਨ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਇਸ ਮਾਮਲੇ ਦੀਆਂ ਕੌਮਾਂਤਰੀ ਤੰਦਾਂ ਕੰਨੀ ਤੱਕ ਮਹਿਦੂਦ ਹੋ ਕੇ ਰਹਿ ਗਈਆਂ ਹਨ। ਯੂਨੀਅਨ ਕਾਰਬਾਈਡ ਨੂੰ ਡਾਓ ਕੈਮੀਕਲਜ਼ ਨੇ ਖਰੀਦ ਲਿਆ ਹੈ। ਡਾਓ ਨੇ ਯੂਨੀਅਨ ਕਾਰਬਾਈਡ ਦੀਆਂ ਪੁਰਾਣੀਆਂ ਦੇਣਦਾਰੀਆਂ ਤੋਂ ਪੱਲਾ ਝਾੜ ਲਿਆ ਹੈ ਜਿਨ੍ਹਾਂ ਵਿਚ ਭੁਪਾਲ ਵਿਚ ਪਿਆ ਰਸਾਇਣਕ ਕਚਰਾ ਅਤੇ ਮੁਆਵਜ਼ਾ ਸ਼ਾਮਿਲ ਹੈ। ਡਾਓ ਇਨ੍ਹਾਂ ਦੇਣਦਾਰੀਆਂ ਨੂੰ ਓਟਣ ਵਾਲੀ ਨਹੀਂ। ਡਾਓ ਨੇ ਵੀਅਤਨਾਮ ਦੀ ਜੰਗ ਦੌਰਾਨ ਅਮਰੀਕੀ ਫ਼ੌਜ ਨੂੰ ਘਾਤਕ ਰਸਾਇਣ ਮੁਹੱਈਆ ਕੀਤੇ ਸਨ। ਜੇ ਡਾਓ ਨੇ ਯੂਨੀਅਨ ਕਾਰਬਾਈਡ ਦੀਆਂ ਦੇਣਦਾਰੀਆਂ ਓਟ ਲਈਆਂ ਤਾਂ ਉਸ ਖ਼ਿਲਾਫ਼ ਹੋਰ ਵੀ ਬਹੁਤ ਮਾਮਲੇ ਖੁੱਲ੍ਹ ਸਕਦੇ ਹਨ। ਅਮਰੀਕਾ ਦੀਆਂ ਸਾਰੀਆਂ ਜੰਗੀ ਮੁਹਿੰਮਾਂ ਵਿਚ ਉਸ ਦਾ ਹੱਥ ਰਿਹਾ ਹੈ। ਇਸ ਭਾਈਵਾਲੀ ਕਾਰਨ ਹੀ ਅਮਰੀਕਾ ਕੌਮਾਂਤਰੀ ਪੱਧਰ ਉਤੇ ਸਰਕਾਰਾਂ ਦੀ ਭੂਮਿਕਾ ਨੂੰ ਖੁੱਲ੍ਹੇ ਵਪਾਰ ਲਈ ਢੁਕਵਾਂ ਮਾਹੌਲ ਮੁਹੱਈਆ ਕਰਨ ਤੱਕ ਘਟਾ ਕੇ ਦੇਖਦਾ ਹੈ। ਅਮਰੀਕਾ ਮੁਤਾਬਕ ਸਰਕਾਰਾਂ ਨੂੰ ਵਪਾਰਕ ਸਮਝੌਤਿਆਂ ਨੂੰ ਅਮਲੀ ਰੂਪ ਦੇਣ ਵਿਚ ਸਹਾਈ ਹੋਣਾ ਚਾਹੀਦਾ ਹੈ ਅਤੇ ਮੰਡੀ ਵਿਚ ਮੁਕਾਬਲੇਬਾਜ਼ੀ ਨੂੰ ਖੁੱਲ੍ਹੀ ਛੁੱਟੀ ਦੇ ਦੇਣੀ ਚਾਹੀਦੀ ਹੈ।

ਅਮਰੀਕੀ ਸਮਝ ਯੂਨੀਅਨ ਕਾਰਬਾਈਡ ਅਤੇ ਭਾਰਤ ਸਰਕਾਰ ਦੇ ਰਿਸ਼ਤੇ ਨੂੰ ਸਮਝਣ ਲਈ ਅਹਿਮ ਨੁਕਤਾ ਹੈ। ਬਹੁ-ਕੌਮੀ ਕੰਪਨੀਆਂ ਬਾਬਤ ਇਹ ਗੱਲ ਤਾਂ ਵਾਰ-ਵਾਰ ਚਰਚਾ ਦਾ ਵਿਸ਼ਾ ਬਣਦੀ ਰਹੀ ਹੈ ਕਿ ਇਹ ਆਪਣੀ ਤਾਕਤ ਨਾਲ ਨੀਤੀਆਂ ਅਤੇ ਸਰਕਾਰੀ ਫ਼ੈਸਲੇ ਤਬਦੀਲ ਕਰਵਾ ਸਕਦੀਆਂ ਹਨ। ਇਹ ਮੁਨਾਫ਼ਾ ਕਮਾਉਂਦੀਆਂ ਹਨ ਪਰ ਜ਼ਿੰਮੇਵਾਰੀਆਂ ਤੋਂ ਭੱਜ ਜਾਂਦੀਆਂ ਹਨ। ਸਰਕਾਰਾਂ ਇਨ੍ਹਾਂ ਕੰਪਨੀਆਂ ਨੂੰ ਜਦੋਂ ਨਿਵੇਸ਼ ਲਈ ਸੱਦੇ ਦਿੰਦੀਆਂ ਹਨ ਤਾਂ ਇਨ੍ਹਾਂ ਨੂੰ ਟੈਕਸ ਛੋਟਾਂ ਦਿੰਦੀਆਂ ਹਨ ਅਤੇ ਮਜ਼ਦੂਰੀ ਸਬੰਧੀ ਕਾਨੂੰਨੀ ਘੇਰੇ ਤੋਂ ਬਾਹਰ ਰੱਖਦੀਆਂ ਹਨ। ਇਨ੍ਹਾਂ ਦੀ ਪਿੱਠ ਉਤੇ ਅਮਰੀਕਾ ਹੈ ਜੋ ਸਰਕਾਰ 'ਤੇ ਦਬਾਅ ਪਾਉਂਦਾ ਹੈ ਅਤੇ ਮੁਨਾਫ਼ਾ ਯਕੀਨੀ ਬਣਾਉਂਦਾ ਹੈ। ਅਮਰੀਕੀ ਦਬਾਅ ਹੇਠ ਸਰਕਾਰਾਂ ਸਾਰੇ ਕਾਨੂੰਨੀ ਘੇਰੇ ਤੋੜ ਕੇ ਕੰਪਨੀਆਂ ਦੀ ਮਦਦ ਕਰਦੀਆਂ ਹਨ। ਯੂਨੀਅਨ ਕਾਰਬਾਈਡ ਦੇ ਮਾਮਲੇ ਵਿਚ ਇਹੋ ਤਾਂ ਹੋਇਆ ਹੈ।

ਸਰਕਾਰੀ ਫ਼ੈਸਲੇ ਨਾਲ ਭੁਪਾਲ ਦੇ ਲੋਕ ਉਸ ਤ੍ਰਾਸਦੀ ਦੀ ਜ਼ਦ ਵਿਚ ਆਏ। ਹੁਣ ਸਰਕਾਰੀ ਰਵਈਏ ਕਾਰਨ ਹੀ ਪੀੜਤ ਨਾਇਨਸਾਫ਼ੀ ਦੀ ਜ਼ਦ ਵਿਚ ਹਨ ਅਤੇ ਉਨ੍ਹਾਂ ਨੂੰ ਰਾਹਤ ਮਿਲਣ ਦੀ ਆਸ ਘੱਟ ਹੈ। ਭੁਪਾਲ ਦੇ ਤਜਰਬੇ ਦਾ ਦੂਜਾ ਪੱਖ ਇਹ ਹੈ ਕਿ ਹੁਣ ਵੀ ਸਰਕਾਰਾਂ ਸਾਰੇ ਕਾਨੂੰਨ ਛਿੱਕੇ ਉਤੇ ਟੰਗ ਕੇ ਬਹੁ-ਕੌਮੀ ਕੰਪਨੀਆਂ ਦਾ ਨਿਵੇਸ਼ ਯਕੀਨੀ ਬਣਾਉਣ ਲਈ ਕਾਹਲੀਆਂ ਹਨ। ਚੌਗਿਰਦੇ, ਮਨੁੱਖੀ ਸਿਹਤ, ਟੈਕਸਾਂ ਅਤੇ ਹੋਰ ਜ਼ਿੰਮੇਵਾਰੀਆਂ ਤੋਂ ਛੋਟਾਂ ਤਾਂ ਘਰੇਲੂ ਸਨਅਤਾਂ ਨੂੰ ਵੀ ਦਿੱਤੀਆਂ ਜਾਂਦੀਆਂ ਹਨ। ਬਹੁ-ਕੌਮੀ ਕੰਪਨੀਆਂ ਦੇ ਨਿਵੇਸ਼ ਨੂੰ ਸਰਕਾਰਾਂ ਆਪਣੀ ਪ੍ਰਾਪਤੀ ਵਜੋਂ ਪੇਸ਼ ਕਰਦੀਆਂ ਹਨ। ਮਨੁੱਖੀ ਅਤੇ ਜਮਹੂਰੀ ਅਧਿਕਾਰ ਜਥੇਬੰਦੀਆਂ ਵਾਰ-ਵਾਰ ਕਹਿ ਰਹੀਆਂ ਹਨ ਕਿ ਕਬਾਇਲੀ ਇਲਾਕਿਆਂ ਵਿਚ ਮਾਓਵਾਦੀਆਂ ਖ਼ਿਲਾਫ਼ ਹੋ ਰਹੀ ਕਾਰਵਾਈ ਪਿੱਛੇ ਵੀ ਬਹੁ-ਕੌਮੀ ਕੰਪਨੀਆਂ ਨਾਲ ਹੋਏ ਸਮਝੌਤੇ ਹਨ। ਵੱਖ-ਵੱਖ ਸ਼ਹਿਰਾਂ ਵਿਚ ਕਾਰਖ਼ਾਨਿਆਂ ਵਲੋਂ ਪਾਣੀ ਵਿਚ ਪਾਈਆਂ ਜਾ ਰਹੀਆਂ ਰਸਾਇਣਿਕ ਨਿਕਾਸੀਆਂ ਅਤੇ ਹਵਾ ਵਿਚ ਉਡਾਈ ਜਾ ਰਹੀ ਸੁਆਹ ਭੁਪਾਲ ਤ੍ਰਾਸਦੀ ਦਾ ਛੋਟਾ ਰੂਪ ਹੀ ਤਾਂ ਹੈ। ਕਿਤੇ ਲੁਧਿਆਣੇ ਵਿਚ ਵਗਦਾ ਬੁੱਢਾ ਨਾਲਾ ਜਾਂ ਬਠਿੰਡੇ ਵਿਚ ਉਡਦੀ ਸੁਆਹ ਹੌਲੀ-ਹੌਲੀ ਵਾਪਰਦਾ ਭੁਪਾਲ ਤਾਂ ਨਹੀਂ? ਇਸ ਰੁਝਾਨ ਦੀ ਘਾਤਕ ਜ਼ਦ ਵਿਚ ਆਏ ਲੋਕਾਂ ਦੀ ਬਾਂਹ ਕੌਣ ਫੜੇਗਾ?

# ਮੋਦੀ ਨਾਲ ਫੋਟੋ ਛਾਪੇ ਜਾਣ ਕਾਰਨ ਨਿਤਿਸ਼ ਕੁਮਾਰ ਭਾਜਪਾ 'ਤੇ ਵਰ੍ਹੇ

**ਪਟਨਾ :** ਨਿਤਿਸ਼ ਕੁਮਾਰ ਅਤੇ ਨਰਿੰਦਰ ਮੋਦੀ ਦੇ ਇਸ਼ਤਿਹਾਰ ਦੇ ਵਿਵਾਦ ਦਾ ਪਰਛਾਵਾਂ ਬੀਤੀ 13 ਜੂਨ ਨੂੰ ਭਾਜਪਾ ਦੀ ਸਵਾਭੀਮਾਨ ਰੈਲੀ 'ਤੇ ਵੀ ਵਿਖਾਈ ਦਿਤਾ ਕਿਉਂਕਿ ਬਿਹਾਰ ਦੇ ਰੁੱਸੇ ਹੋਏ ਮੁੱਖ ਮੰਤਰੀ ਰੈਲੀ ਵਿਚ ਸ਼ਾਮਲ ਨਾ ਹੋਏ। ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਇਹ ਕਹਿ ਕੇ ਵਿਵਾਦ ਨੂੰ ਠੱਲ੍ਹਣ ਦੀ ਕੋਸ਼ਿਸ਼ ਕੀਤੀ ਕਿ ਗਠਜੋੜ ਵਿਚ ਛੋਟੀਆਂ-ਮੋਟੀਆਂ ਮੁਸ਼ਕਲਾਂ ਤਾਂ ਆਉਂਦੀਆਂ ਹੀ ਰਹਿੰਦੀਆਂ ਹਨ।

ਰੈਲੀ ਵਿਚ ਅਡਵਾਨੀ ਦੇ ਪੂਰੇ ਭਾਸ਼ਣ ਦੌਰਾਨ ਨਿਤਿਸ਼ ਦਾ ਨਾਂ ਛਾਇਆ ਰਿਹਾ। ਉਨ੍ਹਾਂ ਦੇ ਭਾਸ਼ਣ ਤੋਂ ਇੰਝ ਜਾਪ ਰਿਹਾ ਸੀ ਜਿਵੇਂ ਅਡਵਾਨੀ ਆਪਣੇ ਭਾਸ਼ਣ ਤਲ ਨਿਤਿਸ਼ ਦੀ ਤਲਖ਼ੀ ਦੂਰ ਕਰਨਾ ਚਾਹੁੰਦੇ ਹੋਣ। ਜ਼ਿਕਰਯੋਗ ਹੈ ਕਿ ਬੀਤੀ 12 ਜੂਨ ਨੂੰ ਮੋਦੀ ਅਤੇ ਨਿਤਿਸ਼ ਦੀਆਂ ਤਸਵੀਰਾਂ ਨਾਲ ਦੋਹਾਂ ਪਾਰਟੀਆਂ ਵਿਚ ਦੂਰੀ ਬਣੀ ਸੀ, ਉਸ ਨੂੰ ਅਡਵਾਨੀ ਦੇ ਭਾਸ਼ਣ ਨਾਲ ਦੂਰ ਕਰਨ ਦੀ ਕੋਸ਼ਿਸ਼ ਕੀਤੀ ਗਈ।

ਅਡਵਾਨੀ ਨੇ ਕਿਹਾ ਕਿ ਨਿਤਿਸ਼ ਨਾਲ ਉਨ੍ਹਾਂ ਦੀ ਪਾਰਟੀ ਦਾ ਪਿਛਲੇ 15 ਸਾਲਾਂ ਤੋਂ ਰਿਸ਼ਤਾ ਹੈ ਅਤੇ ਇਹ ਰਿਸ਼ਤਾ ਕਿਸੇ ਛੋਟੀ ਜਿਹੀ ਗੱਲ ਨਾਲ ਨਹੀਂ ਟੁੱਟ ਸਕਦਾ। ਅਡਵਾਨੀ ਨੇ ਬਿਹਾਰ ਦੀ ਤਰੱਕੀ ਲਈ ਨਿਤਿਸ਼ ਨੂੰ ਵਧਾਈ ਵੀ ਦਿੱਤੀ। ਉਨ੍ਹਾਂ ਕਿਹਾ ਕਿ ਜਿਵੇਂ ਕਈ ਹੋਰ ਸੂਬਿਆਂ ਦੇ ਨਾਂ ਬਦਲੇ ਗਏ ਹਨ, ਉਸੇ ਤਰ੍ਹਾਂ ਬਿਹਾਰ ਦਾ ਨਾਂ ਵੀ ਬਦਲ ਕੇ ਪਾਟਲੀ ਪੁੱਤਰ ਰੱਖਿਆ ਜਾਵੇ। ਅਡਵਾਨੀ ਨੇ ਕਿਹਾ ਕਿ ਨਿਤਿਸ਼ ਕੁਮਾਰ ਨੂੰ ਸੂਬੇ ਵਿਚੋਂ 15 ਸਾਲ ਤੋਂ ਚਲ ਰਹੇ ਮਾੜੇ ਸ਼ਾਸਨ ਨੂੰ ਖ਼ਤਮ ਕਰਨ ਅਤੇ ਚੰਗਾ ਸ਼ਾਸਨ ਕਾਇਮ ਕਰਨ ਲਈ ਭਾਜਪਾ ਵਲੋਂ ਦਿਤੇ ਸਹਿਯੋਗ ਨੂੰ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਨਿਤਿਸ਼ ਕੁਮਾਰ ਨੂੰ ਪੁਰਾਣੇ ਰਿਸ਼ਤਿਆਂ ਦਾ ਵਾਸਤਾ ਦਿਤਾ ਪਰ ਪਾਰਟੀ ਦੇ ਪ੍ਰਧਾਨ ਨਿਤਿਨ ਗਡਕਰੀ ਜਾਂ ਮੋਦੀ ਦੇ ਭਾਸ਼ਣ ਵਿਚ ਨਿਤਿਸ਼ ਕੁਮਾਰ ਦਾ ਕੋਈ ਜ਼ਿਕਰ ਨਾ ਆਇਆ।



ਭਾਜਪਾ ਦੀ ਦੋ ਦਿਨ ਚੱਲੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਤੋਂ ਬਾਅਦ ਰੈਲੀ ਦੌਰਾਨ ਅਡਵਾਨੀ ਨੇ ਕਿਹਾ ਕਿ ਕੇਂਦਰ ਵਿਚ ਐਨ.ਡੀ.ਏ. ਸਰਕਾਰ ਵਿਚ ਨਿਤਿਸ਼ ਕੁਮਾਰ ਨੂੰ ਕੈਬਨਿਟ ਮੰਤਰੀ ਬਣਾਇਆ ਗਿਆ ਅਤੇ ਬਿਹਾਰ ਵਿਚ ਬਿਨਾਂ ਸ਼ਰਤ ਸਹਿਯੋਗ ਦੀ ਪੇਸ਼ਕਸ਼ ਕੀਤੀ ਗਈ। ਅਡਵਾਨੀ ਨੇ ਕਿਹਾ ਕਿ 1995 ਵਿਚ ਮੁੰਬਈ ਵਿਖੇ ਹੋਈ ਪਾਰਟੀ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਮੈਂ ਨਿਤਿਸ਼ ਕੁਮਾਰ ਨੂੰ ਵਿਸ਼ੇਸ਼ ਸੱਦਾ ਭੇਜਿਆ ਸੀ ਅਤੇ ਉਸ ਸਮੇਂ ਤੋਂ ਉਹ ਸਾਡੇ ਨਾਲ ਹਨ।

ਯਾਦ ਰਹੇ ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਵਾਲਾ ਇਸ਼ਤਿਹਾਰ ਛਪਣ ਦਾ ਮਾਮਲਾ ਗਰਮਾਇਆ ਹੋਇਆ ਹੈ। ਬਗ਼ੈਰ ਪੁੱਛੇ ਤਸਵੀਰ ਛਾਪਣ ਤੋਂ ਗੁੱਸੇ ਨਿਤਿਸ਼ ਕੁਮਾਰ ਨੇ ਭਾਜਪਾ ਦੇ ਆਗੂਆਂ ਨੂੰ ਦਿੱਤਾ ਜਾਣ ਵਾਲਾ 12 ਜੂਨ ਦਾ ਰਾਤ ਦੇ ਖਾਣੇ ਦਾ ਸੱਦਾ ਪੱਤਰ ਰੱਦ ਕਰ ਦਿਤਾ ਸੀ ਅਤੇ ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਵੀ ਦਿਤੀ ਸੀ। ਯਾਦ ਰਹੇ ਪਟਨਾ ਤੋਂ ਪ੍ਰਕਾਸ਼ਤ ਹੋਣ ਵਾਲੇ ਲਗਭਗ ਹਰ ਅਖ਼ਬਾਰ ਵਿਚ ਬੀਤੀ 12 ਜੂਨ ਨੂੰ ਪੂਰੇ ਸਫ਼ੇ ਦਾ ਇਸ਼ਤਿਹਾਰ ਛਪਿਆ ਸੀ ਜਿਸ ਵਿਚ ਲਿਖਿਆ ਸੀ ਕਿ ਗੁਜਰਾਤ ਅਤੇ ਬਿਹਾਰ ਦਾ ਪੁਰਾਣਾ ਰਿਸ਼ਤਾ ਹੈ। ਇਸ਼ਤਿਹਾਰ ਵਿਚ ਨਰਿੰਦਰ ਮੋਦੀ ਅਤੇ ਨਿਤਿਸ਼ ਕੁਮਾਰ ਨੂੰ ਇਕੱਠਿਆਂ ਵਿਖਾਇਆ ਗਿਆ ਸੀ ਅਤੇ ਦਸਿਆ ਗਿਆ ਕਿ ਔਖ ਦੀ ਘੜੀ ਵਿਚ ਗੁਜਰਾਤ ਨੇ ਹਮੇਸ਼ਾ ਬਿਹਾਰ ਦਾ ਸਾਥ ਦਿਤਾ।

ਦੂਜੇ ਪਾਸੇ ਗੁਜਰਾਤ ਸਰਕਾਰ ਨੇ ਕਿਹਾ ਹੈ ਕਿ ਬਿਹਾਰ ਦੇ ਅਖ਼ਬਾਰਾਂ ਵਿਚ ਛਪੇ ਇਸ਼ਤਿਹਾਰ ਉਸ ਨੇ ਜਾਰੀ ਨਹੀਂ ਕੀਤੇ। ਸੂਬੇ ਦੇ ਸਿਹਤ ਮੰਤਰੀ ਅਤੇ ਸਰਕਾਰ ਦੇ ਬੁਲਾਰੇ ਜੈ ਨਾਰਾਇਣ ਬਿਆਸ ਨੇ ਕਿਹਾ ਕਿ ਅਖ਼ਬਾਰਾਂ ਵਿਚ ਆਏ ਇਸ਼ਤਿਹਾਰ ਨਾਲ ਸਾਡਾ ਕੋਈ ਲੈਣਾ ਦੇਣਾ ਨਹੀਂ। ਭਾਜਪਾ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਵਿਚ ਸ਼ਾਮਲ ਹੋਣ ਆਏ ਨਰਿੰਦਰ ਮੋਦੀ ਦੇ ਸਮਰਥਨ ਵਿਚ ਛਪ ਰਹੇ ਇਸ਼ਤਿਹਾਰਾਂ ਨੇ ਇਸ ਸਾਲ ਦੇ ਅਖ਼ੀਰ ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬਿਹਾਰ ਦੀ ਸਿਆਸਤ ਨੂੰ ਗਰਮਾ ਦਿਤਾ ਹੈ। ਜਨਤਾ ਦਲ (ਯੂ) ਜੋ ਚੋਣਾਂ ਦੌਰਾਨ ਮੁਸਲਮਾਨਾਂ ਦੀਆਂ ਵੋਟਾਂ ਹਾਸਲ ਕਰਨ ਲਈ ਮਨਸੂਬੇ ਘੜੀ ਬੈਠਾ ਸੀ, ਮੋਦੀ ਨਾਲ ਨਿਤਿਸ਼ ਦੀਆਂ ਤਸਵੀਰਾਂ ਛਪਣ ਕਾਰਨ ਮੁਸ਼ਕਲ ਵਿਚ ਆ ਗਿਆ ਹੈ। ਨਿਤਿਸ਼ ਕੁਮਾਰ ਵਲੋਂ ਦਿਤੇ ਗਏ ਰਾਤ ਦੇ ਖਾਣੇ ਵਿਚ ਭਾਜਪਾ ਦੇ ਕੌਮੀ ਆਗੂਆਂ ਨੇ ਵੀ ਸ਼ਿਰਕਤ ਕਰਨੀ ਸੀ।

ਨਿਤਿਸ਼ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਇਸ ਮਾਮਲੇ ਦੀ ਜਾਂਚ ਕਰਵਾ ਕੇ ਸੰਭਾਵਤ ਕਾਨੂੰਨੀ ਕਾਰਵਾਈ ਕਰਨਗੇ। ਉਨ੍ਹਾਂ ਕਿਹਾ ਕਿ ਭਾਰਤੀ ਸਭਿਆਚਾਰ ਦੀ ਰਵਾਇਤ ਰਹੀ ਹੈ ਕਿ ਮਦਦ ਦਾ ਪ੍ਰਚਾਰ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਗੁਜਰਾਤ ਤੋਂ ਕੋਸੀ ਹੜ੍ਹ ਪੀੜਤਾਂ ਦੀ ਮਦਦ ਲਈ ਜੋ ਰਕਮ ਮਿਲੀ ਸੀ, ਉਹ ਵਾਪਸ ਕਰ ਦਿਤੀ ਜਾਵੇਗੀ। ਬਿਹਾਰ ਦੇ ਲੋਕ ਆਫ਼ਤਾਂ ਨਾਲ ਨਜਿੱਠਣ ਦੇ ਸਮਰਥ ਹਨ ਅਤੇ ਉਨ੍ਹਾਂ ਨੂੰ ਕਿਸੇ ਦੀ ਮਿਹਰਬਾਨੀ ਨਹੀਂ ਚਾਹੀਦੀ।

ਉਧਰ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ ਯਾਦਵ ਨੇ ਬਿਹਾਰ ਦੇ ਮੁੱਖ ਮੰਤਰੀ ਨੂੰ ਭਾਜਪਾ ਨਾਲੋਂ ਤੋੜ ਵਿਛੋੜਾ ਕਰਨ ਦੀ ਸਲਾਹ ਦਿਤੀ। ਇਸ਼ਤਿਹਾਰ ਛਪਣ ਮਗਰੋਂ ਨਿਤਿਸ਼ ਕੁਮਾਰ ਦੇ ਬਿਆਨ ਦਾ ਜ਼ਿਕਰ ਕਰਦਿਆਂ ਲਾਲੂ ਨੇ ਕਿਹਾ ਕਿ ਇਸ ਵਿਚ ਨਵਾਂ ਕੀ ਹੈ? ਉਨ੍ਹਾਂ ਕਿਹਾ ਕਿ ਮੋਦੀ ਨਾਲ ਮੰਚ ਸਾਂਝਾ ਨਾ ਕਰਨ ਦਾ ਦਾਅਵਾ ਕਰਨ ਵਾਲੇ ਨਿਤਿਸ਼ ਕੁਮਾਰ ਨੇ ਲੁਧਿਆਣਾ ਵਿਖੇ ਜਨਤਕ ਰੈਲੀ ਦੌਰਾਨ ਉਨ੍ਹਾਂ ਨਾਲ ਜੱਫੀਆਂ ਪਾਈਆਂ ਸਨ।

# ਸੁਰਾਂ ਦੀ ਸੌਦੇਬਾਜ਼ੀ ਬਨਾਮ ਪੰਜਾਬੀ ਸੰਗੀਤ

ਵਿਚਾਰ-ਚਰਚਾ

**ਸਤਿੰਦਰ ਸਰਤਾਜ ਦੀ ਗਾਇਕੀ ਬਾਰੇ ਇਨ੍ਹਾਂ ਸਫਿਆਂ 'ਤੇ ਪਿਛਲੇ ਕੁਝ ਹਫਤਿਆਂ ਤੋਂ ਚਰਚਾ ਚੱਲ ਰਹੀ ਹੈ। ਸਪਸ਼ਟ ਕਰ ਦਈਏ ਕਿ ਸਾਡਾ ਮਨੋਰਥ ਸਰਤਾਜ ਨੂੰ ਭੰਡਣਾ ਨਹੀਂ ਹੈ ਸਗੋਂ ਪੰਜਾਬੀ ਗਾਇਕੀ ਬਾਰੇ ਇਕ ਗੰਭੀਰ ਬਹਿਸ ਛੇੜਣ ਦਾ ਹੈ। ਇਹ ਲੇਖ ਵੀ ਇਸੇ ਮਕਸਦ ਨਾਲ ਛਾਪੇ ਜਾ ਰਹੇ ਹਨ। -ਸੰਪਾਦਕ**

**ਹਰਜਿੰਦਰ ਦੁਸਾਂਝ**

ਜਦੋਂ ਪੰਜਾਬ ਵਿਚ 'ਜੱਸੋਵਾਲ ਮਾਰਕਾ' ਸਭਿਆਚਾਰਕ ਮੇਲਿਆਂ ਦਾ ਆਗਾਜ਼ ਹੋਇਆ ਸੀ ਤਾਂ ਨਾਮੀ ਸ਼ਾਇਰ ਧਰਮ ਕੰਮੇਆਣਾ ਨੇ ਇਕ ਕਵਿਤਾ 'ਚ ਸੁਚੇਤ ਕੀਤਾ ਸੀ, "ਹੁਣ ਬੇ-ਸੁਰੇ ਬੋਲਾਂ (ਗੀਤਾਂ) ਦੇ ਰੌਲੇ 'ਚ ਸਰਗਮ ਸੁਣਨੀ ਨਹੀਂ"। ਉਸ ਦੀ ਹਰ ਗੱਲ ਸਹੀ ਸਾਬਤ ਹੋਈ। ਪੰਜਾਬੀ ਸੰਗੀਤ ਦੀ ਮੰਡੀ 'ਚ ਸਰਗਮ ਗੁਆਚ ਗਈ। ਮੰਡੀ ਦੇ ਸੰਗੀਤ ਵਪਾਰੀਆਂ ਨੇ ਲੱਛਮੀ ਸਾਹਮਣੇ ਸਰਸਵਤੀ ਦਾ ਚੀਰਹਰਨ ਕਰ ਦਿੱਤਾ। ਇਸੇ ਦੀ ਬਦੌਲਤ ਅੱਜ ਸੂਫੀ ਗਾਇਕੀ ਤੇ ਸ਼ਾਇਰੀ ਦੇ ਨਾਂ 'ਤੇ ਜੋ ਕੁਝ ਹੋ ਰਿਹਾ ਹੈ, ਉਸਨੂੰ ਦੇਖ ਕੇ ਕਬਰਾਂ 'ਚ ਪਏ ਬੁੱਲ੍ਹੇ ਸ਼ਾਹ, ਸੁਲਤਾਨ ਬਾਹੂ ਤੇ ਵਾਰਿਸ ਸ਼ਾਹ ਦੀਆਂ ਰੂਹਾਂ ਜ਼ਰੂਰ ਰੋਂਦੀਆਂ ਹੋਣਗੀਆਂ। ਖਿਆਲ ਕਰਨ ਦੀ ਲੋੜ ਹੈ, ਬੈਠ ਕੇ ਹਾਰਮੋਨੀਅਮ 'ਤੇ ਗਾਉਣ ਨਾਲ ਕੋਈ ਸੂਫੀ ਗਾਇਕ ਨਹੀਂ ਬਣ ਜਾਂਦਾ। ਸੰਗੀਤ ਦਾ ਸਬੰਧ ਮਨ ਦੇ ਟਿਕਾਅ ਨਾਲ ਹੈ, ਸਰੀਰ ਦੇ ਟਿਕਾਅ ਨਾਲ ਇਸ ਦਾ ਕੋਈ ਲੈਣਾ-ਦੇਣਾ ਨਹੀਂ। ਬੁੱਲ੍ਹੇ ਸ਼ਾਹ ਜਦੋਂ ਆਪਣੇ ਮੁਰਸ਼ਦ ਸ਼ਾਹ ਇਨਾਇਤ ਨੂੰ ਮਨਾਉਣ ਗਿਆ ਸੀ ਤਾਂ ਉਹ ਗਾਉਂਦਾ ਹੋਇਆ ਏਨਾ ਵਜਦ 'ਚ ਆ ਗਿਆ ਸੀ ਪਈ ਬੁੱਲ੍ਹਾ, ਬੋਲ ਤੇ ਰਾਗ ਇਕਮਿਕ ਹੋ ਗਏ। ਅਨਹਦ ਰਾਗ ਨਾਲ ਜੁੜਿਆ ਬੁੱਲ੍ਹਾ ਗਾਉਂਦਾ ਹੋਇਆ ਸਾਈਂ ਸਾਹਮਣੇ ਨੱਚਣ ਲੱਗ ਪਿਆ ਸੀ। ਕੀ ਨੱਚਦਾ ਹੋਇਆ ਬੁੱਲ੍ਹਾ ਸੂਫੀ ਨਹੀਂ ਰਹਿ ਗਿਆ ਸੀ? ਇਸ ਤੋਂ ਵੀ ਅੱਗੇ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦ ਹਨ ਜਿਨ੍ਹਾਂ ਨੂੰ ਗਾਉਂਦਿਆਂ-ਸੁਣਦਿਆਂ ਰੂਹਾਨੀ ਰੰਗ 'ਚ ਰੰਗਿਆ ਮਨ ਸਰੀਰ 'ਚ ਹਰਕਤ ਪੈਦਾ ਕਰ ਦਿੰਦਾ ਹੈ। ਇਹ ਤਾਂ ਸਭ ਸੰਗੀਤ ਮੰਡੀ ਦਾ ਵਪਾਰਕ ਪੈਂਤੜਾ ਹੈ, ਕਦੇ ਕਿਸੇ ਨੂੰ ਹਾਰਮੋਨੀਅਮ 'ਤੇ ਬਿਠਾ ਕੇ ਸੂਫੀ ਦਰਸਾਇਆ ਜਾਂਦਾ ਹੈ ਤੇ ਕਦੇ ਕਿਸੇ ਦੇ ਹੱਥਾਂ 'ਚ ਡਫਲੀ ਫੜਾ ਕੇ ਸਰੀਰਕ ਅਦਾਵਾਂ ਨਾਲ ਸੂਫੀ ਹੋਣ ਦਾ ਭਰਮ ਪੈਦਾ ਕੀਤਾ ਜਾਂਦਾ ਹੈ। ਯਾਦ ਰਹੇ ਹਾਰਮੋਨੀਅਮ ਫਰਾਂਸ ਦਾ ਸਾਜ਼ ਹੈ ਜਿਹੜਾ ਗੋਰਿਆਂ ਨਾਲ ਭਾਰਤੀ ਸੰਗੀਤ 'ਚ ਦਾਖਲ ਹੋਇਆ। ਸੂਫੀ ਗਾਇਕੀ ਨਾਲ ਇਸ ਦਾ ਕੋਈ ਵਾਹ-ਵਾਸਤਾ ਨਹੀਂ। ਪੁਰਾਤਨ ਸੂਫੀ ਤਾਂ ਰਵਾਇਤੀ ਪੂਰਬੀ ਸਾਜ਼ ਹੀ ਵਰਤਦੇ ਸਨ, ਜਿਨ੍ਹਾਂ 'ਚ ਬਹੁਤਾਤ ਤੰਤੀ ਸਾਜ਼ਾਂ ਦੀ ਹੁੰਦੀ ਸੀ।

ਸੂਫੀ ਗਾਇਕੀ ਦੇ ਮਾਮਲੇ 'ਚ ਪਿਛਲੇ ਦਿਨਾਂ ਤੋਂ ਨਵਾਂ ਗਾਇਕ ਸਤਿੰਦਰ ਸਰਤਾਜ ਕਾਫੀ ਚਰਚਾ ਵਿਚ ਹੈ। ਕੋਈ ਉਸ ਦੇ ਹੱਕ 'ਚ ਅਤੇ ਕੋਈ ਖਿਲਾਫ ਕਾਗਜ਼ ਦੀ ਹਿੱਕ ਝਰੀਟ ਰਿਹਾ ਹੈ। ਗੱਲ ਇਕੱਲੇ ਸਰਤਾਜ ਦੀ ਨਹੀਂ, ਸਰਤਾਜ ਸਮੇਤ ਇਹ ਨਵੇਂ ਗਾਇਕ ਤਾਂ ਸੰਗੀਤ ਮੰਡੀ ਦੇ ਪਿਆਦੇ ਹਨ। ਇਕੱਲੇ-ਕਹਿਰੇ ਦੀ ਗੱਲ ਕੀ ਕਰਨੀ ਹੈ? ਪੰਜਾਬੀ ਸੰਗੀਤ ਦਾ (ਖਾਸ ਕਰ ਭਾਰਤ ਵਾਲੇ ਪਾਸੇ) ਤਾਣਾ-ਬਾਣਾ ਏਨਾ ਉਲਝ ਗਿਆ ਹੈ, ਸਿਰਾ ਲੱਭਣ ਲੱਗਿਆਂ ਹੱਥ ਪੱਲੇ ਕੁਝ ਨਹੀਂ ਪੈਂਦਾ। ਮੇਰੀ ਪੀੜ੍ਹੀ ਦੇ ਹਰ ਨਾਮੀ ਗਾਇਕ ਨੇ ਸੂਫੀਵਾਦ ਨੂੰ ਸਫਲਤਾ ਦੀ ਪੌੜੀ ਦੇ ਡੰਡੇ ਬਣਾਇਆ। ਹੰਸ, ਦਿਲਸ਼ਾਦ ਤੇ ਸਰਦੂਲ ਸਮੇਤ ਕਈ ਹੋਰਾਂ ਨੇ ਗਾਇਕੀ ਦਾ ਸਫਰ ਕਲਾਸੀਕਲ ਸੰਗੀਤ ਨਾਲ ਸ਼ੁਰੂ ਕੀਤਾ। ਬਾਅਦ 'ਚ ਇਹ ਸਭ ਹਲਕੀ-ਫੁਲਕੀ ਗਾਇਕੀ 'ਤੇ ਉਤਰ ਆਏ ਪਰ ਸਮੇਤ ਸਰਤਾਜ ਸਭ ਨਵੇਂ ਗਾਇਕ ਸ਼ੁਰੂ ਵਿਚ ਹੀ ਹਲਕੀ-ਫੁਲਕੀ ਗਾਇਕੀ ਲੈ ਕੇ ਪਿੜ 'ਚ ਦਾਖਲ ਹੁੰਦੇ ਹਨ ਤੇ ਨਾਂ ਵਰਤ ਰਹੇ ਹਨ ਸੂਫੀਵਾਦ ਦਾ। ਸ਼ਾਇਦ ਇਸੇ ਕਰਕੇ ਸੰਗੀਤ ਦੇ ਸੰਜੀਦਾ ਸਰੋਤੇ ਖਫਾ ਹਨ, ਪਰ ਇਹ ਸਭ ਕੁਝ ਮੰਡੀ ਦੀ ਦੇਣ ਹੈ। ਬਹੁਤ ਸਾਰੇ ਨਵੇਂ ਗਾਇਕ ਬਿਨਾਂ ਸਾਧਨਾ ਰਾਤੋ-ਰਾਤ ਸ਼ੋਹਰਤ ਤੇ ਦੌਲਤ ਦੀਆਂ ਬੁਲੰਦੀਆਂ ਛੋਹਣੀਆਂ ਚਾਹੁੰਦੇ ਹਨ। ਸੰਗੀਤ ਵਪਾਰੀ ਇਨ੍ਹਾਂ ਦੀ ਨਬਜ਼ ਪਛਾਣਦੇ ਹਨ ਜਿਸ ਕਰਕੇ ਇਹ ਖੁਦ ਸੰਗੀਤ ਵਪਾਰੀਆਂ ਦੇ ਸ਼ੋਸ਼ਣ ਦਾ ਸ਼ਿਕਾਰ ਹਨ।

ਇਹ ਮੰਡੀ ਦਾ ਯੁੱਗ ਹੈ, ਕਈ ਨਾ ਵਿਕਣ ਵਾਲੀਆਂ ਚੀਜ਼ਾਂ ਦੀ ਸੇਲ ਲੱਗੀ ਹੋਈ ਹੈ। ਅਜਿਹੇ ਮਾਹੌਲ 'ਚ ਸੰਗੀਤ ਦੀ ਦੁਨੀਆਂ 'ਚ ਕੋਈ ਤਾਨਸੇਨ ਲੱਭਣਾ ਕਿਸੇ ਪਰੀ ਦੇਸ਼ ਦੀ ਕਲਪਨਾ ਵਾਂਗ ਹੈ। ਕਈ ਸਾਲ ਪਹਿਲਾਂ ਹੰਸ ਰਾਜ ਹੰਸ ਨਾਲ ਵਿਚਰਨ ਦਾ ਸਬੱਬ ਬਣਿਆ ਸੀ। ਉਨ੍ਹਾਂ ਦਿਨਾਂ 'ਚ ਉਸ ਨਾਲ ਪੰਜਾਬੀ ਸੰਗੀਤ ਦੇ ਡਿੱਗਦੇ ਮਿਆਰ ਅਤੇ ਮੁਸ਼ਕਲਾਂ ਬਾਰੇ ਗੱਲਾਂ ਹੁੰਦੀਆਂ ਰਹੀਆਂ। ਹੰਸ ਮੰਨਦਾ ਸੀ ਕਿ ਹੁਣ ਉਹ ਗਵੱਈਏ ਨਹੀਂ ਰਹਿ ਗਏ, ਗਾਇਕਾਂ ਤੋਂ ਪਹਿਲਾਂ ਉਹ ਸੁਰਾਂ ਦੇ ਸੌਦੇਬਾਜ਼ ਹਨ। ਸੰਗੀਤ ਹੁਣ ਵਪਾਰ ਬਣ ਗਿਆ ਹੈ। ਜਦ ਕਿਸੇ ਚੀਜ਼ ਦਾ ਵਜ਼ਨ ਹੋਣ ਲਗ ਪਵੇ ਤਾਂ ਉਸ 'ਚ ਕੱਚਾਪਣ ਆਉਣਾ ਸੁਭਾਵਿਕ ਹੈ। ਹੰਸ ਦੇ ਦੱਸਣ ਮੁਤਾਬਿਕ ਅੱਜ ਚੰਗੇ ਗਾਇਕਾਂ ਨੂੰ ਵੀ ਉਹੀ ਕੁਝ ਕਰਨਾ ਪੈਂਦਾ ਹੈ, ਜੋ ਸੰਗੀਤ ਨਾਲ ਜੁੜੀਆਂ ਕੰਪਨੀਆਂ ਕਰਵਾਉਂਦੀਆਂ ਹਨ। ਆਪਣੀ ਗੱਲ ਕਰਦਿਆਂ ਉਸ ਨੇ ਦੱਸਿਆ ਸੀ ਕਿ ਉਹ ਦੋ ਤਿੰਨ ਹਲਕੀਆਂ ਕੈਸਿਟਾਂ ਕੱਢਦਾ ਹੈ ਜਿਹੜੀਆਂ ਨਿਰੋਲ ਵਪਾਰਕ ਹੁੰਦੀਆਂ ਹਨ (ਉਹ ਵੇਖੋ ਸੜਕਾਂ 'ਤੇ ਅੱਗ ਤੁਰੀ ਜਾਂਦੀ ਐ-ਇਸੇ ਤਰ੍ਹਾਂ ਦੀ ਪਹੁੰਚ ਸੀ)। ਕੋਸ਼ਿਸ਼ ਹੁੰਦੀ ਹੈ ਇਨ੍ਹਾਂ 'ਚ ਵੀ ਕੁਝ ਚੰਗਾ ਹੋਵੇ, ਫਿਰ ਇਕ-ਦੋ ਪਾਏਦਾਰ ਕੈਸਿਟਾਂ ਕੱਢਦਾ ਹੈ। ਉਹ ਦਸਦਾ ਸੀ ਕਿ ਜੇਕਰ ਉਹ ਹਲਕੀਆਂ-ਫੁਲਕੀਆਂ ਕੈਸਿਟਾਂ ਨਹੀਂ ਕੱਢਦਾ ਤਾਂ ਉਹ ਜੋ ਥੋੜ੍ਹਾ ਬਹੁਤ ਚੰਗਾ ਕੰਮ ਕਰ ਰਿਹਾ ਹੈ, ਉਹ ਵੀ ਨਹੀਂ ਕਰ ਸਕੇਗਾ। ਇਹੋ ਗੱਲ ਕੀਰਤਨੀਆ ਸੁਰਿੰਦਰ ਸਿੰਘ ਸੋਚੀ ਕਹਿੰਦਾ ਸੀ ਕਿ ਉਹ ਤਾਂ ਸੰਗੀਤ ਕੰਪਨੀਆਂ ਦੇ ਗੁਲਾਮ ਹਨ। ਕੰਪਨੀ ਮਾਲਕਾਂ ਨੇ ਉਸ ਦਾ ਅਨੁਰਾਧਾ ਪੌਡਵਾਲ ਨਾਲ ਸ਼ਬਦ ਗਾਇਨ ਕਰਵਾਇਆ। ਉਹ ਕਦੇ ਅਨੁਰਾਧਾ ਨੂੰ ਮਿਲਿਆ ਤੱਕ ਨਹੀਂ। ਕਈ ਸਿੱਖ ਹਲਕਿਆਂ 'ਚ ਉਸ ਨੂੰ ਕਰੜੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

ਗਾਇਕ ਜਗਜੀਤ ਜੀਰਵੀ ਇਸ ਦੇ ਉਲਟ ਹੈ। ਉਹ ਕਹਿੰਦਾ ਹੈ ਕਿ ਮਿਆਰ ਨੂੰ ਥੱਲੇ ਸੁੱਟ ਕੇ ਮੰਡੀ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ। ਉਹ ਕੰਪਨੀਆਂ ਨਾਲੋਂ ਕਲਾਕਾਰਾਂ ਦੇ ਬੇਲੋੜੇ ਲਾਲਚੀ ਹੋਣ ਨੂੰ ਜ਼ਿਆਦਾ ਦੋਸ਼ੀ ਮੰਨਦਾ ਹੈ। ਉਸਦਾ ਕਹਿਣਾ ਹੈ ਕਿ ਹਲਕਾ ਗਾਉਣ ਵਾਲਿਆਂ ਨੂੰ ਵਹਿਮ ਹੈ ਕਿ ਉਹ ਉਨ੍ਹਾਂ ਤੋਂ ਜ਼ਿਆਦਾ ਪੈਸੇ ਕਮਾ ਰਹੇ ਹਨ। ਉਸ ਮੁਤਾਬਿਕ ਹਲਕੀ ਗਾਇਕੀ ਦੇ ਸ਼ੋਅ ਦੀ ਟਿਕਟ ਜੇ ਪੰਦਰਾਂ ਡਾਲਰ 'ਚ ਵਿਕਦੀ ਹੈ ਤਾਂ ਪਾਏਦਾਰ ਗਾਇਕੀ ਦੀ ਟਿਕਟ ਪੰਜਾਹ ਡਾਲਰ 'ਚ ਵਿਕਦੀ ਹੈ। ਮੰਡੀ ਦਾ ਆਪਹੁਦਰਾਪਣ ਕਲਾਕਾਰ ਹੀ ਤੋੜ ਸਕਦੇ ਹਨ। ਜੇਕਰ ਕਲਾਕਾਰ ਨੇ ਸਾਧਨਾ, ਸਬਰ-ਸੰਤੋਖ ਤੇ ਪੂਰਨ ਕਲਾ ਦਾ ਪੱਲਾ ਛੱਡੀ ਰੱਖਿਆ ਤਾਂ ਮੰਡੀ ਦੀ ਆਜ਼ਾਰੇਦਾਰੀ ਹੋਰ ਮਜ਼ਬੂਤ ਹੁੰਦੀ ਰਹੇਗੀ। ਪੂਰਨ ਚੰਦ ਵਡਾਲੀ, ਸਿੰਘ ਬੰਧੂ ਤੇ ਕਈ ਹੋਰ ਭਾਵੇਂ ਜ਼ੀਰਵੀ ਵਾਲੀ ਸੋਚ ਰਖਦੇ ਹਨ ਪਰ ਹਾਕਮ ਸੂਫੀ ਜੋ ਸਚਮੁੱਚ ਸੂਫੀ ਰੰਗ ਵਿਚ ਰੰਗਿਆ ਹੋਇਆ ਹੈ, ਇਸ ਬਾਬਤ ਬਹੁਤ ਸਖਤ ਰਵੱਈਆ ਰੱਖਦਾ ਹੈ। ਉਹ ਖੁੱਲ੍ਹੇਆਮ 'ਕੈਸਿਟ ਕਲਚਰ' ਦਾ ਵਿਰੋਧ ਕਰਦਾ ਹੈ। ਉਹ ਆਧੁਨਿਕ ਜੁਗਤਾਂ ਨੂੰ ਸੰਗੀਤ ਸਾਂਭਣ ਲਈ ਤਾਂ ਵਰਤਣ ਦੇ ਹੱਕ 'ਚ ਹੈ ਪਰ ਵਪਾਰੀਕਰਨ ਦੇ ਵਿਰੁਧ ਹੈ। ਚੜ੍ਹਦੀ ਉਮਰੇ ਜਿਹੜੀ ਸੂਫੀ ਲੋਈ ਉਸ ਨੇ ਵਲ੍ਹੇਟੀ ਸੀ, ਅਧੇੜ ਉਮਰ 'ਚ ਵੀ ਉਸ ਦੇ ਮੋਢਿਆਂ ਨਾਲ ਸਿਮਟੀ ਹੋਈ ਹੈ। ਉਸ ਨੇ ਸੰਗੀਤ ਦਾ ਵਣਜ ਨਹੀਂ ਕੀਤਾ। ਸੰਗੀਤ ਨੂੰ ਉਹ ਰੂਹ ਦੀ ਖੁਰਾਕ ਸਮਝਦਾ ਹੈ ਤੇ ਸੰਗੀਤ ਉਸ ਲਈ ਰੂਹਾਨੀ ਰੁਤਬਾ ਰੱਖਦਾ ਹੈ। ਬੜਾ ਜ਼ੋਰ ਦੇਣ 'ਤੇ ਇਕ ਵਾਰ ਦੂਰਦਰਸ਼ਨ (ਟੀ. ਵੀ.) ਉਤੇ ਗਿਆ। ਚਾਹੁਣ ਵਾਲਿਆਂ ਨੇ ਮਸਾਂ ਇਕ ਟੇਪ ਕਢਵਾਈ ਸੀ ਜਿਹੜੀ ਪੰਜਾਬੀ ਸੰਗੀਤ ਦੀਆਂ ਕੈਸੇਟਾਂ ਦੇ ਢੇਰਾਂ 'ਚ ਨਿਰਾਲੀ ਪਈ ਹੈ। ਕੈਸੇਟ ਦਾ ਗੀਤ "ਪਾਣੀ ਵਿਚ ਮਾਰਾਂ ਡੀਟਾਂ, ਕਰਦੀ ਪਈ ਰੋਜ਼ ਉਡੀਕਾਂ, ਰਾਂਝਣ ਮਿਲਵਾਦੇ ਰੱਬਾ, ਪਾਵੀਂ ਨਾ ਦੂਰ ਤਰੀਕਾਂ" ਪਾਠਕਾਂ ਦੇ ਮਨਾਂ 'ਚ ਤਰੋ-ਤਾਜ਼ਾ ਹੋਵੇਗਾ। ਇਸ ਤੋਂ ਬਾਅਦ ਉਸ ਨੇ ਕੋਈ ਕੈਸਿਟ ਨਹੀਂ ਕਢਵਾਈ ਸਗੋਂ ਸੰਗੀਤ ਦੇ ਵਪਾਰੀਆਂ ਨੂੰ ਬੇਪਰਦ ਕਰਨ ਦਾ ਤਹੱਈਆ ਕਰ ਲਿਆ। ਉਹ ਕਹਿੰਦਾ ਹੈ ਕਿ ਉਹ ਸੂਫੀ ਕਲਾਮ ਦਾ ਕਤਲ ਨਹੀਂ ਹੋਣ ਦੇਵੇਗਾ, ਲੋਕਾਂ ਦੇ ਦਿਲਾਂ 'ਚ ਇਸ ਨੂੰ ਆਬਾਦ ਰੱਖੇਗਾ। ਨਵੇਂ ਨਿਰੋਲ ਸੂਫੀ ਗਵੰਤਰੀ ਪੈਦਾ ਕਰੇਗਾ।

ਪੰਜਾਬੀ ਸੰਗੀਤ ਦੇ ਬਹੁਤੇ ਚਹੇਤਿਆਂ ਨੂੰ ਪਤਾ ਹੋਵੇਗਾ ਕਿ ਹਾਕਮ ਸੂਫੀ ਤੇ ਗੁਰਦਾਸ ਮਾਨ ਇੱਕੋ ਸਕੂਲ ਦੇ ਪੜ੍ਹੇ ਹਨ। ਬਾਲ ਸਭਾਵਾਂ 'ਚ ਇਕੱਠੇ ਗੀਤ ਗਾਉਂਦੇ ਸਨ। ਹਾਕਮ ਗੁਰਦਾਸ ਤੋਂ ਤਿੰਨ-ਚਾਰ ਕੁ ਜਮਾਤਾਂ ਅੱਗੇ ਸੀ। ਗੁਰਦਾਸ ਨੇ ਪੋਟਿਆਂ ਨਾਲ ਡਫਲੀ ਨੂੰ ਤਾਲ ਦੇਣ ਦੀ ਜਾਚ-ਜੁਗਤ ਵੀ ਹਾਕਮ ਤੋਂ ਹੀ ਸਿੱਖੀ ਸੀ। ਸੁਣਦੇ ਹਾਂ ਕਿ ਗੁਰਦਾਸ ਦੇ ਪਹਿਲੇ ਗੀਤਾਂ ਦੀ ਬਣਤਰ 'ਚ ਹਾਕਮ ਦਾ ਕਾਫੀ ਯੋਗਦਾਨ ਸੀ। ਖੈਰ, ਗੁਰਦਾਸ ਖਿਡਾਰੀ ਤੇ ਕੋਚ ਬਣਦਾ-ਬਣਦਾ ਵਪਾਰਕ ਗਾਇਕ ਬਣ ਗਿਆ ਪਰ ਹਾਕਮ ਸੂਫੀ ਸੂਫੀਆਨਾ ਜ਼ਿੰਦਗੀ ਦਾ ਪੱਲਾ ਨਾ ਛੱਡ ਸਕਿਆ। ਉਸ ਨੇ ਸੂਫੀ ਹੋਣ ਦਾ ਕੋਈ ਸਾਂਗ ਨਹੀਂ ਰਚਿਆ ਸਗੋਂ ਉਹ ਸੂਫੀ ਜ਼ਿੰਦਗੀ ਨੂੰ ਜੀਅ ਰਿਹਾ ਹੈ। ਨਾ ਵਿਦੇਸ਼ਾਂ 'ਚ ਪ੍ਰੋਗਰਾਮ ਕਰਨ ਦੀ ਲਲਕ, ਨਾ ਦੌਲਤ ਦੀ ਦੌੜ, ਨਾ ਸ਼ੋਹਰਤ ਦੀ ਭੁੱਖ, ਨਾ ਕੋਈ ਦਿਖਾਵਾ। ਬਾਵਜੂਦ ਇਸ ਦੇ ਉਸ ਤੋਂ ਵਧ ਸੂਫੀਵਾਦ ਦੀ ਚਰਚਾ ਦਾ ਚੱਕਰਵਿਊ ਨਵੇਂ ਗਾਇਕ ਸਰਤਾਜ ਦੁਆਲੇ ਘੁੰਮ ਰਿਹਾ ਹੈ। ਚਰਚਾ ਵੀ ਉਸ ਦੀ ਗਾਇਕੀ ਨਾਲੋਂ ਜ਼ਿਆਦਾ ਉਸ ਦੀ ਸ਼ਾਇਰੀ ਤੇ ਦਿੱਖ ਦੀ ਹੋ ਰਹੀ ਹੈ। ਮੁੜ ਦੁਹਰਾਉਂਦਾ ਹਾਂ। ਉਸ ਇਕੱਲੇ ਦੇ ਹੱਕ 'ਚ ਜਾਂ ਖਿਲਾਫ ਨਹੀਂ ਲਿਖ ਰਿਹਾ। ਉਸ ਦੀ ਸ਼ਾਇਰੀ ਤੇ ਦਿੱਖ ਮੰਡੀ ਦੀ ਦੇਣ ਹੈ। ਸਭ ਮਾਇਆ ਜਾਲ ਹੈ। ਜੇਕਰ ਕੋਈ ਸਰਤਾਜ ਦੇ ਖਿਲਾਫ ਲਿਖਦਾ ਤੇ ਮਿਸ ਪੂਜਾ ਦੇ ਹੱਕ 'ਚ ਲਿਖਦਾ ਤਾਂ ਇਕੋ ਜਿਹਾ ਗੁਨਾਹ ਕਰਦਾ ਹੈ।

ਸੰਗੀਤ ਦੀ ਸੋਝ ਰੱਖਣ ਵਾਲਿਆਂ ਨੂੰ ਪਤਾ ਹੈ ਕਿ ਸੰਗੀਤ ਦੇ ਕਿੰਨੇ ਪੱਖ ਤੇ ਪਦ-ਛੇਦ ਹੁੰਦੇ ਹਨ। ਅੱਜ ਕੱਲ੍ਹ ਸਭ ਤੋਂ ਅਹਿਮ ਸ਼ਬਦ, ਆਵਾਜ਼ ਅਤੇ ਨਾਚ (ਸਰੀਰਕ ਮੁਦਰਾਵਾਂ) ਨੂੰ ਸਮਝਿਆ ਜਾਂਦਾ ਹੈ। ਗੱਲ ਸ਼ਬਦਾਂ ਦੀ ਕਰੀਏ ਤਾਂ ਸਰਤਾਜ ਦੇ ਆਪੇ ਲਿਖੇ ਸ਼ਬਦ ਬਾਕੀ ਬਹੁਤ ਸਾਰੇ ਗਾਇਕਾਂ ਵਾਂਗ ਸੂਫੀ ਸ਼ਾਇਰੀ ਤੋਂ ਕੋਹਾਂ ਦੂਰ ਹਨ। ਸੂਫੀ ਸ਼ਾਇਰੀ ਇਸ਼ਕ-ਹਕੀਕੀ ਤੇ ਇਸ਼ਕ-ਮਿਜਾਜ਼ੀ ਦਾ ਮਿਸ਼ਰਣ ਹੈ ਪਰ ਸੂਫੀ ਕਲਾਮ ਦਾ ਮੂਲ ਭਾਵ ਇਸ਼ਕ-ਹਕੀਕੀ ਹੈ ਤੇ ਇਹ ਹੀ ਇਸ 'ਚ ਭਾਰੂ ਹੈ। ਸਰਤਾਜ ਦੇ ਸ਼ਬਦ ਸ਼ਾਇਰੀ ਨਹੀਂ ਸਗੋਂ ਕਈ ਹੋਰ ਅਖੌਤੀ 'ਲੋਕ ਗੀਤ ਲੇਖਕਾਂ' (ਲੋਕ ਗੀਤਾਂ ਦਾ ਕੋਈ ਇਕ ਸਿਰਜਣਹਾਰ ਨਹੀਂ ਹੁੰਦਾ ਸਗੋਂ ਇਹ ਲੋਕਾਈ ਦੀ ਵੇਦਨਾ ਹੁੰਦੇ ਹਨ) ਵਾਂਗ ਇਸ਼ਕ-ਮਿਜਾਜ਼ੀ ਦੀ ਤੁਕਬੰਦੀ ਹੈ। ਸ਼ਾਇਰੀ ਦੇ ਵਿਧਾਨ ਮੁਤਾਬਿਕ ਤਾਂ ਗੁਰਦਾਸ ਮਾਨ ਦੀ ਵੀ ਤੁਕਬੰਦੀ ਹੁੰਦੀ ਹੈ, ਫਿਰ ਵੀ ਉਸ 'ਚ ਜਾਨ ਹੁੰਦੀ ਹੈ।

ਜੇਕਰ ਗੱਲ ਆਵਾਜ਼ ਦੀ ਕਰੀਏ ਤਾਂ ਸਰਤਾਜ ਦੀ ਆਵਾਜ਼ 'ਚ ਸੂਫੀ ਕਲਾਮ ਗਾਉਣ ਵਾਲਿਆਂ ਦੀ ਆਵਾਜ਼ ਵਰਗਾ ਕੁਦਰਤੀਪਣ, ਸੂਹਜ, ਸਹਿਜ ਤੇ ਦਰਦ ਦੀ ਘਾਟ ਰੜਕਦੀ ਹੈ। ਉਹ ਕਦੇ ਵੀ ਗੀਤ ਨਾਲ ਗੀਤ ਹੁੰਦਾ ਨਹੀਂ ਲਗਦਾ। ਮਰਹੂਮ ਚਮਕੀਲੇ ਦੇ ਸ਼ਬਦਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਵੱਖਰਾ ਵਿਸ਼ਾ ਹੈ ਪਰ ਉਹ ਜੋ ਵੀ ਗਾਉਂਦਾ ਸੀ, ਖੁਦ ਗੀਤ ਬਣ ਜਾਂਦਾ ਸੀ। ਲਗਦਾ ਸੀ ਉਹ ਕੁਦਰਤੀ ਗਾਇਕ ਹੈ। ਗਾਉਣ ਲਈ ਕੋਈ ਵਿਸ਼ੇਸ਼ ਕੋਸ਼ਿਸ਼ ਨਹੀਂ ਕਰਦਾ ਸੀ। ਆਵਾਜ਼ ਉਸ ਦੇ ਗਲੇ 'ਚੋਂ ਸਹਿਜ ਸੁਭਾ ਆਉਂਦੀ ਸੀ। ਸਰਤਾਜ ਨੂੰ ਇਥੇ ਅੱਪੜਨ ਲਈ ਮੇਰੀ ਜਾਚੇ ਅਜੇ ਰਿਆਜ਼ ਅਤੇ ਸਾਧਨਾ ਦੀ ਲੋੜ ਹੈ। (ਦੋਵਾਂ 'ਚ ਫਰਕ ਦੇਖਣ ਲਈ ਚਮਕੀਲੇ ਦੀਆਂ ਪੁਰਾਣੀਆਂ ਫਿਲਮਾਂ ਦੇਖ ਸਕਦੇ ਹੋ।)

ਤੀਜਾ ਹੈ ਸਰੀਰਕ ਮੁਦਰਾ, ਜਦੋਂ ਕੋਈ ਰਾਗੀ ਰਾਗ 'ਚ ਲੀਨ ਹੁੰਦਾ ਹੈ ਤਾਂ ਉਸ ਦੇ ਸਰੀਰ 'ਚ ਇਕ ਖਾਸ ਤਰ੍ਹਾਂ ਦੀ ਹਰਕਤ ਅਤੇ ਅਦਾ ਪੈਦਾ ਹੁੰਦੀ ਹੈ। ਇਹ ਉਦੋਂ ਹੀ ਹੁੰਦੀ ਹੈ ਜਦੋਂ ਅੰਦਰੂਨੀ ਸੰਗੀਤ ਤੇ ਬਾਹਰੀ ਸੰਗੀਤ ਇਕਮਿਕ ਹੁੰਦੇ ਹਨ। ਅੰਦਰਲੇ ਸੰਗੀਤ ਦਾ ਝਰਨਾ ਫੁੱਟਣ ਲਈ ਤਪੱਸਿਆ ਦੀ ਲੋੜ ਹੁੰਦੀ ਹੈ। ਸਰਤਾਜ ਵੀ ਕਈ ਹੋਰ ਗਾਇਕਾਂ ਵਾਂਗ ਇਸ ਤੋਂ ਅਜੇ ਦੂਰ ਹੈ। ਉਸ ਨੂੰ ਕਈ ਵਾਰ ਬਨਾਵਟੀ ਅਦਾਵਾਂ ਦਾ ਸਹਾਰਾ ਲੈਣਾ ਪੈਂਦਾ ਹੈ ਜੋ ਸਰੋਤਿਆਂ ਨੂੰ ਕਈ ਵਾਰ ਬੋਝਲ ਜਿਹੀਆਂ ਲਗਦੀਆਂ ਹਨ।

ਕੁਝ ਕਾਲਮਨਵੀਸਾਂ ਨੇ ਸਰਤਾਜ 'ਤੇ ਸਾਹਿਤਕ ਚੋਰੀ ਦਾ ਦੋਸ਼ ਲਾਇਆ ਹੈ। ਇਸ ਬਾਰੇ ਵਿਅਕਤੀਗਤ ਤੌਰ 'ਤੇ ਇਲਮ ਨਹੀਂ ਪਰ ਪੰਜਾਬੀ ਗਾਇਕੀ 'ਚ ਇਹ ਚੋਰੀ ਆਮ ਹੈ। ਗੁਰੂ ਘਰਾਂ ਦੇ ਅਨੇਕਾਂ ਕੀਰਤਨੀਏ ਭਾਈ ਗੋਪਾਲ ਸਿੰਘ ਤੇ ਹੋਰ ਪੁਰਾਣੇ ਰਾਗੀਆਂ ਦੀਆਂ ਧੁਨਾਂ ਚੁਰਾ ਰਹੇ ਹਨ। ਮਲਕੀਤ ਸਿੰਘ ਮਰਾਸੀਆਂ ਦੇ ਪੁਰਾਣੇ ਕਬਿੱਤ ਆਪਣਾ ਨਾਂ ਵਰਤ ਕੇ ਗਾ ਰਿਹਾ ਹੈ। ਮਸਲਨ 'ਤੁਤਕ-ਤੁਤਕ ਤੂਤੀਆਂ' ਬਾਰੇ ਬਜ਼ੁਰਗਾਂ ਨੂੰ ਪਤੈ ਕਿ ਇਹ ਮਰਾਸੀ ਗਾਇਆ ਕਰਦੇ ਸਨ। ਪਿੱਛੇ ਜਿਹੇ ਇਕ ਗੀਤ ਆਇਆ, ਜਿਸਦਾ ਮੁਖੜਾ ਸੀ 'ਮੋੜੀਂ ਬਾਬਾ ਡਾਂਗ ਵਾਲਿਆ, ਰੰਨ ਬਰਨਾਲੇ ਗਈ'। ਅਸਲ 'ਚ ਇਹ ਪੰਜਾਬ ਦੀ ਪੁਰਾਤਨ ਬੋਲੀ ਹੈ, ਬਰਨਾਲੇ ਦੀ ਥਾਂ ਬਸਰਾ ਹੈ। ਇਸ ਪਿੱਛੇ ਪੰਜਾਬ ਦਾ ਬਹੁਤ ਵੱਡਾ ਇਤਿਹਾਸ ਹੈ। ਬੋਲੀ ਉਸ ਵਕਤ ਦੀ ਤਰਜਮਾਨੀ ਕਰਦੀ ਹੈ ਜਦੋਂ ਭਾਰਤ 'ਚੋਂ ਹਮਲਾਵਰ ਧੀਆਂ-ਭੈਣਾਂ ਜਬਰੀ ਉਧਾਲ ਕੇ ਕਾਬੁਲ-ਗਜ਼ਨੀ ਨੂੰ ਲੈ ਜਾਂਦੇ ਸਨ। 'ਬਾਬਾ ਡਾਂਗ ਵਾਲਾ' ਧੀਆਂ ਭੈਣਾਂ ਦੀ ਹਿਫਾਜ਼ਤ ਕਰਨ ਵਾਲੇ ਸਿੰਘ ਸੂਰਮੇ ਨੂੰ ਕਿਹਾ ਗਿਆ ਹੈ। ਬਸਰਾ ਹਟਾ ਕੇ ਬਰਨਾਲਾ ਕਰ ਦੇਣ ਨਾਲ ਪੂਰਾ ਇਤਿਹਾਸਕ ਪਿਛੋਕੜ ਮਲੀਆਮੇਟ ਹੋ ਜਾਂਦਾ ਹੈ। ਕਿਸੇ ਇਤਿਹਾਸਕਾਰ ਜਾਂ ਬੁੱਧੀਜੀਵੀ ਨੇ ਨੋਟਿਸ ਨਹੀਂ ਲਿਆ ਕਿ ਕਿਵੇਂ ਅਖੌਤੀ ਲੋਕ ਗੀਤਾਂ ਦੇ ਨਾਂ 'ਤੇ ਇਤਿਹਾਸ ਦਾ ਨਾਸ ਕੀਤਾ ਜਾ ਰਿਹਾ ਹੈ। ਇਕ ਵਾਰ ਕੁਲਦੀਪ ਮਾਣਕ ਨੇ ਗੁਰਦਾਸ ਮਾਨ ਬਾਰੇ ਕਿਹਾ ਸੀ ਕਿ ਉਸ ਨੂੰ ਰਾਗਾਂ ਦੀ ਸਮਝ ਨਹੀਂ ਤਾਂ ਗੁਰਦਾਸ ਹੁਰਾਂ ਨੇ ਕਿਹਾ ਸੀ ਕਿ ਲੋਕ ਪਸੰਦ ਕਰਦੇ ਹਨ ਕਿ ਉਹ ਗਾਇਕੀ ਕਰਨ, ਕੁਝ ਲੋਕ ਹੀ ਈਰਖਾ ਕਰਦੇ ਹਨ। ਹਾਂ, ਗੱਲ ਠੀਕ ਹੈ ਜੋ ਵਿਕਦਾ, ਉਹੀ ਗਾਇਕ ਹੈ ਤੇ ਉਹੀ ਸ਼ਾਇਰ ਹੈ।

ਕੁਝ ਸ਼ਖਸੀਅਤਾਂ ਨੂੰ ਗਾਇਕਾਂ ਦੇ ਪਹਿਰਾਵੇ ਬਾਰੇ ਗਿਲਾ ਹੈ। ਉਨ੍ਹਾਂ ਦਾ ਖਿਆਲ ਹੈ ਕਿ ਖਿਡਾਰੀ, ਕਲਾਕਾਰ ਤੇ ਹੋਰ ਖਾਸ ਸੱਜਣ-ਸੱਜਣੀਆਂ, ਲੋਕਾਂ ਖਾਸ ਕਰਕੇ ਨਵੀਂ ਪੀੜ੍ਹੀ ਲਈ ਰੋਲ ਮਾਡਲ ਹੁੰਦੇ ਹਨ। ਇਨ੍ਹਾਂ ਦਾ ਨਵੀਂ ਪੀੜ੍ਹੀ 'ਤੇ ਸਿੱਧਾ ਅਸਰ ਹੁੰਦਾ ਹੈ। ਮਲਕੀਤ ਦਾ ਗੀਤ ਜਦੋਂ 'ਤੁਤਕ ਤੁਤਕ' ਗਿਨੀਜ਼ ਬੁੱਕ 'ਚ ਸ਼ਾਮਿਲ ਹੋਇਆ ਤਾਂ ਮਹਾਰਾਣੀ ਨੇ ਉਸਨੂੰ ਵਲੈਤ ਦਾ ਕੌਮੀ ਮਾਨ ਦਿੱਤਾ। ਮਲਕੀਤ ਨੇ ਮੈਡਲ ਤਾਂ ਸਾਂਭ ਕੇ ਰੱਖ ਲਿਆ ਤੇ ਮੈਡਲ ਵਾਲੀ ਖਾਸ ਚੈਨੀ ਪੱਗ 'ਤੇ ਲਾ ਲਈ। ਬਾਅਦ 'ਚ ਉਸ ਦੀ ਰੀਸੇ ਦਲੇਰ ਮਹਿੰਦੀ ਮਾਰਕਾ ਗਾਇਕਾਂ ਨੇ ਪੱਗਾਂ ਉਤੇ ਰੀਬਨ ਬੰਨ੍ਹਣੇ ਸ਼ੁਰੂ ਕਰ ਦਿੱਤੇ। ਸ਼ਾਇਦ ਇਸੇ ਰੀਸੇ ਸਰਤਾਜ ਨੇ ਹੋਰ ਅੱਗੇ ਜਾ ਕੇ ਪੱਗ 'ਤੇ ਘੁੰਗਰੂ ਜਾਂ ਸਰਪੇਚ ਬੰਨ੍ਹ ਲਏ। ਵਾਰਿਸ ਪੱਗ 'ਚੋਂ ਵਾਲ ਬਾਹਰ ਕੱਢਦਾ ਸੀ ਜਾਂ ਨਹੀਂ, ਇਹ ਤਾਂ ਪਤਾ ਨਹੀਂ ਪਰ ਜੇਕਰ ਕੋਈ ਉਸ ਦੀ ਰੀਸੇ ਪੱਗ 'ਚੋਂ ਵਾਲ ਬਾਹਰ ਕੱਢਦਾ ਹੈ ਤਾਂ ਇਹ ਠੀਕ ਨਹੀਂ। ਪੰਜਾਬੀ ਦੀ ਕਹਾਵਤ ਹੈ, "ਖਾਈਏ ਮਨ ਭਾਉਂਦਾ, ਪਹਿਨੀਏ ਜਗ ਭਾਉਂਦਾ"। ਜੇਕਰ ਗੱਲ ਵਾਰਿਸ ਵਰਗੀ ਦਿੱਖ ਬਣਾਉਣ ਦੀ ਹੈ ਤਾਂ ਫਿਰ ਕੇਸੂ ਦਾ ਫੁੱਲ ਆਪਣੀ ਸ਼ਕਲ ਕਰਕੇ ਕੇਸਰ ਹੋਣ ਦਾ ਭਰਮ ਤਾਂ ਪਾਲ ਸਕਦਾ ਪਰ ਕੇਸਰ ਦੇ ਗੁਣਾਂ ਬਿਨਾਂ ਕੇਸੂ ਦਾ ਫੁੱਲ ਕੇਸਰ ਨਹੀਂ ਬਣ

(ਬਾਕੀ ਸਫਾ 29 'ਤੇ)

## ਸਰਤਾਜ ਦੀ ਹੱਦੋਂ ਵੱਧ ਆਲੋਚਨਾ ਠੀਕ ਨਹੀਂ

**ਬਲਜੀਤ ਬਾਸੀ**

ਪੰਜਾਬੀ ਗਾਇਕੀ ਬਾਰੇ ਮੇਰੀ ਕੋਈ ਡੂੰਘੀ ਜਾਣਕਾਰੀ ਨਹੀਂ ਪਰ ਫਿਰ ਵੀ ਮਹਿਸੂਸ ਕਰਦਾ ਹਾਂ ਕਿ ਵਾਲ ਦੀ ਖੱਲ ਉਤਾਰਨ ਜਿਹੇ ਯਤਨਾਂ ਰਾਹੀਂ ਸਰਤਾਜ ਨੂੰ ਨਿਹੱਕਿਆਂ ਹੀ ਕਟਹਿਰੇ ਵਿਚ ਖੜਾ ਕਰ ਦਿੱਤਾ ਗਿਆ ਹੈ। ਇਹ ਠੀਕ ਹੈ ਕਿ ਉਸਦੀ ਗਾਇਕੀ ਬਹੁਤੀ ਪ੍ਰੌੜ ਤੇ ਸਧੀ ਹੋਈ ਨਹੀਂ ਪਰ ਹੋਣਹਾਰ ਹੋਣ ਦੇ ਸਬੂਤ ਅਵੱਸ਼ ਦਿੰਦੀ ਹੈ। ਮੈਂ ਸੁਰਿੰਦਰ ਸੋਹਲ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ ਤੇ ਉਨ੍ਹਾਂ ਦੇ ਇਸ ਲੇਖ ਨੂੰ ਹੋਰ ਕਾਰਨਾਂ ਕਰਕੇ ਮਾਣਿਆ ਵੀ ਹੈ ਪਰ ਉਨ੍ਹਾਂ ਇਸ ਵਿਚ ਸਾਹਿਤ, ਕਲਾ, ਸਭਿਆਚਾਰ, ਧਰਮ ਆਦਿ ਦੇ ਕਠੋਰ ਪ੍ਰਤਿਮਾਨਾਂ ਦੀ ਏਨੀ ਲੰਮੀ ਡਾਂਗ ਫੜ ਕੇ ਸਰਤਾਜ, ਉਸਦੀ ਗਾਇਕੀ ਤੇ ਉਸਦੇ ਪ੍ਰਸ਼ੰਸਕਾਂ ਨੂੰ ਜਿਸ ਤਰ੍ਹਾਂ ਘੇਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਤਾਂ ਕਿਸੇ ਨਿੱਜੀ ਕਿੜ ਦਾ ਝੌਲਾ ਪੈਂਦਾ ਹੈ। ਪਤਾ ਨਹੀਂ ਕੀ ਏਨਾ ਲੋਹੜਾ ਆ ਗਿਆ ਜੋ ਬੇਸ਼ੁਮਾਰ ਪ੍ਰਸੰਗ ਇਕੱਠੇ ਕਰਕੇ ਏਨੀ ਦੂਰ ਤੱਕ ਜਾਇਆ ਗਿਆ ਹੈ। ਸਿੱਖ ਗੁਰੂ ਆਪ ਸੂਫੀ ਪ੍ਰਚਲਨ ਪ੍ਰਤੀ ਅਰੁਚੀ, ਬਲਕਿ ਤ੍ਰਿਸਕਾਰ ਭਾਵਨਾ ਰਖਦੇ ਸਨ। ਗੁਰਬਾਣੀ ਵਿਚ ਇਸ ਗੱਲ ਦੇ ਸੰਕੇਤ ਮਿਲਦੇ ਹਨ। ਸਾਡੇ ਬਜ਼ੁਰਗ ਆਲੋਚਕ, ਖਾਸ ਤੌਰ 'ਤੇ ਸੰਤ ਸਿੰਘ ਸੇਖੋਂ ਬੁਲ੍ਹੇ ਸ਼ਾਹ ਆਦਿ ਦੀਆਂ ਸੂਫੀ ਰਚਨਾਵਾਂ ਦੇ ਬਹੁਤੇ ਪ੍ਰਸ਼ੰਸਕ ਨਹੀਂ ਸਨ ਪਰ ਫਿਰ ਵੀ ਸੂਫੀਵਾਦ ਤੇ ਸੂਫੀ ਕਵਿਤਾ ਪੰਜਾਬੀ ਲੋਕ-ਮਾਨਸ ਨੂੰ ਪੋਹੰਦੀ ਸੀ/ਹੈ। ਇਹ ਇਸ ਕਵਿਤਾ ਦੀ ਸ਼ਕਤੀ ਦੀ ਸੂਚਕ ਹੈ। ਲੋਕ-ਮਾਨਸ ਅਨੂਠੇ ਰੂਪ ਵਿਚ ਧਾਰਮਿਕ ਵਖਰੇਵਿਆਂ ਨੂੰ ਵੱਖ ਵੱਖ ਖਾਨਿਆਂ ਵਿਚ ਰੱਖਦਾ ਹੋਇਆ ਸੰਯੁਕਤ ਸਭਿਆਚਾਰ ਵਿਚ ਭਾਗੀਦਾਰ ਹੁੰਦਾ ਹੈ।

ਪਗੜੀ ਦਾ ਪ੍ਰਸੰਗ ਨਿਰਾ ਉਪਭਾਵਕ ਕਿਸਮ ਦਾ ਹੈ। ਭਾਵੇਂ ਸਿੱਖਾਂ ਨੇ ਇਸਨੂੰ ਪਾਕ ਪਵਿਤਰ ਦੀ ਹੱਦ ਤੀਕ ਮਹੱਤਤਾ ਦੇ ਰੱਖੀ ਹੈ ਪਰ ਉਹ ਆਪ ਹੀ ਇਕ ਦੂਜੇ ਦੀਆਂ ਪਗੜੀਆਂ ਲਾਹੁੰਦੇ ਦੇਖੇ ਗਏ ਹਨ, ਤੀਜਾ ਕੌਣ ਹਿੰਮਤ ਕਰ ਸਕਦਾ ਹੈ। ਵਾਰਿਸ ਸ਼ਾਹ ਕਹਿੰਦਾ ਹੈ:

ਸ਼ਰਮ ਬਾਝ ਮੁੱਛਾਂ, ਅਮਲਾਂ ਬਾਝ ਦਾੜ੍ਹੀ,
ਐਵੇਂ ਸਾਂਗ ਹੈ ਪਗੜੀਆਂ ਪੋਲੀਆਂ ਦਾ।

ਉਰਦੂ ਦਾ ਸ਼ਿਅਰ ਹੈ:

ਆਪ ਦਸਤਾਰ ਉਤਾਰੇਂ ਤੋ ਕੋਈ ਫੈਸਲਾ ਹੋ,
ਲੋਗ ਕਹਿਤੇ ਹੈਂ ਦਸਤਾਰ ਮੇਂ ਸਰ ਹੋਤਾ ਹੈ।

ਮਤਲਬ, ਇਹ ਨਾ ਹੋਵੇ ਕਿ ਪੱਗ ਲਾਹੁਣ ਪਿੱਛੋਂ ਦੇਣ ਲਈ ਸਿਰ ਹੀ ਨਾ ਹੋਵੇ! ਜਦ ਕਿਸੇ ਦੀ ਲਿਬਾਸ ਤੱਕ, ਹਰ ਗੱਲ ਦੀ ਨਿੰਦਾ ਕੀਤੀ ਜਾਣ ਲੱਗ ਪਵੇ ਤਾਂ ਨੀਯਤ 'ਤੇ ਸ਼ੱਕ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਮੇਰਾ ਨੁਕਤਾ ਇਹ ਹੈ ਕਿ ਸੂਫੀ ਗਾਇਕੀ ਕੋਈ ਪਵਿਤਰ ਗਊ ਨਹੀਂ ਕਿ ਇਸ ਵਿਚ ਕੋਈ ਛੇੜ-ਛਾੜ ਨਹੀਂ ਹੋ ਸਕਦੀ ਤੇ ਨਾ ਹੀ ਗੀਤ ਦੀ ਵਿਧਾ ਏਨੀ ਸਿੱਕੇਬੰਧ ਹੁੰਦੀ ਹੈ ਕਿ ਗੰਭੀਰਤਾ ਹੀ ਗੰਭੀਰਤਾ ਇਸਦਾ ਖਾਸਾ ਬਣ ਜਾਵੇ। ਬਲਕਿ ਗੀਤ ਤਾਂ ਸੁਭਾਵਕ ਤੌਰ 'ਤੇ ਹਲਕੀ ਫੁਲਕੀ ਚੀਜ਼ ਹੈ ਤੇ ਲੌਕਿਕ ਪੱਧਰ 'ਤੇ ਵਿਚਰਦਾ ਹੈ, ਏਥੋਂ ਤੱਕ ਕਿ ਨਿਰਾਰਥਕਤਾ ਨੂੰ ਵੀ ਕੁਝ ਹੱਦ ਤੀਕ ਸਮੋ ਲੈਣ ਦੀ ਸਮਰਥਾ ਰਖਦਾ ਹੈ। ਸਾਡੇ ਪ੍ਰਾਚੀਨ ਸਾਹਿਤ ਵਿਚ ਵੀ ਨਿਰਾਰਥਕਤਾ ਦੀ 'ਸਾਰਥਕਤਾ' ਨੂੰ ਸਵੀਕਾਰ ਕੀਤਾ ਗਿਆ ਹੈ। ਇਕ ਕਾਵਿ-ਵਿਧਾ ਨੂੰ ਢਕੋਸਲਾ ਕਿਹਾ ਗਿਆ ਹੈ ਜਿਸ ਵਿਚ ਵਚਿੱਤਰਮਈ ਢੰਗ ਨਾਲ ਵਿਸੰਗਤ ਗੱਲਾਂ ਨੂੰ ਇਕ ਸਾਥ ਕਿਹਾ ਜਾਂਦਾ ਹੈ। ਖੁਸਰੋ ਦੀਆਂ ਚੰਦ ਉਦਾਹਰਣਾਂ:

ਭਾਦੋਂ ਪੱਕੀ ਪੀਪਲੀ, ਝੜ ਝੜ ਪੜੇ ਕਪਾਸ।
ਬੀ ਮਿਹਤਰਾਨੀ ਦਾਲ ਪਕਾਓਗੀ
ਯਾ ਨਹਾ ਹੀ ਸੋ ਰਹਾ

---

ਹਾਥੀ ਚੜ੍ਹਤ ਪਹਾੜ ਪਰ,
ਬਿਨ ਬਿਨ ਮਹੂਆ ਖਾਈ
ਚੀਟੀ ਭਰਲਸਿ ਵਘ ਕੇ,
ਉਲਟਾ ਪੈਰ ਉਠਾਇ

ਢਕੋਸਲਾ ਵਿਚ ਸਾਰੀਆਂ ਗੱਲਾਂ ਉਟ-ਪਟਾਂਗ, ਅਸੰਭਵ ਤੇ ਨਿਰਾਰਥਕ ਹੁੰਦੀਆਂ ਹਨ ਜਿਨ੍ਹਾਂ ਦਾ ਉਦੇਸ਼ ਮਨੋਰੰਜਨ ਜਾਂ ਹਾਸਰਸ ਪੈਦਾ ਕਰਨਾ ਹੁੰਦਾ ਹੈ। ਪ੍ਰਾਚੀਨ ਕਾਲ ਤੋਂ ਹੀ ਸੰਸਕ੍ਰਿਤ ਨਾਟਕਾਂ ਵਿਚ ਅਜੇਹੇ ਢਕੌਂਸਲੇ ਪਾਏ ਜਾਂਦੇ ਸਨ ਜਿਨ੍ਹਾਂ ਦੇ ਅਰਥਾਂ ਵਿਚ ਨਹੀਂ ਬਲਕਿ ਅਰਥਹੀਣਤਾ ਵਿਚ ਹੀ ਸੁਸੰਗਤੀ ਪਾਈ ਜਾਂਦੀ ਸੀ। ਅੱਜ ਕਲ੍ਹ ਮੰਚ 'ਤੇ ਗਾਉਣ ਦਾ ਰਿਵਾਜ ਹੈ ਤੇ ਮੰਚ ਦੀਆਂ ਆਪਣੀਆਂ ਲੋੜਾਂ ਵੀ ਹਨ। ਕਲਾਕਾਰ ਨੂੰ ਕੁਝ ਮਜਮੇਦਾਰੀ ਵੀ ਕਰਨੀ ਪੈਂਦੀ ਹੈ। ਨੌਜਵਾਨ ਤਬਕਾ ਮੰਚੀ ਢਕੌਂਸਲਿਆਂ ਨੂੰ ਪਸੰਦ ਕਰਦਾ ਹੈ। ਨਾਲੇ ਹਰ ਕੋਈ ਕਲਾਸੀਕਲ ਢੰਗ ਨਾਲ ਸੂਫ਼ੀ ਗਾਇਕੀ ਨਹੀਂ ਗਾ ਸਕਦਾ।

ਕੁਝ ਸਾਲ ਹੋਏ ਸ਼ਿਕਾਗੋ ਵਿਚ ਫਿਲਮ ਐਕਟਰ ਸੰਜੇ ਦੱਤ ਨੇ ਇਕ ਸ਼ੋਅ ਦੌਰਾਨ ਮੰਚ 'ਤੇ ਆਪਣੀ ਕਮੀਜ਼ ਉਤਾਰੀ ਤੇ ਸਰੋਤਿਆਂ ਵੱਲ ਨੂੰ ਦੌੜ ਪਿਆ। ਗੰਭੀਰ ਸਰੋਤਿਆਂ ਨੇ ਇਸ ਹਰਕਤ ਨੂੰ ਪਸੰਦ ਨਹੀਂ ਕੀਤਾ ਪਰ ਨੌਜਵਾਨਾਂ ਨੇ ਤਾੜੀਆਂ ਮਾਰੀਆਂ ਸਨ। ਅੱਜ ਕਲ੍ਹ ਸਾਫ਼ ਸੁਥਰੀ ਗਾਇਕੀ ਦਾ ਬਹੁਤ ਸ਼ੋਰ ਪਾਇਆ ਜਾਂਦਾ ਹੈ। ਮੈਂ ਸਮਝ ਨਹੀਂ ਸਕਦਾ ਕਿ ਪੱਛਮੀ ਚੈਨਲਾਂ ਦਾ ਏਨਾ 'ਲੱਚਰ' ਅਸੀਂ ਬਰਦਾਸ਼ਤ ਕਰ ਰਹੇ ਹਾਂ ਪਰ ਪੰਜਾਬੀ ਵਿਚ ਮਾੜੀ ਮੋਟੀ ਮਿੱਸ ਕਾਰਨ ਧੀਆਂ ਭੈਣਾਂ ਦੀਆਂ ਗਾਲਾਂ ਕੱਢਣ ਵਾਂਗ ਧੀਆਂ ਭੈਣਾਂ ਦੀ ਦਲੀਲ ਦੇ ਦਿੱਤੀ ਜਾਂਦੀ ਹੈ। ਸਾਨੂੰ ਥੋੜਾ ਉਦਾਰਚਿੱਤ ਹੋਣਾ ਚਾਹੀਦਾ ਹੈ, ਕੋਈ ਏਡਾ ਅਸਮਾਨ ਨਹੀਂ ਡਿਗ ਰਿਹਾ। ਅਗਲਾ ਏਡੀ ਦੂਰੋਂ ਚੱਲ ਕੇ ਆਇਆ ਹੈ, ਜੇ ਚਾਰ ਪੈਸੇ ਬਣਾ ਲਵੇ ਤਾਂ ਸਾਡੀ ਕੀ ਲੱਤ ਭਜਦੀ ਹੈ। ਇਕ ਉਭਰ ਰਹੇ ਕਲਾਕਾਰ ਦੀ ਸੰਤੁਲਿਤ ਆਲੋਚਨਾ ਤਾਂ ਅਵੱਸ਼ ਹੋਣੀ ਚਾਹੀਦੀ ਹੈ, ਪਰ ਹੱਲਾਸ਼ੇਰੀ ਵੀ ਦੇਣੀ ਚਾਹੀਦੀ ਹੈ।

# ਸਰਤਾਜ-ਪੰਜਾਬੀ ਗਾਇਕੀ 'ਚ ਲੰਬੀ ਔੜ ਪਿਛੋਂ ਪਿਆ ਮੀਂਹ

**ਐਸ. ਅਸ਼ੋਕ ਭੌਰਾ**

ਆਲੋਚਨਾ, ਵਿਰੋਧਤਾ ਤੇ ਪ੍ਰਸ਼ੰਸਾ ਦੀ ਮਹੱਤਤਾ ਇਸ ਗੱਲ ਵਿਚ ਹੁੰਦੀ ਹੈ ਕਿ ਕਰਨ ਵਾਲਾ ਕੌਣ ਹੈ? ਮੇਰੇ ਵਰਗਾ ਓਬਾਮਾ ਦੀਆਂ ਸਿਫਤਾਂ ਕਰੇ, ਮਨਮੋਹਨ ਸਿੰਘ ਨੂੰ ਬੂਰਾ ਭਲਾ ਕਹੇ-ਕੀ ਫਰਕ ਪੈਂਦਾ ਹੈ? ਮੰਨਦੇ ਹਾਂ ਕਿ ਵਿਕਾਸ ਤੇ ਵਿਰੋਧ ਜੌੜੇ ਭਰਾਵਾਂ ਵਾਂਗ ਹੀ ਰਹੇ ਹਨ ਪਰ ਜਿਸ ਤਰ੍ਹਾਂ ਦੀ ਦੂਸ਼ਣਬਾਜ਼ੀ ਤੇ ਹਲਕੀ ਪੱਧਰ ਦੇ ਸ਼ਬਦਾਂ ਨਾਲ ਆਲੋਚਨਾ ਸਤਿੰਦਰ ਸਰਤਾਜ ਦੀ ਹੋਈ ਹੈ, ਉਹ ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਪਹਿਲੀ ਵਾਰ ਵੇਖੀ ਹੈ। ਸ਼ਬਦਾਂ ਦੇ ਹੇਰ-ਫੇਰ ਤੇ ਵਿਸਥਾਰ ਨਾਲ 'ਨਿੱਕੀ ਜਿਹੀ ਗੱਲ ਦਾ ਖਿਲਾਰ ਪੈ ਗਿਆ' ਵਾਲੀ ਹਾਸੋਹੀਣੀ ਸਥਿਤੀ ਸਿਰਜ ਦਿੱਤੀ ਗਈ ਹੈ। ਨਾ ਮੈਂ ਸਤਿੰਦਰ ਸਰਤਾਜ ਦਾ ਬੁਲਾਰਾ ਹਾਂ ਤੇ ਨਾ ਹੀ ਉਹਦਾ ਪੀ.ਆਰ.ਓ.। ਹੈਰਾਨੀ ਹੋਰ ਕੀ ਹੋਵੇਗੀ ਕਿ ਜਿਸ ਗਾਇਕ ਦੁਆਲੇ ਚੰਗੇ ਲੋਕ ਜੁੜ ਕੇ ਬੈਠਣ ਲੱਗੇ ਹਨ, ਉਹਨੂੰ 'ਕਾਂ' ਕਹਿਣ ਤੋਂ ਵੀ ਗੁਰੇਜ਼ ਨਹੀਂ ਕੀਤਾ ਗਿਆ।

ਪੰਜਾਬੀ ਗਾਇਕੀ ਦੇ ਖੇਤਰ ਵਿਚ ਸਤਿੰਦਰ ਸਰਤਾਜ ਦਾ ਉਦਮ ਸਲਾਹੁਣਯੋਗ ਹੈ ਤੇ ਦੁਨੀਆਂ ਵਿਚ ਕੋਈ ਵੀ ਉਦਮੀ ਅਜਿਹਾ ਨਹੀਂ ਹੋਇਆ ਜਿਸ ਦਾ ਵਿਰੋਧ ਨਾ ਹੋਇਆ ਹੋਵੇ। ਸਰਤਾਜ ਚਰਚਾ 'ਚ ਹੀ ਨਹੀਂ, ਪ੍ਰਵਾਨਗੀ ਦੇ ਘੇਰੇ ਵਿਚ ਵੀ ਹੈ। ਇੰਜੀਨੀਅਰਾਂ, ਡਾਕਟਰਾਂ, ਵਿਦਵਾਨਾਂ, ਫਿਲਾਸਫਰਾਂ, ਕਵੀਆਂ-ਲੇਖਕਾਂ, ਟਰੱਕ ਡਰਾਈਵਰਾਂ, ਅਕਾਲੀਆਂ, ਕਾਮਰੇਡਾਂ, ਕਾਂਗਰਸੀਆਂ, ਬੱਚਿਆਂ, ਨੌਜਵਾਨਾਂ, ਬੁੱਢੇ ਠੇਰਿਆਂ, ਕੁੜੀਆਂ, ਭੈਣਾਂ, ਮਾਂਵਾਂ ਦਾ-ਚਹੇਤਾ ਗਾਇਕ ਬਣ ਗਿਆ ਹੈ। ਬੜੀ ਦੇਰ ਬਾਅਦ ਇਹ ਸਥਿਤੀ ਬਣੀ ਹੈ ਕਿ ਗਾਇਕ ਜਿਹੜੇ ਸ਼ਰੀਕੇਬਾਜ਼ੀ ਲਈ ਬੜੇ ਪ੍ਰਸਿੱਧ ਹਨ ਉਨ੍ਹਾਂ ਨੇ ਵੀ ਇਸ ਅਲੂੰਏ ਮੁੰਡੇ ਦੀ ਵਡਿਆਈ ਵਿਚ ਦੋਵੇਂ ਬਾਹਾਂ ਖੜੀਆਂ ਕਰ ਦਿੱਤੀਆਂ ਹਨ। ਸਰਤਾਜ ਬਾਰੇ ਤੂੰ ਲਿਖ, ਤੂੰ ਲਿਖ ਦੇ ਬੜੇ ਫੋਨ ਆਏ, ਸੋਚਿਆ ਜੀਹਦੇ ਪਿੱਛੇ ਸਰੋਤਿਆਂ ਦੀਆਂ ਕਤਾਰਾਂ ਨਹੀਂ, ਹੜ੍ਹ ਹੈ, ਉਹਦੇ ਬਾਰੇ ਕੀ ਲਿਖਾਂ।

ਦਰਅਸਲ ਪਿਛਲੇ ਕੁਝ ਵਰ੍ਹਿਆਂ ਤੋਂ ਮੈਂ ਆਪਣੀਆਂ ਲਿਖਤਾਂ ਦਾ ਵਿਸ਼ਾ-ਵਸਤੂ ਬਦਲ ਲਿਆ ਹੈ। ਅੱਸੀਵਿਆਂ ਦੇ ਕਰੀਬ ਗਾਇਕਾਂ, ਢਾਡੀਆਂ, ਕਵੀਸ਼ਰਾਂ, ਗੀਤਕਾਰਾਂ, ਸੰਗੀਤਕਾਰਾਂ ਤੇ ਸਾਜ਼ਾਂ-ਆਵਾਜ਼ਾਂ ਬਾਰੇ ਲਿਖਣਾ ਸ਼ੁਰੂ ਕੀਤਾ ਸੀ ਤੇ ਕਰੀਬ 25 ਵਰ੍ਹੇ ਜਾਰੀ ਰੱਖਿਆ। ਇਧਰੋਂ ਪਾਸਾ ਘੁਮਾਉਣ ਦਾ ਇਕ ਕਾਰਨ ਇਹ ਸੀ ਕਿ ਇਕ ਤਾਂ ਉਮਰ ਦਾ ਪਾੜਾ ਵਧ ਰਿਹਾ ਸੀ ਤੇ ਦੂਜਾ ਪਿਛਲੇ ਚਾਰ-ਪੰਜ ਸਾਲਾਂ ਤੋਂ ਛੋਕਰਖੇਲ ਗਾਇਕੀ 'ਚ ਪ੍ਰਵੇਸ਼ ਕਰ ਗਈ। ਸਤਿੰਦਰ ਦੀ ਗੱਲ ਇਸ ਕਰਕੇ ਕਰਨ ਲੱਗਾ ਹਾਂ ਕਿ ਦੋ-ਤਿੰਨ ਮਿੱਤਰਾਂ-ਦੋਸਤਾਂ ਨੇ ਤਿੱਖੀ ਟੀਕਾ-ਟਿੱਪਣੀ ਕੀਤੀ ਹੈ। ਜ਼ਰੂਰੀ ਨਹੀਂ ਜੋ ਮੈਂ ਲਿਖਣ ਲੱਗਾ ਹਾਂ, ਉਹ ਸਹੀ ਤੇ ਉਚਿਤ ਹੋਵੇ, ਨੁਕਸ ਕੱਢਣ ਤੋਂ ਮੈਂ ਹਮੇਸ਼ਾਂ ਗੁਰੇਜ਼ ਇਸ ਕਰਕੇ ਕੀਤਾ ਹੈ ਕਿ ਦੁਨੀਆਂ ਦੀ ਬਹੁਗਿਣਤੀ ਨਿਰਾਰਥਕ ਯਤਨਾਂ ਵਿਚ ਲੱਗੀ ਹੋਈ ਹੈ। ਇਹ ਦੁਨੀਆਂ ਯਤਨ ਕਰ ਰਹੇ ਮਨੁੱਖ ਨੂੰ ਉਤਸ਼ਾਹ ਨਹੀਂ ਦੇਂਦੀ, ਹਾਰ ਗਏ ਨੂੰ ਉਪਦੇਸ਼ ਦੇਂਦੀ ਹੈ।

ਇਹ ਗੱਲ ਮੈਂ ਦਾਅਵੇ ਨਾਲ ਕਹਾਂਗਾ ਕਿ ਸੰਗੀਤ ਤੇ ਗਾਇਕੀ ਦੇ ਮਾਮਲੇ ਵਿਚ ਆਲੋਚਨਾ ਕਰਨੀ, ਟਿੱਪਣੀ ਕਰਨੀ ਸੁਖਾਲਾ ਕੰਮ ਨਹੀਂ ਹੈ ਤੇ ਦੰਦਾਂ ਦੇ ਡਾਕਟਰ ਨੂੰ ਅੱਖਾਂ ਦਾ ਆਪ੍ਰੇਸ਼ਨ ਕਰਨਾ ਵੀ ਨਹੀਂ ਚਾਹੀਦਾ। ਸੰਗੀਤ ਦੀ ਦੁਨੀਆਂ ਬਹੁਤ ਵੱਡੀ ਹੈ ਤੇ ਬਹੁਤੇ ਲੋਕਾਂ ਨੂੰ ਦੁਨੀਆਂ ਓਡੀ ਕੁ ਹੀ ਲਗਦੀ ਹੁੰਦੀ ਹੈ ਜਿੰਨੀ ਕੁ ਉਨ੍ਹਾਂ ਨੂੰ ਦਿਸਦੀ ਹੈ। ਸਰਤਾਜ ਦੇ ਮਾਮਲੇ ਵਿਚ ਲੋਕ ਸਭਾ ਦੀ ਬੇਲੋੜੀ ਬਹਿਸ ਵਰਗੀਆਂ ਗੱਲਾਂ ਦੁਆਲੇ ਗੇੜਾ ਦੇਣ ਤੋਂ ਪਹਿਲਾਂ ਮੈਂ ਸੰਗੀਤ, ਸ਼ਾਇਰੀ ਤੇ ਜਿਸ ਸੂਫੀ-ਸੂਫੀ ਦੀ ਕਾਵਾਂ ਰੌਲੀ ਪਈ ਹੋਈ ਐ, ਉਸ ਰੰਗ 'ਚ ਰੰਗੇ ਲੋਕਾਂ ਦਾ ਸਰਤਾਜ ਬਾਰੇ ਪ੍ਰਤੀਕ੍ਰਮ ਸਾਂਝਾ ਕਰਨ ਲੱਗਾ ਹਾਂ:

ਘਰਾਣੇ ਦਾ ਗਾਇਕ ਸਰਦੂਲ ਸਿਕੰਦਰ ਆਖਦਾ ਹੈ, 'ਸਰਤਾਜ ਇਕ ਵਿਲੱਖਣ ਸ਼ਾਇਰੀ ਦਾ ਰੰਗ ਲੈ ਕੇ ਆਇਆ ਹੈ ਤੇ ਇਨ੍ਹਾਂ ਦੀ ਪੇਸ਼ਕਾਰੀ ਵਿਚ ਗੱਲ ਉਹਨੇ ਸਿਰੇ ਲਾ ਦਿੱਤੀ ਹੈ। ਜੀਹਨੂੰ ਲੋਕ ਹੱਥਾਂ 'ਤੇ ਨਹੀਂ, ਸਿਰ 'ਤੇ ਬਿਠਾ ਰਹੇ ਹਨ। ਉਹਦੇ ਬਾਰੇ ਮਾੜਾ ਕਹਿਣਾ ਸੋਚਿਆ ਵੀ ਨਹੀਂ ਜਾ ਸਕਦਾ।'

ਕੁਲਦੀਪ ਮਾਣਕ ਦੀ ਪ੍ਰਤੀਕ੍ਰਿਆ ਵੇਖੋ, 'ਲੁੱਚ-ਪੋਹ ਦੇ ਦੌਰ 'ਚ ਸਰਤਾਜ ਨੇ ਬਹੁਤ ਚੰਗਾ ਕਰ ਵਿਖਾਇਆ ਹੈ।'

ਵਿਵਾਦ 'ਚ ਪੈਣ ਨਾਲੋਂ ਕੁਝ ਨਾਵਾਂ ਦਾ ਸੰਕੇਤਕ ਇਸ਼ਾਰਾ ਦਿਆਂਗਾ। 'ਪਦਮਸ੍ਰੀ' ਹਾਸਿਲ ਕਰਨ ਵਾਲੇ ਸੂਫੀ ਭਰਾਵਾਂ ਨੇ ਕਿਹੈ, "ਪੰਜਾਬੀ ਗਾਇਕੀ 'ਚ ਲੰਬੀ ਔੜ ਤੇ ਤਪਸ਼ ਪਿਛੋਂ ਮੋਹਲੇਧਾਰ ਮੀਂਹ ਵਰ੍ਹਿਆ ਹੈ ਸਰਤਾਜ ਨਾਲ।'

ਅੱਜ ਦਾ ਸ਼ਿਵ, ਵਾਰਿਸ ਤੇ ਸਾਹਿਤ ਅਕਾਡਮੀ ਜੇਤੂ ਕਵੀ ਆਖਦਾ ਹੈ 'ਸ਼ੁਕਰ ਹੈ ਮਹਾਨ ਕਵੀਆਂ ਨੂੰ ਗਾਉਣ ਵਾਲਾ ਕੋਈ ਚੱਜ ਦਾ ਗਾਇਕ ਵੀ ਉਠਿਆ ਹੈ।'

ਸੰਗੀਤ ਸਮਰਾਟ ਦਾ ਕਹਿਣਾ ਹੈ, 'ਸਰਤਾਜ, ਆਪਣਾ ਅੰਦਾਜ਼ ਹੀ ਨਹੀਂ, ਸਭ ਆਪਣਾ ਤੇ ਨਵਾਂ ਲੈ ਕੇ ਆਇਆ ਹੈ।'

ਤੇ ਹੁਣ ਤੱਕ ਜਿਸ ਮੁੰਬਈ ਵਸਦੇ ਗਾਇਕ ਨੂੰ ਪੰਜਾਬੀਆਂ ਨੇ ਹੇਠਾਂ ਨਹੀਂ ਸਰਕਣ ਦਿੱਤਾ। ਉਹ ਖੁੱਲ੍ਹ ਕੇ ਆਖਦਾ ਹੈ 'ਪੰਜਾਬੀਓ ਹੀਰਾ ਲੱਭ ਗਿਆ, ਹਿੱਕ ਨਾਲ ਲਾ ਲਓ।'

ਪਿਛਲੇ ਕੁਝ ਵਰ੍ਹਿਆਂ ਵਿਚ ਪੁੱਠੀਆਂ-ਸਿੱਧੀਆਂ ਟੋਪੀਆਂ ਲੈ ਕੇ, ਕਦੇ ਆਸ਼ਕਾਂ ਦਾ ਪਿੰਡ ਵਸਾਉਣ ਦੀਆਂ ਗੱਲਾਂ ਕਰਨ ਵਾਲੇ, ਕਦੇ ਕੁੜੀਆਂ ਨੂੰ ਜਿਮ 'ਚ ਬਣਾਏ ਡੌਲੇ ਵਿਖਾਉਣ ਵਾਲੇ, ਕਦੇ ਕੰਧਾਂ ਟਪਾਉਣ ਵਾਲੇ ਲੋਕਾਂ ਨੂੰ ਨਿੰਦਣ ਨਾਲੋਂ ਸਰਤਾਜ ਦੀ ਨੁਕਤਾਚੀਨੀ ਕਰਨ ਵਾਲਿਆਂ ਬਾਰੇ ਇਕੋ ਗੱਲ ਕਹਾਂਗਾ ਕਿ ਦਸ ਕਿੱਲੋ ਦੁੱਧ ਦੇਣ ਵਾਲੀ ਵੀਹ ਹਜ਼ਾਰ ਦੀ ਮੱਝ ਲਿਆਂਦੀ ਸੀ, ਜੀਹਦੇ ਮਗਰ ਕੱਟਾ ਸੀ, ਕੱਟੇ ਦਾ ਹੀ ਰੌਲਾ ਪਾ ਕੇ ਬੈਠ ਗਏ ਹੋ, ਦੁੱਧ ਦਾ ਚੇਤਾ ਹੀ ਨਹੀਂ ਰਿਹਾ। ਸੱਚ ਇਹ ਹੈ ਕਿ ਪੰਜਾਬੀ ਗਾਇਕੀ ਵਿਚ ਸਰਵ-ਪ੍ਰਵਾਨਿਤ ਵਜੋਂ ਜੇ ਬਹੁਤ ਕੁਝ ਸੁਆਰਿਆ ਗਿਆ ਹੈ ਤਾਂ ਉਹ ਦੌਰ ਸਤਿੰਦਰ ਸਰਤਾਜ ਤੋਂ ਅਰੰਭ ਹੁੰਦਾ ਹੈ।

ਪੰਜਾਬੀ ਗਾਇਕੀ ਦੀ ਫਲੈਸ਼ਬੈਕ 'ਚ ਥੋੜ੍ਹਾ ਲੈ ਕੇ ਚਲਦਾ ਹਾਂ... ਸੁਰਿੰਦਰ ਕੌਰ ਨੇ ਗਾਇਆ ਸੀ 'ਕਿੰਜ ਬੀਤੀ ਮੁਕਲਾਵੇ ਵਾਲੀ ਰਾਤ...' ਕੁਲਦੀਪ ਮਾਣਕ ਨੇ ਗਾਇਆ ਸੀ 'ਨਾਲੇ ਬਾਬਾ ਲੱਸੀ ਪੀ ਗਿਆ ਨਾਲੇ ਦੇ ਗਿਆ ਦੁਆਨੀ ਖੋਟੀ...',



ਆਪਣੇ ਮਾਤਾ-ਪਿਤਾ ਨਾਲ ਸਰਤਾਜ

ਬਰਕਤ ਸਿੱਧੂ ਨੇ ਗਾਇਆ ਸੀ 'ਰੰਨਾਂ ਜੋ ਕਸ਼ਮੀਰ ਦੀਆਂ...', ਨਰਿੰਦਰ ਬੀਬਾ ਨੇ 'ਪੰਜੀਂ ਸਾਲੀਂ ਛੜਾ ਨੀ ਡੁਬਈ ਵਿਚੋਂ ਆਇਆ...', ਉਸਤਾਦ ਲਾਲ ਚੰਦ ਯਮਲਾ ਜੱਟ ਨੇ 'ਵਿਸਕੀ ਦੇ ਪੈਗ ਵਰਗੀ ਮੈਂ ਇਕ ਕੁੜੀ ਟਿਕਾ ਲਈ ਐ...', ਹੰਸ ਰਾਜ ਹੰਸ ਨੇ 'ਅਹੁ ਵੇਖੋ ਸੜਕਾਂ 'ਤੇ ਅੱਗ ਤੁਰੀਂ ਜਾਂਦੀ ਐ...'। ਤੇ ਪੰਜਾਬੀ ਗਾਇਕੀ ਦੇ ਵਾਰਿਸ ਜੇ ਕਿਤੇ ਨਾ ਕਿਤੇ ਟਪਲਾ ਖਾ ਸਕਦੇ ਨੇ ਤਾਂ ਸਰਤਾਜ ਦੇ 'ਯਾਮ੍ਹੇ' ਵਾਲੇ ਗੀਤ ਬਾਰੇ ਏਨੀਆਂ ਢਿੱਡ 'ਚ ਮੁੱਕੀਆਂ ਦੇਣ ਦੀ ਕੀ ਲੋੜ ਪੈ ਗਈ?' ਮੰਨਦੇ ਹਾਂ ਇਸ ਗੀਤ 'ਚ ਮਹਿਜ਼ ਤੁਕਬੰਦੀ ਹੈ, ਚਲੰਤ ਹੈ ਪਰ ਐਡੀ ਕਿਹੜੀ ਗਾਂ ਕੋਠੇ 'ਤੇ ਚੜ੍ਹਨ ਲੱਗੀ ਐ। ਜਿਥੋਂ ਤੱਕ ਆਲੂਆਂ, ਸਬਜ਼ੀ ਵਾਲਿਆਂ ਦੇ ਰੌਲੇ ਦੀ ਗੱਲ ਐ, ਸਰਦੂਲ ਇਹਦੇ ਬਾਰੇ ਆਖਦਾ ਹੈ 'ਗੁਰਦਾਸ ਮਾਨ ਦਾ ਫਗਵਾੜੇ 'ਚ ਹਾਲ ਹੀ 'ਚ ਇਕ ਸ਼ੋਅ ਸੀ ਤੇ ਆਪਣੇ ਇਕ ਗੀਤ 'ਸਾਡਾ ਹੋ ਜਾ ਸਾਨੂੰ ਆਪਣਾ ਬਣਾ ਲੈ' 'ਚ ਉਹ ਕਈ ਵਾਰ ਖੱਬੇ ਪਾਸੇ ਬੈਠੀਆਂ ਬੀਬੀਆਂ ਨੂੰ ਸੰਬੋਧਨ ਹੁੰਦਾ ਰਿਹਾ। ਕੋਈ ਹੋਰ ਆਖੇ ਤਾਂ ਕੁੱਟ ਪੈਣ ਦੀ ਸ਼ੱਕ ਨਹੀਂ ਰਹਿਣੀ ਸੀ। ਅਸਲ 'ਚ ਕਈ ਵਾਰ ਸਟੇਜ 'ਤੇ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ। ਸਰੋਤੇ ਭੁੱਲ-ਭੁਲਾ ਜਾਂਦੇ ਨੇ ਤੇ ਯਾਦ ਰੱਖਣ ਵਾਲੇ 'ਆ ਤਾਂ ਬੱਚੂ' ਆਖਣ ਲੱਗ ਪੈਂਦੇ ਹਨ।

ਦੋ ਗੱਲਾਂ ਦੀ ਚੀਰ-ਫਾੜ ਬੜੀ ਹੋ ਰਹੀ ਐ। ਸੂਫੀ ਗਾਇਕ ਹੋਣ ਜਾਂ ਨਾ ਹੋਣ ਦੀ, ਦੂਜੀ ਗੱਲ 'ਦੀਨੇ' ਸ਼ਬਦ ਦੀ।

ਸਰਤਾਜ ਸੂਫੀ ਹੋਣ ਦਾ ਦਾਅਵਾ ਕਰੇ ਜਾਂ ਨਾ, ਉਹ ਸੂਫੀ ਹੋਵੇ ਜਾਂ ਨਾ, ਇਹਨੂੰ ਕਸ਼ਮੀਰ ਦੇ ਮਸਲੇ ਜਾਂ ਅਮਰੀਕਾ-ਲਾਦੇਨ ਦੇ ਮਸਲੇ ਵਾਂਗ ਤੂਲ ਨਾ ਦਿਓ। ਸੂਫੀ ਗਾਇਕੀ ਦਾ ਹੇਜ਼ ਕਰਨਾ ਮਾੜੀ ਗੱਲ ਨਹੀਂ ਤੇ ਮੈਂ ਸੂਫੀ ਗਾਇਕ ਬਰਕਤ ਸਿੱਧੂ ਦੀ ਗੱਲ ਕਰਨ ਲੱਗਾ ਹਾਂ। ਉਹਦਾ ਜਨਮ ਇਕ ਟੱਪਰੀਵਾਸ ਕਬੀਲੇ ਵਿਚ ਹੋਇਐ, ਉਹਦੀ ਗੁਰਬਤ ਤੇ ਸੰਘਰਸ਼ ਕਦੇ ਕਿਸੇ ਨੇ ਵੇਖਿਆ...ਉਹਦੇ ਹੱਥ 'ਤੇ ਕਦੇ ਟਕਾ ਧਰਿਆ? ਇਕ ਸੂਫੀ ਗਾਇਕੀ ਤੇ ਬਰਕਤ ਸਿੱਧੂ ਦਾ ਬਾਹਲਾ ਸ਼ੁਦਾਈ ਮੇਰੇ ਨਾਲ ਉਹਦੇ ਧਰਮਕੋਟ ਵਿਚਲੇ ਲੋਹਗੜ੍ਹ ਰੋਡ 'ਤੇ ਵਸੇ ਘਰ 'ਚ ਚਲੇ ਗਿਆ। ਉਦੋਂ ਉਹ ਆਪਣੇ ਕਬੀਲੇ 'ਚ ਘਰ ਬਣਾਉਣ ਲਈ ਇੱਟਾਂ ਸੁਟਾਈ ਬੈਠਾ ਸੀ। ਸੂਫੀ ਗਾਇਕਾਂ ਦੇ ਵੱਡੇ ਮੁਦਈ ਨੇ ਉਹਦੇ ਘਰ ਪਾਣੀ ਤੱਕ ਨੀ ਪੀਤਾ ਤੇ ਮੈਨੂੰ ਮਸਰਾਂ ਦੀ ਦਾਲ ਨਾਲ ਰੋਟੀ ਖਾਂਦੇ ਨੂੰ ਵੀ ਹੋਰ ਤਰ੍ਹਾਂ ਦੇਖੇ। ਬਰਕਤ ਸਿੱਧੂ ਨੇ ਸਿਰੇ ਲੱਗਣ ਲਈ ਕੀ ਨਹੀਂ ਕੀਤਾ? ਸਰਤਾਜ ਪਤਾ ਨੀ ਕੀਹਦੇ ਕੀਹਦੇ ਗਿੱਟੇ-ਗੋਡੇ ਲੱਗ ਕੇ ਪੱਤਣ ਟੱਪਿਐ ਤੇ ਹੁਣ ਵਿਰੋਧ ਦੇ ਦੀਵੇ ਮਿੱਟੀ ਦੇ ਤੇਲ ਨਾਲ ਬਾਲਣ ਵਾਲੇ ਸੂਫੀ ਗਾਇਕਾਂ ਦੀ ਬਾਂਹ 'ਚ ਬਾਂਹ ਪਾਉਣ ਤੋਂ ਝਿਜਕਦੇ ਕਿਉਂ ਹਨ?

ਸੂਫੀ-ਸੂਫੀ ਦਾ ਰੌਲਾ ਤਾਂ ਬੜਾ ਪਾ ਲਿਐ ਪਰ ਸੂਫੀ ਕਹਿੰਦੇ ਕੀਹਨੂੰ ਹਨ? ਇਹਦੇ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਦੇ ਪੰਨਾ 224 'ਤੇ ਲਿਖਿਆ ਹੈ, 'ਸੂਫੀ ਦਾ ਅਰਥ ਹੈ ਪਵਿੱਤਰਤਾ ਅਤੇ ਉੱਨ। ਜੋ ਕੰਬਲ ਜਾਂ ਕੰਬਲ ਦੀ ਖਫਨੀ ਪਹਿਨੇ, ਉਹ ਸੂਫੀ ਹੈ। ਜੋ ਪਵਿੱਤਰ ਹੋਵੇ, ਉਹ ਸੂਫੀ ਹੈ। ਜੋ ਗਿਆਨੀ ਹੋਵੇ, ਉਹ ਸੂਫੀ ਹੈ। ਮੁਸਲਮਾਨਾਂ ਦਾ ਇਕ ਫਿਰਕਾ ਸੂਫੀ ਜਾਂ ਸੂਫਈ ਅਖਵਾਉਂਦਾ ਹੈ ਜੋ ਵੇਦਾਂਤ ਅਤੇ ਇਸਲਾਮ ਦੇ ਮੇਲ ਤੋਂ ਉਪਜਿਆ ਹੈ। ਇਸ ਮਤ ਦਾ ਪ੍ਰਚਾਰਕ ਬਹਾਓਦੀਨ ਸ਼ਾਮ ਹੈ ਜੋ ਈਸਵੀ 13ਵੀਂ ਸਦੀ ਦੇ ਅਰੰਭ 'ਚ ਹੋਇਆ ਹੈ।'

ਸਰਤਾਜ ਨੇ ਆਪਣੇ ਇਕ ਗੀਤ ਵਿਚ ਦੀਨਾ ਸ਼ਬਦ ਕੀ ਵਰਤ ਲਿਆ ਕਿ ਲੰਡਨ ਤਕ ਅਮੀਨ ਮਲਿਕ ਨੂੰ ਦੰਦ ਟੁਕਵੀਂ ਪ੍ਰਤੀਕ੍ਰਿਆ ਦੇਣੀ ਪੈ ਗਈ। ਜੇ ਦੇਖਿਆ ਜਾਵੇ ਤਾਂ 'ਮਾਂ ਦਾ ਦੀਨਾ' ਤਾਂ ਸੁਣਿਆ ਹੈ, ਭੈਣ ਦਾ ਦੀਨਾ ਕਦੇ ਨਹੀਂ। ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਸ਼ਬਦ ਕੋਸ਼' ਦੇ ਪੰਨਾ ਨੰਬਰ 637 'ਤੇ ਦੱਸਿਆ ਹੈ ਕਿ ਦੀਨਾ ਦਾ ਸ਼ਾਬਦਿਕ ਅਰਥ ਦਿੱਤਾ, ਦੀਆ, 'ਘੋਲਿ ਘੁਮਾਇ ਲਾਲਨਾ ਗੁਰਮਨੁ ਦੀਨਾ ਇਨਉ ਸੁਨਹੁ ਇਕ ਦੀਨਾ' ਹੈ। ਇਹ ਸ਼ਬਦ ਗਾਲ੍ਹ ਕਿਥੇ ਲਿਖਿਆ ਹੋਇਆ ਹੈ? ਹਾਲੇ ਤਕ ਕਿਸੇ ਪੁਸਤਕ 'ਚ ਨਹੀਂ ਪੜ੍ਹਿਆ, ਹੁਣ ਹੀ ਪਤਾ ਲੱਗਾ ਕਿ ਇਹ ਗਾਲ੍ਹ ਵੀ ਹੁੰਦੀ ਹੈ। ਵੈਸੇ ਅਮੀਨ ਮਲਿਕ ਹੋਰਾਂ ਦੇ ਮੁਲਕ ਵਿਚ ਏਦਾਂ ਹੋ ਵੀ ਸਕਦੈ ਕਿਉਂਕਿ ਬਹੁਤ ਸਾਰੇ ਹੋਰ ਵੀ ਸ਼ਬਦ ਹਨ ਜੋ ਉਥੇ ਗਾਲ੍ਹ ਵਰਗੇ ਹੋ ਸਕਦੇ ਹਨ। ਸਾਡੇ ਦੁਆਬੇ ਵਿਚ ਪਿੱਠ ਨੂੰ ਢੂਹੀ ਕਹਿੰਦੇ ਹਨ, ਡੋਗਰੇ ਲਈ ਹੀ ਨਹੀਂ, ਪੰਜਾਬ 'ਚ ਵੀ ਕਈ ਥਾਂ ਇਹ ਗਾਲ੍ਹ ਮੰਨੀ ਜਾਂਦੀ ਹੈ। ਖੈਰ! ਅਮੀਨ ਮਲਿਕ ਨੂੰ ਏਨਾ ਤਿੱਖਾ ਪ੍ਰਤੀਕ੍ਰਮ ਦੇਣ ਨਾਲੋਂ ਇਕ ਹੋਰ ਸ਼ਬਦ ਕੋਸ਼ ਤਿਆਰ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਅਮੀਨ ਦੇ ਮੂੰਹੋਂ ਜੁੱਤੀਆਂ ਵਰਗੇ ਸ਼ਬਦ ਸੁਣਨੇ ਕੀ ਇਕ ਉਸਾਰੂ ਬਹਿਸ ਤੇ ਸਭਿਅਕ ਆਲੋਚਨਾ ਦਾ ਹਿੱਸਾ ਹੈ? ਦੀਨ ਤੋਂ ਦੀਨਾ ਬਣਿਆ ਹੈ ਜੇ ਦੀਨਾ ਗਾਲ੍ਹ ਹੈ ਤਾਂ ਫਿਰ ਦੀਨ-ਧਰਮ ਜਾਂ ਦੀਨ-ਇਮਾਨ ਸ਼ਬਦ ਦੇ ਮਾਅਨੇ ਕੀ ਹੋ ਸਕਦੇ ਹਨ? ਪਰ ਡੇਢ ਕੁ ਸ਼ਬਦਾਂ ਵਾਲੇ ਗੀਤ 'ਚ ਇਕ ਸ਼ਬਦ ਦਾ ਏਨਾ ਰੌਲਾ? ਤੌਬਾ!

ਕੋਈ ਵੀ ਬੰਦਾ ਸੋਲ੍ਹਾਂ ਕਲਾਂ ਸੰਪੂਰਨ ਨਹੀਂ ਤੇ ਨਾ ਹੀ ਸਰਬ ਕਲਾ ਸਮਰਥ। ਸਰਤਾਜ ਦੇ ਕਿਨ੍ਹਾਂ ਗੀਤਾਂ ਨੂੰ ਸੁਣ ਕੇ ਹਾਸਾ ਆਉਂਦੈ, ਇਹਦੇ ਬਾਰੇ ਤਾਂ ਕੁਝ ਕਿਹਾ ਨਹੀਂ ਜਾ ਸਕਦਾ ਪਰ ਉਹਦੇ ਚੰਡੀਗੜ੍ਹ ਵਿਚਲੇ ਇਕ ਸ਼ੋਅ ਵਿਚ ਗੁਰਦਾਸ ਮਾਨ ਅਤੇ ਸਰਦੂਲ ਸਿਕੰਦਰ ਵਰਗੇ ਗਾਇਕ ਉਹਨੂੰ ਸਾਹਮਣੇ ਬੈਠ ਕੇ ਸੁਣ ਰਹੇ ਸਨ ਤੇ ਕੋਈ ਘੰਟਿਆਂ ਤੱਕ ਸਾਹ ਨਹੀਂ ਸੀ ਲੈ ਰਿਹਾ। ਕੀ ਇਹ ਸਾਰੇ ਬੌਰੇ ਹਨ? ਅਸਲ ਵਿਚ ਵਿਰੋਧ ਤੇ ਆਲੋਚਨਾ ਦੀ ਨੀਅਤ 'ਤੇ ਸ਼ੱਕ ਹੋਣਾ ਸੁਭਾਵਿਕ ਹੈ।

ਸਰਤਾਜ ਦੇ ਬਹੁਤ ਸਾਰੇ ਗੀਤਾਂ ਨੂੰ ਤੁਸੀਂ ਧਿਆਨ ਨਾਲ ਸੁਣਿਐ, ਇਸ ਲਈ ਉਨ੍ਹਾਂ ਦੀ ਵਿਆਖਿਆ ਵਿਚ ਜਾਣਾ ਉਚਿਤ ਨਹੀਂ ਸਮਝਦਾ। ਪਰ 'ਕੁੜੀ' ਵਾਲੇ ਗੀਤ ਵਿਚ ਉਹ ਸ਼ਿਵ ਦੇ ਨੇੜੇ ਚਲਾ ਜਾਂਦਾ ਹੈ ਤੇ 'ਆਦਮੀ' ਵਾਲੇ ਗੀਤ 'ਚ ਅਲੰਕਾਰ 'ਇਥੇ ਜੀਹਦਾ ਜ਼ਿਆਦਾ ਜੋਰ ਉਹਦਾ ਓਨਾ ਜ਼ਿਆਦਾ ਧੰਦਾ...ਜੀਹਨੇ ਦੁਨੀਆਂ ਬਣਾਈ ਆਪੇ ਜਾਣਦਾ ਏ ਰਾਜ...' ਸਲਾਹੇ ਜਾ ਸਕਦੇ ਹਨ ਪਰ ਇਸ ਗੀਤ ਵਿਚਲੇ ਦੋ ਅੰਤਰਿਆਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਾਂਗਾ:-

ਹੋਣ ਜਿੱਦਾਂ ਦੇ ਹਾਲਾਤ ਬੰਦਾ ਉਦਾਂ ਦਾ ਹੋ ਜਾਂਦਾ,
ਕਦੇ ਚੋਪੜੀ ਵੀ ਸੁੱਟੇ ਕਦੇ ਸੁੱਕੀਆਂ ਵੀ ਖਾਂਦਾ,
ਜਿਹੜਾ ਬੰਦਾ ਖੁਸ਼ੀ ਖੇੜਿਆਂ 'ਚ ਅੰਬਰਾਂ 'ਤੇ ਉਡੇ,
ਉਹੀ ਦੁੱਖਾਂ ਵਿਚ ਅਤਿ ਦਾ ਨਿਰਾਸ਼ ਹੁੰਦਾ ਏ।
ਹਰ ਆਦਮੀ 'ਚ ਹੁੰਦਾ ਇਕ ਨੇਕ ਇਨਸਾਨ
ਹਰ ਆਦਮੀ 'ਚ ਇਕ ਬਦਮਾਸ਼ ਹੁੰਦਾ ਏ...

***

ਜੀਹਨੂੰ ਜਾਨ ਤੋਂ ਪਿਆਰੇ ਸੀਗੇ ਆਪਣੇ ਨਿਆਣੇ,
ਫਿਰ ਭਾਗਾਂ ਵਾਲੀ ਛੱਡ ਗਿਆ ਖੌਰੇ ਕੀਹਦੇ ਭਾਣੇ,
ਜਿਹੜਾ ਸ਼ਹਿਰ ਨੂੰ ਗਿਆ ਸੀ ਲੈਣ ਝੋਲੇ ਵਿਚ ਦਾਣੇ,
ਉਹੀ ਸੁਬ੍ਹਾ ਅਖ਼ਬਾਰ ਵਿਚ ਲਾਸ਼ ਹੁੰਦਾ ਏ...।

ਲਗਦਾ ਨਹੀਂ ਗੱਲ ਜਿਵੇਂ ਪਾਸ਼ ਦੀ ਸੋਚ ਦੀ ਹੋ ਰਹੀ ਹੋਵੇ। ਗੱਲ ਸਰਤਾਜ ਦੇ ਪੱਗ ਤੋਂ ਬਾਹਰ ਵਾਲ ਕੱਢਣ ਦੀ ਵੀ ਹੋਈ ਹੈ। ਜੇ ਬਹੁਤ ਲੋਕ ਕਹਿ ਰਹੇ ਹਨ ਤਾਂ ਸਰਤਾਜ ਵਾਲ ਅੰਦਰ ਵੀ ਕਰ ਲਵੇ ਤਾਂ ਉਹਨੂੰ ਫਰਕ ਨਹੀਂ ਪੈਣ ਲੱਗਾ ਪਰ ਸਿੱਖੀ ਏਨੀ ਦੁਰਲੱਭ ਤੇ ਛੋਟੀ ਨਾ ਕਰੋ ਕਿ ਉਹਦੇ 'ਤੇ ਹਰ ਨਿੱਕੀ ਮੋਟੀ ਗੱਲ ਦਾ ਅਸਰ ਹੋ ਜਾਵੇ। ਚਾਰ-ਪੰਜ ਸਾਲ ਪੁਰਾਣੀ ਕਹਾਣੀ ਹੈ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਪਹਿਲੀ ਵਾਰ ਇੰਗਲੈਂਡ ਆਏ। ਬਰਮਿੰਘਮ ਦੇ ਮੇਅਰ ਹਾਊਸ ਵਿਚ ਪ੍ਰੈਸ ਕਾਨਫਰੰਸ ਸੀ ਤੇ ਰੌਲਾ ਸੀ ਲੰਗਰ ਪ੍ਰਥਾ ਦਾ। ਮੈਂ ਮੱਕੜ ਨੂੰ ਕਿਹਾ ਚਲੋ ਜੇ ਕੋਈ ਥੱਲੇ ਬਹਿ ਨਹੀਂ ਸਕਦਾ, ਕਿਸੇ ਦੇ ਗੋਡੇ ਦੁਖਦੇ ਹਨ ਤਾਂ ਕੁਰਸੀ 'ਤੇ ਬਹਿ ਕੇ ਲੰਗਰ ਛਕ ਵੀ ਲਿਆ ਤਾਂ ਕੋਈ ਗੱਲ ਨਹੀਂ। ਫਿਕਰ ਉਸ ਸਿੱਖੀ ਦਾ ਕਰੋ ਕਿ ਸਿਰ 'ਤੇ ਤਾਂ ਪੱਗ ਬੰਨ੍ਹੀ ਹੈ ਤੇ ਹੇਠਾਂ ਦਾੜੀ 'ਚ ਡਿਜ਼ਾਇਨ ਪਾਏ ਹੁੰਦੇ ਨੇ। ਕਈ ਪੱਗ ਤਾਂ ਬੰਨ੍ਹਦੇ ਹਨ ਪਰ ਸਿਰ ਨਾਈ ਤੋਂ ਮੁਨਾ ਕੇ ਆਉਂਦੇ ਹਨ। ਨਾਲੇ ਇਕ ਬੇਨਤੀ ਹੀ ਕਰਾਂਗਾ ਕਿ ਸੰਗੀਤ ਤੇ ਕਲਾਕਾਰ ਨੂੰ ਧਰਮ ਦੀਆਂ ਗੰਢਾਂ 'ਚ ਨਾ ਬੰਨ੍ਹੋ। 1990 ਵਿਚ ਲੰਡਨ ਦੇ ਬੈਂਬਲੀ ਹਾਲ ਵਿਚ ਨੁਸਰਤ ਫਤਿਹ ਅਲੀ ਖਾਨ ਦਾ ਪ੍ਰੋਗਰਾਮ ਹੋ ਰਿਹਾ ਸੀ, ਸਰੋਤਿਆਂ ਵਿਚ 60 ਫੀਸਦੀ ਗੋਰੇ ਸਨ ਤੇ ਗੀਤ ਸੀ 'ਦਮਾ ਦਮ ਮਸਤ ਕਲੰਦਰ...' ਗੋਰੇ ਪੌਂਡਾਂ ਦਾ ਮੀਂਹ ਵਰ੍ਹਾ ਰਹੇ ਸਨ। ਉਨ੍ਹਾਂ ਨੂੰ ਸ਼ਬਦ ਨਹੀਂ, ਸੰਗੀਤ ਹੀ ਸਮਝ ਆ ਰਿਹਾ ਸੀ। ਜੇ ਦੁਨੀਆਂ 'ਚ ਸੱਤ ਸੁਰਾਂ ਦੀ ਇਕ ਸਾਂਝ ਹੈ ਤਾਂ ਉਹ ਸੰਗੀਤ ਹੀ ਹੈ। ਕਲਾਕਾਰ ਨੂੰ ਕਿਸੇ ਜਾਤ ਧਰਮ ਮਜ਼ਹਬ ਤੋਂ ਵੱਖ ਹੀ ਰੱਖ ਲੈਣਾ ਚਾਹੀਦੈ।

'ਸਰਪੇਚ' ਦੀ ਗੱਲ ਵੀ ਲਗਦੇ ਹੱਥ ਕਰ ਲੈਂਦੇ ਹਾਂ। ਜਦੋਂ ਹਮਾਯੂੰ ਤਖਤ 'ਤੇ ਬੈਠਾ ਤਾਂ ਸੰਗੀਤਕ ਮਹਿਫਲ ਹੋ ਰਹੀ ਸੀ। ਬਦਕਿਸਮਤੀ ਕਿ ਗਾਇਕ ਦੇ ਤਾਨਪੁਰੇ ਦੀ ਤਾਰ ਟੁੱਟ ਗਈ। ਗਾਇਕ ਨੇ ਰਾਗ ਹੀ ਨਹੀਂ ਬਦਲਿਆ ਸਗੋਂ ਜਦੋਂ ਤਕ ਤਾਰ ਗੰਢੀਂ ਜਾਂਦੀ, ਉਹਨੇ ਸਿਰ ਤੋਂ ਇਕ ਤਾਲ ਸ਼ਿੰਗਾਰ ਵਰਗਾ ਗਹਿਣਾ ਉਤਾਰ ਏਨਾ ਖੂਬ ਤਾਲ ਸਿਰਜਿਆ ਕਿ ਤਾਨਪੁਰੇ ਦੀ ਤਾਰ ਟੁੱਟਣ ਵਲ ਕਿਸੇ ਦਾ ਧਿਆਨ ਹੀ ਨਹੀਂ ਗਿਆ। ਸੱਤ-ਅੱਠ ਸਾਲ ਮੈਂ ਸੁਆਮੀ ਹਰੀ ਦਾਸ ਤੋਂ ਲੈ ਕੇ ਕੁਮਾਰ ਗੰਧਰਵ ਤੱਕ ਖੋਜ ਕਰਕੇ ਪੁਸਤਕ ਲਿਖੀ ਹੈ ਤੇ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਭਾਰਤੀ ਤੇ ਪੰਜਾਬੀ ਸੰਗੀਤ 'ਤੇ ਕੋਈ ਬਾਹਰੀ ਅਸਰ ਨਹੀਂ ਹੋਇਆ। ਅਮੀਰ ਖੁਸਰੋ ਬਾਰੇ ਪੜ੍ਹੋਂਗੇ ਤਾਂ ਸਾਡੀ ਸੰਗੀਤ ਪਰੰਪਰਾ ਵਿਚ ਇਰਾਨੀ ਪਹਿਰਾਵੇ ਦਾ, ਇਰਾਨੀ ਸੰਗੀਤ ਦਾ ਪ੍ਰਭਾਵ ਸਪੱਸ਼ਟ ਦਿਸੇਗਾ। ਪੰਜਾਬ ਦੀ ਹੱਦ ਦੁਆਲੇ ਸੀਣ ਕਿਉਂ ਮਾਰ ਰਹੇ ਹੋ? ਇਕ ਮੇਰਾ ਮਿੱਤਰ ਦਾਅਵੇਦਾਰ ਹੈ ਕਿ ਇਹ ਤਵੀਤ ਹੀ ਹੈ ਤੇ ਉਹਨੂੰ ਇਹ ਵੀ ਪਤੈ ਕਿ ਇਹ ਲਿਆ ਕਿਥੋਂ ਹੈ? ਇਹਦੇ ਬਾਰੇ ਕਿੰਨੀ ਕੁ ਸੱਚਾਈ ਹੈ, ਇਹ ਤਾਂ ਉਹੀ ਜਾਨਣ। ਉਂਜ ਜੇ ਮਲਕੀਤ ਤੇ ਦਲੇਰ ਮਹਿੰਦੀ ਪੱਗ 'ਤੇ ਗੋਟਾ ਲਗਾ ਸਕਦੇ ਹਨ ਤਾਂ ਸਰਤਾਜ ਦੇ ਗਹਿਣਾ ਟੰਗਣ ਨਾਲ ਕੀ ਪਰਲੋ ਆਉਣ ਲੱਗੀ ਹੈ? ਇਸ ਗੱਲ ਨੂੰ ਤਾਂ ਮੰਨਦੇ ਹਾਂ ਕਿ ਪਹਿਨੀਏ 'ਜੱਗ ਭਾਉਂਦਾ' ਪਰ ਇਹ ਕਿਹੜਾ ਸੰਵਿਧਾਨਕ ਹੱਕ ਹੈ ਕਿ ਸਲਾਹ ਦਈਏ ਕਿ ਤੂੰ ਆਹ ਨਾ ਪਹਿਨ ਤੇ ਆਹ ਪਹਿਨ।

ਇਕ ਘਟਨਾ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ ਕਿ ਘੁੰਮਦੇ-ਘੁਮਾਉਂਦੇ ਇਕ ਪਹਾੜੀ ਪਿੰਡ ਹੈਬੋਆਲ (ਹੁਸ਼ਿਆਰਪੁਰ), ਹੁਣ ਨਵਾਂਸ਼ਹਿਰ ਚਲੇ ਗਏ। ਯਾਦ ਆਇਆ ਕਿ ਇਥੇ ਇਕ ਕਵੀ ਪਸ਼ੂਆਂ ਦੇ ਹਸਪਤਾਲ 'ਚ ਫਾਰਮਾਸਿਸਟ ਹੈ। ਹਸਪਤਾਲ ਗਏ ਤਾਂ ਉਹ ਤਾਂ ਹੈ ਨਹੀਂ ਸੀ, ਡਾਕਟਰ ਮਿਲ ਗਿਆ। ਮੈਨੂੰ ਪੁੱਛਣ ਲੱਗਾ, 'ਤੁਸੀਂ ਉਹਨੂੰ ਕਿਵੇਂ ਜਾਣਦੇ ਹੋ?'

'ਗਾਹੇ-ਬਗਾਹੇ ਚੰਗੀ ਗ਼ਜ਼ਲ ਲਿਖ ਲੈਂਦੈ।'

'ਮੇਰਾ ਕੰਮ ਹੀ ਕਰ ਦਿਓ।'

'ਦੱਸੋ?'

'ਉਹਨੂੰ ਕਹੋ ਕਿ ਹਸਪਤਾਲ 'ਚ ਟਾਈ, ਐਨਕਾਂ ਤੇ ਪੋਚਵੀਂ ਪੱਗ ਨਾ ਬੰਨ੍ਹ ਕੇ ਆਇਆ ਕਰੇ।'

*(ਬਾਕੀ ਸਫਾ 29 'ਤੇ)*

## ਭਾਈ, ਬੇਕਰਜ਼ਫੀਲਡ ਸਰਤਾਜ ਵੇਖਣ ਚੱਲਣੈ

**ਫਰਿਜ਼ਨੋ (ਐਸ ਅਸ਼ੋਕ ਭੌਰਾ):** ਮੇਰਾ ਇਕ ਮਿੱਤਰ ਟੱਕਰਿਆ ਤਾਂ ਚਿਟਕਾਰੀਆਂ ਲਾ ਕੇ ਦੱਸੇ ਕਿ ਕੱਲ ਮੈਂ ਕੰਮ 'ਤੇ ਸਾਂ ਜਦੋਂ ਮੇਰੀ ਬੀਵੀ ਦਾ ਫੋਨ ਆਇਆ। ਆਹੰਦੀ:

"ਜੀ ਕੀ ਕਰਦੇ ਓਂ?

ਓਹੀ ਜੋ ਰੋਜ਼ ਕਰਦਾਂ।

ਜੀ ਬਬਲੀ ਇਕ ਡਿਮਾਂਡ ਕਰਦੀ ਐ।

ਕੱਲ ਤੇਰੇ ਜਨਮ ਦਿਨ 'ਤੇ ਹਜ਼ਾਰ ਲਾ ਕੇ ਹਟਿਆਂ, ਅੱਜ ਬੇਟੀ ਤੋਂ ਡਿਮਾਂਡ ਕਰਵਾਉਣ ਲੱਗ ਪਈ। ਦੱਸ ਕੀ ਐ?

ਜੀ ਮਨ੍ਹਾਂ ਨਾ ਕਰਿਓ।

ਬੋਲ ਤਾਂ ਸਹੀ।

ਬਬਲੀ ਆਹੰਦੀ ਹੈ ਬੇਕਰਜ਼ਫੀਲਡ 2 ਜੁਲਾਈ ਨੂੰ ਸਰਤਾਜ ਦਾ ਸ਼ੋਅ ਵੇਖਣ ਜਾਣੈ।

ਇਹਨੂੰ ਸਮਝ ਪੈ ਜੂ?

ਜੀ ਬੁਰਾ ਨਾ ਮੰਨਿਓ, ਜੀ ਤਾਂ ਮੇਰਾ ਵੀ ਕਰਦੈ।

ਕੁੜੀ ਦਾ ਪੱਜ ਪਾਈ ਜਾਨੀ ਐਂ, ਆਪਣੇ ਰੱਜ ਦੀ ਗੱਲ ਕਰ।"

ਤੇ ਉਹ ਹੱਸਦਿਆਂ ਕਹਿਣ ਲੱਗਾ, "ਜਿਹੜੇ ਰੋਗ ਨਾਲ ਬੱਕਰੀ ਮਰ ਗਈ ਉਹੀ ਰੋਗ ਪਠੇਰੇ ਨੂੰ... ਜਾਣਾ ਤਾਂ ਸੀ ਹੀ ਪਰ ਹੁਣ ਲੱਤ ਉਪਰ ਦੀ ਹੋ ਗਈ।"

ਗੱਲ ਅਸਲ ਵਿਚ ਸਿਆਣਿਆਂ ਦੇ ਕਹਿਣ ਵਾਂਗ ਇਹ ਹੈ ਕਿ ਜਿਸ ਜੰਗ ਵਿਚ ਮਾਂਵਾਂ ਆਪਣੇ ਪੁੱਤਰਾਂ ਨੂੰ ਹੱਥੀਂ ਤੋਰਨ ਲੱਗ ਪੈਣ ਉਹ ਜੰਗਾਂ ਹਾਰੀਆਂ ਹੀ ਨਹੀਂ ਗਈਆਂ ਤੇ ਜਿਸ ਪ੍ਰੋਗਰਾਮ ਵਿਚ ਔਰਤਾਂ ਕਹਿਣ, 'ਬੱਚੇ ਜਾਣ ਲਈ ਉਤਾਵਲੇ ਹਨ,' ਉਨ੍ਹਾਂ ਸਮਾਗਮਾਂ ਦੇ ਅਸਫਲ ਹੋਣ ਦਾ ਸੁਆਲ ਹੀ ਨਹੀਂ ਉਠਦਾ।

ਸਤਿੰਦਰ ਸਰਤਾਜ ਦੇ ਬੇਕਰਜ਼ਫੀਲਡ ਹੋਣ ਵਾਲੇ ਸ਼ੋਅ ਦੇ ਮੁੱਖ ਪ੍ਰਬੰਧਕ ਮਨਦੀਪ ਮਾਨ ਅਨੁਸਾਰ 2 ਜੁਲਾਈ ਨੂੰ ਹੋਣ ਵਾਲੀ ਇਸ ਸੰਗੀਤਕ ਮਹਿਫਲ ਪ੍ਰਤੀ ਲੋਕਾਂ ਵਿਚ ਇੰਨਾ ਉਤਸ਼ਾਹ ਹੈ ਕਿ ਉਹ ਹੀ ਨਹੀਂ ਆਵੇਗਾ ਜਿਹੜਾ ਜਾਂ ਤਾਂ ਬਿਮਾਰ ਹੈ ਜਾਂ ਬੁੱਢਾ ਹੈ। ਮਨਦੀਪ ਅਨੁਸਾਰ ਅੱਧੇ ਘੰਟੇ ਦੇ ਸਥਾਨਕ ਰੇਡੀਓ ਟਾਕ ਸ਼ੋਅ ਵਿਚ ਹੀ ਸਰਤਾਜ ਨੂੰ ਲੋਕਾਂ ਤੋਂ ਇੰਨਾ ਪਿਆਰ ਮਿਲਿਆ ਜਿਵੇਂ ਹੜ੍ਹ ਦਾ ਪਾਣੀ ਚਲਿਆ ਆਉਂਦਾ ਹੋਵੇ।

# ਸ਼ਹਿਰ ਆਪਣਾ ਆਪਣਾ, ਖਿਆਲ ਆਪਣਾ ਆਪਣਾ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਇਸ ਵਾਰ ਦਾ ਸਿਆਲ ਚੰਡੀਗੜ੍ਹ ਕੱਟ ਕੇ ਸ਼ੈਰੀ ਸੰਧੂ ਨਿਊ ਯਾਰਕ ਪਹੁੰਚਿਆ ਤਾਂ ਉਸ ਨੇ ਦੱਸਿਆ ਕਿ ਐਤਕੀਂ ਉਸ ਨੇ ਭਾਰਤ ਦੇ ਦਾਂਤੇਵਾੜਾ, ਲਾਲਗੜ੍ਹ ਤੇ ਝਾਰਖੰਡ ਵਰਗੇ ਕਬਾਇਲੀ ਇਲਾਕਿਆਂ ਅਤੇ ਕੁਝ ਕੁਝ ਪੰਜਾਬ ਤੁਰ ਫਿਰ ਕੇ ਵੇਖਿਆ ਤੇ ਜਾਣਿਆ, ਖਾਸ ਕਰਕੇ ਆਪਣਾ ਸ਼ਹਿਰ ਬਠਿੰਡਾ। ਉਸਦੀ ਸੋਚ ਅਨੁਸਾਰ ਉਸ ਵਰਗੇ ਬਾਹਰ ਆਉਣ ਜਾਣ ਵਾਲਿਆਂ ਬੰਦਿਆਂ ਲਈ ਆਪਣੇ ਦੇਸ਼ ਤੇ ਇਲਾਕੇ ਬਾਰੇ ਜੇ ਭਰਪੂਰ ਤੇ ਪੂਰੀ ਨਹੀਂ ਤਾਂ ਥੋੜ੍ਹੀ ਬਹੁਤੀ ਜਾਣਕਾਰੀ ਹੋਣੀ ਜ਼ਰੂਰੀ ਹੈ। ਇਹ ਫੁਰਨਾ ਉਸ ਨੂੰ ਉਦੋਂ ਫੁਰਿਆ ਜਦੋਂ ਪਿਛਲੇ ਅਕਤੂਬਰ 'ਚ ਨਿਊ ਯਾਰਕ ਤੋਂ ਦਿੱਲੀ ਜਾਂਦਿਆਂ ਉਸ ਦਾ ਵਾਹ ਜਹਾਜ਼ 'ਚ ਨਾਲ ਦੀ ਸੀਟ 'ਤੇ ਬੈਠੇ 'ਟਾਈਮਜ਼' ਮੈਗਜ਼ੀਨ ਦੇ ਇਕ ਗੋਰੇ ਪੱਤਰਕਾਰ ਨਾਲ ਪਿਆ ਜੋ ਭਾਰਤ ਦੇ ਕੁਝ ਸਿਆਸੀ ਪਹਿਲੂ ਕਵਰ ਕਰਨ ਜਾ ਰਿਹਾ ਸੀ। ਉਸ ਵਲੋਂ ਸ਼ਿਬੂ ਸੋਰੇਨ, ਮਧੂ ਕੋਡਾ, ਆਰ.ਐਸ.ਐਸ., ਕਾਂਗਰਸ, ਮਾਓਵਾਦੀਆਂ, ਸੋਨੀਆਂ ਗਾਂਧੀ, ਪ੍ਰਕਾਸ਼ ਸਿੰਘ ਬਾਦਲ ਜਾਂ ਅੰਬਾਨੀ ਬਾਰੇ ਪੁਛੇ ਸਵਾਲਾਂ ਬਾਰੇ ਸ਼ੈਰੀ ਨੂੰ ਉਨਾ ਨਹੀਂ ਸੀ ਪਤਾ ਜਿੰਨਾ ਉਹ ਗੋਰਾ ਜਾਣਦਾ ਸੀ। ਸ਼ੈਰੀ ਭਾਰਤ ਦੀ ਸੰਖੇਪ ਤੇ ਸੌਖੀ ਜਿਹੀ ਯਾਤਰਾ ਕਰਕੇ ਅੱਜ ਕੱਲ੍ਹ ਨਿਊ ਯਾਰਕ ਪਹੁੰਚ ਗਿਆ ਹੈ। ਸਭ ਤੋਂ ਪਹਿਲਾਂ ਉਸ ਨੇ ਆਪਣੇ ਜੱਦੀ ਸ਼ਹਿਰ ਬਠਿੰਡੇ ਬਾਰੇ ਜੋ ਕੁਝ ਲਿਖਿਆ ਹੈ, ਆਪਾਂ ਉਹ ਹੀ ਪੜ੍ਹਦੇ ਹਾਂ।

***

ਅੱਜ ਤੋਂ ਲਗਪਗ 46-47 ਸਾਲ ਤੋਂ ਆਪਣੇ ਸ਼ਹਿਰ ਬਠਿੰਡਾ ਨਾਲ ਮੇਰਾ ਵਾਹ ਮਹਿਮਾਨਾਂ ਵਾਲਾ ਹੀ ਰਿਹਾ ਹੈ ਪਰ ਫਿਰ ਵੀ ਮੈਂ ਇਸੇ ਸ਼ਹਿਰ ਨੂੰ ਹੀ ਆਪਣਾ ਸੋਚਦਾ ਤੇ ਸਮਝਦਾ ਰਿਹਾ ਹਾਂ। ਮੈਂ ਇਥੇ ਹੀ ਪਲਿਆ ਤੇ ਵੱਡਾ ਹੋਇਆ ਹਾਂ। ਇਥੋਂ ਬਾਰ੍ਹਵੀਂ ਜਮਾਤ ਪਾਸ ਕਰਕੇ ਪੰਜਾਬ ਯੂਨੀਵਰਸਿਟੀ 'ਚ ਇੰਜੀਨੀਅਰਿੰਗ ਦੀ ਪੜ੍ਹਾਈ ਸ਼ੁਰੂ ਕੀਤੀ ਤਾਂ ਮਹੀਨੇ 'ਚ ਦੋ ਜਾਂ ਤਿੰਨ ਵਾਰ ਇਸ ਸ਼ਹਿਰ ਦੇ ਦਰਸ਼ਨ ਹੋਣ ਲੱਗੇ। ਫਿਰ ਚੰਡੀਗੜ੍ਹ ਹੀ ਨੌਕਰੀ, ਉਥੇ ਹੀ ਵਿਆਹ ਤੇ ਉਥੇ ਹੀ ਰਿਟਾਇਰਮੈਂਟ ਹੋਈ ਤੇ ਬਠਿੰਡੇ ਨਾਲ ਵਾਹ ਘਟਦਾ-ਘਟਦਾ ਬਹੁਤ ਘਟ ਗਿਆ। ਹੁਣ ਭਾਵੇਂ ਮੈਂ ਪਰਿਵਾਰਕ ਕੰਮ-ਧੰਦੇ ਲਈ ਉਥੇ ਸਾਲ-ਛਿਮਾਹੀ ਹੀ ਜਾਂਦਾ ਹਾਂ ਪਰ ਇਸ ਸ਼ਹਿਰ ਪ੍ਰਤੀ ਅਪਣੱਤ ਤੇ ਆਦਰ 'ਚ ਕੋਈ ਕਮੀ ਨਹੀਂ ਆਈ। 1963-64 'ਚ ਜਦੋਂ ਮੈਂ ਇਕ ਵਿਦਿਆਰਥੀ ਦੇ ਤੌਰ 'ਤੇ ਚੰਡੀਗੜ੍ਹ 'ਚ ਪਵੇਸ਼ ਕੀਤਾ ਤਾਂ ਪਤਾ ਲੱਗਾ ਕਿ ਬਠਿੰਡੇ ਬਾਰੇ ਮਾਝੇ ਅਤੇ ਦੁਆਬੇ ਦੇ ਵਿਦਿਆਰਥੀਆਂ 'ਚ ਅਜਿਹੀਆਂ ਧਾਰਨਾਵਾਂ ਬਣੀਆਂ ਹੋਈਆਂ ਸਨ ਜੋ ਇਸ ਇਲਾਕੇ ਦੇ ਪਛੜੇ ਤੇ ਖੁਸ਼ਕ ਹੋਣ ਦੀ ਵਕਾਲਤ ਕਰਦੀਆਂ ਸਨ। ਉਨ੍ਹਾਂ ਦੀ ਸੋਚ ਸੀ ਕਿ ਇਹ ਟਿੱਬਿਆਂ ਦਾ ਇਲਾਕਾ ਹੈ, ਜ਼ਿਆਦਾ ਲੋਕ ਅਨਪੜ੍ਹ ਹਨ ਅਤੇ ਹਨ੍ਹੇਰੀਆਂ ਵਗਦੀਆਂ ਰਹਿੰਦੀਆਂ ਹਨ। ਜੇ ਕੋਈ ਵਿਦਿਆਰਥੀ ਰਿੜ-ਖਿੜ ਕੇ ਪ੍ਰਾਈਵੇਟ ਬੀ.ਏ. ਕਰਕੇ ਯੂਨੀਵਰਸਿਟੀ ਦਾਖਲ ਹੋਇਆ ਹੁੰਦਾ ਤਾਂ ਉਸ ਦੇ ਵਿਦਿਅਕ ਸਫਰ ਨੂੰ ਵਾਇਆ ਬਠਿੰਡਾ ਕਿਹਾ ਜਾਂਦਾ। ਮੈਨੂੰ ਇਹ ਸਭ ਗੱਲਾਂ ਕ੍ਰੋਧਿਤ ਕਰਦੀਆਂ, ਕਿਉਂਕਿ ਮੈਨੂੰ ਪਤਾ ਸੀ ਕਿ ਇਹ ਸਭ ਝੂਠ ਤੇ ਬੇਬੁਨਿਆਦ ਸੋਚਾਂ ਹਨ, ਕਿਉਂਕਿ ਮੈਂ ਬਠਿੰਡੇ 'ਚ ਜੰਮਿਆ ਪਲਿਆ ਸਾਂ। ਮੈਨੂੰ ਪਤਾ ਸੀ ਕਿ ਹੁਣ ਇਹ ਸ਼ਹਿਰ ਦੂਜੇ ਸ਼ਹਿਰਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ। ਸਫਾਈ ਅਤੇ ਭੀੜ ਦੇ ਹਿਸਾਬ ਨਾਲ ਤਾਂ ਇਹ ਮੈਨੂੰ ਜਲੰਧਰ, ਲੁਧਿਆਣੇ ਤੇ ਪਟਿਆਲੇ ਨਾਲੋਂ ਬੇਹਤਰ ਲਗਦਾ ਸੀ ਪਰ ਫਿਰ ਵੀ ਉਦੋਂ ਮੈਂ ਆਪਣੇ ਆਪ ਨੂੰ ਹੁੱਬ ਕੇ ਬਠਿੰਡੇ ਦਾ ਕਹਿਣ ਤੋਂ ਗੁਰੇਜ਼ ਹੀ ਕਰਦਾ ਸੀ। ਭਾਵੇਂ ਦਾਖਲਾ-ਮੈਰਿਟ ਸੂਚੀ 'ਚ ਮੇਰਾ ਨਾਂ ਸਭ ਤੋਂ ਉਪਰ ਸੀ। ਮੈਂ ਵਿਭਾਗ ਦਾ ਚੰਗਾ ਹੁਸ਼ਿਆਰ ਵਿਦਿਆਰਥੀ ਸਾਂ ਤੇ ਯੂਨੀਵਰਸਿਟੀ ਦੇ ਪ੍ਰੋਗਰਾਮਾਂ 'ਚ ਇੰਨੀ ਕੁ ਵਧੀਆ ਉਰਦੂ ਗ਼ਜ਼ਲ ਗਾ ਲੈਂਦਾ ਸਾਂ ਕਿ ਸਾਰੇ ਕੈਂਪਸ ਦੇ ਵਿਦਿਆਰਥੀ ਤੇ ਅਧਿਆਪਕ ਮੈਨੂੰ ਸੁਣਨਾ ਪਸੰਦ ਕਰਦੇ ਸਨ ਪਰ ਫਿਰ ਵੀ ਆਪਣੇ ਸ਼ਹਿਰ ਬਾਰੇ ਗੱਲਾਂ ਸੁਣ ਸੁਣ ਕੇ ਭਾਵੇਂ ਸ਼ਰਮਾਉਂਦਾ ਤਾਂ ਨਹੀਂ ਸਾਂ ਪਰ ਸੰਗਦਾ ਜ਼ਰੂਰ ਸਾਂ। ਇਥੋਂ ਤੱਕ ਕਿ ਮੇਰੀ ਪਤਨੀ ਮਨਮੀਤ ਤੇ ਮੈਂ ਵਿਆਹ ਤੋਂ ਡੇਢ ਸਾਲ ਪਹਿਲਾਂ ਇਕ ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਾਂ ਪਰ ਪੂਰਾ ਇਕ ਸਾਲ ਮੈਂ ਉਸ ਨੂੰ ਇਹ ਨਹੀਂ ਪਤਾ ਲੱਗਣ ਦਿੱਤਾ ਕਿ ਅਸਲ 'ਚ ਮੈਂ ਬਠਿੰਡੇ ਦਾ ਹਾਂ। ਇਸੇ ਡਰੋਂ ਕਿ ਇਹ ਹੌਲੀ ਹੌਲੀ 'ਇੰਜ-ਉਂਜ, ਇਦਾਂ, ਕਿਦਾਂ' ਬੋਲਣ ਵਾਲੀ ਮਲੂਕ ਜਿਹੀ ਕੁੜੀ ਕਿਧਰੇ ਬਠਿੰਡੇ ਦਾ ਨਾਂ ਸੁਣ ਕੇ ਕਹਾਣੀ ਤੜੱਕ ਹੀ ਨਾ ਕਰ ਦੇਵੇ।

ਪਾਰਲੀਮੈਂਟ ਦੇ ਪਿਛਲੇ ਸਰਦ ਰੁੱਤ ਦੇ ਸ਼ੈਸ਼ਨ 'ਚ ਜਦ ਮੈਂ ਬਠਿੰਡੇ ਦੀ ਐਮ.ਪੀ. ਹਰਸਿਮਰਤ ਕੌਰ ਬਾਦਲ ਨੂੰ ਬੜੇ ਅਹਿਮ ਮਸਲਿਆਂ 'ਤੇ ਬੜਾ ਬਾ-ਦਲੀਲ ਬੋਲਦੀ ਸੁਣਿਆ, ਇਕ ਚੈਨਲ 'ਤੇ ਉਸ ਦੀ ਲੰਬੀ ਇੰਟਰਵਿਊ ਵੇਖੀ ਅਤੇ ਭਾਰਤ ਦੇ ਇਕ ਮਸ਼ਹੂਰ ਪੱਤਰਕਾਰ ਵਲੋਂ ਉਸ ਬਾਰੇ ਇਹ ਟਿੱਪਣੀ ਪੜ੍ਹੀ ਕਿ 1952 ਤੋਂ ਲੈ ਕੇ ਹੁਣ ਤੱਕ ਹਰਸਿਮਰਤ ਕੌਰ ਬਾਦਲ ਪੰਜਾਬ ਦੀ ਇਕੋ ਇਕ ਔਰਤ ਐਮ.ਪੀ. ਹੋਈ ਹੈ ਜਿਸ ਨੇ ਆਪਣੇ ਸੂਬੇ ਦੀ ਇੰਨੀ ਬੇਬਾਕ ਤੇ ਬਾ-ਦਲੀਲ ਵਕਾਲਤ ਕੀਤੀ ਹੈ ਤਾਂ ਮੈਂ ਬਠਿੰਡੇ ਇਕ ਦੋ ਮਹੀਨੇ ਰਹਿ ਕੇ ਇਸ ਸ਼ਹਿਰ ਬਾਰੇ ਪੂਰੀ ਤਰ੍ਹਾਂ ਜਾਨਣ ਦਾ ਮਨ ਬਣਾ ਲਿਆ।

ਜਦੋਂ ਮੈਂ ਖੁਦ ਜਾ ਕੇ ਆਪਣੇ ਸ਼ਹਿਰ ਨੂੰ ਵੇਖਿਆ ਤੇ ਜਾਣਿਆਂ ਤਾਂ ਮੈਨੂੰ ਹੈਰਾਨੀ ਵੀ ਹੋਈ ਪਰ ਹੈਰਾਨੀ ਨਾਲੋਂ ਕਿਧਰੇ ਵਧੇਰੇ ਖੁਸ਼ੀ ਹੋਈ। ਇਹ ਸ਼ਹਿਰ ਜਿਸ ਨੂੰ ਕਦੇ ਟਿੱਬਿਆਂ ਦਾ ਸ਼ਹਿਰ ਕਿਹਾ ਜਾਂਦਾ ਸੀ, ਅੱਜ ਭਾਰਤ 'ਚ ਇਹ 'ਝੀਲਾਂ ਦੇ ਸ਼ਹਿਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸਨੂੰ 'ਪੰਜਾਬ ਦਾ ਸ਼ਾਰਜ਼ਾਹ' ਵੀ ਕਿਹਾ ਜਾਂਦਾ ਹੈ। ਇਥੇ ਪੰਜ ਵੱਡੀਆਂ ਝੀਲਾਂ ਹਨ ਜਿਨ੍ਹਾਂ 'ਚ ਕਿਸ਼ਤੀਆਂ ਵੀ ਚਲਦੀਆਂ ਹਨ। ਹੁਣ ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀਆਂ ਝੀਲਾਂ ਦੇ ਬਿਲਕੁਲ ਵਿਚਕਾਰ ਇਕ ਵੱਡੀ ਹੋਟਲ ਕਾਰਪੋਰੇਸ਼ਨ ਇਕ ਪੰਜ-ਤਾਰਾ ਹੋਟਲ ਬਣਾ ਰਹੀ ਹੈ। ਇਹ ਸ਼ਹਿਰ ਇੰਨਾ ਕੁ ਵੱਡਾ ਹੋ ਗਿਆ ਹੈ ਕਿ ਇਥੇ ਮਿਊਂਸਪੈਲਟੀ ਦੀ ਥਾਂ ਕਾਰਪੋਰੇਸ਼ਨ ਬਣ ਗਈ ਹੈ। ਸ਼ਹਿਰੀਆਂ ਦੇ ਟਹਿਲਣ ਤੇ ਪਿਕਨਿਕ ਲਈ ਇਕ ਵੱਡਾ ਰੋਜ਼-ਗਾਰਡਨ ਹੈ, ਕੈਂਟੋਨਮੈਂਟ ਦਾ ਚੇਤਕ ਪਾਰਕ ਹੈ ਅਤੇ ਸਰਹਿੰਦ ਨਹਿਰ ਹੈ ਜਿਸ ਦੇ ਸ਼ਹਿਰ ਵਿਚਲੇ ਪੁਲ ਦੇ ਦੋਵੇਂ ਪਾਸੀਂ ਫੁੱਲ-ਬੂਟੇ, ਬੈਂਚ ਤੇ ਲਾਈਟਾਂ ਲਾ ਕੇ ਉਸ ਨੂੰ ਇਕ ਗਾਰਬੇਜ਼ ਵਾਲੀ ਜਗ੍ਹਾ ਤੋਂ ਪਿਕਨਿਕ ਪਲੇਸ ਬਣਾ ਦਿੱਤਾ ਗਿਆ ਹੈ। ਥਰਮਲ ਕਾਲੋਨੀ, ਫਰਟੇਲਾਈਜ਼ਰ ਕਾਲੋਨੀ ਤੇ ਕੈਂਟ ਰੈਜੀਡੈਂਸ਼ਲ ਏਰੀਆ ਤਾਂ ਆਬਾਦੀ, ਸਫਾਈ ਤੇ ਸੁੰਦਰਤਾ ਪੱਖੋਂ ਮਿੰਨੀ-ਚੰਡੀਗੜ੍ਹ ਕਹੇ ਜਾ ਸਕਦੇ ਹਨ। ਇਨ੍ਹਾਂ ਕਾਲੋਨੀਆਂ 'ਚ ਜੋ ਕਲੱਬ ਤੇ ਪਾਰਕ ਹਨ, ਉਹ ਵੱਖਰਾ ਨਜ਼ਾਰਾ ਪੇਸ਼ ਕਰਦੇ ਹਨ।

ਭਾਵੇਂ ਇਹ ਸ਼ਹਿਰ ਪਹਿਲਾਂ ਹੀ ਭਾਰਤ ਦੇ ਸਭ ਤੋਂ ਵੱਡੇ ਰੇਲਵੇ ਜੰਕਸ਼ਨ ਵਜੋਂ ਜਾਣਿਆਂ ਜਾਂਦਾ ਸੀ ਜਿਸ ਦੇ ਇਕ ਪਲੇਟਫਾਰਮ ਤੇ ਕਿਸੇ ਗੱਡੀ ਦੀ ਉਡੀਕ ਕਰਦੇ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਨੇ ਕਦੇ 'ਇਹ ਜੱਗ ਜੰਕਸ਼ਨ ਰੇਲਾਂ ਦਾ' ਗੀਤ ਲਿਖਿਆ ਸੀ, ਪਰ ਅੱਜ ਇਥੇ ਕਈ ਹੋਰ ਅਜਿਹੇ ਵੱਡੇ ਪ੍ਰੋਜੈਕਟ ਆ ਗਏ ਹਨ ਕਿ ਬਠਿੰਡਾ ਪੰਜਾਬ ਦਾ ਮੋਹਰੀ ਜ਼ਿਲ੍ਹਾ ਬਣ ਗਿਆ ਹੈ। ਦੋ ਵੱਡੇ ਥਰਮਲ ਪਲਾਂਟ ਪਹਿਲਾਂ ਹੀ ਸਨ ਤੇ ਤੀਜਾ ਦਮਦਮਾ ਸਾਹਿਬ ਤਲਵੰਡੀ ਵਿਖੇ ਬਣ ਰਿਹਾ ਹੈ। ਏਸ਼ੀਆ ਦੀ ਸਭ ਤੋਂ ਵੱਡੀ ਫੌਜੀ ਛਾਉਣੀ ਇਥੇ ਹੈ, ਜਿਸਦੇ ਨਾਲ ਲਗਦਾ ਉਤਰੀ ਭਾਰਤ ਦਾ ਵੱਡਾ ਤੇਲ ਭੰਡਾਰ ਹੈ, ਜਿਸਨੂੰ ਪਾਈਪ ਰਾਹੀਂ ਤੇਲ ਦੀ ਸਿੱਧੀ ਸਪਲਾਈ ਲਈ ਬੰਬੇ-ਬਠਿੰਡਾ ਪਾਈਪ ਲਾਈਨ ਬਨਣੀ ਸ਼ੁਰੂ ਹੋ ਗਈ ਹੈ। ਸੰਸਾਰ 'ਚ ਸਟੀਲ ਕਿੰਗ ਵਜੋਂ ਜਾਣਿਆਂ ਜਾਂਦਾ ਲਕਸ਼ਮੀ ਮਿੱਤਲ ਇਥੇ 18919 ਕਰੋੜ ਰੁਪਏ ਨਾਲ ਗੁਰੂ ਗੋਬਿੰਦ ਸਿੰਘ ਤੇਲ ਰੀਫਾਈਨਰੀ ਲਾ ਰਿਹਾ ਹੈ ਜਿਸ ਨੂੰ ਸਮੁੰਦਰ 'ਚੋਂ ਕੱਚੇ ਤੇਲ ਦੀ ਸਿੱਧੀ ਸਪਲਾਈ ਲਈ ਗੁਜਰਾਤ ਤੋਂ ਮੁੰਦਰਾ-ਬਠਿੰਡਾ ਪਾਈਪ ਲਾਈਨ ਬਣ ਰਹੀ ਹੈ। ਇਸ ਸਾਰੇ ਪ੍ਰੋਜੈਕਟ ਦਾ 65% ਕੰਮ ਮੁਕੰਮਲ ਹੋ ਚੁੱਕਾ ਹੈ ਤੇ ਇਹ 2011 ਤੱਕ ਚਾਲੂ ਹੋ ਜਾਵੇਗਾ ਜਿਸ ਤੋਂ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲਣਾ ਹੈ ਤੇ ਸੈਂਕੜੇ ਹੋਰ ਸਹਾਇਕ ਪ੍ਰੋਜੈਕਟ ਲੱਗਣੇ ਹਨ। ਪੰਜਾਬ ਸਰਕਾਰ ਦੇ ਅੰਦਾਜ਼ੇ ਮੁਤਾਬਕ ਸਰਕਾਰ ਨੂੰ ਇਸ ਤੋਂ 5000 ਕਰੋੜ ਸਾਲਾਨਾ ਆਮਦਨ ਹੋਣ ਲੱਗ ਪੈਣੀ ਹੈ। ਇਹ ਕਾਰਖਾਨਾ ਹਰਿਆਣੇ ਨਾਲ ਲੱਗਦੀ ਪੰਜਾਬ ਦੀ ਬਰਾਨੀ ਜਿਹੀ ਜ਼ਮੀਨ 'ਚ ਬਣ ਰਿਹਾ ਹੈ ਜਿਥੇ ਅੱਜ ਕੱਲ੍ਹ ਪਿੰਡਾਂ 'ਚ ਕੋਠੀਆਂ ਖੁੰਭਾਂ ਵਾਂਗ ਉਭਰ ਆਈਆਂ ਹਨ ਤੇ ਮਾਰੂਤੀਆਂ ਤਿਤਲੀਆਂ ਵਾਂਗ ਉਡਦੀਆਂ ਫਿਰਦੀਆਂ ਹਨ।

ਇਥੇ ਇਕ ਪੈਪਸੀ ਪ੍ਰੋਸੈਸਿੰਗ ਪਲਾਂਟ ਵੀ ਲੱਗਾ ਹੋਇਆ ਹੈ ਜੋ ਫਲ-ਸਬਜ਼ੀਆਂ ਕਿਸਾਨਾਂ ਤੋਂ ਸਿੱਧੀਆਂ ਖਰੀਦਦਾ ਹੈ। ਰਿਲਾਇੰਸ ਦੀ ਹਿੱਸੇਦਾਰੀ ਵਾਲੀ 'ਬਿੱਗ ਸਿਨੇਮਾ' ਨਾਂ ਦੀ ਕੰਪਨੀ ਨੇ ਇਥੇ ਦੇ ਸਿਟੀ ਸੈਂਟਰ 'ਚ ਇਕ ਮਲਟੀਪਲੈਕਸ ਸਿਨੇਮਾ ਬਣਾਇਆ ਹੈ ਜਿਸ ਵਿਚ ਇਕੋ ਵੇਲੇ ਚਾਰ ਫਿਲਮਾਂ ਚਲਦੀਆਂ ਹਨ ਤੇ ਖਰੀਦੋ-ਫਰੋਖਤ ਲਈ ਇਕ ਏ.ਸੀ. ਪਲਾਜ਼ੇ ਵਾਲੀਆਂ ਸਹੂਲਤਾਂ ਹਨ। ਦੱਖਣੀ ਪੱਛਮੀ ਪੰਜਾਬ 'ਚ ਇਹ ਆਪਣੀ ਕਿਸਮ ਦਾ ਪਹਿਲਾ ਸਿਨੇਮਾ ਹੈ। ਸੁਖਬੀਰ ਸਿੰਘ ਬਾਦਲ ਦਸਦਾ ਹੈ ਕਿ 2012 ਤੱਕ ਇਸ ਨੂੰ ਸਪੈਸ਼ਲ ਇਕਨਾਮਿਕ ਜ਼ੋਨ ਬਣਾ ਦੇਣਾ ਹੈ। ਇਸ ਲਈ ਟੈਕਸਟਾਈਲ ਸੈਂਟਰ, ਫਲਾਇੰਗ ਸਕੂਲ,

## ਸ਼ੈਰੀ ਦੀ ਡਾਇਰੀ

ਕ੍ਰਿਕਟ ਸਟੇਡੀਅਮ, ਕ੍ਰਿਕਟ ਅਕੈਡਮੀ ਅਤੇ ਏ.ਸੀ. ਬੱਸ ਸਟੈਂਡ ਬਣਾ ਦੇਣਾ ਹੈ। ਕ੍ਰਿਕਟ ਸਟੇਡੀਅਮ, ਕ੍ਰਿਕਟ ਅਕੈਡਮੀ ਅਤੇ ਬੱਸ ਸਟੈਂਡ ਲਈ ਤਾਂ ਜ਼ਮੀਨ ਵੀ ਲੈ ਰੱਖੀ ਹੈ। ਉਪਰੋਕਤ ਕਾਰਨਾਂ ਕਰਕੇ ਇਥੇ ਆਂਸਲ, ਮਿੱਤਲ, ਸੁਸ਼ਾਂਤ ਬਿਲਡਰਜ਼, ਸਿਲਵਰ ਓਕ ਹੋਮਜ਼, ਐਚ.ਬੀ.ਐਨ. ਸਨਰਾਈਜ਼ ਸਿਟੀ ਅਤੇ ਗਨਪਤੀ ਐਨਕਲੇਵਜ਼ ਆਦਿ ਵਰਗੇ ਕੌਮੀ ਪੱਧਰ ਦੇ ਬਿਲਡਰਾਂ ਨੇ ਫਲੈਟ ਬਣਾ ਕੇ ਇਸ ਸ਼ਹਿਰ ਦੀਆਂ ਜੂਹਾਂ 'ਚ ਮਿੰਨੀ ਸ਼ਹਿਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ।

ਵਿਦਿਅਕ ਦ੍ਰਿਸ਼ਟੀਕੋਣ ਤੋਂ ਕਦੇ ਫਾਡੀ ਸਮਝਿਆ ਜਾਂਦਾ ਰਿਹਾ ਇਹ ਸ਼ਹਿਰ ਬਹੁਤ ਅੱਗੇ ਨਿਕਲ ਗਿਆ ਹੈ। ਉਦਾਹਰਣ ਵਜੋਂ ਜਦੋਂ ਇੰਜੀਨੀਅਰਿੰਗ ਤੇ ਮੈਡੀਕਲ ਕੋਰਸਾਂ 'ਚ ਦਾਖਲੇ ਸਾਧਾਰਨ ਮੈਰਿਟ ਦੀ ਬਜਾਇ ਐਂਟਰੈਂਸ ਟੈਸਟਾਂ ਰਾਹੀਂ ਸ਼ੁਰੂ ਹੋਏ ਤਾਂ ਪਹਿਲੇ ਸਾਲ ਮੈਰਿਟ 'ਚ ਆਉਣ ਵਾਲੇ ਵਿਦਿਆਰਥੀਆਂ ਦੀ ਸਭ ਤੋਂ ਵੱਧ ਗਿਣਤੀ ਬਠਿੰਡੇ ਤੋਂ ਕੋਚਿੰਗ ਲੈਣ ਵਾਲਿਆਂ ਦੀ ਸੀ। ਬਸ ਫਿਰ ਕੀ ਸੀ, ਨਾ ਸਿਰਫ ਚੰਡੀਗੜ੍ਹ, ਜਲੰਧਰ, ਲੁਧਿਆਣਾ ਜਾਂ ਪਟਿਆਲਾ ਤੋਂ ਹੀ ਸਗੋਂ ਹਿਮਾਚਲ ਅਤੇ ਹਰਿਆਣਾ ਤੋਂ ਵੀ ਵਿਦਿਆਰਥੀਆਂ ਨੇ ਕੋਚਿੰਗ ਲਈ ਬਠਿੰਡੇ ਵਲ ਵਹੀਰਾਂ ਘੱਤ ਲਈਆਂ। ਪ੍ਰੋਫੈਸਰਾਂ ਨੇ ਘੰਟਿਆਂ ਦੀ ਬਜਾਇ ਪੂਰੇ ਇਕ ਸਬਜੈਕਟ ਦੇ ਠੇਕੇ ਦੇ ਹਿਸਾਬ ਨਾਲ ਪੜ੍ਹਾਉਣਾ ਸ਼ੁਰੂ ਕਰ ਦਿੱਤਾ ਜੋ 5 ਹਜ਼ਾਰ ਤੋਂ ਸ਼ੁਰੂ ਹੋ ਕੇ ਹੁਣ 18-20 ਹਜ਼ਾਰ ਤੱਕ ਪਹੁੰਚ ਗਿਆ ਹੈ। ਮਧਵਰਗੀ ਪਰਿਵਾਰਾਂ ਲਈ ਪੇਇੰਗ ਗੈਸਟ ਰੱਖਣ ਵਾਲਾ ਨਵਾਂ ਤੇ ਲਾਹੇਵੰਦ ਕਾਰੋਬਾਰ ਸ਼ੁਰੂ ਹੋ ਗਿਆ ਜਿਸ ਦਾ ਰੇਟ 4 ਹਜ਼ਾਰ ਤੋਂ ਵਧ ਕੇ ਹੁਣ 10 ਹਜ਼ਾਰ ਮਹੀਨਾ ਪਹੁੰਚ ਗਿਆ ਹੈ। ਹੋਰ ਤਾਂ ਹੋਰ ਘਰੇਲੂ ਨੌਕਰਾਂ ਦੀ ਇੰਨੀ ਕਮੀ ਆ ਗਈ ਕਿ ਦੁੱਗਣੀ ਤਨਖਾਹ ਨਾਲ ਵੀ ਨਿਪਾਲੀ ਰਸੋਈਏ ਨਹੀਂ ਮਿਲਦੇ। ਦੋ ਤਿੰਨ ਢਾਬੇ ਵਾਲਿਆਂ ਨੇ ਤਾਂ ਕਮਿਸ਼ਨ ਤੇ ਨੌਕਰ ਮੁਹੱਈਆ ਕਰਨ ਦਾ ਕੰਮ ਸ਼ੁਰੂ ਕਰ ਲਿਆ ਹੈ। ਸਵੇਰੇ ਪੰਜ ਵਜੇ ਤੋਂ ਰਾਤ ਦਸ ਵਜੇ ਤੱਕ ਰਿਹਾਇਸ਼ੀ ਗਲੀਆਂ 'ਚ ਸਕੂਟਰ, ਸਕੂਟਰੀਆਂ ਇਉਂ ਦਨਦਨਾਉਂਦੇ ਫਿਰਦੇ ਹਨ, ਲਗਦਾ ਹੈ ਜਿਵੇਂ ਸ਼ਹਿਰ ਹਿਜਰਤ ਕਰਨ ਲੱਗਿਆ ਹੋਵੇ। ਕੋਚਿੰਗ ਦਾ ਕੰਮ ਕਰਨ ਵਾਲੇ ਜ਼ਿਆਦਾ ਪ੍ਰੋਫੈਸਰਾਂ ਨੇ ਬਿਨ-ਤਨਖਾਹੋਂ ਛੁੱਟੀਆਂ ਲੈ ਰੱਖੀਆਂ ਹਨ। ਦਸ ਪ੍ਰੋਫੈਸਰ ਤਾਂ ਅਜਿਹੇ ਹਨ ਜਿਨ੍ਹਾਂ ਨੇ ਸਰਕਾਰੀ ਨੌਕਰੀ ਤੋਂ ਅਸਤੀਫੇ ਦੇ ਦਿੱਤੇ ਹਨ।

ਪੰਜਾਬ ਦੇ ਹੋਰ ਸ਼ਹਿਰਾਂ ਵਾਂਗ ਇਥੇ ਵੀ ਸਕੂਲਾਂ ਕਾਲਜਾਂ ਦੀ ਭਰਮਾਰ ਹੈ। ਕੇਂਦਰੀ ਸਰਕਾਰ ਵਲੋਂ ਚਲਾਏ ਜਾਂਦੇ ਛੇ ਸੈਂਟਰਲ ਸੀਨੀਅਰ ਸੈਕੰਡਰੀ ਸਕੂਲ ਹਨ ਜਿਥੇ ਛਾਉਣੀ ਤੇ ਫਰਟੇਲਾਈਜ਼ਰ ਪਲਾਂਟ ਦੇ ਬੱਚਿਆਂ ਤੋਂ ਬਿਨਾਂ ਸ਼ਹਿਰੀ ਬੱਚੇ ਵੀ ਪੜ੍ਹਦੇ ਹਨ। ਕਾਨਵੈਂਟ ਤੇ ਆਮ ਸਕੂਲਾਂ ਦੀ ਤਾਂ ਕੋਈ ਗਿਣਤੀ ਹੀ ਨਹੀਂ। ਸ਼ਹਿਰ 'ਚ ਪੰਜ ਡਿਗਰੀ ਕਾਲਜ ਤੇ ਜ਼ਿਲ੍ਹੇ 'ਚ ਪੰਜਾਬੀ ਯੂਨੀਵਰਸਿਟੀ ਦੇ ਤਿੰਨ ਕੇਂਦਰ ਹਨ ਜਿਥੇ ਐਮ.ਏ., ਐਮ.ਬੀ.ਏ. ਤੇ ਕਾਨੂੰਨ ਦੀ ਪੜ੍ਹਾਈ ਹੁੰਦੀ ਹੈ। ਇਸ ਸ਼ਹਿਰ 'ਚ ਗਿਆਨੀ ਜ਼ੈਲ ਸਿੰਘ ਕਾਲਜ ਆਫ ਇੰਜੀਨੀਅਰਿੰਗ, ਗੁਰੂ ਗੋਬਿੰਦ ਸਿੰਘ ਇੰਜੀਨੀਅਰਿੰਗ ਕਾਲਜ ਤੇ ਸਰਕਾਰੀ ਪਾਲੇਟੈਕਨਿਕ ਕਾਲਜ ਤੇ ਹੋਰ ਕਈ ਪ੍ਰਾਈਵੇਟ ਟੈਕਨੀਕਲ ਅਦਾਰੇ ਹਨ। ਪੰਜਾਬ ਸਰਕਾਰ ਵਲੋਂ ਇਥੇ ਇਕ ਹੋਟਲ ਮੈਨੇਜਮੈਂਟ ਕਾਲਜ ਵੀ ਮੌਜੂਦ ਹੈ। ਆਦੇਸ਼ ਗਰੁਪ ਵਲੋਂ ਮੈਡੀਕਲ, ਡੈਂਟਲ, ਫਾਰਮੇਸੀ ਤੇ ਨਰਸਿੰਗ ਦਾ ਇਕ ਇਕ ਕਾਲਜ ਚਲਾਇਆ ਜਾ ਰਿਹਾ ਹੈ। ਇਸੇ ਗਰੁਪ ਵਲੋਂ ਇਕ ਮੈਡੀਕਲ ਰੀਸਰਚ ਸੈਂਟਰ ਤੇ ਹਸਪਤਾਲ ਚਲਾਇਆ ਜਾ ਰਿਹਾ ਹੈ ਜੋ ਡੀ.ਐਮ.ਸੀ. ਤੇ ਸੀ.ਐਮ.ਸੀ. ਨੂੰ ਮਾਤ ਪਾ ਰਿਹਾ ਹੈ। 20 ਮਈ, 2009 ਨੂੰ ਭਾਰਤ ਦੀ ਪ੍ਰੈਜ਼ੀਡੈਂਟ ਨੇ ਇਸ ਸ਼ਹਿਰ ਲਈ ਇਕ ਯੂਨੀਵਰਸਿਟੀ ਮਨਜ਼ੂਰ ਕੀਤੀ ਜੋ ਬਠਿੰਡਾ ਸ਼ਹਿਰ ਤੇ ਪਿੰਡ ਬਾਦਲ ਦੇ ਐਨ ਵਿਚਕਾਰ 500 ਏਕੜ ਭੂਮੀ ਤੇ ਬਣਕੇ ਤਿਆਰ ਹੋਣ ਵਾਲੀ ਹੈ। ਡਾ. ਜੈ ਰੂਪ ਸਿੰਘ ਨੂੰ ਇਸ ਦਾ ਵਾਈਸ-ਚਾਂਸਲਰ ਨਾਮਜਦ ਕੀਤਾ ਗਿਆ ਹੈ। ਇਹ ਆਪਣੀ ਹੀ ਕਿਸਮ ਦੀ ਯੂਨੀਵਰਸਿਟੀ ਹੋਵੇਗੀ ਜਿਥੇ ਪੜ੍ਹਨ, ਪੜ੍ਹਾਉਣ ਤੇ ਖੋਜ ਦੇ ਕੰਮ ਨਾਲੋ ਨਾਲ ਚੱਲਣਗੇ। ਇਸ ਯੂਨੀਵਰਸਿਟੀ ਦੇ ਨੇੜੇ ਹੀ ਪੰਜਾਬ ਸਰਕਾਰ ਕਈ ਕਰੋੜ ਦੀ ਲਾਗਤ ਨਾਲ ਇਕ ਹੋਰ ਸਰਕਾਰੀ ਕਾਲਜ ਬਣਾ ਰਹੀ ਹੈ। ਇਸ ਸ਼ਹਿਰ 'ਚ ਫਿਜਿਓਥੈਰਪੀ ਤੇ ਫਿਜ਼ੀਕਲ ਐਜੂਕੇਸ਼ਨ ਦਾ ਵੀ ਇਕ ਇਕ ਕਾਲਜ ਹੈ।

ਪਰ ਇੰਨੀਆਂ ਤਬਦੀਲੀਆਂ ਦੇ ਬਾਵਜੂਦ ਮੈਂ ਨਿਊ ਯਾਰਕ 'ਚ ਅਜਿਹੇ ਪੰਜਾਬੀਆਂ ਨੂੰ ਵੀ ਮਿਲਿਆ ਹਾਂ ਜਿਨ੍ਹਾਂ ਨੂੰ ਇਸ ਤਬਦੀਲੀ ਦਾ ਯਕੀਨ ਨਹੀਂ ਆਉਂਦਾ। ਵਿਦੇਸ਼ਾਂ 'ਚ ਪੰਜਾਬੀ ਐਤਵਾਰ ਨੂੰ ਗੁਰਦੁਆਰੇ ਜ਼ਰੂਰ ਜਾਂਦੇ ਹਨ ਭਾਵੇਂ ਉਹ ਆਸਤਿਕ ਹਨ ਜਾਂ ਨਾਸਤਿਕ। ਕਾਰਨ, ਇਹੋ ਜਗ੍ਹਾ ਹੈ ਜਿਥੇ ਅਸੀਂ ਛੁੱਟੀ ਵਾਲੇ ਦਿਨ ਇਕੱਠੇ ਹੋ ਜਾਂਦੇ ਹਾਂ, ਜਿਥੇ ਅਸੀਂ ਇਕ ਦੂਜੇ ਦਾ ਅੱਗਾ ਪਿਛਾ ਜਾਨਣ ਜਾਂ ਪੁਣਨ ਦੀ ਕੋਸ਼ਿਸ਼ ਵੀ ਕਰਦੇ ਹਾਂ। ਅਕਸਰ ਪਹਿਲੀ ਵਾਰ ਮਿਲਣ ਵਾਲੇ ਨੂੰ ਇਹ ਜ਼ਰੂਰ ਪੁੱਛਦੇ ਹਾਂ ਕਿ ਉਹ ਪੰਜਾਬ 'ਚ ਕਿਥੇ ਦਾ ਹੈ, ਮੈਨੂੰ ਵੀ ਇਹ ਸਵਾਲ ਅਕਸਰ ਹੀ ਪੁੱਛਿਆ ਜਾਂਦਾ ਹੈ ਤੇ ਜਦ ਮੈਂ ਦਸਦਾ ਹਾਂ ਕਿ ਮੈਂ ਬਠਿੰਡੇ ਦਾ ਹਾਂ ਤਾਂ ਕਈ ਪੁੱਛਣ ਵਾਲੇ 'ਹੱਛਾ ਬਠਿੰਡੇ ਤੋਂ ਹੋ' ਦਾ ਸਵਾਲ ਪੁਛ ਕੇ ਇਉਂ ਸਿਰ ਤੋਂ ਪੈਰਾਂ ਵੱਲ ਵੇਖਦੇ ਹਨ ਜਿਵੇਂ ਪੁੱਛ ਰਹੇ ਹੋਣ "ਤੁਹਾਨੂੰ ਕਿਵੇਂ ਪਤਾ ਲੱਗ ਗਿਆ ਕਿ ਅਮਰੀਕਾ ਨੂੰ ਜਾਣ ਵਾਲਾ ਜਹਾਜ਼ ਕਿਹੜੇ ਪਲੇਟਫਾਰਮ ਤੋਂ ਚਲਦਾ ਹੈ? ਤੁਹਾਨੂੰ ਨਹਾਉਣ ਲਈ ਪਾਣੀ ਮਿਲਣ ਲੱਗੈ ਐ ਕਿ ਅਜੇ ਵੀ ਲੰਗੇ ਡੰਗ ਹੀ ਨਹਾਉਂਦੇ ਹੋ? ਮੀਟ ਨੂੰ ਮੀਟ ਆਖਣ ਲੱਗੇ ਹੋ ਕਿ ਅਜੇ ਵੀ ਮੀਟ ਦੀ ਦਾਲ ਹੀ ਖਾਨੇਂ ਓਂ?" ਪਰ ਉਨ੍ਹਾਂ ਨੂੰ ਜੇ ਬਠਿੰਡੇ 'ਚ ਆਈ ਤਬਦੀਲੀ ਦਾ ਨਹੀਂ ਪਤਾ ਤਾਂ ਉਨ੍ਹਾਂ ਨੂੰ ਅਜੇ ਇਹ ਵੀ ਨਹੀਂ ਪਤਾ ਕਿ ਚੰਡੀਗੜ੍ਹ ਪੰਜਾਬ ਤੋਂ ਬਾਹਰ ਹੈ ਤੇ ਨਵਾਂਸ਼ਹਿਰ ਇਕ ਨਵਾਂ ਜ਼ਿਲ੍ਹਾ ਬਣ ਚੁੱਕਾ ਹੈ।

**ਅੰਤਿਕਾ:** 1969 ਵਿਚ ਬਲਵੰਤ ਗਾਰਗੀ ਪੰਜਾਬ ਯੂਨੀਵਰਸਿਟੀ 'ਚ ਥੀਏਟਰ ਵਿਭਾਗ ਦਾ ਹੈਡ ਸੀ ਤੇ ਸ਼ਿਵ ਬਟਾਲਵੀ ਚੰਡੀਗੜ੍ਹ ਦੇ ਇਕ ਬੈਂਕ 'ਚ ਨੌਕਰੀ ਕਰਦਾ ਹੁੰਦਾ ਸੀ, ਨੌਕਰੀ ਤਾਂ ਕੀ ਕਰਦਾ ਸੀ ਬਸ ਪਹਿਲੀ ਤਰੀਕ ਨੂੰ ਤਨਖਾਹ ਹੀ ਲੈਣ ਜਾਂਦਾ ਸੀ। ਸ਼ਿਵ ਨੂੰ ਐਸ.ਐਸ. ਮੀਸ਼ਾ ਦਾ ਸੁਨੇਹਾ ਅਇਆ ਕਿ ਕਪੂਰਥਲੇ ਪੰਜਾਬੀ ਕਵੀ ਦਰਬਾਰ ਹੋਣਾ ਹੈ ਤੇ ਉਸ ਨੇ ਜ਼ਰੂਰ ਪਹੁੰਚਣਾ ਹੈ। ਸ਼ਿਵ ਨੇ ਮਿਲ ਮਿਲਾ ਕੇ ਬਲਵੰਤ ਗਾਰਗੀ ਨੂੰ ਤਿਆਰ ਕਰ ਲਿਆ ਕਿਉਂਕਿ ਉਸ ਕੋਲ ਅੰਗਰੇਜ਼ ਦੇ ਜ਼ਮਾਨੇ ਦੀ ਲਾਲ ਰੰਗ ਦੀ ਕਨਵਰਟੀਬਲ ਕਾਰ ਹੁੰਦੀ ਸੀ। ਰਾਸਤੇ 'ਚ ਸ਼ਿਵ ਗਾਰਗੀ ਨੂੰ ਕਹਿਣ ਲੱਗਾ ਕਿ ਜਲੰਧਰ ਕੰਮ ਹੈ, ਉਥੇ ਹੋ ਕੇ ਚਲਾਂਗੇ ਤੇ ਫਿਰ ਆਉਂਦੇ ਹੋਏ ਵੀ ਹੋ ਕੇ ਆਉਣਾ ਪੈਣਾ ਹੈ। ਕੰਮ ਜ਼ੋਖਮ ਵਾਲਾ ਸੀ ਪਰ ਗਾਰਗੀ ਮੰਨ ਗਿਆ। ਉਹ ਜਾਂਦੇ ਹੋਏ ਜਲੰਧਰ ਗਏ, ਕਵੀ ਦਰਬਾਰ 'ਚ ਵੀ ਹਿੱਸਾ ਲਿਆ ਤੇ ਫਿਰ ਜਲੰਧਰ ਹੋ ਕੇ ਚੰਡੀਗੜ੍ਹ ਵਲ ਨੂੰ ਚੱਲੇ ਤਾਂ ਰਸਤੇ 'ਚ ਸ਼ਿਵ ਗਾਰਗੀ ਨੂੰ ਕਹਿਣ ਲੱਗਾ ਕਿ ਉਹ ਇੰਨੀ ਖੂਬਸੂਰਤ, ਬੇਬਾਕ ਤੇ ਚਟਕਾਰੇ ਲਾ ਕੇ ਵਾਰਤਕ ਲਿਖਦਾ ਹੈ, ਲਗਦਾ ਨਹੀਂ ਕਿ ਉਹ ਬਠਿੰਡੇ ਦਾ ਬੰਦਾ ਹੈ। ਗਾਰਗੀ ਕਹਿਣ ਲੱਗਾ ਕਿ ਬਠਿੰਡੇ ਦਾ ਹਾਂ ਤਾਂ ਹੀ 'ਗਾਰਗੀ' ਆਂ ਨਹੀਂ ਤਾਂ 'ਸ਼ਾਨ' ਜਾਂ 'ਦੁੱਗਲ' ਹੋਣਾ ਸੀ। ਦੂਜੀ ਗੱਲ ਬਠਿੰਡੇ ਦਾ ਨਾ ਹੁੰਦਾ ਤਾਂ ਨਾ ਦੋਸਤ ਨਾਲ ਆਪਣਾ ਪੈਟਰੋਲ ਬਾਲ ਕੇ ਕਪੂਰਥਲੇ ਜਾਂਦਾ, ਤੇ ਨਾ ਖਾਹਮਖਾਹ 'ਚ ਆਪਣੇ ਲਈ ਆਹ ਜਲੰਧਰ ਵਾਲਾ ਖਤਰਾ ਸਹੇੜਦਾ। ਸ਼ਿਵ ਹੱਸ ਕੇ ਕਹਿਣ ਲੱਗਾ ਕਿ ਅੱਗੇ ਤੋਂ ਉਹ ਉਸ ਨੂੰ 'ਗਾਰਗੀ' ਨਹੀਂ ਸਗੋਂ ਬਠਿੰਡੇ ਵਾਲਾ ਗਾਰਗੀ ਕਿਹਾ ਕਰੇਗਾ।

## ਸਿਆਣਿਆਂ ਦਾ ਕਿਹਾ

(1) ਸਿੱਖਾਂ ਨੂੰ ਭਾਰਤ ਵਿਚਲੀ ਜਲਾਲਤ ਦੀ ਜ਼ਿੰਦਗੀ ਅਤੇ ਆਜ਼ਾਦੀ ਵਿਚੋਂ ਇਕ ਦੀ ਚੋਣ ਕਰਨੀ ਪੈਣੀ ਸੀ, ਸਿੱਖ ਕੌਮ ਨੇ ਆਜ਼ਾਦੀ ਦੀ ਪ੍ਰਾਪਤੀ ਦੇ ਰਸਤੇ ਦੀ ਚੋਣ ਕੀਤੀ ਹੈ ਜੋ ਇਕ ਦਿਨ ਜਰੂਰ ਪ੍ਰਾਪਤ ਹੋਵੇਗੀ।

(2) ਜਦੋਂ ਜ਼ੁਲਮ ਦੀ ਹੱਦ ਹੋ ਜਾਵੇ ਤਾਂ ਸਿੱਖਾਂ ਨੂੰ ਸੁੱਖਾਂ ਭਰੀ ਜ਼ਿੰਦਗੀ ਛੱਡ ਕੇ ਜੰਗ ਦੇ ਮੈਦਾਨ ਵਿਚ ਜੂਝ ਪੈਣਾ ਚਾਹੀਦਾ ਹੈ।

(3) ਸੱਚਾ ਸਿੱਖ ਕਦੇ ਹਾਰਦਾ ਨਹੀਂ, ਹਾਰਦਾ ਉਹ ਹੈ ਜਿਸ ਦੀ ਜ਼ਮੀਰ ਮਰ ਜਾਵੇ।

(4) ਸਿੱਖ ਸੇਵਾਦਾਰ ਤਾਂ ਹੋ ਸਕਦਾ ਹੈ ਚੌਧਰੀ ਨਹੀਂ, ਅੱਜ ਕਲ ਚੌਧਰੀ ਜ਼ਿਆਦਾ ਹਨ ਸੇਵਾਦਾਰ ਘਟ।

(5) ਸਿੱਖ ਜੰਗ ਦੇ ਮੈਦਾਨ ਵਿਚ ਹਥਿਆਰ ਨਹੀਂ ਸੁਟਦਾ, ਹਥਿਆਰ ਸੁਟਣ ਵਾਲਾ ਸਿੱਖ ਨਹੀਂ ਹੋ ਸਕਦਾ।

(6) ਸੱਚਾ ਸਿੱਖ ਅਸੂਲ ਅਤੇ ਮਿਥੇ ਗਏ ਨਿਸ਼ਾਨੇ ਦੀ ਸੌਦੇਬਾਜੀ ਨਹੀਂ ਕਰ ਸਕਦਾ।

(7) ਜਵਾਨੀ ਆਉਂਦੀ ਹੈ ਚਲੀ ਜਾਂਦੀ ਹੈ- ਬੁਢਾਪਾ ਆਉਂਦਾ ਹੈ ਆਪਣੇ ਨਾਲ ਹੀ ਲੈ ਜਾਂਦਾ ਹੈ।

(8) ਨਰਕਾਂ ਤੱਕ ਪਹੁੰਚਣ ਲਈ ਅਹੰਕਾਰ ਪੌੜੀ ਦਾ ਕੰਮ ਕਰਦਾ ਹੈ।

(9) ਡੂੰਘੀਆਂ ਜੜ੍ਹਾਂ ਵਾਲੇ ਰੁੱਖ ਜਲਦੀ ਨਹੀਂ ਮੁਰਝਾਉਂਦੇ, ਡੂੰਘੀਆਂ ਸੋਚਾਂ ਵਾਲੇ ਵਿਅਕਤੀ ਛੇਤੀ ਨਹੀਂ ਘਬਰਾਉਂਦੇ।

(10) ਮੰਜ਼ਿਲ 'ਤੇ ਉਹੀ ਪਹੁੰਚਦੇ ਹਨ ਜਿਨ੍ਹਾਂ ਦੇ ਪੈਰਾਂ ਨਾਲ ਰਸਤੇ ਵਿਆਹੇ ਹੁੰਦੇ ਹਨ।

(11) ਖਿੰਡੀਆਂ ਹੋਈਆਂ ਬਿਰਤੀਆਂ, ਬੇਕਾਬੂ ਹੋਈਆਂ ਭਾਵਨਾਵਾਂ-ਸੂਰਮੇ ਨੂੰ ਨਿਸ਼ਾਨੇ ਤੋਂ ਦੂਰ ਲੈ ਜਾਂਦੀਆਂ ਹਨ।

(12) ਜਦੋਂ ਤੱਕ ਉਦੇਸ਼ ਅਤੇ ਆਦਰਸ਼ ਸਪਸ਼ਟ ਨਾ ਹੋਣ ਉਦੋਂ ਤੱਕ ਜ਼ਿੰਦਗੀ ਚੋਂਦੇ ਹੋਏ ਘੜੇ ਵਾਂਗ ਸਦਾ ਖਾਲੀ ਹੀ ਰਹੇਗੀ।

(13) ਨਕਲ ਮਾਰ ਕੇ ਪਾਸ ਕੀਤੀ ਪ੍ਰੀਖਿਆ ਗਿਆਨਵਾਨ ਨਹੀਂ ਬਣਾਉਂਦੀ।

(14) ਜੇ ਇੱਕਲੇ ਹੋ ਤਾਂ ਆਪਣੇ ਆਪ ਨਾਲ ਦੋਸਤੀ ਪਾਵੋ।

(15) ਜਦੋਂ ਮਨੁੱਖ ਕੋਲ ਮਾਣ ਕਰਨ ਲਈ ਕੁਝ ਨਹੀਂ ਹੁੰਦਾ ਤਾਂ ਵੀ ਆਪਣਾ ਆਸਰਾ ਤਾਂ ਹੁੰਦਾ ਹੀ ਹੈ।

(16) ਜਦ ਕੋਈ ਗੱਲ ਸਮਝ ਨਾ ਆਵੇ ਤਾਂ ਮੁਸੀਬਤ ਦੇ ਹੱਲ ਲਈ ਰਾਹ ਖੁੱਲ ਜਾਂਦਾ ਹੈ।

(17) ਮੰਜ਼ਿਲ 'ਤੇ ਉਹੀ ਪਹੁੰਚਦੇ ਹਨ ਜਿਹੜੇ ਔਖੀ ਘਾਟੀ ਦੇਖ ਕੇ ਨਹੀਂ ਘਬਰਾਉਂਦੇ।

(18) ਜਿਸ ਨੇ ਸਦੀਆਂ ਤੱਕ ਰਹਿਣਾ ਹੈ ਉਸ ਨਾਲ ਦੁੱਖ ਵੀ ਬੇਮਿਸਾਲ ਵਾਪਰਦੇ ਹਨ।

(19) ਪੈਰ ਸਾਰਿਆਂ ਕੋਲ ਹੁੰਦੇ ਹਨ, ਤੁਰਦੇ ਵੀ ਹਨ, ਪਰ ਮੰਜ਼ਿਲ ਸਾਰਿਆਂ ਕੋਲ ਨਹੀਂ ਹੁੰਦੀ।

(20) ਜਲੂਸ ਅਤੇ ਵਹੀਰ ਵਿਚ ਬਹੁਤ ਫਰਕ ਹੁੰਦਾ ਹੈ।

(21) ਹਿੰਮਤ ਜੁਟਾਉਣ ਨਾਲ ਮੰਜ਼ਿਲ ਨੇੜੇ ਆਉਂਦੀ ਹੈ।

(22) ਆਪਣੇ ਆਪ ਨੂੰ ਹਿੰਮਤ ਦਾ ਤੋਹਫਾ ਦਿਉ।

(23) ਜ਼ਿੰਦਗੀ ਤੁਹਾਨੂੰ ਉਹੀ ਕੁਝ ਦੇਵੇਗੀ ਜੋ ਲੈਣ ਦੇ ਆਪਣੇ ਆਪ ਨੂੰ ਤੁਸੀਂ ਕਾਬਲ ਸਮਝੋਗੇ।

(24) ਨੌਕਰੀ ਹਮੇਸ਼ਾ ਆਪਣੀ ਯੋਗਤਾ ਮੁਤਾਬਕ ਹੀ ਲਭੋ।

(25) ਜਦੋਂ ਤੱਕ ਮੂੰਹੋਂ ਨਹੀਂ ਬੋਲਦੇ, ਉਦੋਂ ਤੱਕ ਤੁਹਾਡੀ ਖੂਬੀ ਅਤੇ ਬੁਰਾਈ ਲੁਕੀ ਰਹੇਗੀ।

(26) ਖੁਸ਼ਬੂ ਡੱਬੀ ਖੋਲ੍ਹਿਆਂ ਅਤੇ ਮਨੁੱਖ ਬੋਲਿਆਂ ਹੀ ਪ੍ਰਗਟ ਹੁੰਦੇ ਹਨ।

(27) ਜਿਸ ਪਾਰਟੀ ਕੋਲ ਚੰਗੇ ਬੁਲਾਰੇ ਹੋਣ ਉਹ ਥੋੜੇ ਸਾਧਨਾਂ ਦੇ ਨਾਲ ਵੀ ਬਹੁਤ ਅਗੇ ਵਧ ਜਾਂਦੀ ਹੈ।

(28) ਗੁਰੂ ਜੋ ਕਰਦਾ ਹੈ ਤੁਸੀਂ ਉਹ ਨਾ ਕਰੋ, ਗੁਰੂ ਜੋ ਕਹਿੰਦਾ ਹੈ ਤੁਸੀਂ ਉਹ ਕਰੋ।

(29) ਚੰਗਾ ਬੋਲਣ ਵਾਲਾ ਬੰਦਾ ਵਪਾਰ ਨੂੰ ਕੱਖਾਂ ਤੋਂ ਲੱਖਾਂ ਵਿਚ ਪਹੁੰਚਾ ਦਿੰਦਾ ਹੈ।

(30) ਨੰਮਾ ਬੁਲਾਰਾ ਸਟੇਜ 'ਤੇ, ਨੰਮਾ ਸਿਪਾਹੀ ਜੰਗ ਵਿਚ, ਨੰਮਾ ਭਲਵਾਨ ਅਖਾੜੇ ਵਿਚ ਕੰਬਦੇ ਦੇਖੇ ਜਾ ਸਕਦੇ ਹਨ।

(31) ਪਤੀ ਪਤਨੀ ਦਾ ਪਿਆਰ ਵਿਸ਼ਵਾਸ ਰੂਪੀ ਕੱਚ ਦੀ ਨੀਂਹ 'ਤੇ ਖੜਾ ਹੁੰਦਾ ਹੈ।

(32) ਆਦਮੀ ਦੀ ਸਭ ਤੋਂ ਵੱਡੀ ਜਾਇਦਾਦ ਹਮਦਰਦ ਪਤਨੀ ਹੈ।

**ਪੇਸ਼ਕਾਰ-ਪਰਮਜੀਤ ਸਿੰਘ ਦਾਖਾ**

# ਪਰਚੇ ਇਸ਼ਕ ਦੇ ਔਖੇ ਨੇ ਬੜੇ ਮੀਆਂ

*ਡਾਕਟਰ ਬਿਨਾਂ ਦਵਾਈ ਦੇ ਬਿਮਾਰ ਦੇ ਤੰਦਰੁਸਤ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਆਕੜੇ ਹੋਏ ਹੱਥਾਂ ਨਾਲ ਦਾਨ ਦੇਣ ਦੀ ਕੋਸ਼ਿਸ਼ ਕਰੋਗੇ ਤਾਂ ਹੰਕਾਰ ਦਿਮਾਗ ਦੇ ਤਾਲੂਏ 'ਚ ਖੁਰਕ ਕਰ ਰਿਹਾ ਹੋਵੇਗਾ। ਜ਼ਿੰਮੇਵਾਰੀਆਂ ਤੋਂ ਭੱਜੋਗੇ, ਇਕ ਦੂਜੇ ਨਾਲ ਪਿਆਰ ਦੀ ਥਾਂ ਠਿੱਬੀ ਮਾਰਨ ਦਾ ਯਤਨ ਕਰੋਗੇ ਤਾਂ ਜੀਵਨ ਦਾ ਸਾਥ ਤਿੜਕੇਗਾ ਹੀ ਨਹੀਂ ਸਗੋਂ ਤਲਾਕ ਢਿੱਡ 'ਚ ਹੂਰੇ ਮਾਰ ਕੇ ਕਹੇਗਾ 'ਚਲੋ ਆਪੋ-ਆਪਣੇ ਘਰ।' ਜ਼ਿੰਦਗੀ 'ਚ ਗ੍ਰਹਿਸਥ ਦੀ ਪ੍ਰੀਖਿਆ ਬਦਲਦੇ ਸਿਲੇਬਸ ਨਾਲ ਪਾਸ ਕਰਨੀ ਪਵੇਗੀ। ਪਰਚੇ ਔਖੇ ਵੀ ਹੋਏ ਤਾਂ ਸਮਾਜ ਦੀ ਨਿਗਰਾਨੀ ਤੋਂ ਬਚ ਕੇ ਅਕਲ ਨਾਲ ਵੀ ਨਕਲ ਨਹੀਂ ਮਾਰ ਸਕੋਗੇ। ਜਿਹੜੇ ਸੀ ਤਾਂ ਗਿੱਦੜ ਪਰ ਭਰਮ ਵਿਚ ਸ਼ੇਰ ਦੀ ਖੱਲ 'ਚ ਲੁਕਣ ਦੀ ਸੋਚ ਧਾਰ ਬੈਠੇ ਉਨ੍ਹਾਂ ਨੇ ਖੱਲ ਤੇ ਛਿੱਲ ਛਿੱਤਰਾਂ ਨਾਲ ਲੁਹਾਈ ਹੈ। ਆਪਣੇ ਵਤਨ 'ਚ ਡਾਕਟਰਾਂ ਦੀ ਇਕ ਟੋਲੀ ਮਰੀਜ਼ਾਂ ਨੂੰ ਨਵੇਂ ਢੰਗ ਨਾਲ ਲੁੱਟਣ ਦੇ ਨਿੱਤ ਨਵੇਂ ਪਰਚੇ ਪਾਉਂਦੀ ਆ ਰਹੀ ਹੈ, ਕਈ ਮੁਕੱਦਮਿਆਂ ਵਿਚ ਪਰਚੇ ਤਾਂ ਮੁਨਸ਼ੀ ਜਾਂ ਥਾਣੇਦਾਰ ਨੇ ਪਾਏ ਸਨ ਪਰ ਵਕੀਲਾਂ ਦੀ ਬਹਿਸ ਨੇ ਨੰਬਰ ਇਕ ਵੀ ਨਹੀਂ ਆਉਣ ਦਿੱਤਾ। ਜਿਹੜੀਆਂ ਔਰਤਾਂ ਵਿਆਹ ਦੀ ਪ੍ਰੀਖਿਆ 'ਚ ਤਾਂ ਬੈਠ ਗਈਆਂ ਪਰ ਪਰਚਾ ਸਿਲੇਬਸ 'ਚੋਂ ਨਹੀਂ ਆਇਆ, ਉਹ ਫਿਰ ਬਾਰੀਆਂ 'ਚ ਖਲੋ ਕੇ ਬਾਹਰ ਝਾਕਣੋਂ ਹਟ ਹੀ ਨਹੀਂ ਸਕੀਆਂ। ਕਈਆਂ ਨੂੰ ਵਰ ਤਾਂ ਮਿਲ ਗਿਆ ਪਰ ਵਰਦਾਨ ਨਹੀਂ ਮਿਲਿਆ ਤੇ ਨਫਰਤ ਦੀ ਅੱਗ 'ਚ ਝੁਲਸ ਹੁੰਦੇ ਰਹੇ। ਸਭ ਤੋਂ ਵਧ ਸਭਿਅਕ ਕਹਾਉਣ ਵਾਲੇ ਮਨੁੱਖ ਨੇ ਕਦੇ ਨਹੀਂ ਸੋਚਿਐ ਕਿ ਲੀੜੇ ਪਾਉਣ ਲਈ ਰੱਬ ਨੇ ਉਸ ਨੂੰ ਹੀ ਕਿਉਂ ਮਜ਼ਬੂਰ ਕੀਤਾ ਹੈ। ਸਾਰੇ ਧਰਮ ਗ੍ਰੰਥਾਂ ਦਾ ਸਾਂਝਾ ਉਪਦੇਸ਼ ਰਿਹਾ ਹੈ ਕਿ ਪਿਆਰ ਕਰੋ, ਨਫਰਤ ਥੁੱਕ ਦਿਓ, ਪਰ ਦੁਸ਼ਮਣੀਆਂ ਇਨ੍ਹਾਂ ਦੀਆਂ ਸੰਗਤਾਂ ਵਿਚ ਵੀ ਖਤਮ ਨਹੀਂ ਹੋਈਆਂ। ਧਰਮ ਚੰਗੇ ਕਰਮ ਲਈ ਪ੍ਰੇਰਦਾ ਹੈ ਪਰ ਅਗਲੇ ਜਨਮਾਂ ਦੇ ਡਰਾਵੇ ਦੇ ਦੇ ਕੇ ਛੱਲੀਆਂ ਵਾਂਗ ਮੋਰ ਵੀ ਭੰਨੀ ਜਾ ਰਿਹਾ ਹੈ। ਪਾਪ ਪੁੰਨ ਦੇ ਸਿਰਹਾਣੇ ਬਹਿ ਕੇ ਕਦੇ ਵੀ ਖਚਰੀ ਹਾਸੀ ਹੱਸਣ ਤੋਂ ਬਾਜ ਨਹੀਂ ਆਇਆ। ਕਈ ਜ਼ਿੰਦਗੀ ਦੇ ਸਾਰੇ ਇਮਤਿਹਾਨ 'ਚੋਂ ਫੇਲ੍ਹ ਹੀ ਨਹੀਂ ਹੋਏ, ਕਿਸੇ ਵੀ ਪਰਚੇ 'ਚੋਂ ਇਕ ਨੰਬਰ ਵੀ ਹਾਸਲ ਨਹੀਂ ਕਰ ਸਕੇ। ਮਾਂ ਬੱਚੇ ਨੂੰ ਜਨਮ ਦੇ ਕੇ ਸੋਚਦੀ ਹੈ ਕਿ ਹਿਸਾਬ ਦਾ ਔਖਾ ਪਰਚਾ ਪਾਸ ਕਰ ਲਿਆ ਹੈ, ਪਰ ਫਿਰ ਵੀ...।*

**ਗੱਲੀਂ-ਬਾਤੀਂ**



**ਐਸ. ਅਸ਼ੋਕ ਭੌਰਾ**

ਫੋਨ:510-277-2592

ਦੁਨੀਆਂ ਵਿਚ ਹਾਲੇ ਤੀਕਰ ਕਿਸੇ ਵੀ ਔਰਤ ਨੂੰ ਬੱਚਾ ਪਾਲਣ ਦੀ ਸਿੱਖਿਆ ਹਾਸਲ ਨਹੀਂ ਕਰਨੀ ਪਈ ਤੇ ਨਾ ਹੀ ਅਜਿਹੀ ਕੋਈ ਸੰਸਥਾ ਹੋਂਦ ਵਿਚ ਆਈ ਹੈ। ਔਰਤ ਜਦੋਂ ਮਾਂ ਬਣਦੀ ਹੈ ਤਾਂ ਇਹ ਗੁਣ ਉਦੋਂ ਉਹਦੀ ਜ਼ਿੰਦਗੀ ਵਿਚ ਆਪ ਮੁਹਾਰੇ ਪ੍ਰਵੇਸ਼ ਕਰ ਜਾਂਦਾ ਹੈ। ਇਹ ਵੀ ਸੱਚ ਹੈ ਕਿ ਕਦੇ ਵੀ ਕਿਸੇ ਮਰਦ ਦੀ ਪਤੀ ਬਣਨ ਦੀ ਦਾਖਲਾ ਪ੍ਰੀਖਿਆ ਨਹੀਂ ਹੋਈ। ਪਤੀ ਅੰਦਰ ਜ਼ਿੰਮੇਵਾਰੀਆਂ, ਚਾਵਾਂ ਅਤੇ ਮੌਜ ਮਸਤੀ ਦੇ ਦੀਵੇ ਬੱਤੀਆਂ ਸਣੇ ਪਹਿਲਾਂ ਹੀ ਜਗਣ ਲਈ ਤਿਆਰ ਹੁੰਦੇ ਹਨ। ਔਰਤ ਤੇ ਮਰਦ ਦੀ ਸਾਂਝੀ ਪ੍ਰੀਖਿਆ ਦੇ ਪਰਚੇ ਉਦੋਂ ਮਾਰਕ ਹੋਣੇ ਸ਼ੁਰੂ ਹੁੰਦੇ ਹਨ ਜਦੋਂ ਗ੍ਰਹਿਸਥ ਦੀ ਦੀਵਾਰ 'ਤੇ ਚਾਰੇ ਪੈਰ ਇਕੱਠੇ ਦਸਤਕ ਦੇਣ ਲੱਗਦੇ ਹਨ। ਜ਼ਿੰਦਗੀ 'ਚ ਜਿਹੜਾ ਕਦੇ ਵੀ ਸਕੂਲ ਨਹੀਂ ਗਿਆ, ਇਮਤਿਹਾਨ ਉਸ ਨੂੰ ਵੀ ਪਾਸ ਕਰਨੇ ਪਏ ਹਨ ਤੇ ਸੰਘਰਸ਼ ਦੇ ਪਰਚੇ ਪਾਉਂਦਿਆਂ ਕੋਈ ਵੀ ਉਲਾਂਭਾ ਨਹੀਂ ਦਿੰਦਾ ਕਿ ਇਹ ਸਿਲੇਬਸ 'ਤੋਂ ਬਾਹਰੋਂ ਆਏ ਹਨ। ਬੱਚਿਆਂ ਨੂੰ ਮਹਾਨ ਲੋਕਾਂ ਬਾਰੇ ਇਸ ਲਈ ਦੱਸਿਆ ਜਾਂਦਾ ਹੈ ਕਿ ਉਹ ਉਨ੍ਹਾਂ ਨੂੰ ਵੱਡੇ ਹੋ ਕੇ ਸਾਧਾਰਨ ਲੋਕ ਨਾ ਸਮਝਣ ਤੇ ਛੋਟੇ ਪ੍ਰਸ਼ਨਾਂ ਵਾਲੇ ਪਰਚਿਆਂ ਵਿਚ ਵੱਡੀਆਂ ਗ਼ਲਤੀਆਂ ਨਾ ਕਰਨ।

ਆਮ ਲੋਕਾਂ ਲਈ ਪਰਚਾ ਇਕ ਸਾਧਾਰਨ ਸ਼ਬਦ ਹੈ ਪਰ ਰਾਜਨੀਤਕ ਲੋਕਾਂ ਨੂੰ ਪੁੱਛ ਕੇ ਵੇਖਿਓ ਕਿ ਵੋਟਾਂ ਵੇਲੇ ਪਰਚਾ ਦਾਖਲ ਕਰਨ ਦਾ ਚਾਅ ਤੇ ਮਹੱਤਵ ਕਿੰਨਾ ਵੱਡਾ ਹੁੰਦਾ ਹੈ। ਉਹ ਇਨ੍ਹਾਂ ਦੇ ਦਾਖਲੇ ਵੇਲੇ ਗਿੱਧਾ ਪਾਉਣ ਲਈ ਅੱਡੀਆਂ ਨੂੰ ਥੁੱਕ ਲਗਾ ਰਿਹਾ ਹੁੰਦੈ, ਭਾਵੇਂ ਬਾਅਦ ਵਿਚ ਨਤੀਜਾ ਉਸ ਦੇ ਹੱਕ ਵਿਚ ਨਾ ਵੀ ਜਾਵੇ। ਚਮਚਿਆਂ ਦੀ ਭੀੜ 'ਜਿੱਤੇਗਾ ਬਈ ਜਿੱਤੇਗਾ' ਜਾਂ ਫਿਰ ਜ਼ਿੰਦਾਬਾਦ ਦੇ ਨਾਹਰੇ ਲਾਉਂਦਿਆਂ, ਅਸਮਾਨ ਤੇ ਧਰਤੀ ਇਕ ਕਰ ਦਿੰਦੀ ਹੈ। ਭਾਵੇਂ ਬਾਅਦ ਵਿਚ ਜਾਅਲੀ ਵੋਟਾਂ ਦਾ ਉਲਾਂਭਾ ਕਿਉਂ ਨਾ ਦੇਣਾ ਪਵੇ। ਜਿਹੜੇ ਨਵਾਂਸ਼ਹਿਰ ਨੂੰ ਜਾਣਦੇ ਨੇ ਤੇ ਇਹ ਵੀ ਜਾਣਦੇ ਹਨ ਕਿ ਉਥੇ ਇਕ ਕ੍ਰਿਸ਼ਨ ਕੁਮਾਰ ਨਾਂ ਦਾ ਬੰਦਾ ਡਿਪਟੀ ਕਮਿਸ਼ਨਰ ਵੀ ਰਿਹਾ, ਉਹਦੇ ਕੋਲ ਵੋਟਾਂ ਵੇਲੇ ਪਰਚਾ ਦਾਖਲ ਕਰਾਉਣ ਵਾਲੇ ਇਕ ਰਾਜਨੀਤਕ ਨੇਤਾ ਦੀ ਹਾਲਤ ਉਸ ਨੇ ਪਾਣੀਉਂ ਪਤਲੀ ਕਰ ਦਿੱਤੀ ਸੀ। ਹੋਇਆ ਇਹ ਸੀ ਕਿ ਚੋਣ ਕਮਿਸ਼ਨ ਦੀ ਹਦਾਇਤ ਸੀ ਕਿ ਪਰਚਾ ਦਾਖਲ ਕਰਨ ਵੇਲੇ ਦਸ ਬੰਦਿਆਂ ਤੇ 5 ਗੱਡੀਆਂ ਤੋਂ ਵਧ ਕੁਝ ਨਾ ਹੋਵੇ। ਜਦੋਂ ਵਿਚਾਰਾ ਉਹ ਪਰਚਾ ਦਾਖਲ ਕਰਵਾਉਣ ਆਇਆ ਤਾਂ ਹਜ਼ਾਰ ਬੰਦਾ ਚਮਚਿਆਂ ਵਾਂਗ ਖੜਕਦਾ ਪਿੱਛੇ ਸੀ ਅਤੇ 50-60 ਗੱਡੀਆਂ ਦਾ ਕਾਫਲਾ। ਕ੍ਰਿਸ਼ਨ ਕੁਮਾਰ ਨੂੰ ਇਹ ਵੀ ਪਤਾ ਸੀ ਕਿ ਸਰਕਾਰ ਵੀ ਇਨ੍ਹਾਂ ਦੀ ਹੀ ਬਣੇਗੀ ਤੇ ਇਹ ਬੰਦਾ ਜਿੱਤੇਗਾ ਵੀ, ਪਰ ਉਸ ਨੇ ਉਸੇ ਦੇ ਹਲਕੇ ਵਾਲੇ ਸ਼ਹਿਰ ਵਿਚ ਸਾਰੀਆਂ ਗੱਡੀਆਂ ਥਾਣੇ ਬੰਦ ਕਰਕੇ ਫਿਰ ਕਿਹਾ, 'ਲਿਆ ਭਾਈ ਤੇਰਾ ਪਰਚਾ ਹੁਣ ਦਾਖਲ ਕਰਦੇ ਹਾਂ।' ਹੈਰਾਨੀ ਵਾਲੀ ਗੱਲ ਇਹ ਸੀ ਕਿ ਉਹਨੇ ਇਹ ਗੱਡੀਆਂ ਵੋਟਾਂ ਪੈਣ ਤੋਂ ਅਗਲੇ ਦਿਨ ਹੀ ਛੱਡੀਆਂ ਤੇ ਬਾਅਦ 'ਚ ਨੇਤਾ ਨੇ ਡੀ.ਸੀ. ਬਦਲਣ ਦਾ ਚਾਅ ਵੀ ਪੂਰਾ ਕਰ ਲਿਆ।

ਅਸਲ ਵਿਚ ਕਵੀਆਂ ਅਤੇ ਲੇਖਕਾਂ ਨੂੰ ਬੜਾ ਭਰਮ ਹੈ ਕਿ ਜੇ ਉਨ੍ਹਾਂ ਦੀ ਕਿਤਾਬ 'ਤੇ ਕੋਈ ਪਰਚਾ ਲਿਖ ਦੇਵੇ ਤਾਂ ਸ਼ਾਇਦ ਇੰਜ ਜਾਂ ਤਾਂ ਇਹ ਪੜ੍ਹੀ ਬਹੁਤ ਜਾਵੇਗੀ ਜਾਂ ਫਿਰ ਵਿਕੇਗੀ ਬੜੀ ਰਫਤਾਰ ਨਾਲ ਤੇ ਇਸ ਘਟੀਆ ਦਾਅਪੇਚ ਨੇ ਇਹ ਫਿਤਰਤ ਚਲਾਈ ਹੋਣੀ ਹੈ ਕਿ 500 ਤੋਂ ਲੈ ਕੇ 5000 ਤੀਕਰ ਰੁਪਏ ਲੈ ਕੇ ਪਰਚਾ ਲਿਖਿਆ ਜਾਂਦਾ ਹੈ ਤੇ ਇਸ ਕਾਰਜ ਵਿਚ ਕਾਲਜਾਂ, ਯੂਨੀਵਰਸਿਟੀਆਂ ਦੇ ਪ੍ਰੋਫੈਸਰ ਵੀ ਸ਼ਾਮਿਲ ਹਨ। ਰੈਡੀਮੇਡ ਪਰਚੇ ਕੰਪਿਊਟਰ 'ਚ ਸੇਵ ਪਏ ਹਨ ਤੇ ਇਸ ਵਿਚ ਲੇਖਕ ਦਾ ਨਾਂ, ਪੁਸਤਕ ਦੀ ਮਾੜੀ ਮੋਟੀ ਚਰਚਾ ਹੀ ਭਰਨੀ ਹੁੰਦੀ ਹੈ। ਹੋਰ ਵੀ ਦੁਖਦਾਈ ਗੱਲ ਕਈ ਵਾਰ ਇਹ ਹੁੰਦੀ ਹੈ ਕਿ ਪੁਸਤਕ ਤਾਂ ਬੜੀ ਸਰਲ ਭਾਸ਼ਾ ਵਿਚ ਹੁੰਦੀ ਹੈ, ਪਰ ਪਰਚਾ ਸ਼ਬਦਾਵਲੀ ਪੱਖੋਂ ਏਨਾ ਡੂੰਘਾ ਕਿ ਖੂਹ ਵਿਚ ਵੜ ਕੇ ਵੀ ਸਮਝ ਨਾ ਆਵੇ। ਇਸੇ ਲਈ ਲੇਖਕਾਂ ਤੇ ਪਰਚਿਆਂ ਦੀ ਘਿਓ-ਖਿਚੜੀ ਬੜੀ ਪੁਰਾਣੀ ਹੈ। ਪਰ ਮੈਂ ਜਿਨ੍ਹਾਂ ਪਰਚਿਆਂ ਦੀ ਗੱਲ ਕਰਨ ਲੱਗਾ ਹਾਂ, ਉਨ੍ਹਾਂ ਨੂੰ ਸੁਣ ਕੇ ਤੁਸੀਂ ਹੈਰਾਨ ਹੋਵੋਗੇ ਕਿ ਪਰਚੇ ਇਉਂ ਵੀ ਪੈਂਦੇ ਹੋਣਗੇ?

ਗੱਲ ਕੋਈ 15 ਕੁ ਸਾਲ ਪੁਰਾਣੀ ਹੈ। ਇਕ ਵਾਰ ਬਾਰ੍ਹਵੀਂ ਜਮਾਤ ਦੇ ਪਰਚੇ ਪਵਾਉਣ ਲਈ ਬੋਰਡ ਵਲੋਂ ਮੇਰੀ ਡਿਊਟੀ ਬਤੌਰ ਸੁਪਰਡੈਂਟ ਇਕ ਸੈਂਟਰ ਵਿਚ ਲਾ ਦਿੱਤੀ ਗਈ। ਅਧਿਆਪਕ ਜੀਵਨ ਵਿਚ ਇਹ ਮੇਰੇ ਲਈ ਪਹਿਲੀ ਘਟਨਾ ਸੀ ਜਾਂ ਇਉਂ ਕਿ ਪਹਿਲਾ ਤੇ ਆਖਰੀ ਤਜ਼ਰਬਾ। ਪਹਿਲੇ ਦਿਨ ਹੀ ਪੰਜਾਬੀ ਦੇ ਪਰਚੇ ਵੇਲੇ ਜ਼ਿਲ੍ਹੇ ਦਾ ਅਫਸਰ ਆ ਟਪਕਿਆ। ਪ੍ਰੀਖਿਆ ਕੇਂਦਰ 'ਚ ਓਪਰੀ ਜਿਹੀ ਨਿਗਾਹ ਮਾਰਨ ਪਿੱਛੋਂ ਉਸ ਨੇ ਮੈਨੂੰ ਕੋਲ ਬਿਠਾ ਕੇ ਕਿਹਾ, 'ਰੋਲ ਨੰਬਰ.... ਜਸਵੀਰ ਕੌਰ ਦਾ ਖਿਆਲ ਰੱਖਣਾ ਹੈ। ਜ਼ਿਲ੍ਹੇ 'ਚ ਇਹੋ ਮੇਰੀ ਵੱਡੀ ਸਿਫਾਰਸ਼ ਹੈ ਤੇ ਪੇਪਰ ਖਤਮ ਹੋਣ ਵੇਲੇ ਇਸ ਦਾ ਪੇਪਰ ਖੁਦ ਚੈਕ ਕਰਨਾ ਹੈ।'

'ਠੀਕ ਹੈ' ਕਹਿ ਕੇ ਮੈਂ ਗੱਲ ਗੋਲੀ ਵਾਂਗ ਇਧਰੋਂ ਸੁਣ ਕੇ ਦੂਜੇ ਪਾਸਿਓਂ ਕੱਢ ਦਿੱਤੀ।

ਅਗਲੇ ਦਿਨ ਹਿਸਾਬ ਦਾ ਪਰਚਾ ਸੀ। ਪਹਿਲਾਂ ਐਸ.ਐਚ.ਓ. ਆਣ ਟਪਕਿਆ, ਸਿਫਾਰਸ਼ ਉਹ ਵੀ ਜਸਵੀਰ ਕੌਰ ਦੀ ਹੀ ਕਰੇ। ਹਾਲੇ ਅੱਧਾ ਘੰਟਾ ਨਹੀਂ ਸੀ ਹੋਇਆ ਜਦੋਂ ਇਕ ਲੀਡਰਨੁਮਾ ਪ੍ਰਿੰਸੀਪਲ ਫਲਾਇੰਗ ਸੁਕੈਡ 'ਚ ਧਾਵਾ ਬੋਲਣ ਆਇਆ ਤੇ ਜਾਣ ਲੱਗਾ ਫਿਰ ਕਹਿ ਗਿਆ ਕਿ ਜਸਵੀਰ ਕੌਰ ਦਾ ਪਤੈ? ਉਹਦਾ ਪੂਰਾ ਖਿਆਲ ਰੱਖਣਾ, ਮੰਤਰੀ ਸਾਹਿਬ ਦਾ ਹੁਕਮ ਹੈ। ਮਨ 'ਚ ਸੋਚਿਆ ਕਿ ਨਕਲ ਖਿਲਾਫ ਕਿੱਲ੍ਹ ਕਿੱਲ੍ਹ ਕੇ ਬੋਲਣ ਵਾਲਾ ਇਹ ਬੰਦਾ ਕਰ ਕੀ ਰਿਹਾ? ਪਰ ਮੈਂ ਪਰਨਾਲਾ ਪੁੱਟ ਕੇ ਦੂਜੇ ਪਾਸੇ ਲਾਉਣ ਨਾਲੋਂ ਉਥੇ ਦਾ ਉਥੇ ਹੀ ਟਿਕਿਆ ਰਹਿਣ ਦਿੱਤਾ। ਉਸ ਦਿਨ ਅੱਧਾ ਕੁ ਸਮਾਂ ਲੰਘਣ ਤੋਂ ਬਾਅਦ ਇਕ ਹੋਰ ਬੰਦਾ ਸੈਂਟਰ 'ਚ ਬੋਰਡ ਦਾ ਅਧਿਕਾਰੀ ਬਣ ਕੇ ਆਣ ਪਹੁੰਚਿਆ। ਉਹਨੇ ਆਪਣੇ ਤੋਂ ਵੱਡੇ ਅਫਸਰ ਦੀ ਸਲਿੱਪ ਮੇਰੀ ਜੇਬ ਵਿਚ ਪਾਉਂਦਿਆਂ ਕਿਹਾ, 'ਜਸਵੀਰ ਬਾਰੇ ਤੁਹਾਨੂੰ ਪਹਿਲਾਂ ਹੀ ਪਤੈ।' ਉਹ ਸਲਿੱਪ ਮੈਂ ਹਾਲੇ ਤੱਕ ਗੁਆਈ ਨਹੀਂ। ਉਸ ਦੀ ਇਬਾਰਤ ਤੁਹਾਡੇ ਨਾਲ ਸਾਂਝੀ ਕਰਦਾ ਹਾਂ;

"ਪਿਆਰੇ ਅਸ਼ੋਕ ਰੋਲ ਨੰਬਰ.... ਜਸਵੀਰ ਕੌਰ ਦਾ ਪਰਚਾ ਪੂਰੇ ਦਾ ਪੂਰਾ ਹੱਲ ਕਰਵਾਉਣਾ ਹੈ। ਇਹਦੇ ਲਈ ਭਾਵੇਂ ਕਿਸੇ ਅਧਿਆਪਕ ਦੀ ਵਿਸ਼ੇਸ਼ ਡਿਊਟੀ ਲਾ ਦਿਓ। ਆਸ ਕਰਦਾ ਹਾਂ ਕਿ ਇਸ ਅਹਿਮ ਕਾਰਜ ਵਿਚ ਮਦਦ ਕਰਕੇ ਮੇਰਾ ਮਾਣ ਰੱਖੋਗੇ। ... ਸਿੰਘ... ਗੁਪਤ ਸ਼ਾਖਾ।"

ਇਕ ਦਿਨ ਮੈਂ ਉਸ ਲੜਕੀ ਨੂੰ ਪੁੱਛਿਆ, "ਪੁੱਤਰ ਤੇਰੇ ਪਾਪਾ ਕੀ ਕਰਦੇ ਨੇ।"

"ਗੰਨਮੈਨ ਨੇ ......... ਨਾਲ।"

ਤੇ ਫਿਰ ਮੈਨੂੰ ਇਉਂ ਲੱਗਾ ਕਿ ਜਿਵੇਂ ਵਾਰਸ਼ ਸ਼ਾਹ ਦੀ ਹੀਰ ਇਕੋ ਸਾਹੇ ਪੜ੍ਹ ਲਈ ਹੋਵੇ। ਸੁਪਰਡੈਂਟ ਲੱਗ ਕੇ ਮੈਂ ਸੋਚਦਾ ਸਾਂ ਕਿ ਕਿੱਥੇ ਸੱਪ ਦੀ ਖੁੱਡ 'ਚ ਪੰਜਾ ਫਸਾ ਲਿਆ ਹੈ ਤੇ ਫਿਰ ਸਾਇੰਸ ਦੇ ਪਰਚੇ ਵਾਲੇ ਦਿਨ ਤਾਂ ਹਾਲੇ 10 ਮਿੰਟ ਨਹੀਂ ਹੋਏ ਸਨ ਪਰਚਾ ਸ਼ੁਰੂ ਹੋਏ ਨੂੰ, ਬਾਹਰ ਲਾਲ ਬੱਤੀਆਂ ਵਾਲੀਆਂ ਗੱਡੀਆਂ ਘੂੰ ਘੂੰ ਕਰਨ ਲੱਗੀਆਂ। ਸੋਚਿਆ ਸ਼ਿਕਾਇਤ ਹੋਈ ਹੋਣੀ ਐਂ, ਅੱਜ ਮੁਅੱਤਲ ਹੋਣਾ ਹੀ ਪੈਣਾ। ਤੇ ਮੈਨੂੰ ਪ੍ਰਿੰਸੀਪਲ ਦੇ ਕਮਰੇ 'ਚ ਬੁਲਾ ਕੇ ਦੱਸਿਆ ਗਿਆ ਕਿ ਜਸਵੀਰ ਨੇਤਾ ਜੀ ਦੀ ਖਾਸ ਹੈ, ਆਪਣੇ ਕੀਮਤੀ ਰੁਝੇਵੇਂ 'ਚੋਂ ਸਮਾਂ ਕੱਢ ਕੇ ਆਏ ਨੇ, ਪਰਚੇ ਫੁੱਲ-ਬਟਾ-ਫੁੱਲ ਹੋਣੇ ਚਾਹੀਦੇ ਨੇ। ਮੈਂ ਸਤ ਬਚਨ ਕਹਿ ਕੇ ਵਾਪਸ ਚਲਾ ਗਿਆ। ਉਸ ਲੜਕੀ ਦਾ ਨਤੀਜਾ ਕਿਵੇਂ ਰਿਹਾ? ਉਹ ਪਰਚਿਆਂ 'ਚੋਂ ਪਾਸ ਹੋਈ ਕਿ ਨਹੀਂ? ਇਸ ਗੱਲ ਦਾ ਤਾਂ ਮੈਨੂੰ ਪਤਾ ਨਹੀਂ। ਪਰ ਇਸ਼ਕ ਦੇ ਪਰਚੇ ਕੀਹਦੇ ਪੈ ਰਹੇ ਸਨ, ਇਸ ਗੱਲ ਦਾ ਮੈਨੂੰ ਜ਼ਰੂਰ ਪਤਾ ਲੱਗ ਗਿਆ। ਇਕ ਲਾਲ ਲਕੀਰ (ਅਰਥ ਦਾ ਅੰਦਾਜ਼ਾ ਆਪ ਹੀ ਲਾ ਲਓ) ਪਰਚੇ ਵਿਚ ਜਦੋਂ ਵਿਸਤ੍ਰਿਤ ਰਿਪੋਰਟ ਦਾ ਖੁਲਾਸਾ ਹੋਇਆ ਤਾਂ ਜਿਵੇਂ ਅਜੀਤ ਸਿੰਘ ਪੂਹਲੇ ਨਿਹੰਗ 'ਤੇ ਦੋਸ਼ ਲਗਦੇ ਸਨ, ਇਉਂ ਉਸ ਚਿੱਟੇ ਕੱਪੜਿਆਂ ਵਾਲੇ ਦਾਗੀ ਨੇਤਾ ਦੀ ਜੱਖਣਾ ਪੁੱਟੀ ਗਈ ਸੀ। ਜਦੋਂ ਪੜ੍ਹਿਆ ਕਿ... ਗੰਨਮੈਨ ਨੇ ਨੇਤਾ ਨੂੰ ਆਪਣੀ ਪਤਨੀ ਨਾਲ ਰੰਗੇ ਹੱਥੀਂ ਫੜਿਆ। ਭੱਲੇ ਹੁਰਾਂ ਦੇ ਕਹਿਣ ਵਾਂਗ, 'ਤੂੰ ਐਥੇ ਬੈਠਾਂ, ਪੱਖਾ ਘਰੇ ਚੱਲੀ ਜਾਂਦਾ' ਵਾਲੀ ਸਥਿਤੀ ਸੀ। ਪਰਚੇ ਉਸ ਜਸਵੀਰ ਕੁੜੀ ਦੇ ਨਹੀਂ, ਉਸ ਦੀ ਮਾਂ ਵਿਚਾਰੀ ਦੇ ਪੈ ਰਹੇ ਸਨ। ਖੈਰ ਇਹ ਗੱਲ ਭਾਵੇਂ ਭਾਦੋਂ ਦੇ ਛੱਰਾਟੇ ਵਾਂਗ ਆਈ-ਗਈ ਹੋ ਗਈ, ਪਰ ਬੰਦਾ ਚਿੱਟੀ ਦਾੜੀ ਤੇ ਚਿੱਟੇ ਲਿਬਾਸ 'ਚ ਬਣ ਠਣ ਕੇ ਵੀ ਨਹੀਂ ਸੋਚਦਾ ਕਿ 'ਕਦੇ ਪਾਪ ਲੁਕਾਇਆਂ ਨਹੀਂ ਲੁਕਦੇ।' ਪਹਿਲਾਂ ਤੀਵੀਂ ਤੇ ਧੀ ਪਰਚੇ ਪਾਉਂਦੀਆਂ ਰਹੀਆਂ ਤੇ ਹੁਣ ਉਹ ਵਿਚਾਰਾ ਗੰਨਮੈਨ ਸਾਹਿਬ ਦੇ ਜ਼ਬਰ ਦਾ ਸ਼ਿਕਾਰ ਹੋ ਕਿ ਪੁਲਿਸ ਦੇ ਕਈ ਝੂਠੇ ਪਰਚਿਆਂ ਵਿਚ ਫਸਿਆ ਜਗਾਧਰੀ ਦੇ ਕਾਂ ਵਾਂਗ ਗੋਡਿਆਂ 'ਚ ਸਿਰ ਦੇ ਦੇ ਰੋਂਦਾ ਹੈ। ਜੇ ਦੁਨੀਆਂ ਵਿਚ ਪਰਚਿਆਂ ਬਾਰੇ ਸਭ ਤੋਂ ਵੱਡੀ ਜਾਣਕਾਰੀ ਹਾਸਲ ਕਰਨੀ ਹੈ ਤਾਂ ਆਪਣੇ ਮੁਲਕ ਵਿਚ ਪੁਲਿਸ ਨੂੰ ਪੁੱਛ ਕੇ ਵੇਖਿਓ ਕਿ ਕਿਸੇ ਨੂੰ ਧਰੂ ਤਾਰਾ ਦਿਖਾਉਣ ਲਈ ਪਰਚੇ ਦੀ ਅਹਿਮੀਅਤ ਕੀ ਹੁੰਦੀ ਹੈ?

ਮੈਨੂੰ ਨਹੀਂ ਪਤਾ ਕਿ ਰੱਬ ਦਾ ਰੂਪ ਕਰਕੇ ਜਾਣੇ ਜਾਂਦੇ ਡਾਕਟਰ ਐਮਰਜੈਂਸੀ ਡਿਊਟੀ ਲੈਣ ਲਈ ਸੀ.ਐਮ.ਓ. ਜਾਂ ਫੇਰ ਐਸ.ਐਮ.ਓ. ਨੂੰ ਕਿਵੇਂ ਦਾਨ ਦਖਸ਼ਣਾ ਦਿੰਦੇ ਹਨ ਜਾਂ ਕਿਵੇਂ ਜੀ ਹਜ਼ੂਰੀ ਕਰਦੇ ਹਨ, ਕਿਉਂਕਿ ਰੱਬ ਦੇ ਬੰਦੇ ਹੀ ਪਰਚਿਆਂ ਦੀ ਅਸਲੀ ਵਿਆਖਿਆ ਤੇ ਡੂੰਘੀਆਂ ਜੜ੍ਹਾਂ ਦੇ ਸਿਰਜਣਹਾਰ ਹੁੰਦੇ ਹਨ। ਕੀਹਦੀ ਚੌਵੀ ਬਣਾਉਣੀ ਹੈ ਤੇ ਕੀਹਦੀ ਛੱਬੀ? ਚੜ੍ਹਾਵਾ ਕਿਵੇਂ ਲੈਣਾ ਹੈ? ਇਹ ਸਭ ਕੁਝ ਪਰਚੇ ਕੱਟਣ ਵਾਲੇ ਡਾਕਟਰ ਜਾਣਦੇ ਹਨ।

ਹੋਇਆ ਇਹ ਕਿ ਇਕ ਪਿੰਡ ਵਿਚ ਮੇਰੇ ਕਿਸੇ ਜਾਣਕਾਰ ਦੀ ਗੁਆਂਢ 'ਚ 107/51 ਹੋ ਗਈ। ਮੁੰਡੇ ਦੇ ਲੜਾਈ 'ਚ ਧੱਕਾ ਮੁੱਕੀ ਹੁੰਦਿਆਂ ਸੱਟਾਂ ਲੱਗ ਗਈਆਂ। ਰਾਤ ਨੂੰ ਹਸਪਤਾਲ ਲੈ ਗਏ। ਕੰਬਲ ਦੀ ਬੁੱਕਲ ਮਾਰ ਕੇ ਮੈਂ ਵੀ ਉਥੇ ਪਹੁੰਚਿਆ। ਫਿਰ ਜੋ ਵਾਪਰਿਆ, ਉਹ ਬੜਾ ਅਜੀਬ ਸੀ।

'ਸਬਕ ਸਿਖਾਉਣਾ ਦੂਜਿਆਂ ਨੂੰ ਕਿ ਸਮਝੌਤਾ ਕਰਨੈ?' ਡਾਕਟਰ ਨੇ ਸੁਆਲ ਕੀਤਾ।

ਮੈਂ ਕੋਈ ਦਖਲ ਅੰਦਾਜ਼ੀ ਨਹੀਂ ਕੀਤੀ ਤੇ ਨਾ ਹੀ ਆਪਣੇ ਬਾਰੇ ਦੱਸਿਆ।

ਮੁੰਡੇ ਦਾ ਪਿਓ ਕਹਿਣ ਲੱਗਾ, 'ਦੇਖ ਲਓ ਜੇ ਕੋਈ ਗੱਲ ਬਣਦੀ ਹੈ।'

'23 ਬਣਾ ਦਿਆਂਗਾ 10 ਹਜ਼ਾਰ ਲੱਗੂ, ਸਮਝੌਤਾ ਵੀ ਹੋਊ ਤਾਂ 25-30 ਹਜ਼ਾਰ ਤੋਂ ਉਰੇ ਨਹੀਂ ਛੁੱਟਦੇ ਸਾਲੇ।' ਡਾਕਟਰ ਪੁੱਛਾਂ ਦੇਣ ਵਾਲੇ ਬਾਬੇ ਵਾਂਗ ਉਲਰਿਆ।

'ਕਰਨਾ ਕੀ ਪਊ?'

'ਇਹ ਮੇਰਾ ਕੰਮ ਐ।'

ਤੇ ਉਹਨੇ ਆਪਣੇ ਇਕ ਚੇਲੇ ਚਪਟੇ ਨੂੰ ਫੋਨ ਕੀਤਾ। ਉਹਨੇ ਆਉਂਦਿਆਂ ਮੁੰਡੇ ਨੂੰ ਨੰਗਾ ਕੀਤਾ ਤੇ ਇਕ ਸੋਟੀ ਜਿਹੀ ਨਾਲ ਪਤਾ ਨਹੀਂ ਕੀ ਕੀਤਾ ਕਿ ਐਨੀਆਂ ਲਾਸਾਂ ਪਾ ਦਿੱਤੀਆਂ ਪਈ ਐਂ ਲੱਗੇ ਜਿਵੇਂ ਮੁੰਡੇ 'ਤੇ ਡਾਂਗਾਂ ਦਾ ਮੀਂਹ ਵਰ੍ਹਿਆ ਹੋਵੇ। ਗੁਪਤ ਅੰਗਾਂ 'ਚ ਦਰਦ ਦਾ ਪਾਖੰਡ ਬਣਾ ਕੇ ਲਾ ਦਿੱਤਾ ਗੁਲੂਕੋਜ਼ ਤੇ ਕੱਟ ਦਿੱਤਾ 23 ਦਾ ਪਰਚਾ।

ਉਧਰੋਂ ਭਿਣਕ ਪੈ ਗਈ ਦੂਜੇ ਧੜੇ ਵਾਲਿਆਂ ਨੂੰ, ਉਨ੍ਹਾਂ ਨੇ ਵੀ ਆਪਣਾ ਮੁੰਡਾ ਉਸ ਡਾਕਟਰ ਮੂਹਰੇ ਲੰਮਾ ਪਾ ਦਿੱਤਾ? ਡਾਕਟਰ ਦੀ ਲਾਲਚੀ ਜੀਭ ਹੋਰ ਲਮਕ ਗਈ। ਉਹਦੀ ਇਕ ਉਂਗਲੀ ਨੂੰ ਟੱਕ ਦੇ ਕੇ 15 ਹਜ਼ਾਰ ਨਾਲ ਜੇਬ ਭਰੀ ਤੇ ਬਣਾ ਦਿੱਤਾ 26 ਦਾ ਪਰਚਾ। ਰਾਤੋਂ ਰਾਤ 25 ਹਜ਼ਾਰ ਵੱਟ ਲੁੱਡੀਆਂ ਪਾਉਂਦਾ ਘਰੇ ਜਾ ਵੜਿਆ ਤੇ ਫਿਰ ਰੱਬ ਦੇ ਬੰਦੇ ਡਾਕਟਰ ਦੀ ਮਿਹਰਬਾਨੀ ਨਾਲ ਇਹ ਹੋਇਆ ਕਿ ਸਮਝੌਤੇ 'ਚ ਸਾਡੇ ਬੰਦੇ 20 ਹਜ਼ਾਰ ਪੁਲਿਸ ਨੂੰ ਤੇ 40 ਹਜ਼ਾਰ ਦੂਜੀ ਧਿਰ ਨੂੰ ਦੇ ਕੇ ਖਹਿੜਾ ਛੁਡਾਉਣ 'ਚ ਸਫਲ ਹੋ ਗਏ ਤੇ ਹੁਣ ਜਦੋਂ ਵੀ ਮਿਲਦੇ ਹਨ ਤਾਂ ਮਣ ਮਣ ਪੱਕੀ ਗਾਲ੍ਹ ਨਕਲੀ ਪਰਚੇ ਬਣਾਉਣ ਵਾਲੇ ਨੂੰ ਕੱਢਦੇ ਹਨ। ਜਿਨ੍ਹਾਂ ਨੂੰ ਕੇਸ ਮਜ਼ਬੂਤ ਬਣਾਉਣ ਲਈ ਥਾਣਿਆਂ 'ਚ ਮੁਨਸ਼ੀ ਕੋਲ ਬੋਲੀਆਂ ਦੇਣੀਆਂ ਪੈਂਦੀਆਂ ਹਨ, ਉਹੀ ਜਾਣਦੇ ਨੇ ਕਿ ਪਰਚੇ ਕਹਿੰਦੇ ਕੀਹਨੂੰ ਨੇ।

ਵੇਖਿਆ ਜਾਵੇ ਤਾਂ ਜ਼ਿੰਦਗੀ ਦੀ ਹਰ ਘੜੀ ਇਮਤਿਹਾਨ 'ਚੋਂ ਗੁਜ਼ਰਦੀ ਹੈ। ਹਰ ਬੰਦੇ ਨੂੰ ਹਰ ਰੋਜ਼ ਨਵੇਂ ਪਰਚੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਵੱਖਰੀ ਗੱਲ ਹੈ ਕਿ ਉਹ ਪਾਸ ਹੋਵੇ ਜਾਂ ਪਾਸੇ ਪੈ ਜਾਵੇ। ਮੱਝੀਆਂ ਚਰਾਉਣੀਆਂ ਰਾਂਝੇ ਦਾ ਪਹਿਲਾ ਪਰਚਾ ਸੀ। ਛੰਨਾ ਚੂਰੀ ਦਾ ਖੁਆਉਣ ਵਾਲੀ ਹੀਰ ਨੇ ਪਰਚੇ 'ਚੋਂ ਪਾਸ ਕਰਵਾਉਣ ਲਈ ਨਕਲ ਵੀ ਵਰਤੀ ਸੀ। ਸਾਹਿਬਾਂ ਨੂੰ ਮਿਰਜ਼ੇ ਦਾ ਭਜਾਉਣਾ, ਮਹੀਂਵਾਲ ਵਲੋਂ ਪੱਟ ਦਾ ਮਾਸ ਖੁਆਉਣਾ, ਸੋਹਣੀ ਦਾ ਕੱਚੇ 'ਤੇ ਤਰਨਾ, ਫਰਿਹਾਦ ਦਾ ਪਰਬਤ ਚੀਰਨਾ, ਸੱਸੀ ਦਾ ਥਲਾਂ 'ਚ ਭਟਕਣਾ ਔਖੇ ਪਰਚਿਆਂ ਵਾਲਾ ਹੀ ਇਮਤਿਹਾਨ ਸੀ। ਮਨੁੱਖ ਰੱਬ ਵਾਂਗ ਆਪਹੁਦਰਾ ਹੋਣ ਦਾ ਕਿੰਨਾ ਭਰਮ ਪਾਲੇ ਪਰ ਜਿੰਦਗੀ ਵਿਚ ਸਫਲਤਾ ਦੀ ਲੁਕਣਮੀਚੀ ਖੇਡਣ ਲਈ ਪਰਚੇ ਪਾਉਣੇ ਹੀ ਪੈਣਗੇ।

# ਜੈ ਹੋ ਸੁਖਵਿੰਦਰ...

**ਐਸ ਅਸ਼ੋਕ ਭੌਰਾ**

ਕਈ ਵਾਰ ਯਾਦਾਂ ਦੀ ਪੰਜੀਰੀ ਇੰਨੀ ਸਵਾਦ ਹੁੰਦੀ ਹੈ ਕਿ ਜਣੇਪਾ ਪੀੜ ਨਾ ਵੀ ਹੋਵੇ ਤਾਂ ਵੀ ਇਹ ਵਾਰ ਵਾਰ ਖਾਣ ਨੂੰ ਜੀ ਕਰਦਾ ਹੈ। ਲੰਘ ਗਈਆਂ ਰਾਤਾਂ, ਬੀਤ ਗਈਆਂ ਬਾਤਾਂ ਅਤੇ ਵਿਛੜ ਗਏ ਸੱਜਣ ਚੇਤੇ ਦਾ ਸੰਖ ਵਜਾਉਂਦੇ ਹੀ ਰਹਿੰਦੇ ਹਨ। ਜਲੰਧਰ ਦੂਰਦਰਸ਼ਨ ਉਤੇ ਅਮਿਤੋਜ ਵਾਲੀਆਂ 'ਕੱਚ ਦੀਆਂ ਮੁੰਦਰਾਂ' ਦੇ ਨਿਰਮਾਤਾ ਰਹੇ ਹਰਜੀਤ ਨਾਲ ਹਾਲ ਹੀ ਵਿਚ ਗੱਲ ਹੋਈ ਤਾਂ ਕਹਿਣ ਲੱਗਾ, ਸੁਖਵਿੰਦਰ ਮਿਲਿਆ ਸੀ? ਇਨ੍ਹੀਂ ਦਿਨੀਂ ਏ ਆਰ ਰਹਿਮਾਨ ਗਰੁੱਪ ਨਾਲ ਅਮਰੀਕਾ 'ਚ ਹੈ।



"ਤੈਨੂੰ ਤਾਪ ਚੜ੍ਹੇ ਮੈਂ ਹੂੰਘਾਂ ਵਾਲੀ ਸਥਿਤੀ ਸਿਰਫ ਜਵਾਨੀ ਵਿਚ ਹੀ ਚੰਗੀ ਲਗਦੀ ਹੈ।"

ਕਹਿਣ ਲੱਗਾ, "ਕਿਵੇਂ?"

"ਮੈਂ ਸਰਦੂਲ, ਹੰਸ, ਜਸਪਿੰਦਰ ਅਤੇ ਵਾਰਿਸ ਸਣੇ ਬਹੁਤ ਸਾਰੇ ਗਾਇਕਾਂ ਬਾਰੇ ਜੋਤਿਸ਼ੀ ਨਾ ਹੋ ਕੇ ਵੀ ਸਫਲ ਭਵਿੱਖਵਾਣੀਆਂ ਕੀਤੀਆਂ ਹਨ। ਇਨ੍ਹਾਂ 'ਚ ਸਭ ਤੋਂ ਪਹਿਲਾ ਸੁਖਵਿੰਦਰ ਸੀ।"

ਉਹ ਹੱਸ ਪਿਆ, "ਤੇਰੀ ਆਈ ਮੈਂ ਮਰ'ਜਾਂ, ਐਵੇਂ ਝੂਠੀ ਅਖੌਤ ਹੀ ਲੱਗਦੀ ਐ।"

ਦਰਅਸਲ ਗੱਲ 24 ਵਰ੍ਹੇ ਪੁਰਾਣੀ ਹੈ, ਜਦੋਂ ਸੁਖਵਿੰਦਰ ਮੈਨੂੰ ਹਰਜੀਤ ਦੇ ਫੁੱਟਬਾਲ ਚੌਕ ਨੇੜਲੇ ਘਰ ਵਿਚ ਟੱਕਰਿਆ ਸੀ। ਉਦੋਂ ਹਰਜੀਤ ਨੇ ਕਿਹਾ ਸੀ ਇਹਦੇ ਬਾਰੇ ਚਾਰ ਲਾਈਨਾਂ ਲਿਖ ਦੇਹ। ਤੇਰਾ ਜਾਣਾ ਕੱਖ ਨਹੀਂ ਇਹਦਾ ਸਭ ਕੁਝ ਬਣ ਜਾਣੈ। ਤੇ ਫਿਰ ਅਜੀਤ ਦੇ ਫਿਲਮ ਅੰਕ ਵਿਚ ਭਾਅ ਜੀ ਬਰਜਿੰਦਰ ਸਿੰਘ ਹਮਦਰਦ ਦੀ ਮਿਹਰਬਾਨੀ ਨਾਲ ਸੁਖਵਿੰਦਰ ਬਾਰੇ ਲਿਖੀਆਂ ਚਾਰ ਸਤਰਾਂ ਦੇ ਅਰਥ ਅੱਜ "ਜੈ ਹੋ" ਵਿਚ ਬਦਲ ਗਏ ਹਨ। ਊਂ ਬੰਦੇ ਨੂੰ ਭਰਮ ਹੀ ਖਾਂਦਾ ਹੈ ਕਿ ਸੌਂ ਰਹੀ ਪਤਨੀ ਸ਼ਾਇਦ ਉਸੇ ਦਾ ਹੀ ਸੁਪਨਾ ਦੇਖ ਰਹੀ ਹੈ। ਅਜੀਤ ਵਿਚ ਲੰਮਾ ਸਮਾਂ ਲਿਖਣ ਵਾਲੀ ਤੇਜਪਾਲ ਕੌਰ ਹਿੰਦੀ ਫਿਲਮਾਂ ਦੀ ਗੀਤਕਾਰ ਅਤੇ ਸੁਖਵਿੰਦਰ ਦੀ ਪਤਨੀ ਦੇਖਦਿਆਂ ਦੇਖਦਿਆਂ ਬਣ ਗਈ। ਮੈਂ ਉਸ ਦੇ ਕਿਸੇ ਸ਼ੋਅ ਵਿਚ ਸ਼ਰੀਕ ਨਹੀਂ ਹੋ ਸਕਿਆ। ਉਂਜ ਜੇ ਕੋਈ ਮੇਰੇ ਬਾਰੇ ਸੁਖਵਿੰਦਰ ਨੂੰ ਪੁੱਛੇ, "ਤੂੰ ਜਾਣਦੈਂ ਅਸ਼ੋਕ ਕੌਣ ਐ?"

ਜਵਾਬ ਇਹੋ ਹੋਵੇਗਾ, "ਨਾਂ ਤਾਂ ਸੁਣਿਆ ਲੱਗਦੈ।" ਬੰਦੇ ਨੂੰ ਵਿਆਹ ਅਤੇ ਵਿਆਹ ਦੀ ਤਾਰੀਖ ਤਾਂ ਨਹੀਂ ਭੁੱਲਦੀ ਪਰ ਲਾਵਾਂ ਕਰਵਾਉਣ ਵਾਲਾ ਭਾਈ ਭੁੱਲ ਚੁਕਾ ਹੁੰਦੈ। ਖੈਰ! ਪਰੀਆਂ ਸੋਹਣੀਆਂ ਹੁੰਦੀਆਂ ਹਨ ਪਰ ਜ਼ਰੂਰੀ ਨਹੀਂ ਉਨ੍ਹਾਂ ਦੀ ਸੰਤਾਨ ਵੀ ਹੋਵੇ।

## ਗੱਲ ਬਣੀ ਕਿ ਨਹੀਂ

**ਐਸ. ਅਸ਼ੋਕ ਭੌਰਾ**

### *ਅਦਿਤਿਆ ਸੁਆਮੀ*

ਲੁੱਚੇ ਸਾਧਾਂ ਦੀ ਵਿਥਿਆ ਸੁਣੋ ਭਾਈ, ਆਪਣੀਆਂ ਕੀਤੀਆਂ 'ਤੇ ਪਛਤਾਉਣ ਲੱਗੇ।
ਭਗਵੇਂ ਕੱਪੜਿਆਂ 'ਚ ਲੁੱਟ ਕੇ ਇੱਜ਼ਤਾਂ ਨੂੰ, ਵੇਖੋ ਧੂਣੀਆਂ ਕਿਵੇਂ ਧੁਖਾਉਣ ਲੱਗੇ।
ਸੁਣੀ ਡਾਢਿਆ 'ਬਖ਼ਸ਼ ਦੀਂ ਭੁੱਲ ਸਾਡੀ,' ਕਿੱਦਾਂ ਰੱਬ ਨੂੰ ਫੇਰ ਭਰਮਾਉਣ ਲੱਗੇ।
ਹੱਥੀਂ ਲਾਹ ਕੇ ਸ਼ਰਮ ਦੀ ਸਿਰੋਂ ਲੋਈ, ਖਿੱਲ੍ਹੀ ਧਰਮ ਦੀ ਫੇਰ ਉਡਾਉਣ ਲੱਗੇ।
ਭੋਲੇ ਲੋਕਾਂ ਨੂੰ ਸਮਝ ਕੇ ਨਿਰ੍ਹੇ ਬੁੱਧੂ, ਕਿਵੇਂ ਗੁੰਗੇ ਨੇ ਕਥਾ ਸੁਣਾਉਣ ਲੱਗੇ।
ਖੱਟੀ ਪਾਪ ਦੀ ਖੱਟ ਕੇ ਫਿਰਨ ਢੋਂਗੀ, ਰੋੜੇ ਰਾਹ 'ਚੋਂ ਆਪ ਹਟਾਉਣ ਲੱਗੇ।
ਜਿਹੜੇ ਲੋਭ ਤਿਆਗਣ ਨੂੰ ਆਖਦੇ ਸੀ, ਗੁੱਡੀ ਕਾਮ ਦੀ ਉਚੀ ਉਡਾਉਣ ਲੱਗੇ।
ਨਿੱਤ ਨਵੇਂ ਪਖੰਡ ਦੀ ਕਰਨ ਵਿਥਿਆ, ਕਾਂਜੀ ਦੁੱਧ ਦੇ ਵਿਚ ਮਿਲਾਉਣ ਲੱਗੇ।
ਪਏ ਦਾਗ ਬਦਨ 'ਤੇ ਲਾਹੁਣ ਖਾਤਰ, ਵਿਚ ਗੰਗਾ ਦੇ ਕਿਵੇਂ ਨਹਾਉਣ ਲੱਗੇ।
ਗੁੰਡੇ ਅਦਿਤਿਆ ਵਰਗੇ ਢੀਠ ਪੂਰੇ, ਕਿਲਾ ਪਾਪ ਦਾ ਫੇਰ ਬਣਾਉਣ ਲੱਗੇ।

# ਰਬਾਬ ਦੇ ਰਾਖੇ, ਸੈਨਿਕ ਤੇ ਸੈਨਾਪਤੀ ਗੁਰੂ ਹਰਿਗੋਬਿੰਦ ਸਾਹਿਬ

ਹਜ਼ਾਰੋਂ ਸਾਲ ਨਰਗਿਸ ਅਪਨੀ ਬੇਨੂਰੀ ਪੇ ਰੋਤੀ ਹੈ,
ਬੜੀ ਮੁਸ਼ਕਿਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਵਿਆਹ ਤੋਂ ਪਿੱਛੋਂ ਚੌਦਾਂ ਸਾਲ ਤੱਕ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਬੱਚਾ ਪੈਦਾ ਨਾ ਹੋਇਆ। ਇਸ ਤੇ ਇਨ੍ਹਾਂ ਦਾ ਭਾਈ ਪ੍ਰਿਥੀ ਚੰਦ ਬਹੁਤ ਪ੍ਰਸੰਨ ਸੀ। ਉਹ ਆਪਣੀ ਪਤਨੀ ਕਰਮੋ ਨੂੰ ਸਦਾ ਕਹਿੰਦਾ ਰਹਿੰਦਾ, "ਤੇਰੇ ਕੋਲ ਤੇਰਾ ਪੁੱਤਰ ਮਿਹਰਬਾਨ ਅਮੋਲਕ ਧਨ ਹੈ। ਵੱਡਾ ਹੋਣ 'ਤੇ ਗੁਰਗੱਦੀ ਉਸ ਨੂੰ ਹੀ ਮਿਲ ਜਾਣੀ ਹੈ ਕਿਉਂਕਿ ਅਰਜਨ ਨੇ ਔਤਰਾ ਹੀ ਮਰ ਜਾਣਾ ਹੈ। ਉਨ੍ਹਾਂ ਦਾ ਸੁਖ ਆਰਾਮ ਥੋੜ੍ਹੇ ਦਿਨਾਂ ਦਾ ਪ੍ਰਾਹੁਣਾ ਹੈ।" ਮਾਤਾ ਗੰਗਾ ਜੀ ਨੇ ਸਭ ਸੁਣ ਲਿਆ ਅਤੇ ਸਭ ਕੁਝ

**ਸੁਰਜੀਤ ਸਿੰਘ ਪੰਛੀ ਬੇਕਰਜ਼ਫੀਲਡ**
**ਫੋਨ:661-827-8256**

ਗੁਰੂ ਜੀ ਨੂੰ ਕਹਿ ਸੁਣਾਇਆ।

ਗੁਰੂ ਅਰਜਨ ਦੇਵ ਜੀ ਪ੍ਰਿਥੀ ਚੰਦ ਦੇ ਦੋਖੀ ਵਰਤਾਰੇ ਕਾਰਨ ਅੰਮ੍ਰਿਤਸਰ ਤੋਂ ਬਾਹਰ ਹੀ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹਿੰਦੇ ਸਨ। ਹੁਣ ਗੁਰੂ ਨਾਨਕ ਦੇਵ ਦੇ ਸਪੁੱਤਰ ਬਾਬਾ ਸ੍ਰੀ ਚੰਦ ਦੇ ਕਹਿਣ ਤੇ ਅੰਮ੍ਰਿਤਸਰ ਹੀ ਰਹਿਣ ਲੱਗ ਪਏ।

ਇਕ ਦਿਨ ਮਾਤਾ ਜੀ ਨੇ ਬੇਨਤੀ ਕੀਤੀ, "ਜੇਕਰ ਇਕ ਪੁੱਤਰ ਦੀ ਦਾਤ ਬਖਸ਼ ਦੇਵੋ ਤਾਂ ਮੇਰਾ ਜੀਵਨ ਖੁਸ਼ੀ ਭਰਪੂਰ ਹੋ ਜਾਵੇਗਾ।" ਗੁਰੂ ਜੀ ਨੇ ਪੁੱਤਰ ਦੇ ਵਰ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਬਾਬਾ ਬੁੱਢਾ ਤੋਂ ਅਸੀਸ ਪ੍ਰਾਪਤ ਕਰਨ ਦੀ ਸਲਾਹ ਦਿੱਤੀ। ਬਾਬਾ ਬੁੱਢਾ ਦੀ ਅਸੀਸ ਨਾਲ ਗੁਰੂ ਜੀ ਦਾ ਜਨਮ ਵਡਾਲੀ ਵਿਖੇ 'ਗੁਰੂ ਕੀ ਰੋੜ' ਵਾਲੇ ਅਸਥਾਨ 'ਤੇ ਹੋਇਆ। ਸਭ ਇਤਿਹਾਸਕਾਰਾਂ ਨੇ ਜਨਮ ਦੀ ਮਿਤੀ 21 ਹਾੜ, 1652 ਬਿ. 1595 ਈ. ਲਿਖੀ ਹੈ। ਕੁਝ ਇਤਿਹਾਸਕਾਰਾਂ ਨੇ 9 ਜੂਨ ਤੇ ਕੁਝ ਨੇ 19 ਜੂਨ, 1595 ਈ. ਲਿਖੀ ਹੈ। ਇਹ ਦੋਵੇਂ ਮਿਤੀਆਂ ਹੀ ਠੀਕ ਹਨ ਕਿਉਂਕਿ 19 ਜੂਨ ਲਿਖਣ ਵਾਲਿਆਂ ਨੇ ਗ੍ਰੈਗੋਰੀਅਨ ਕੈਲੰਡਰ ਅਨੁਸਾਰ 9 ਜੂਨ ਵਿਚ 10 ਦਿਨ ਜੋੜ ਲਏ ਹਨ। 'ਬੰਸਾਵਲੀਨਾਮਾ' ਦਾ ਲੇਖਕ 1652 ਬਿ. ਦੀ ਥਾਂ 1647 ਲਿਖਦਾ ਹੈ:

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਜਨਮੇ ਵਡਾਲੀ।
ਸੰਮਤ ਸੋਲਾਂ ਸੈ ਗਏ ਸੈਤਾਲੀ। ਹਾੜ ਮਾਸ ਦਿਨ ਬੀਤੇ ਇੱਕੀ।

ਗੁਰੂ ਅਰਜਨ ਦੇਵ ਦੇ ਸਮੇਂ ਕਰਮ ਕਾਂਡ ਪ੍ਰਧਾਨ ਭਗਤੀ, ਘੋਰ ਅਨੈਤਿਕਤਾ, ਆਚਰਨਹੀਣਤਾ, ਨਿਰਾਸ਼ਾ, ਚਿੰਤਾ, ਆਲਸ ਆਦਿ ਸਮਾਜਕ ਜੀਵਨ ਵਿਚ ਵਿਆਪਤ ਸਨ। ਕੁੱਲ ਮਿਲਾ ਕੇ ਅਸ਼ਾਂਤ, ਅਸਥਿਰ ਅਤੇ ਲਹੂ ਲੁਹਾਣ ਯੁੱਗ ਸੀ। ਗੁਰੂ ਅਰਜਨ ਦੇਵ ਨੂੰ ਦਿੱਲੀ ਦੀ ਜ਼ਾਲਮ ਸਰਕਾਰ ਨੇ ਅਜਰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਮਨਮੋਹਣੇ ਮਿਕਨਾਤੀਸੀ ਵਿਅਕਤੀਤਵ ਦੇ ਮਾਲਕ ਸਨ। ਨਿਕਲਦਾ ਕੱਦ, ਸਡੌਲ ਅੰਗ, ਗਠਿਆ ਸਰੀਰ, ਵੱਡੀਆਂ-ਵੱਡੀਆਂ ਚਮਕਦਾਰ ਅੱਖਾਂ ਅਤੇ ਜੁੱਸਾ ਲੜਾਈ ਦੇ ਪੂਰੀ ਤਰ੍ਹਾਂ ਕਾਬਲ ਸੀ। ਕੁਸ਼ਤੀ ਲੜਨ ਦੇ ਦਾਅ-ਪੇਚਾਂ ਤੋਂ ਪੂਰੀ ਤਰ੍ਹਾਂ ਜਾਣੂੰ ਸਨ। ਇਕ ਵਾਰ ਲੜਾਈ ਵਿਚ ਤਲਵਾਰ ਦਾ ਮੁੱਠਾ ਟੁੱਟ ਗਿਆ ਤਾਂ ਵਿਰੋਧੀ ਨੂੰ ਹੱਥਾਂ 'ਤੇ ਚੁੱਕ ਕੇ ਧਰਤੀ ਉਤੇ ਪਟਕਾ ਮਾਰਿਆ। ਗੁਰੂ ਜੀ ਤਲਵਾਰ ਅਤੇ ਤੀਰ ਅੰਦਾਜ਼ੀ ਦੇ ਵੀ ਧਨੀ ਸਨ। ਆਪ ਫਕੀਰਾਨਾ ਸੁਭਾ ਵਾਲੇ, ਸ਼ਕਤੀਸ਼ਾਲੀ ਅਤੇ ਬੇਜੋੜ ਸੂਰਮੇ ਸਨ।

ਗੱਦੀ 'ਤੇ ਬੈਠਣ ਸਮੇਂ ਜਦੋਂ ਬਾਬਾ ਬੁੱਢਾ ਸੇਲ੍ਹੀ ਟੋਪੀ ਪਹਿਨਾਉਣ ਲੱਗੇ ਤਾਂ ਆਪ ਨੇ ਕਿਹਾ, "ਇਨ੍ਹਾਂ ਨੂੰ ਤੋਸ਼ੇਖਾਨੇ ਵਿਚ ਸਾਂਭ ਦਿਓ। ਇਨ੍ਹਾਂ ਦਾ ਯੁੱਗ ਬੀਤ ਗਿਆ। ਮੈਨੂੰ ਤਾਂ ਤਲਵਾਰ ਪਹਿਨਾਓ।" ਆਪ ਨੇ ਸ਼ਾਹੀ ਬਸਤਰ ਪਹਿਨੇ ਅਤੇ ਦਸਤਾਰ ਤੇ ਕਲਗੀ ਸਜਾਈ। ਮੀਰੀ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ-ਮੀਰੀ ਭਾਵ ਸ਼ਹਿਨਸ਼ਾਹੀ ਦੀ, ਪੀਰੀ ਭਾਵ ਧਾਰਮਕ ਆਗੂ ਦੀ। ਇਸ ਸਮੇਂ ਆਪ ਨੇ ਕਿਹਾ, "ਕਮਜ਼ੋਰੀ ਇਕ ਗੁਨਾਹ ਹੈ ਜਿਸ ਨੂੰ ਮਾਫ ਨਹੀਂ ਕੀਤਾ ਜਾ ਸਕਦਾ। ਮੈਂ ਤਲਵਾਰ ਇਸ ਲਈ ਪਹਿਨੀ ਹੈ ਅਤੇ ਤੁਸੀਂ ਤਲਵਾਰ ਇਸ ਲਈ ਫੜਨੀ ਹੈ ਤਾਂ ਕਿ ਜ਼ਾਲਮ ਅਗੇ ਤੋਂ ਆਪਣੇ ਜ਼ੁਲਮ ਦੀ ਤਲਵਾਰ ਚਲਾਉਣੀ ਬੰਦ ਕਰ ਦੇਵੇ।" ਸ਼ਰਧਾਲੂਆਂ ਨੂੰ ਧਨ ਦੀ ਥਾਂ ਘੋੜੇ ਤੇ ਹਥਿਆਰਾਂ ਦੇ ਨਜ਼ਰਾਨੇ ਲਿਆਉਣ ਲਈ ਕਿਹਾ।

ਗੁਰੂ ਜੀ ਵਰਗਾ ਕੋਈ ਹੋਰ ਆਗੂ ਨਹੀਂ ਸੀ ਜਿਸ ਨੇ ਭਾਰਤੀ ਲੋਕਾਂ ਅਤੇ ਸਿੱਖ ਕੌਮ ਵਿਚ ਨਵਾਂ ਜੋਸ਼ ਤੇ ਨਵਾਂ ਵਲਵਲਾ ਪੈਦਾ ਕਰਕੇ ਮੁੜ ਜਾਨ ਪਾ ਦਿੱਤੀ ਹੋਵੇ। ਕੁਕਨੂਸ ਦੇ ਜਨਮ ਵਾਂਗ ਸਿੱਖ ਕੌਮ ਬਰਬਾਦੀ ਦੀ ਸੁਆਹ ਵਿਚੋਂ ਫਿਰ ਪੈਦਾ ਹੋ ਗਈ। ਗੁਰੂ ਜੀ ਨੇ ਸਿੱਖ ਕੌਮ ਨੂੰ ਗੈਰਤ ਅਤੇ ਇੱਜ਼ਤ ਨਾਲ ਜਿਉਣ ਦਾ ਢੰਗ ਸਿਖਾਇਆ। ਆਪ ਨੇ ਸਿੱਖਾਂ ਵਿਚ ਸਵੈ ਵਿਸ਼ਵਾਸ ਦਾ ਜਜ਼ਬਾ ਪੈਦਾ ਕਰ ਦਿੱਤਾ ਕਿ ਹਰ ਸਿੱਖ ਨੂੰ ਮੋਹਸਨ ਫਾਨੀ ਅਨੁਸਾਰ ਵਿਸ਼ਵਾਸ ਹੋ ਗਿਆ ਕਿ ਸਿੱਖ ਸੁਭਾਗਾ ਹੈ ਜੋ ਲੜਾਈ ਦੇ ਮੈਦਾਨ ਵਿਚ ਸ਼ਹੀਦੀ ਪਾ ਕੇ ਸਿੱਧਾ ਬਹਿਸ਼ਤ ਨੂੰ ਜਾਂਦਾ ਹੈ। ਇਸ ਕਰਕੇ ਤਨੋ ਮਨੋ ਬਾਂਕੇ ਗੱਭਰੂ ਕੇਵਲ ਦੋ ਵੇਲੇ ਦੀ ਰੋਟੀ ਅਤੇ ਤਨ ਢਕਣ ਲਈ ਕੱਪੜੇ ਦੇ ਬਦਲੇ ਨੇਕ ਕੰਮ ਦੀ ਖਾਤਰ ਜਾਨ ਵਾਰ ਦਿੰਦੇ ਸਨ। ਸ਼ਾਹੀ ਫੌਜ ਦਾ ਨੱਕ ਭੰਨਦੇ ਸਨ।

ਗੁਰੂ ਜੀ ਕਮਜ਼ੋਰਾਂ, ਦੁਖੀਆਂ ਅਤੇ ਮਜ਼ਲੂਮਾਂ ਦੇ ਰਖਵਾਲੇ ਸਨ। ਗੁਰੂ ਨਾਨਕ ਦੇਵ ਨੇ ਅਕਾਲ ਪੁਰਖ ਅੱਗੇ ਗਿਲਾ ਕੀਤਾ ਸੀ ਕਿ ਜੇ ਕੋਈ ਸ਼ਕਤੀਸ਼ਾਲੀ ਸ਼ੇਰ ਗਊਆਂ ਦੇ ਵੱਗ 'ਤੇ ਹਮਲਾ ਕਰੇ ਤਾਂ ਉਨ੍ਹਾਂ ਦੀ ਰੱਖਿਆ ਦੀ ਜ਼ਿੰਮੇਵਾਰੀ ਮਾਲਕ ਦੀ ਹੁੰਦੀ ਹੈ। ਗੁਰੂ ਹਰਿਗੋਬਿੰਦ ਮਜ਼ਲੂਮ ਗਊਆਂ ਦੀ ਰੱਖਿਆ ਲਈ ਇਨ੍ਹਾਂ ਦੇ ਮਾਲਕ ਬਣ ਗਏ। ਇਨ੍ਹਾਂ ਦੀ ਰੱਖਿਆ ਲਈ ਫੌਜ ਦੀ ਵਾੜ ਖੜੀ ਕਰ ਦਿੱਤੀ। ਗੁਰੂ ਜੀ ਨੇ ਕਿਸੇ ਬੇਗੁਨਾਹ ਜਾਂ ਮਾਸੂਮ 'ਤੇ ਹੱਥ ਨਹੀਂ ਚੁੱਕਿਆ ਜਾਂ ਮੈਦਾਨ ਫਤਹਿ ਕਰਨ ਪਿੱਛੋਂ ਕੋਈ ਲੁੱਟ ਮਾਰ ਨਹੀਂ ਕੀਤੀ। ਉਹ ਸਭ ਦੀ ਇੱਜ਼ਤ ਦੇ ਸਾਂਝੀ ਸਨ। ਲਤੀਫ ਨੇ ਆਪ ਦੇ ਦਿਹਾਂਤ ਨੂੰ 'ਕੌਮੀ ਆਫਤ' ਕਿਹਾ ਅਤੇ ਮੀਆਂ ਮੀਰ ਤਾਂ ਉਨ੍ਹਾਂ ਨੂੰ 'ਮਹਿਬੂਬ-ਏ-ਅੱਲਾ' ਕਹਿੰਦੇ ਸਨ। ਆਪ ਦੇ ਪਿਆਰ ਦਾ ਹੀ ਸਦਕਾ ਸੀ ਕਿ ਦੋ ਤਿੰਨ ਸਿੱਖ ਆਪ ਦੀ ਚਿਖਾ ਵਿਚ ਸੜ ਕੇ ਮਰ ਗਏ।

ਗੁਰੂ ਜੀ ਕਰਮਯੋਗੀ ਅਤੇ ਕ੍ਰਾਂਤੀਕਾਰੀ ਸਨ। ਆਪ ਨੇ ਸਮੇਂ ਦੇ ਰੁਖ ਨੂੰ ਸਮਝਦਿਆਂ ਸ਼ਕਤੀ ਤੇ ਭਗਤੀ ਦਾ ਸੁਮੇਲ ਕੀਤਾ। ਗੁਰੂ ਜੀ ਸੰਤ ਸੇਵਾ ਤੋਂ ਬਿਨਾਂ ਮਨੁੱਖ ਨੂੰ ਪੱਥਰ ਸਮਝਦੇ ਸਨ। ਗੁਰੂ ਅਰਜਨ ਦੇਵ ਦੀ ਸ਼ਹੀਦੀ ਨੇ ਸਿੱਖਾਂ ਦੇ ਦਿਲਾਂ ਵਿਚ ਵਿਰੋਧ ਦਾ ਜਜ਼ਬਾ ਪੈਦਾ ਕਰ ਦਿੱਤਾ। ਗੁਰੂ ਹਰਿਗੋਬਿੰਦ ਨੇ ਇਸ ਨਵੇਂ ਜੋਸ਼ ਨੂੰ ਵਰਤਣ ਦੀ ਲੋੜ ਦਾ ਅਹਿਸਾਸ ਸਿੱਖਾਂ ਨੂੰ ਕਰਵਾ ਦਿੱਤਾ। ਪਿਛਲੀਆਂ ਕਈ ਸਦੀਆਂ ਤੋਂ ਜ਼ਾਲਮ ਹਾਕਮਾਂ ਨੂੰ ਕਿਸੇ ਨੇ ਲਲਕਾਰਿਆ ਨਹੀਂ ਸੀ ਅਤੇ ਨਾ ਲੋਕਾਂ ਨੂੰ ਜ਼ੁਲਮ ਵਿਰੁਧ ਟੱਕਰ ਲੈਣ ਲਈ ਉਭਾਰਿਆ ਸੀ। ਗੁਰੂ ਜੀ ਨੇ ਆਉਣ ਵਾਲੀਆਂ ਨਸਲਾਂ ਨੂੰ ਇਕ ਨਵੀਂ ਤੇ ਸਿਹਤਮੰਦ ਸੂਝ ਦਿੱਤੀ। ਇੱਜ਼ਤ, ਪ੍ਰੇਮ ਅਤੇ ਅਣਖ ਨਾਲ ਜਿਉਣ ਦਾ ਢੰਗ ਦੱਸਿਆ। ਆਪਣੇ ਜੀਵਨ ਵਿਚ ਗੁਰੂ ਜੀ ਨੇ ਜੋ ਲੜਾਈਆਂ ਲੜੀਆਂ, ਉਨ੍ਹਾਂ ਵਿਚ ਦੇਸ਼ ਦੀ ਸਭ ਤੋਂ ਵੱਡੀ ਸ਼ਕਤੀ ਨਾਲ ਟੱਕਰ ਲੈ ਕੇ ਉਸਨੂੰ ਨਿਆਂਪੂਰਨ ਢੰਗ ਨਾਲ ਸੋਚਣ ਲਈ ਮਜਬੂਰ ਕੀਤਾ। ਗੁਰੂ ਜੀ ਨੇ ਇਸ ਬੁਰੇ ਸਮੇਂ ਅਤੇ ਸੰਕਟ ਵਿਚ ਸਿੱਖਾਂ ਨੂੰ ਇਕ ਸ਼ਕਤੀਸ਼ਾਲੀ ਤੇ ਗੈਰਤਮੰਦ ਕੌਮ ਬਣਾਇਆ। ਜੇਕਰ ਗੁਰੂ ਜੀ ਨੇ ਮੀਰੀ ਪੀਰੀ ਦੀ ਰੀਤ ਨਾ ਅਪਨਾਈ ਹੁੰਦੀ ਤਾਂ ਉਨ੍ਹਾਂ ਦੇ ਸ਼ਰਧਾਲੂ ਸਿੱਖਾਂ ਦਾ ਜਾਂ ਤਾਂ ਨਾਮੋ ਨਿਸ਼ਾਨ ਹੀ ਮਿਟ ਜਾਂਦਾ ਜਾਂ ਉਨ੍ਹਾਂ ਦੇ ਇਸ ਮੱਤ ਵਿਚ ਕੁਝ ਇਕ ਗੁੰਥੀ ਹੀ ਬਚੇ ਹੁੰਦੇ। ਆਪ ਇਨ੍ਹਾਂ ਕੰਮਾਂ ਕਰਕੇ ਸਿੱਖ ਕੌਮ ਦੇ ਉਸਰਈਏ ਹੋ ਨਿਬੜੇ।

ਗੁਰੂ ਜੀ ਦਾ ਦ੍ਰਿਸ਼ਟੀਕੋਣ ਮਾਨਵਵਾਦੀ ਤੇ ਧਰਮ ਨਿਰਪੱਖਤਾ ਵਾਲਾ ਸੀ। ਆਪ ਦੇ ਜੀਵਨ ਦਾ ਮੰਤਵ ਛੂਤ-ਛਾਤ ਦੀ ਭਾਵਨਾ ਨੂੰ ਤਿਆਗ ਕੇ ਭਰਾਤਰੀ ਭਾਵ ਨੂੰ ਪੱਕਾ ਕਰਨਾ ਸੀ। ਏਹੀ ਉਨ੍ਹਾਂ ਦੇ ਧਰਮ ਪ੍ਰਚਾਰ ਦਾ ਮੂਲ ਸਿਧਾਂਤ ਸੀ। ਇਨ੍ਹਾਂ ਦਾ ਪੂਰਨ ਵਿਸ਼ਵਾਸ ਸੀ ਕਿ ਕੋਈ ਵਿਅਕਤੀ ਧਰਮ ਕਾਰਨ ਚੰਗਾ ਜਾਂ ਬੁਰਾ ਨਹੀਂ ਹੁੰਦਾ। ਹਰ ਜਾਤ, ਹਰ ਧਰਮ ਅਤੇ ਇਨਸਾਨਾਂ ਨਾਲ ਪਿਆਰ ਕਰਨਾ ਇਨ੍ਹਾਂ ਦਾ ਇਮਾਨ ਸੀ। ਏਹੀ ਕਾਰਨ ਸੀ ਕਿ ਕੇਵਲ ਹਿੰਦੂ ਹੀ ਨਹੀਂ ਸਗੋਂ ਮੁਸਲਮਾਨ ਤੇ ਹੋਰ ਕੌਮਾਂ ਦੇ ਲੋਕ ਵੀ ਉਨ੍ਹਾਂ ਵਲ ਖਿੱਚੇ ਆਉਂਦੇ ਸਨ। ਜਹਾਂਗੀਰ ਤੋਂ ਡਰਦਾ ਜੈਸਲਮੇਰ ਦਾ ਰਾਜਾ ਰਾਮ ਪ੍ਰਤਾਪ ਆਪ ਦੀ ਸ਼ਰਨ ਵਿਚ ਆ ਗਿਆ। ਗੁਰੂ ਜੀ ਨੇ ਉਸਨੂੰ ਸੈਨਾਪਤੀ ਬਣਾ ਲਿਆ। ਜੋ ਪਠਾਣ ਜਹਾਂਗੀਰ ਦੀ ਧਾਰਮਿਕ ਨੀਤੀ ਤੋਂ ਤੰਗ ਸਨ, ਆਪ ਦੀ ਫੌਜ ਵਿਚ ਭਰਤੀ ਹੋ ਗਏ। ਪੈਂਦੇ ਖਾਂ ਨੂੰ ਪੁੱਤਰਾਂ ਵਾਂਗ ਪਾਲਿਆ। ਮੁਸਲਮਾਨ ਜ਼ਖਮੀ ਫੌਜੀਆਂ ਦੀ ਮਲ੍ਹਮ ਪੱਟੀ ਆਪਣੇ ਸਿੱਖਾਂ ਵਾਂਗ ਹੀ ਕਰਵਾਉਂਦੇ। ਸਿੱਖ ਬੇਸਹਾਰਾ ਲੋਕਾਂ ਨੂੰ ਸਹਾਰਾ ਦੇਣ ਲਈ ਅੱਗ ਦੀਆਂ ਲਾਟਾਂ ਵਿਚ ਛਾਲ ਮਾਰਨ ਤੋਂ ਝਿਜਕਦੇ ਨਹੀਂ ਸਨ। ਗੁਰੂ ਜੀ ਨੇ ਸਿੱਖਾਂ ਨੂੰ ਸਿਖਾਇਆ ਸੀ, "ਬਹਾਦਰਾਂ ਦੀ ਤਲਵਾਰ ਘ੍ਰਿਣਾ ਅਤੇ ਬਦਲੇ ਦੀ ਭਾਵਨਾ ਨਾਲ ਨਹੀਂ ਚਲਦੀ। ਗਰੀਬਾਂ, ਮਜ਼ਲੂਮਾਂ ਅਤੇ ਦੱਬੇ ਕੁਚਲਿਆਂ ਦੀ ਸਹਾਇਤਾ ਲਈ ਚਲਦੀ ਹੈ।" ਜਦੋਂ ਆਪ ਲਾਹੌਰ ਗਏ ਤਾਂ ਉਸ ਸਮੇਂ ਦੇ ਮੁਸਲਮਾਨ ਵਿਦਵਾਨ, ਪੀਰ ਫਕੀਰ, ਜਿਨ੍ਹਾਂ ਵਿਚ ਮੀਆਂ ਮੀਰ, ਸ਼ੇਖ ਜਾਨ ਮੁਹੰਮਦ ਲਾਹੌਰੀ, ਸ਼ੇਖ ਕਰਮ ਸ਼ਾਹ ਕੁਰੈਸ਼ੀ ਆਦਿ ਸੂਫੀ ਲੋਕ ਆਪ ਦੀ ਸੇਵਾ ਵਿਚ ਹਾਜ਼ਰ ਹੋਏ। ਅਜਮੇਰ ਸ਼ਰੀਫ ਦੀ ਯਾਤਰਾ, ਹਰਿਗੋਬਿੰਦਪੁਰ ਵਿਚ ਮਸੀਤ ਦੀ ਉਸਾਰੀ ਅਤੇ ਕਸ਼ਮੀਰ ਵਿਚ ਕਈ ਮਸੀਤਾਂ ਬਣਾਉਣਾ ਆਪ ਦੀ ਧਰਮ ਨਿਰਪੇਖਤਾ ਦੀ ਉਦਾਹਰਣ ਹੈ।



ਗੁਰੂ ਜੀ ਦੂਰਦ੍ਰਿਸ਼ਟੀ ਵਾਲੇ, ਸਿਆਣੇ ਅਤੇ ਉਚੇ ਕਿਰਦਾਰ ਦੇ ਮਾਲਕ ਸਨ। ਦੂਰਦ੍ਰਿਸ਼ਟੀ ਵਾਲੇ ਨੇਤਾ ਦਾ ਫਰਜ਼ ਹੁੰਦਾ ਹੈ ਕਿ ਉਹ ਕੌਮ ਦੇ ਜੋਸ਼ ਨੂੰ ਮੱਧਮ ਨਾ ਹੋਣ ਦੇਵੇ, ਲੋਕਾਂ ਦੇ ਸ਼ੰਕਿਆਂ ਨੂੰ ਦੂਰ ਕਰੇ। ਗੁਰੂ ਜੀ ਕੋਲ ਜਦੋਂ ਲੋਕਾਂ ਨੇ ਸ਼ਾਹੀ ਤਖਤ ਦੇ ਦਬਦਬੇ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਨੇ ਅਕਾਲ ਤਖਤ ਉਸਾਰ ਦਿੱਤਾ। ਉਪਦੇਸ਼ ਦੇ ਕੇ, ਵਾਰਾਂ ਗਵਾ ਕੇ ਅਤੇ ਨਿਆਂ ਕਰਕੇ ਅਜਿਹੇ ਦਬਦਬੇ ਦੇ ਡਰ ਨੂੰ ਦੂਰ ਕੀਤਾ। ਅੰਮ੍ਰਿਤਸਰ ਵਿਚ ਕਿਲ੍ਹਾ ਲੋਹਗੜ੍ਹ ਬਣਵਾਇਆ ਅਤੇ ਆਲੇ-ਦੁਆਲੇ ਕੰਧ ਉਸਾਰ ਦਿੱਤੀ। ਇਸ ਤਰ੍ਹਾਂ ਸਰਕਾਰ ਦੇ ਖੌਫ ਨੂੰ ਲੋਕਾਂ ਦੇ ਮਨਾਂ ਵਿਚੋਂ ਕੱਢਿਆ। ਵਹਿਮਾਂ ਭਰਮਾਂ ਦੀ ਜਕੜ ਤੋਂ ਮੁਕਤ ਕੀਤਾ। ਗੁਰੂ ਜੀ ਸਮਝਦੇ ਸਨ ਕਿ ਸਰਕਾਰੀ ਜ਼ੁਲਮ ਤੋਂ ਡਰਦੀ ਕੌਮ ਕਿਤੇ ਫਿਰ ਪੁਰਾਣੀਆਂ ਰਸਮਾਂ ਦਾ ਸਹਾਰਾ ਨਾ ਲੈ ਲਵੇ। ਉਨ੍ਹਾਂ ਨੇ ਸਿੱਖਾਂ ਨੂੰ ਜੋ ਰਾਹ ਦਿਖਾਏ, ਉਹ ਉਨ੍ਹਾਂ ਤੇ ਅੱਗੇ ਹੀ ਅੱਗੇ ਵਧਦੇ ਗਏ। ਭਾਈ ਜੇਠ ਵਰਗੇ ਜੋ ਪਹਿਲਾਂ ਸਰਵਰੀਏ ਸਨ, ਨੂੰ ਸਿੱਖ ਬਣਾਇਆ।

ਗੁਰੂ ਜੀ, ਗੁਰੂ ਨਾਨਕ ਦੇਵ ਦੀ ਤਿਆਰ ਕੀਤੀ ਮਾਲਾ ਦੇ ਮਣਕੇ ਹੀ ਸਨ। ਇਨ੍ਹਾਂ ਤੋਂ ਪਹਿਲਾਂ ਪੰਜ ਗੁਰੂ ਸਾਹਿਬਾਨ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮ ਦਾਸ ਅਤੇ ਗੁਰੂ ਅਰਜਨ ਦੇਵ ਨੇ ਸੱਚਾਈ, ਸਬਰ, ਰਹਿਮ, ਧਰਮ ਤੇ ਉਤਸ਼ਾਹ ਦਾ ਨਮੂਨਾ ਪੇਸ਼ ਕੀਤਾ ਪਰ ਗੁਰੂ ਹਰਿਗੋਬਿੰਦ ਸਾਹਿਬ ਇਨ੍ਹਾਂ ਗੁਰੂ ਜੀ ਦੇ ਮਿਸ਼ਰਤ ਅਨੁਭਵਾਂ ਦਾ ਸੰਗਮ ਸਨ। ਉਹ ਇਕ ਗੁਲਸ਼ਨ ਸਨ ਜਿਸ ਦੇ ਫੁੱਲਾਂ ਦੀ ਮਹਿਕ ਦਿਮਾਗ ਨੂੰ ਅੱਜ ਵੀ ਤਾਜ਼ਗੀ ਬਖਸ਼ਦੀ ਹੈ। ਉਨ੍ਹਾਂ ਦੀ ਤਲਵਾਰ ਕੇਵਲ ਧਰਮ ਦੀ ਰੱਖਿਆ ਲਈ ਉਠੀ, ਕਿਸੇ ਨਿੱਜੀ ਲਾਭ ਲਈ ਨਹੀਂ। ਜੋਤ ਓਹੀ ਸੀ ਕੇਵਲ ਚੋਲੇ ਹੀ ਬਦਲੇ ਸਨ। ਜਦੋਂ ਉਹ ਕਿਸੇ ਨੂੰ ਉਪਦੇਸ਼ ਦਿੰਦੇ ਤਾਂ ਗੁਰਬਾਣੀ ਦਾ ਹੀ ਹਵਾਲਾ ਦਿੰਦੇ। ਗੁਰੂ ਜੀ ਗੁਰੂ ਨਾਨਕ ਦੇਵ ਦੀ ਰਬਾਬ ਦੇ ਰਾਖੇ ਸਨ।

ਗੁਰੂ ਜੀ ਦੀ ਰਾਜਨੀਤੀ ਰੂਹਾਨੀਅਤ ਦਾ ਇਕ ਹਿੱਸਾ ਸੀ। ਉਨ੍ਹਾਂ ਨੇ ਧਰਮ ਵਿਚ ਰਾਜਨੀਤੀ ਇਸ ਲਈ ਸ਼ਾਮਿਲ ਕੀਤੀ ਕਿ ਉਨ੍ਹਾਂ ਦੇ ਸ਼ਰਧਾਲੂ ਬਿਨਾਂ ਕਿਸੇ ਡਰ ਤੇ ਖਤਰੇ ਦੇ ਗੁਰੂ ਜੀ ਦੇ ਦੱਸੇ ਮਾਰਗ 'ਤੇ ਚੱਲ ਸਕਣ। ਗੁਰੂ ਜੀ ਨੇ ਜਿੰਨੀਆਂ ਵੀ ਲੜਾਈਆਂ ਲੜੀਆਂ, ਉਨ੍ਹਾਂ ਵਿਚ ਉਨ੍ਹਾਂ ਨੇ ਕਿਸੇ ਤੇ ਵੀ ਆਪ ਚੜ੍ਹਾਈ ਨਹੀਂ ਕੀਤੀ ਸਗੋਂ ਆਪਣੀ ਰੱਖਿਆ ਲਈ ਹੀ ਲੜੀਆਂ। ਉਨ੍ਹਾਂ ਨੇ ਦੁਸ਼ਮਣ ਨੂੰ ਕਦੇ ਵੀ ਖੱਜਲ-ਖੁਆਰ ਨਹੀਂ ਕੀਤਾ ਅਤੇ ਨਾ ਕਦੇ ਜਿੱਤੇ ਇਲਾਕੇ 'ਤੇ ਕਬਜ਼ਾ ਕਰਨ ਦੀ ਇੱਛਾ ਕੀਤੀ।

ਗੁਰੂ ਜੀ ਅਣਖੀ ਅਤੇ ਜਾਗਦੀ ਜ਼ਮੀਰ ਵਾਲੇ ਵਿਅਕਤੀ ਸਨ। ਜਦੋਂ ਜਹਾਂਗੀਰ ਨੇ ਅੰਮ੍ਰਿਤਸਰ ਆ ਕੇ ਅਕਾਲ ਤਖਤ ਦੇਖਿਆ ਅਤੇ ਆਪਣੇ ਖਰਚੇ 'ਤੇ ਇਮਾਰਤ ਨੂੰ ਮੁਕੰਮਲ ਕਰਵਾਉਣਾ ਚਾਹਿਆ ਤਾਂ ਗੁਰੂ ਜੀ ਨੇ ਇਹ ਕਹਿ ਕੇ ਪੇਸ਼ਕਸ਼ ਰੱਦ ਕਰ ਦਿੱਤੀ, "ਮੈਂ ਇਸ ਅਕਾਲ ਤਖਤ ਨੂੰ ਸਿੱਖਾਂ ਦੀ ਆਪਣੀ ਸੇਵਾ ਅਤੇ ਕੁਰਬਾਨੀ ਦਾ ਪ੍ਰਤੀਕ ਬਣਾਉਣਾ ਚਾਹੁੰਦਾ ਹਾਂ ਨਾ ਕਿ ਬਾਦਸ਼ਾਹ ਦੀ ਖੁਲ੍ਹਦਿੱਲੀ ਦੀ ਯਾਦਗਾਰ।"

ਗੁਰੂ ਜੀ ਮੌਕੇ ਤੇ ਹਾਲਾਤ ਦੀ ਨਜ਼ਾਕਤ ਨੂੰ ਸਮਝਣ ਦੀ ਸੂਝ ਰਖਦੇ ਸਨ। ਇਸ ਦੇ ਅਨੁਸਾਰ ਹੀ ਉਹ ਹਰ ਕੰਮ ਸੋਚ ਸਮਝ ਕੇ ਕਰਦੇ ਸਨ। ਜਦੋਂ ਚੁੱਪ ਰਹਿਣ ਦੀ ਲੋੜ ਸਮਝੀ ਤਾਂ ਚੁੱਪ ਰਹੇ, ਜਦੋਂ ਪੂਰੀ ਤਾਕਤ ਨਾਲ ਸੱਟ ਮਾਰਨ ਦੀ ਲੋੜ ਪਈ ਤਾਂ ਲੜਾਈ ਦੇ ਮੈਦਾਨ ਵਿਚ ਜਾਬਰਾਂ ਨਾਲ ਪੂਰੀ ਟੱਕਰ ਲਈ। ਉਨ੍ਹਾਂ ਨੇ ਹਰ ਸਿੱਖ ਵਿਚ ਕੁਰਬਾਨੀ ਦੀ ਭਾਵਨਾ ਕੁੱਟ ਕੁੱਟ ਕੇ ਭਰ ਦਿੱਤੀ। ਇਸੇ ਭਾਵਨਾ ਸਦਕਾ ਹੀ ਸਿੱਖ ਜਾਨ ਤਲੀ 'ਤੇ ਧਰ ਕੇ ਲੜਦੇ ਅਤੇ ਥੋੜ੍ਹੀ ਗਿਣਤੀ ਦੇ ਹੁੰਦਿਆਂ ਵੀ ਉਨ੍ਹਾਂ ਨੇ ਸਦਾ ਜਿੱਤ ਪ੍ਰਾਪਤ ਕੀਤੀ। ਸਾਨੂੰ ਸਿੱਖਿਆ ਮਿਲਦੀ ਹੈ ਕਿ ਧਾਰਮਕ ਜਜ਼ਬੇ ਦੇ ਸਹਾਰੇ, ਬਗੈਰ ਜੰਗੀ ਸਾਮਾਨ ਤੋਂ ਜੰਗ ਕਿਵੇਂ ਲੜੀ ਜਾਂਦੀ ਹੈ ਅਤੇ ਜਿੱਤੀ ਜਾਂਦੀ ਹੈ।

ਗੁਰੂ ਜੀ ਆਚਰਣਕ ਕੀਮਤਾਂ ਤੇ ਕਦਰਾਂ ਦੇ ਮਾਲਕ ਸਨ। ਉਨ੍ਹਾਂ ਨੇ ਸਿੱਖਾਂ ਨੂੰ ਕਿਹਾ ਹੋਇਆ ਸੀ ਕਿ ਸੱਤ ਕਿਸਮ ਦੇ ਦੁਸ਼ਮਣਾਂ ਤੇ ਕਦੇ ਵੀ ਹਮਲਾ ਨਹੀਂ ਕਰਨਾ। ਇਹ ਕਿਸਮਾਂ ਸਨ-ਥੱਲੇ ਡਿੱਗਿਆ ਹੋਇਆ ਆਦਮੀ, ਬੇਹਥਿਆਰ, ਬੱਚਾ, ਬੁੱਢਾ, ਬਿਮਾਰ, ਇਸਤਰੀ ਤੇ ਸ਼ਰਨ ਆਇਆ। ਇੰਦੂਭੂਸ਼ਨ ਬੈਨਰਜੀ ਲਿਖਦਾ ਹੈ, "ਏਹੀ ਕਾਰਨ ਹੈ ਕਿ ਗੁਰੂ ਜੀ ਦੀ ਸਭ ਦਿਲ ਤੋਂ ਇੱਜ਼ਤ ਕਰਦੇ ਸਨ ਅਤੇ ਹਰ ਦੁੱਖ ਸੁੱਖ ਅਤੇ ਬਿਪਤਾ ਦੇ ਸਮੇਂ ਉਨ੍ਹਾਂ ਦਾ ਸਹਿਯੋਗ ਮੰਗਦੇ ਸਨ ਅਤੇ ਉਨ੍ਹਾਂ ਨੂੰ ਆਪਣਾ ਸਹਿਯੋਗ ਦਿੰਦੇ ਸਨ।" ਦੁਸ਼ਮਣ ਨੂੰ ਪਹਿਲਾਂ ਵਾਰ ਕਰਨ ਲਈ ਕਹਿੰਦੇ, ਜੇਕਰ ਕੋਈ ਪੈਦਲ ਹੁੰਦਾ ਤਾਂ ਘੋੜੇ ਤੋਂ ਉਤਰ ਕੇ ਲੜਦੇ। ਪੀਰੀ ਦੀ ਤਲਵਾਰ ਦੀ ਕਦੇ ਵਰਤੋਂ ਨਹੀਂ ਕੀਤੀ। ਇਕ ਵਾਰ ਆਪ ਦੇ ਜਥੇਦਾਰ ਨੇ ਰਾਤ ਨੂੰ ਹਮਲਾ ਕਰਨ ਦੀ ਆਗਿਆ ਮੰਗੀ ਪਰ ਗੁਰੂ ਜੀ ਨੇ ਆਗਿਆ ਨਹੀਂ ਦਿੱਤੀ।

ਗੁਰੂ ਜੀ ਦੀ ਨਜ਼ਰ ਵਿਚ ਸੰਤੁਲਤ ਜੀਵਨ ਲਈ ਅਧਿਆਤਮਕ ਅਤੇ ਦੁਨਿਆਵੀਂ ਸਮਝ ਦੇ ਗੁਣਾਂ ਦਾ ਸੁਮੇਲ ਜ਼ਰੂਰੀ ਹੈ। ਉਹ ਦਿਲ ਤੋਂ ਧਾਰਮਕ ਸਨ ਪਰ ਦੁਨਿਆਵੀਂ ਵਿਵਹਾਰ ਵਿਚ 'ਸੱਚੇ ਪਾਤਸ਼ਾਹ'। ਉਨ੍ਹਾਂ ਵਿਚ ਬਾਹਰਲੇ ਸ਼ਸਤਰਾਂ ਦੇ ਨਾਲ ਆਤਮਿਕ ਸ਼ਸਤਰ ਸੰਤੋਖ, ਸਹਿਨਸ਼ੀਲਤਾ ਅਤੇ ਪ੍ਰੇਮ ਦੇ ਭਰਪੂਰ ਗੁਣ ਸਨ। ਇਨ੍ਹਾਂ ਗੁਣਾਂ ਸਦਕਾ ਉਹ ਬਾਦਸ਼ਾਹ ਤੋਂ ਫਕੀਰ ਤੱਕ ਸਭ ਦੇ ਮਨ ਨੂੰ ਮੋਹ ਲੈਂਦੇ ਸਨ। ਉਨ੍ਹਾਂ ਦੇ ਸਾਹਸ, ਸ਼ਕਤੀ ਅਤੇ ਸਨੇਹ ਦੇ ਅੱਗੇ ਦੁਸ਼ਮਣ ਵੀ ਸਿਰ ਝੁਕਾ ਦਿੰਦੇ ਸਨ। ਉਹ ਆਪਣੇ ਸਮਾਜ ਵਿਚ ਅਥਾਹ ਸ਼ਰਧਾ ਤੇ ਪ੍ਰੇਮ ਦੇ ਪਾਤਰ ਸਨ। ਇਸੇ ਲਈ ਹਜ਼ਾਰਾਂ ਸਿੱਖ ਗਵਾਲੀਅਰ ਜਾਂਦੇ ਤੇ ਦਰਸ਼ਨ ਨਾ ਹੋਣ ਤੇ ਕਿਲੇ ਨੂੰ ਹੀ ਨਮਸਕਾਰ ਕਰਕੇ ਆ ਜਾਂਦੇ ਸਨ।

ਗੁਰੂ ਜੀ ਧਰਮ ਨਿਰਪੇਖ ਨੀਤੀ ਵਾਲੇ ਸਨ। ਇਸੇ ਲਈ ਉਨ੍ਹਾਂ ਦੇ ਵਿਅਕਤੀਤਵ ਅਤੇ ਆਚਰਨ ਦੀ ਪ੍ਰਸਿੱਧੀ ਤੋਂ ਪ੍ਰਭਾਵਿਤ ਹੋ ਕੇ ਇਰਾਨ, ਅਫਗਾਨਿਸਤਾਨ ਅਤੇ ਭਾਰਤ ਦੇ ਕੋਨੇ ਕੋਨੇ ਤੋਂ ਜਗਿਆਸੂ ਲੋਕਾਂ ਦੀ ਭੀੜ ਆਪ ਦੇ ਦਰ 'ਤੇ ਲੱਗੀ ਰਹਿੰਦੀ। ਬਾਬਾ ਸ੍ਰੀ ਚੰਦ ਉਨ੍ਹਾਂ ਦੇ ਗੁਣਾਂ ਦੇ ਪ੍ਰਸ਼ੰਸਕ ਸਨ। ਜੈਸਲਮੇਰ ਦਾ ਰਾਜਪੂਤ ਰਾਜਾ ਰਾਮ ਪ੍ਰਤਾਪ, ਜਹਾਂਗੀਰ ਤੋਂ ਡਰਦਾ ਆਪ ਦੀ ਸ਼ਰਨ ਆਇਆ। ਮੀਆਂ ਮੀਰ ਨੇ ਆਪਣੇ ਸੇਵਕਾਂ ਵਲੋਂ ਪੁੱਛੇ ਪ੍ਰਸ਼ਨ ਦੇ ਉਤਰ ਵਿਚ ਕਿਹਾ, "ਕੀ ਕਰਾਂ ਜਦ ਬਰਕਤਾਂ ਲੈਣ ਅੱਲਾ ਦੇ ਦਰ 'ਤੇ ਜਾਂਦਾ ਹਾਂ ਤਾਂ ਉਥੇ ਹਰਿਗੋਬਿੰਦ ਵਰਗਾ ਹੀ ਬੈਠਾ ਹੋਇਆ ਦੇਖਦਾ ਹਾਂ।" ਬਾਦਸ਼ਾਹ ਨੇ ਮੀਆਂ ਮੀਰ ਨੂੰ ਕਿਹਾ, "ਮੈਂ ਆਪ ਨੂੰ ਬਹੁਤ ਪਹੁੰਚਿਆ ਹੋਇਆ ਫਕੀਰ ਮੰਨਦਾ ਹਾਂ ਪਰ ਮੈਂ ਇਹ ਕੀ ਸੁਣ ਰਿਹਾ ਹਾਂ ਕਿ ਤੁਸੀਂ ਹਰਿਗੋਬਿੰਦ ਪ੍ਰਤੀ ਸ਼ਰਧਾ ਅਤੇ ਭਗਤੀ ਪ੍ਰਗਟ ਕੀਤੀ?" ਮੀਆਂ ਮੀਰ ਨੇ ਨਿਰਸੰਕੋਚ ਕਿਹਾ, "ਬਾਦਸ਼ਾਹ ਸਲਾਮਤ, ਤੁਸੀਂ ਸਹੀ ਸੁਣਿਆ ਹੈ। ਅਸਲ ਵਿਚ ਗੁਰੂ ਹਰਿਗੋਬਿੰਦ ਸ਼ਰਧਾ ਦੇ ਕਾਬਲ ਹਨ। ਉਹ ਅੱਲਾ ਦੇ ਪਿਆਰੇ ਸੱਚੇ ਧਰਮ ਤੇ ਚੱਲਣ ਵਾਲੇ ਹਨ।" ਗੁਰੂ ਜੀ ਉਸ ਸੰਗਤ ਨੂੰ, ਜਿਸ ਵਿਚ ਸਾਰੀਆਂ ਜਾਤਾਂ ਤੇ ਵਰਗਾਂ ਦੇ ਲੋਕ ਹੁੰਦੇ ਸਨ, ਆਪਣੀ ਸੰਤਾਨ ਕਹਿੰਦੇ ਸਨ। ਮੀਆਂ ਮੀਰ, ਕੌਲਾਂ, ਵਜ਼ੀਰ ਖਾਂ, ਪੈਂਦੇ ਖਾਂ ਵਰਗੇ ਮੁਸਲਮਾਨ ਸ਼ਰਧਾਲੂ ਆਪ ਦੀ ਧਰਮ ਨਿਰਪੇਖਤਾ ਦਾ ਸਭ ਤੋਂ ਵੱਡਾ ਪ੍ਰਮਾਣ ਹਨ। ਜਾਨੀ ਨਾਂ ਦਾ ਇਕ ਫਕੀਰ ਗੁਰੂ ਜੀ ਦੇ ਕਹਿਣ 'ਤੇ ਨਦੀ ਵਿਚ ਡੁੱਬ ਕੇ ਮਰ ਗਿਆ।

ਗੁਰੂ ਜੀ ਇਕ ਸਫਲ ਅਤੇ ਨਮੂਨੇ ਦੇ ਸੈਨਾਪਤੀ ਸਨ। ਉਨ੍ਹਾਂ ਨੇ ਆਪਣੀ ਫੌਜ ਨੂੰ ਪੰਜ ਭਾਗਾਂ ਵਿਚ ਵੰਡ ਰੱਖਿਆ ਸੀ। ਪਹਿਲਾ ਭਾਗ ਪ੍ਰਤੱਖ ਰੂਪ ਵਿਚ ਦੁਸ਼ਮਣ ਦਾ ਟਾਕਰਾ ਕਰਨ ਵਾਲਾ ਭਾਈ ਲੰਗਾਹ ਅਧੀਨ ਸੀ। ਦੂਜਾ ਭਾਗ ਭਾਈ ਬਿਧੀ ਚੰਦ ਅਧੀਨ ਗੁਪਤ ਰੂਪ ਵਿਚ ਹਮਲਾ ਕਰਨ ਵਾਲਾ, ਤੀਜਾ ਭਾਈ ਪਰਾਣਾ ਦੇ ਅਧੀਨ ਆਸੇ-ਪਾਸੇ ਹੋਣ ਵਾਲੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਕਿਉਂਕਿ ਭਾਈ ਪ੍ਰਾਣਾ ਹਰ ਖੇਤਰ ਤੇ ਹਰ ਪਿੰਡ ਤੋਂ ਜਾਣੂ ਸੀ। ਚੌਥਾ ਭਾਗ ਭਾਈ ਨਾਰਾ ਅਧੀਨ ਭੋਜਨ ਦਾ ਪ੍ਰਬੰਧ ਕਰਨ ਵਾਲਾ ਅਤੇ ਪੰਜਵਾਂ ਭਾਗ ਸ਼ਸਤਰਾਂ ਦੀ ਦੇਖ ਭਾਲ ਕਰਨ ਵਾਲਾ ਭਾਈ ਜੇਠਾ ਦੇ ਅਧੀਨ ਸੀ। ਜਦੋਂ ਲੋੜ ਪੈਂਦੀ ਗੁਰੂ ਜੀ ਅੱਗੇ ਹੋ ਕੇ ਫੌਜ ਦੀ ਅਗਵਾਈ ਕਰਦੇ। ਉਨ੍ਹਾਂ ਨੇ ਉਸ ਸਮੇਂ ਦੇ ਹਥਿਆਰ ਬੰਦੂਕਾਂ, ਤੋਪਾਂ ਆਦਿ ਦਾ ਪ੍ਰਬੰਧ ਕੀਤਾ। ਸਿੱਖਾਂ ਨੂੰ ਘੋੜ ਸਵਾਰੀ, ਸ਼ਿਕਾਰ ਖੇਡਣਾ, ਸੂਰਬੀਰਾਂ ਵਾਂਗ ਜੰਗ ਵਿਚ ਜਾਣਾ ਆਦਿ ਗੁਣਾਂ ਨਾਲ ਨਿਪੁੰਨ ਕੀਤਾ। ਫੌਜੀ ਸਿਖਲਾਈ ਦੇਣ ਵਾਲੇ ਜਿੱਥੋਂ ਵੀ ਮਿਲੇ, ਲਿਆਂਦੇ। ਇਥੋਂ ਤੱਕ ਕਿ ਤੁਰਕ ਫੌਜ ਵਿਚੋਂ ਭੱਜੇ ਪਠਾਣ ਜਰਨੈਲਾਂ ਨੂੰ ਭਰਤੀ ਕਰ ਲਿਆ। ਜੈਸਲਮੇਰ ਦੇ ਰਾਜੇ ਰਾਮ ਪ੍ਰਤਾਪ ਨੂੰ ਸੈਨਾਪਤੀ ਭਰਤੀ ਕਰ ਲਿਆ। ਗੁਰੀਲਾ ਲੜਾਈ ਦੀ ਵੀ ਸਿੱਖਿਆ ਦਿੱਤੀ ਗਈ। ਆਪਣੇ ਬਚਾਅ ਲਈ ਕਿਲੇ ਤੇ ਕੰਧਾਂ ਬਣਵਾਈਆਂ। ਲੜਾਈ ਲਈ ਥਾਂ ਦੀ ਚੋਣ ਵੀ ਬੜੀ ਸੂਝ ਨਾਲ ਕੀਤੀ। ਜਿਵੇਂ ਮਰਾਝ ਦੀ ਲੜਾਈ ਲਈ ਭਾਈ ਜੋਧ ਸ਼ਾਹ ਦੁਆਰਾ ਦੱਸੀਆਂ ਦੋ ਥਾਵਾਂ ਨੂੰ ਰੱਦ ਕਰਕੇ ਢਾਬ ਅਤੇ ਆਲੇ ਦੁਆਲੇ ਪਹਾੜਾਂ ਵਰਗੇ ਟਿੱਬਿਆਂ ਵਾਲੀ ਥਾਂ ਨੂੰ ਚੁਣਿਆ। ਜੰਗ ਵਿਚ ਜਿੱਤ ਜਾਂ ਹਾਰ ਸੈਨਾਪਤੀ ਦੀ ਨਿੱਜੀ ਜਾਂਬਾਜ਼ੀ, ਹਰਮਨ ਪਿਆਰਤਾ ਅਤੇ ਸਿਆਣਪ ਤੇ ਨਿਰਭਰ ਕਰਦੀ ਹੈ। ਗੁਰੂ ਜੀ ਅੱਗੇ ਹੋ ਕੇ ਲੜਦੇ ਅਤੇ ਆਪਣੇ ਜੌਹਰ ਦਿਖਾਉਂਦੇ। ਜੰਗੀ ਲੋੜਾਂ 'ਤੇ ਵੀ ਨਜ਼ਰ ਰੱਖਦੇ। ਅੰਮ੍ਰਿਤਸਰ ਦੀ ਲੜਾਈ ਵਿਚ ਇਕ ਤਰਖਾਣ ਤੋਂ ਖੋਖਲੇ ਰੁੱਖ ਨੂੰ ਪੱਥਰ ਸੁੱਟਣ ਲਈ ਤੋਪ ਵਿਚ ਬਦਲਵਾ ਲਿਆ। ਸਿਪਾਹੀ ਜਾਣਦੇ ਸਨ ਕਿ ਜਥੇਦਾਰ ਦੇ ਮਰ ਜਾਣ ਜਾਂ ਜ਼ਖਮੀ ਹੋ ਜਾਣ ਪਿੱਛੋਂ ਉਨ੍ਹਾਂ ਦੀ ਕਮਾਨ ਕੌਣ ਸੰਭਾਲੇਗਾ। ਇਕ ਸ਼ਕਤੀਸ਼ਾਲੀ ਜਥੇ ਨੂੰ ਲੜਾਈ ਤੋਂ ਬਾਹਰ ਰਿਜ਼ਰਵ ਰਖਦੇ ਸਨ ਤਾਂ ਕਿ ਜਦੋਂ ਦੁਸ਼ਮਣ ਥੱਕ ਜਾਵੇ ਤਾਂ ਇਹ ਤਾਜ਼ਾ ਦਮ ਜਥਾ ਉਨ੍ਹਾਂ 'ਤੇ ਹਮਲਾ ਕਰੇ। ਜਦੋਂ ਦੁਸ਼ਮਣ ਨੇ ਦਵੰਧ ਯੁੱਧ (ਦੋ ਸੈਨਾਪਤੀਆਂ

**(ਬਾਕੀ ਸਫਾ 29 ਉਤੇ)**

# ਵਿਛੜੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ

**ਸਫਰਨਾਮਾ**

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਕਾਦਿਰ ਭਾਈ ਨੇ ਹੀ ਸਾਨੂੰ ਦੱਸਿਆ ਕਿ ਸ਼ਾਹੀ ਕਿਲ੍ਹੇ ਨੂੰ ਅੰਦਰੋਂ ਦੇਖਣ ਦਾ ਦਿਨ ਵਿਚ ਕੋਈ ਸਮਾਂ ਮਿੱਥਿਆ ਹੁੰਦਾ ਹੈ ਤੇ ਟਿਕਟ ਲੈ ਕੇ ਹੀ ਅੰਦਰ ਜਾ ਹੁੰਦਾ ਹੈ। ਸ਼ਾਇਦ ਕਿਲ੍ਹੇ ਅੰਦਰ ਵੀ ਕੋਈ ਸਰਕਾਰੀ ਦਫਤਰ ਹਨ। ਕਿਲ੍ਹੇ ਦੇ ਮੁੱਖ ਗੇਟ 'ਤੇ ਪਾਕਿਸਤਾਨ ਦਾ ਝੰਡਾ ਝੂਲ ਰਿਹਾ ਸੀ। ਉਹ ਸਾਨੂੰ ਇਕ ਪਾਸੇ ਵਲ ਨੂੰ ਲੈ ਕੇ ਤੁਰ ਪਿਆ ਤੇ ਕਹਿੰਦਾ ਕਿ ਸਿੱਖ ਰਾਜ ਦਾ ਪਤਨ ਜਿੱਥੋਂ ਸ਼ੁਰੂ ਹੋਇਆ, ਉਹ ਦਿਖਾਉਂਦਾ ਹਾਂ। ਇੰਨੇ ਨੂੰ ਪਾਕਿਸਤਾਨ ਟੂਰਿਜ਼ਮ ਮਹਿਕਮੇ ਦਾ ਟੂਰਿਸਟ ਪ੍ਰੋਮੋਟਰ ਖਾਲਿਦ ਫਾਰੂਕ ਸਾਡੇ ਕੋਲ ਆ ਗਿਆ ਤੇ ਕਹਿਣ ਲੱਗਾ ਕਿ ਇਥੋਂ ਦੀ ਸਾਰੀ ਜਾਣਕਾਰੀ ਮੈਂ ਤੁਹਾਨੂੰ ਦੇਣੀ ਹੈ। ਨਾਲ ਹੀ ਉਹਨੇ

**ਮਝੈਲ ਸਿੰਘ ਸਰਾਂ**

ਆਪਣਾ ਕਾਰਡ ਦੇ ਦਿੱਤਾ। ਉਹ ਰਟੀ ਰਟਾਈ ਬੋਲੀ ਵਿਚ ਕਿਲ੍ਹੇ ਬਾਰੇ ਦੱਸ ਰਿਹਾ ਸੀ, ਵਿਚ ਵਿਚ ਅੰਗਰੇਜ਼ੀ ਬੋਲ ਕੇ ਪ੍ਰਭਾਵ ਵਧਾਉਣਾ ਚਾਹੁੰਦਾ ਸੀ। ਉਸਨੇ ਸ਼ਾਹੀ ਕਿਲ੍ਹੇ ਬਾਰੇ ਜਾਣਕਾਰੀ ਦੱਸੀ ਜੋ ਬਾਹਰ ਬੋਰਡ 'ਤੇ ਲਿਖੀ ਹੋਈ ਸੀ। 9ਵੀਂ ਸਦੀ ਵਿਚ ਇਹ ਕਿਲ੍ਹਾ ਕੱਚਾ ਸੀ, ਫਿਰ ਕਈ ਵਾਰੀ ਹਮਲਿਆਂ ਵਿਚ ਇਹ ਢਾਹਿਆ ਵੀ ਗਿਆ ਪਰ ਮੁੜ ਉਸੇ ਜਗ੍ਹਾ 'ਤੇ ਬਣਾਇਆ ਜਾਂਦਾ ਰਿਹਾ। ਕਾਰਨ ਇਹੋ ਸੀ ਕਿ ਇਸ ਵਰਗੀ ਸੁਰੱਖਿਅਤ ਥਾਂ ਸ਼ਾਇਦ ਹੋਰ ਫੌਜੀ ਪੱਖੋਂ ਨਾ ਹੋਵੇ। ਮੌਜੂਦਾ ਕਿਲ੍ਹਾ ਮੁਗਲ ਸਾਮਰਾਜ ਵੇਲੇ ਬਣ ਗਿਆ ਸੀ। ਕਿਲ੍ਹੇ ਦੇ ਸਾਹਮਣੇ ਇਕ ਬਹੁਤ ਸੋਹਣੀ ਬਿਲਡਿੰਗ ਹੈ ਜਿਸਨੂੰ ਹਜ਼ੂਰੀ ਬਾਗ ਕਹਿੰਦੇ ਹਨ। ਇਹ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਣਾਈ ਗਈ। ਇਸ ਦੇ ਥੱਲੇ 6 ਮੰਜ਼ਿਲਾਂ ਹੋਰ ਹਨ। ਇਸ ਤੇ ਜਿਹੜੀ ਮਾਰਬਲ ਲੱਗੀ ਹੈ, ਉਹ ਉਸ ਵੇਲੇ ਇਟਲੀ ਤੋਂ ਮੰਗਵਾਈ ਗਈ ਸੀ। ਇਹ ਸਾਰੀਆਂ ਗੱਲਾਂ ਉਸ ਟੂਰਿਸਟ ਗਾਈਡ ਨੇ ਹੀ ਦੱਸੀਆਂ ਪਰ ਅਸੀਂ ਅੰਦਰ ਜਾ ਕੇ ਨਹੀਂ ਦੇਖਿਆ ਕਿਉਂਕਿ ਸੈਲਾਨੀਆਂ ਦਾ ਉਸ ਵੇਲੇ ਸਮਾਂ ਖਤਮ ਹੋ ਚੁੱਕਾ ਸੀ।

ਉਸ ਦੇ ਨਾਲ ਹੀ, ਮਤਲਬ ਸ਼ਾਹੀ ਕਿਲੇ ਦੇ ਸਾਹਮਣੇ, ਬਾਦਸ਼ਾਹੀ ਮਸਜਿਦ ਹੈ ਜੋ ਕਿ ਬਾਹਰੋਂ ਹੀ ਦੇਖਣ ਨੂੰ ਬਹੁਤ ਸ਼ਾਨਦਾਰ ਲੱਗਦੀ ਹੈ। ਗਾਈਡ ਨੇ ਸਾਨੂੰ ਦੱਸਿਆ ਕਿ ਇਹ ਦੁਨੀਆਂ ਦੀ ਦੂਜੀ ਵੱਡੀ ਮਸਜਿਦ ਹੈ, ਪਰ ਉਹਨੇ ਇਹ ਨਹੀਂ ਦੱਸਿਆ ਕਿ ਸਭ ਤੋਂ ਵੱਡੀ ਕਿੱਥੇ ਤੇ ਕਿਹੜੇ ਮੁਲਕ ਵਿਚ ਹੈ। ਮਸਜਿਦ ਅੱਗੇ ਸ਼ਸਤਰਧਾਰੀ ਫੌਜ ਦਾ ਪਹਿਰਾ ਸੀ। ਕਾਦਿਰ ਭਾਈ ਨੇ ਦੱਸਿਆ ਕਿ ਅਤਿਵਾਦੀ ਸੰਗਠਨ ਵਲੋਂ ਇਸ ਮਸਜਿਦ 'ਤੇ ਵੀ ਹਮਲੇ ਦੀ ਧਮਕੀ ਦਿੱਤੀ ਹੋਈ ਹੈ, ਇਸ ਕਰਕੇ ਇਸ ਦੀ ਸੁਰੱਖਿਆ ਫੌਜ ਕੋਲ ਹੈ। ਸ਼ਾਮ ਹੋਣ ਕਰਕੇ ਬਹੁਤ ਲੋਕ ਮਸਜਿਦ ਆ ਜਾ ਰਹੇ ਸਨ ਤੇ ਕੁਝ ਪਾਰਕ ਵਿਚ ਸੈਰ ਵੀ ਕਰ ਰਹੇ ਸਨ। ਸਾਡੇ ਕੋਲੋਂ ਲੰਘਣ ਸਮੇਂ ਤਕਰੀਬਨ ਸਾਰੇ ਹੀ ਹੌਲੀ ਹੋ ਜਾਂਦੇ ਸੀ ਤੇ ਕਈ ਖੜ੍ਹ ਵੀ ਜਾਂਦੇ, ਪਰ ਉਹ ਟੂਰਿਜ਼ਮ ਵਾਲਾ ਕਿਸੇ ਨੂੰ ਖੜ੍ਹਨ ਨਹੀਂ ਦਿੰਦਾ ਸੀ, ਰੁੱਖਾ ਜਿਹਾ ਬੋਲ ਕੇ ਕਹੀ ਜਾਂਦਾ ''ਲਗੇ ਚੱਲੋ''। ਬਾਦਸ਼ਾਹੀ ਮਸਜਿਦ ਦੇ ਖੱਬੇ ਹੱਥ ਮਸ਼ਹੂਰ ਸ਼ਾਇਰ ''ਇਕਬਾਲ'' ਦੀ ਸਮਾਧ ਹੈ, ਜਿਹਦੀ ਬਿਲਡਿੰਗ ਪਾਕਿਸਤਾਨ ਸਰਕਾਰ ਨੇ ਬੜੀ ਸੋਹਣੀ ਬਣਾਈ ਹੈ।

ਪੁਰਾਣੇ ਲਾਹੌਰ ਸ਼ਹਿਰ ਦੇ ਦੁਆਲੇ ਚਾਰਦੀਵਾਰੀ ਸੀ, ਜਿਸ ਵਿਚ 12 ਗੇਟ ਸਨ ਤੇ ਤੇਰ੍ਹਵੀਂ ਮੋਰੀ, ਰਾਤ ਵੇਲੇ ਸਾਰੇ ਹੀ 12 ਗੇਟ ਬੰਦ ਕਰ ਦਿੱਤੇ ਜਾਂਦੇ ਸਨ ਪਰ ਤੇਰ੍ਹਵੀਂ ਮੋਰੀ, ਜਿਹੜੀ ਕਿ ਇਕ ਛੋਟਾ ਗੇਟ ਹੀ ਹੁੰਦਾ ਸੀ, ਖੁਲ੍ਹੀ ਰਹਿੰਦੀ ਸੀ। ਇਨ੍ਹਾਂ ਬਾਰਾਂ ਵਿਚੋਂ ਇਕ 'ਰੌਸ਼ਨਾਈ ਗੇਟ', ਇਥੇ ਹੀ ਰਾਵੀ ਵਲ ਨੂੰ ਬਣਿਆ ਹੋਇਆ ਹੈ। ਇਸ ਗੇਟ ਤੋਂ ਥੱਲੇ ਹੀ ਮਹਾਰਾਜਾ ਰਣਜੀਤ ਸਿੰਘ, ਖੜਕ ਸਿੰਘ ਅਤੇ ਕੰਵਰ ਨੌਨਿਹਾਲ ਸਿੰਘ ਦੀਆਂ ਸਮਾਧਾਂ ਹਨ ਪਰ ਹੁਣ ਇਹ ਗੇਟ ਲਗਦਾ ਪੱਕਾ ਹੀ ਬੰਦ ਰਹਿੰਦਾ ਹੈ, ਕਿਉਂਕਿ ਨਵੇਂ ਰਸਤੇ ਜੁ ਬਣਾ ਲਏ ਗਏ ਹਨ। ਦੱਸਦੇ ਸੀ ਪਈ ਉਨ੍ਹਾਂ ਸਮਿਆਂ ਵਿਚ ਸਭ ਤੋਂ ਵੱਧ ਵਪਾਰ ਰਾਵੀ ਵਾਲੇ ਪਾਸੇ ਤੋਂ ਇਸੇ ਗੇਟ ਰਾਹੀਂ ਹੀ ਹੁੰਦਾ ਸੀ। ਗੁਰੂ ਅਰਜਨ ਦੇਵ ਜੀ ਨੂੰ ਕੈਦ ਕਰਕੇ ਚੰਦੂ ਹਜ਼ੂਰੀ ਬਾਗ ਵਾਲੇ ਪਾਸੇ ਤੋਂ ਸ਼ਾਹੀ ਕਿਲ੍ਹੇ ਵਿਚ ਬਾਦਸ਼ਾਹ ਦੇ ਸਾਹਮਣੇ ਲਿਆਇਆ ਤੇ ਰੌਸ਼ਨਾਈ ਗੇਟ 'ਤੇ ਆ ਕੇ ਫੈਸਲਾ ਕੀਤਾ ਕਿ ਤੱਤੀ ਤਵੀ 'ਤੇ ਬਿਠਾਇਆ ਜਾਵੇ। ਚੰਦੂ ਨੇ ਸ਼ਫੀ ਨਾਮੀ ਕਾਰਿੰਦੇ ਨੂੰ ਤਵੀ ਥੱਲੇ ਅੱਗ ਰੌਸ਼ਨਾਈ ਗੇਟ ਤੋਂ ਬਾਹਰ ਬਾਲਣ ਦਾ ਹੁਕਮ ਦਿੱਤਾ। ਗਾਈਡ ਨੇ ਦੱਸਿਆ ਕਿ ਇਸ ਗੇਟ ਤੋਂ ਥੱਲੇ ਹੀ ਗੁਰੂ ਜੀ ਨੂੰ ਤਵੀਆਂ 'ਤੇ ਬਿਠਾਇਆ ਗਿਆ। ਉਹ ਇਸਦਾ ਕਸੂਰਵਾਰ ਚੰਦੂ ਨੂੰ ਹੀ ਦੱਸ ਰਿਹਾ ਸੀ, ਕਿਤੇ ਵੀ ਉਸਨੇ ਮੁਗਲ ਹਕੂਮਤ ਦਾ ਨਾਂ ਨਹੀਂ ਲਿਆ। ਚੰਦੂ ਦਾ ਨਾਂ ਵੀ, ਜਿੱਦਾਂ ਸਾਨੂੰ ਲੱਗਾ ਕਿ ਕੁਝ ਜਾਣ ਬੁੱਝ ਕੇ ਸਾਡੇ ਸਾਹਮਣੇ ਬੜੀ ਨਫਰਤ ਨਾਲ ਚੰਦੂ ਬਾਹਮਣ ਵਾਰ-ਵਾਰ ਕਹਿ ਕੇ ਲੈ ਰਿਹਾ ਸੀ। ਉਸੇ ਨੇ ਸਾਨੂੰ ਹਰਿਗੋਬਿੰਦ ਸਾਹਿਬ (ਗੁਰੂ) ਅਤੇ ਚੰਦੂ ਦੀ ਧੀ ਦੇ ਰਿਸ਼ਤੇ ਵਾਲੀ ਗੱਲ ਦੱਸੀ ਜਿਹੜੀ ਆਪਾਂ ਅਕਸਰ ਹੀ ਗੁਰਦੁਆਰਿਆਂ ਵਿਚ ਸਿੱਖ ਪ੍ਰਚਾਰਕਾਂ ਤੋਂ ਸੁਣਦੇ ਰਹਿੰਦੇ ਹਾਂ। ਬਸ ਐਨੀਆਂ ਕੁ ਗੱਲਾਂ ਕਰਕੇ ਕਹਿੰਦਾ ਕਿ ਮੈਨੂੰ 200 ਰੁਪਏ ਦੇ ਦਿਉ, ਅਸੀਂ ਮੁਸਕੜੀ ਜਿਹੀ ਹੱਸ ਕੇ ਦੇ ਦਿੱਤੇ।

ਸ਼ਾਹੀ ਕਿਲ੍ਹੇ ਨੂੰ ਅੰਦਰੋਂ ਦੇਖਣ ਦਾ ਸਾਡਾ ਸਬੱਬ ਬਣ ਨਾ ਸਕਿਆ ਕਿਉਂਕਿ ਸਾਡਾ ਅਗਲਾ ਪ੍ਰੋਗਰਾਮ ਲਾਹੌਰ ਤੋਂ ਬਾਹਰ ਦਾ ਸੀ। ਕਾਦਿਰ ਭਾਈ ਨੇ ਦੱਸਿਆ ਕਿ ਅੰਦਰ ਵੇਖਣ ਵਾਲੀਆਂ ਕਈ ਥਾਂਵਾਂ ਹਨ ਜਿਵੇਂ ਮੰਮਨ ਬੁਰਜ ਜਿੱਥੋਂ ਸਾਰੇ ਪਾਸੇ ਨਿਗਰਾਨੀ ਰੱਖੀ ਜਾਂਦੀ ਹੈ। ਜਿੱਥੇ ਮਹਾਰਾਜਾ ਬੈਠਦਾ ਸੀ ਤੇ ਦਰਬਾਰ ਲਾਉਂਦਾ ਸੀ, ਕਿਲ੍ਹੇ ਦੇ ਅੰਦਰ ਹੀ ਹਨ। ਸਮਰ ਪੈਲੇਸ ਵੀ ਹੈ। ਫਿਰ ਮੈਂ ਉਹਨੂੰ ਪੁੱਛਿਆ ਕਿ ਤੂੰ ਥੋੜਾ ਚਿਰ ਪਹਿਲਾਂ ਕਹਿੰਦਾ ਸੀ ਕਿ ਇਕ ਥਾਂ ਦਿਖਾਉਣੀ ਹੈ ਜਿੱਥੋਂ ਸਿੱਖ ਰਾਜ ਦਾ ਪਤਨ ਸ਼ੁਰੂ ਹੋਇਆ ਤਾਂ ਉਹ ਸਾਨੂੰ ਫਿਰ ਰੌਸ਼ਨਾਈ ਗੇਟ 'ਤੇ ਲੈ ਗਿਆ ਤੇ ਦੱਸਣ ਲੱਗ ਪਿਆ ਪਈ ਮਹਾਰਾਜਾ ਖੜਕ ਸਿੰਘ ਦੀ ਮੌਤ ਤੋਂ ਬਾਅਦ ਇਸੇ ਰੌਸ਼ਨਾਈ ਗੇਟ ਰਾਹੀਂ ਉਸਦੀ ਅਰਥੀ ਬਾਹਰ ਨਿਕਲੀ ਸੀ ਤੇ ਜਿਥੇ ਉਸਦੀ ਸਮਾਧ ਹੈ, ਉਸ ਥਾਂ 'ਤੇ ਉਸਦੀ ਚਿਤਾ ਨੂੰ ਅੱਗ ਉਹਦੇ ਪੁੱਤਰ ਕੰਵਰ ਨੌਨਿਹਾਲ ਸਿੰਘ ਨੇ ਦਿੱਤੀ। ਇਸ ਗੱਲ ਤੋਂ ਬੇਖਬਰ ਤੇ ਅਣਜਾਣ ਕਿ ਕੱਲ੍ਹ ਨੂੰ ਉਸਦੀ ਚਿਤਾ ਵੀ ਪਿਓ ਦੇ ਨਾਲ ਬਾਲਣ ਦਾ ਪ੍ਰਬੰਧ ਵੀ ਗੱਦਾਰਾਂ ਨੇ ਕਰ ਦਿੱਤਾ ਹੋਇਆ ਹੈ। ਫਿਰ ਉਹਨੇ ਰੌਸ਼ਨਾਈ ਗੇਟ ਦੀ ਅੰਦਰ ਵਾਲੀ ਛੱਤ ਵਲ ਉਂਗਲ ਕਰਕੇ ਦੱਸਿਆ ਕਿ ਜਦੋਂ ਨੌਨਿਹਾਲ ਸਿੰਘ ਤੇ ਹੋਰ ਸਰਦਾਰ ਖੜਕ ਸਿੰਘ ਦੇ ਸਸਕਾਰ ਤੋਂ ਮਗਰੋਂ ਵਾਪਿਸ ਸ਼ਾਹੀ ਕਿਲ੍ਹੇ ਨੂੰ ਮੁੜੇ ਤਾਂ ਉਥੋਂ ਡੋਗਰੇ ਗੱਦਾਰਾਂ ਨੇ ਇਕ ਵੱਡਾ ਛੱਜਾ, ਜਿਸ ਵਿਚ ਮਣਾਂ-ਮੂੰਹੀਂ ਪੱਥਰ ਸੀ, ਕੰਵਰ ਨੌਨਿਹਾਲ ਸਿੰਘ 'ਤੇ ਸੁਟਵਾ ਦਿੱਤਾ। ਇਸ ਹਾਦਸੇ ਵਿਚ ਉਹ ਜ਼ਖਮੀ ਹੋ ਗਿਆ ਸੀ। ਗੱਦਾਰ ਕਿਉਂਕਿ ਰਾਜ ਭਾਗ ਦੇ ਇੰਚਾਰਜ ਸਨ, ਉਹਨੂੰ ਚੁੱਕ ਕੇ ਸ਼ਾਹੀ ਕਿਲ੍ਹੇ ਵਿਚ ਲੈ ਗਏ ਤੇ ਸਿਰ 'ਚ ਹਥੌੜੇ ਮਾਰ ਕੇ ਮਾਰ ਦਿੱਤਾ। ਉਹਦੀ ਕਹੀ ਗੱਲ ਹੈ ਵੀ ਸੱਚੀ ਸੀ ਕਿ ਇਸ ਥਾਂ ਤੋਂ ਹੀ ਸਿੱਖ ਰਾਜ ਦੇ ਖਾਤਮੇ ਦੀ ਸ਼ੁਰੂਆਤ ਹੋਈ। ਉਹਦੀ ਗੱਲ ਸੁਣ ਕੇ ਅਸੀਂ ਦੁਬਾਰਾ ਰੌਸ਼ਨਾਈ ਗੇਟ ਦੀ ਛੱਤ ਵਲ ਦੇਖਿਆ। ਜਿੱਦਾਂ ਕੁਝ ਲੱਭਦੇ ਹੋਈਏ, ਭਾਵੇਂ ਇਤਿਹਾਸ ਵਿਚ ਇਸ ਘਟਨਾ ਨੂੰ ਕਿੰਨੀ ਵਾਰੀ ਪੜ੍ਹ ਚੁੱਕੇ ਹਾਂ, ਪਰ ਉਸ ਵੇਲੇ ਉਹ ਥਾਂ ਦੇਖ ਕੇ ਅੰਦਰੋਂ ਇਕ ਚੀਸ ਜਿਹੀ ਜ਼ਰੂਰ ਉਠੀ, ਜਿੱਦਾਂ ਕੋਈ ਪੁਰਾਣਾ ਜ਼ਖਮ ਹਰਾ ਹੋ ਗਿਆ ਹੋਵੇ ਤੇ ਗੱਦਾਰਾਂ ਉਤੇ ਮੱਲੋਮੱਲੀ ਕਚੀਚੀ ਜਿਹੀ ਵੀ ਆ ਗਈ।

ਓਦਾਂ ਮੈਨੂੰ ਰਾਜਿਆਂ-ਮਹਾਰਾਜਿਆਂ ਦੀਆਂ ਸਲਤਨਤਾਂ ਨਾਲ ਕੋਈ ਮੋਹ ਨਹੀਂ ਪਰ ਪਤਾ ਨਹੀਂ ਕਿਉਂ ਦਿਲ ਵਿਚ, ਜਿਸ ਤਰ੍ਹਾਂ ਸਿੱਖ ਰਾਜ ਨਾਲ ਧਰੋਹ ਕਰਕੇ ਇਹਨੂੰ ਖਤਮ ਕੀਤਾ ਗਿਆ, ਉਹ ਦਰਦ ਅਜੇ ਵੀ ਕਾਇਮ ਹੈ। ਇੰਨੇ ਨੂੰ ਤ੍ਰਿਕਾਲਾਂ ਵੀ ਪੈ ਗਈਆਂ ਸਨ। ਅਸੀਂ ਕਾਦਿਰ ਭਾਈ ਨਾਲ ਵਾਪਿਸ ਥੱਲੇ ਵਲ ਨੂੰ ਗੁਰਦੁਆਰਾ ਡੇਹਰਾ ਸਾਹਿਬ ਨੂੰ ਤੁਰ ਪਏ। ਮੁੜਦੇ ਵੇਲੇ ਦੇਖਿਆ ਕਿ ਜਿਸ ਬਿਲਡਿੰਗ ਵਿਚ ਸਮਾਧਾਂ ਹਨ ਉਹਦੇ ਬਾਹਰ ਵਾਲੇ ਗੇਟ ਅਤੇ ਬਾਹਰਲੀ ਕੰਧ ਤੇ ਹਿੰਦੂ ਮੂਰਤੀਆਂ ਜਿਵੇਂ ਗਣੇਸ਼ ਵਗੈਰਾ ਬਣਾਈਆਂ ਹੋਈਆਂ ਸਨ, ਬਾਹਰੀ ਦਿੱਖ ਪੂਰੀ ਤਰ੍ਹਾਂ ਨਾਲ ਹਿੰਦੂ ਪ੍ਰਭਾਵ ਵਾਲੀ ਲੱਗਦੀ ਹੈ।

ਗੁਰਦੁਆਰਾ ਡੇਹਰਾ ਸਾਹਿਬ ਤੋਂ ਸਾਮਾਨ ਲੈ ਕੇ ਅਸੀਂ ਰਾਤ ਠਹਿਰਨ ਲਈ ਗੁਰਦੁਆਰਾ ਸ਼ਹੀਦ ਗੰਜ ਸਿੰਘ-ਸਿੰਘਣੀਆਂ ਨੂੰ ਜਾਣਾ ਸੀ ਤਾਂ ਇਕ ਵਾਰ ਫਿਰ ਡੇਹਰਾ ਸਾਹਿਬ ਗੁਰਦੁਆਰਾ ਨੂੰ ਸਿਰ ਝੁਕਾਇਆ ਤੇ ਇਕ ਹੋਰ ਯਾਦ ਵੀ ਆਈ ਕਿ ਇਸੇ ਥਾਂ ਤੋਂ ਭਗਤ ਪੂਰਨ ਸਿੰਘ ਅਪੰਗ ਤੇ ਮੰਦਬੁੱਧੀ ਵਾਲੇ ਬੱਚੇ ਪਿਆਰਾ ਸਿੰਘ ਨੂੰ ਆਪਣੇ ਮੋਢਿਆਂ ਤੇ ਚੁੱਕ ਕੇ 1947 ਵਿਚ ਅੰਮ੍ਰਿਤਸਰ ਲੈ ਗਿਆ ਤੇ ਅੱਜ ਵਾਲੇ ਪਿੰਗਲਵਾੜੇ ਦਾ ਮੁੱਢ ਬੰਨਿਆ।

ਕਾਦਿਰ ਭਾਈ ਨੇ ਸਾਡਾ ਸਾਮਾਨ ਆਪਣੀ ਟੈਕਸੀ ਵਿਚ ਰੱਖ ਲਿਆ ਤਾਂ ਅਸੀਂ ਉਹਨੂੰ ਸਰਸਰੀ ਪੁੱਛਿਆ ਕਿ ਬਾਹਰ ਦਾ ਮਾਹੌਲ ਕਿੱਦਾਂ ਦਾ ਹੈ, ਕਿਉਂਕਿ ਦੋ ਦਿਨ ਪਹਿਲਾਂ ਹੀ ਲਾਹੌਰ ਵਿਚ ਪਬਲਿਕ ਥਾਂਵਾਂ 'ਤੇ ਬੰਬ ਧਮਾਕੇ ਹੋਏ ਸਨ। ਉਹ ਹੱਸ ਕੇ ਕਹਿੰਦਾ ਕਿ ਤੁਸੀਂ ਦੂਰੋਂ ਅਮਰੀਕਾ-ਇੰਗਲੈਂਡ ਤੋਂ ਮਨ 'ਚ ਬਾਬੇ ਨਾਨਕ ਦੇ ਘਰ ਦੇ ਦਰਸ਼ਨਾਂ ਲਈ ਆਏ ਹੋ, ਜੇ ਪਹਿਲਾਂ ਕੋਈ ਰੁਕਾਵਟ ਨਹੀਂ ਆਈ ਤਾਂ ਹੁਣ ਕਿੱਦਾਂ ਆ ਜਾਊ, ਭਾਵੇਂ ਮਾਹੌਲ ਲੱਖ ਖਰਾਬ ਹੋਈ ਜਾਵੇ। ਸਾਨੂੰ ਆਪਣੀ ਟੈਕਸੀ ਵਿਚ ਬਿਠਾ ਕੇ ਕਹਿੰਦਾ ਕਿ ਅੱਲਾ ਤਾਲਾ ਦੀ ਇਸ ਕਾਦਿਰ ਭਾਈ ਤੇ ਇੰਨੀ ਕੁ ਨਜ਼ਰ ਸਵੱਲੀ ਰਹੀ ਆ ਕਿ ਜਦ ਵੀ ਮੇਰੀ ਟੈਕਸੀ ਵਿਚ ਸਰਦਾਰ ਬੈਠਦੇ ਹਨ, ਮੈਨੂੰ ਕਦੀ ਵੀ ਕੋਈ ਰੁਕਾਵਟ ਨਹੀਂ ਆਉਂਦੀ। ਇਥੇ ਪੰਜਾਬ ਵਿਚ ਸਰਦਾਰਾਂ ਨੂੰ ਬਹੁਤ ਹੀ ਅਦਬ ਨਾਲ ਦੇਖਿਆ ਜਾਂਦਾ ਹੈ, ਖਾਸ ਕਰਕੇ ਪੁਲਿਸ ਤੇ ਸਿਵਲ ਐਡਮਨਿਸਟ੍ਰੇਸ਼ਨ ਸਰਦਾਰਾਂ ਦੀ ਹਰ ਮੁਸ਼ਕਿਲ ਪਹਿਲ ਦੇ ਆਧਾਰ 'ਤੇ ਸਿਰਫ ਸੁਣਦੇ ਹੀ ਨਹੀਂ, ਹੱਲ ਵੀ ਕਰਦੇ ਹਨ। ਅਸੀਂ ਉਹਦੀ ਇਸ ਗੱਲ ਨੂੰ ਥੋੜਾ ਵਧਾ ਕੇ ਕਹੀ ਹੋਈ ਸਮਝਿਆ। ਇੰਨੇ ਨੂੰ ਲਾਈਟਾਂ ਵੀ ਜਗ ਪਈਆਂ ਸੀ ਤੇ ਉਹ ਸਾਨੂੰ ਸ਼ਹੀਦਗੰਜ ਗੁਰਦੁਆਰੇ ਲਈ ਲੈ ਕੇ ਚੱਲ ਪਿਆ। ਨਾਲ ਦੀ ਨਾਲ ਉਹ ਸ਼ਹਿਰ ਬਾਰੇ ਵੀ ਜਾਣਕਾਰੀ ਦਿੰਦਾ ਜਾਂਦਾ ਸੀ। ਉਹਨੇ ਹੀ ਦੱਸਿਆ ਸੀ ਕਿ ਲਾਹੌਰ ਦੇ 12 ਗੇਟ ਤੇ 13ਵੀਂ ਮੋਰੀ ਹੈ। ਉਹਨੇ ਕੁਝ ਗੇਟਾਂ ਦੇ ਨਾਂ ਵੀ ਦੱਸੇ ਜਿਵੇਂ ਕਸ਼ਮੀਰੀ ਗੇਟ, ਦਿੱਲੀ ਗੇਟ, ਆਲਮਗੀਰ ਗੇਟ, ਸ਼ੇਰਾਂਵਾਲਾ ਗੇਟ, ਭੱਟੀ ਗੇਟ, ਲੋਹਾਰੀ ਗੇਟ, ਮਸਤੀ ਗੇਟ। ਕੋਈ ਅੱਧੇ ਘੰਟੇ ਵਿਚ ਉਹਨੇ ਆਪਣੀ ਟੈਕਸੀ ਇਕ ਬੜੇ ਭੀੜੇ ਜਿਹਾ ਬਾਜ਼ਾਰ ਵੱਲ ਨੂੰ ਮੋੜੀ। ਉਸ ਦੇ ਦੋਹੀਂ ਪਾਸੀਂ ਪੁਰਾਣੇ ਲੋਹੇ ਦੀਆਂ ਦੁਕਾਨਾਂ ਹਨ ਜਿਥੋਂ ਰੇੜ੍ਹੀਆਂ ਤੇ ਟਰੱਕਾਂ ਵਿਚ ਲੋਹਾ ਲੱਦਿਆ ਤੇ ਲਾਹਿਆ ਵੀ ਜਾ ਰਿਹਾ ਸੀ। ਰਸਤਾ ਤਾਂ ਮਸਾਂ ਤੁਰ ਕੇ ਲੰਘਣ ਜੋਗਾ ਲਗਦਾ ਸੀ ਤੇ ਉਹਦੀ ਵੱਡੀ ਟੈਕਸੀ ਕਿੱਥੋਂ ਵਿਚ ਵੜਨੀ ਸੀ। ਉਹਦਾ ਨਾਂ ਉਹਨੇ ਲੰਡਾ ਬਾਜ਼ਾਰ ਦੱਸਿਆ ਕਿਉਂਕਿ ਇਸੇ ਬਾਜ਼ਾਰ ਦੇ ਆਖਰੀ ਸਿਰੇ 'ਤੇ ਗੁਰਦੁਆਰੇ ਦਾ ਗੇਟ ਹੈ ਪਰ ਟੈਕਸੀ ਨਾ ਜਾਂਦੀ ਵੇਖ ਕੇ ਉਹਨੇ ਟੈਕਸੀ ਮੋੜ ਲਈ ਤੇ ਥੋੜਾ ਜਿਹਾ ਵਾਪਿਸ ਜਾ ਕੇ ਇਕ ਗੇਟ ਮੂਹਰੇ ਲਾ ਲਈ, ਜੋ ਬੰਦ ਸੀ। ਅਸਲ ਵਿਚ ਇਹ ਥਾਣਾ ਸੀ, ਗੱਡੀ ਰੁਕੀ ਦੇਖ ਕੇ ਏ.ਕੇ. ਸੰਤਾਲੀ ਚੁੱਕੀ ਖੜਾ ਸੰਤਰੀ ਆਣ ਕੇ ਉਹਨੂੰ ਪੁੱਛਣ ਲੱਗਾ ਕਿ ਗੱਡੀ ਇਥੇ ਕਿਉਂ ਰੋਕੀ ਹੈ ਤਾਂ ਕਾਦਿਰ ਭਾਈ ਕਹਿੰਦਾ ਕਿ ਮੈਂ ਗੱਡੀ ਥਾਣੇ ਦੇ ਅੰਦਰ ਖੜੀ



ਗੁਰਦੁਆਰਾ ਸ਼ਹੀਦਗੰਜ (ਪਾਕਿਸਤਾਨ)

ਕਰਨੀ ਹੈ। ਅੱਗੋਂ ਪੁਲਿਸ ਵਾਲਾ ਕਹਿੰਦਾ, ''ਤੂੰ ਕੌਣ ਹੈਂ ਜਿਹੜਾ ਪ੍ਰਾਈਵੇਟ ਗੱਡੀ ਥਾਣੇ 'ਚ ਵਾੜਨੀ ਚਾਹੁੰਨਾਂ ਤੈਨੂੰ ਪਤਾ ਨਹੀਂ ਹਾਲਾਤ ਕਿੱਦਾਂ ਦੇ ਆ ਤੇ ਸਰਕਾਰੀ ਗੱਡੀ ਤੋਂ ਇਲਾਵਾ ਕੋਈ ਵੀ ਵਹੀਕਲ ਅੱਗੇ ਨਹੀਂ ਆ ਸਕਦਾ, ਇਥੋਂ ਛੇਤੀ ਗੱਡੀ ਪਿੱਛੇ ਹਟਾ।'' ਇੰਨੇ ਨੂੰ ਕਾਦਿਰ ਭਾਈ ਉਸ ਪੁਲਿਸ ਵਾਲੇ ਨੂੰ ਕਹਿੰਦਾ ਕਿ ਮੇਰੀ ਟੈਕਸੀ ਵਿਚ ਬਾਹਰੋਂ ਆਏ ਹੋਏ ਸਰਦਾਰ ਬੈਠੇ ਹਨ, ਇਨ੍ਹਾਂ ਦੀ ਸੁਰੱਖਿਆ ਦਾ ਜਿੰਮਾ ਮੇਰਾ ਹੈ। ਮੈਂ ਇਨ੍ਹਾਂ ਨੂੰ ਗੁਰਦੁਆਰਾ ਸ਼ਹੀਦਗੰਜ ਛੱਡਣ ਜਾਣਾ ਹੈ, ਬਾਜ਼ਾਰ ਵਿਚ ਇਸ ਵੇਲੇ ਭੀੜ ਕਰਕੇ ਗੱਡੀ ਅੰਦਰ ਨਹੀਂ ਗਈ। ਇਸ ਕਰਕੇ ਮੈਂ ਇਥੇ ਸੁਰੱਖਿਆ ਕਰਕੇ ਹੀ ਗੱਡੀ ਲਿਆਇਆ ਹਾਂ ਤੇ ਤੂੰ ਅੱਗੋਂ ਗੇਟ ਨਹੀਂ ਖੋਲ੍ਹਦਾ। ਉਹਦੀਆਂ ਇਹ ਗੱਲਾਂ ਸੁਣ ਕੇ ਸੰਤਰੀ ਨੇ ਟੈਕਸੀ ਦੇ ਅੰਦਰ ਦੇਖਿਆ ਤਾਂ ਅਸੀਂ ਤਾਂ ਵਿਚ ਬੈਠੇ ਹੀ ਸੀ। ਉਹਨੇ ਬਿਨਾਂ ਹੋਰ ਕੁਝ ਕਹੇ ਝੱਟ ਗੇਟ ਖੋਲ੍ਹ ਦਿੱਤਾ ਤੇ ਕਾਦਿਰ ਨੇ ਗੱਡੀ ਥਾਣੇ ਅੰਦਰ ਪਾਰਕ ਕੀਤੀ। ਇਸ ਘਟਨਾ ਨਾਲ ਉਹਦੀ ਪਹਿਲਾਂ ਕਹੀ ਗੱਲ ਪਈ ਸਰਦਾਰਾਂ ਦੀ ਬੜੀ ਕਦਰ ਹੈ, ਹੁਣ ਸਾਨੂੰ ਸਹੀ ਲੱਗੀ।

ਉਥੋਂ ਸਾਮਾਨ ਲੈ ਕੇ ਇਕ ਹੋਰ ਬਾਜ਼ਾਰ ਜਿਸਨੂੰ ਉਹ ਨੌਂ ਲੱਖਾ ਬਾਜ਼ਾਰ ਦੱਸਦਾ ਸੀ, ਵਿਚੋਂ ਦੀ ਚੱਲ ਪਏ। ਕੋਈ ਫਰਲਾਂਗ ਕੁ ਚੱਲੇ ਹੋਣੇ ਆਂ ਕਿ ਉਹ ਸਾਨੂੰ ਇਕ ਬਹੁਤ ਹੀ ਛੋਟੀ ਜਿਹੀ ਗਲੀ ਵਲ ਲੈ ਕੇ ਮੁੜ ਗਿਆ, ਜਿਸਦੇ ਅੱਗੇ ਇਕ ਲੋਹੇ ਦਾ ਛੋਟਾ ਜਿਹਾ ਗੇਟ ਸੀ ਜੋ ਕਿ ਅੰਦਰੋਂ ਬੰਦ ਸੀ। ਉਹਨੇ ਗੇਟ ਨੂੰ ਕਿੰਨਾ ਹੀ ਚਿਰ ਖੜਕਾਇਆ ਤਾਂ ਇਕ ਮੁੰਡਾ ਆਇਆ ਤੇ ਗੇਟ ਖੋਲ੍ਹਿਆ। ਜਦੋਂ ਗੇਟ ਖੁਲ੍ਹਿਆ ਤਾਂ ਅੱਗੇ ਨਿਸ਼ਾਨ ਸਾਹਿਬ ਤੇ ਨਾਲ ਹੀ ਨਵੀਂ-ਨਵੀਂ ਬਣੀ ਗੁਰਦੁਆਰੇ ਦੀ ਖੂਬਸੂਰਤ ਇਮਾਰਤ ਵੀ ਦਿਸ ਪਈ। ਲੰਡਾ ਬਾਜ਼ਾਰ ਤੇ ਨੌਂ ਲੱਖਾ ਬਾਜ਼ਾਰ ਪਿੱਛੋਂ ਵੱਖ-ਵੱਖ ਸ਼ੁਰੂ ਹੁੰਦੇ ਹਨ ਤੇ 'ਨਾਖਾਸ ਚੌਕ' ਜਿੱਥੇ ਇਹ ਗੁਰਦੁਆਰਾ ਹੈ, ਮਿਲ ਜਾਂਦੇ ਹਨ।

ਗੁਰਦੁਆਰੇ ਦੇ ਬਾਹਰ ਦੋ ਮੰਜੇ ਪਏ ਸਨ ਤੇ ਪਰ੍ਹੇ ਬਰਾਂਡੇ ਵਿਚੋਂ ਦੋ ਕੁ ਕੁਰਸੀਆਂ ਕਾਦਿਰ ਨੇ ਲਿਆ ਕੇ ਰੱਖ ਦਿੱਤੀਆਂ। ਅਸੀਂ ਬੈਠ ਗਏ ਤਾਂ ਨਾਲ ਹੀ ਉਹ ਇਸ ਥਾਂ ਦਾ ਇਤਿਹਾਸ ਦੱਸਣ ਲੱਗ ਪਿਆ। ਕਿਉਂਕਿ ਗੁਰਦੁਆਰੇ ਦੇ ਗ੍ਰੰਥੀ ਸਿੰਘ ਅਜੇ ਰਹਿਰਾਸ ਸਾਹਿਬ ਦੇ ਪਾਠ ਤੋਂ ਉਪਰੰਤ ਥੱਲੇ ਨਹੀਂ ਆਏ ਸੀ ਤੇ ਅਸੀਂ ਸਾਰੇ ਉਨ੍ਹਾਂ ਦੀ ਉਡੀਕ ਕਰ ਰਹੇ ਸੀ। ਫਿਰ ਅਸੀਂ ਵੀ ਗੁਰਦੁਆਰੇ ਦੇ ਅੰਦਰ ਚਲੇ ਗਏ। ਪਹਿਲੀ ਮੰਜ਼ਿਲ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸੀ। ਉਸ ਵੇਲੇ ਗ੍ਰੰਥੀ ਸਿੰਘ ਤਾਂ ਮਹਾਰਾਜ ਦੀ ਤਾਬਿਆ ਬੈਠੇ ਸਨ ਤੇ ਇਕ 20 ਕੁ ਸਾਲ ਦਾ ਕੇਸਕੀ ਵਾਲਾ ਸੁਨੱਖਾ ਜਿਹਾ ਸਿੱਖ ਲੜਕਾ ਹਾਰਮੋਨੀਅਮ ਨਾਲ ਇਕੱਲਾ ਹੀ ਕੀਰਤਨ ਕਰ ਰਿਹਾ ਸੀ। ਅਸੀਂ ਤਿੰਨੋਂ ਜਣੇ ਵੀ ਜਾ ਕੇ ਬੈਠ ਗਏ, ਛੇਤੀ ਹੀ ਸਮਾਪਤ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਨ ਉਪਰ ਇਕ ਹੋਰ ਕਮਰੇ ਵਿਚ ਕਰ ਦਿੱਤਾ। ਉਸ ਵਕਤ ਦੋ ਹੋਰ ਮੋਨੇ ਮੁੰਡੇ ਵੀ ਨਾਲ ਸਨ ਤੇ ਉਹ ਵੀ ਬੜੀ ਮਿੱਠੀ ਆਵਾਜ਼ ਵਿਚ ਸੁਖ-ਆਸਨ ਸਮੇਂ ਦਾ ਸ਼ਬਦ ''ਜਿਥੇ ਜਾਇ ਬਹੈ ਮੇਰਾ ਸਤਿਗੁਰੂ, ਸੋ ਥਾਨਿ ਸੁਹਾਵਾ...॥'' ਪੜ੍ਹ ਰਹੇ ਸਨ। ਅਸੀਂ ਸਮਝ ਨਾ ਸਕੇ ਕਿ ਇਹ ਮੁੰਡੇ ਸਿੱਖ ਹਨ ਜਾਂ ਮੁਸਲਮਾਨ। ਸੁੱਖ-ਆਸਨ ਦਾ ਕਮਰਾ ਬੰਦ ਕਰਕੇ ਭਾਈ ਜੀ ਵੀ ਬਾਹਰ ਆ ਗਏ ਤੇ ਸਾਡੇ ਨਾਲ ਗੱਲਬਾਤ ਹੋਈ। ਮੇਰੇ ਭਰਾ ਨੇ ਦੱਸਿਆ ਕਿ ਅਸੀਂ ਕਿੱਥੋਂ-ਕਿੱਥੋਂ ਆਏ ਹਾਂ ਤੇ ਇਥੇ ਹੀ ਰਾਤ ਰਹਿਣਾ ਹੈ। ਅਸਲ ਵਿਚ ਇਸ ਗ੍ਰੰਥੀ ਸਿੰਘ ਨੂੰ ਇੰਗਲੈਂਡ ਵਾਲੀ ਸੰਗਤ ਨੇ ਹੀ ਇਥੇ ਭੇਜਿਆ ਹੋਇਆ ਹੈ। ਉਹ ਹੀ ਇਸਨੂੰ ਤਨਖਾਹ ਦਿੰਦੇ ਹਨ। ਓਦਾਂ ਉਹ ਕਪੂਰਥਲੇ ਜ਼ਿਲ੍ਹੇ ਦੇ ਕਿਸੇ ਪਿੰਡ ਦਾ ਹੈ। ਉਸ ਦਾ ਪਰਿਵਾਰ ਉਥੇ ਪਿੰਡ ਵਿਚ ਹੀ ਰਹਿੰਦਾ ਹੈ। ਉਸੇ ਵੇਲੇ ਉਸ ਨੇ ਲਾਂਗਰੀ ਨੂੰ ਕਹਿ ਦਿੱਤਾ ਕਿ ਤਿੰਨ ਹੋਰ ਸਿੰਘਾਂ ਲਈ ਵੀ ਲੰਗਰ ਤਿਆਰ ਕਰ ਲਓ। ਸਾਡੇ ਸਾਮਾਨ ਬਾਰੇ ਉਸਨੇ ਪੁੱਛਿਆ ਤਾਂ ਅਸੀਂ ਕਿਹਾ ਕਿ ਬਾਹਰ ਹੀ ਪਿਆ ਹੈ। ਫਿਰ ਉਸ ਨੇ ਸਾਨੂੰ ਕਮਰੇ ਦੀਆਂ ਚਾਬੀਆਂ ਦੇ ਦਿੱਤੀਆਂ ਤੇ ਸਾਮਾਨ ਅੰਦਰ ਰੱਖ ਆਉਣ ਲਈ ਕਿਹਾ। ਰਿਹਾਇਸ਼ੀ ਕਮਰੇ ਬੜੇ ਸੋਹਣੇ ਬਣਾਏ ਹੋਏ ਹਨ ਤੇ ਬਾਥਰੂਮ ਤੇ ਟਾਇਲਟ ਵੀ ਵਧੀਆ ਹਨ। ਸਾਮਾਨ ਰਖਵਾ ਕੇ ਕਾਦਿਰ ਭਾਈ ਨੇ ਸਾਡਾ ਅਗਲਾ ਪ੍ਰੋਗਰਾਮ ਪੁੱਛਿਆ ਤਾਂ ਅਸੀਂ ਕਿਹਾ ਕਿ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਜਾਣਾ ਹੈ। ਨਾਲ ਹੀ ਅਸੀਂ ਕਰਤਾਰਪੁਰ ਸਾਹਿਬ ਦਾ ਵੀ ਦੱਸ ਦਿੱਤਾ ਕਿਉਂਕਿ ਸਾਨੂੰ ਇਹ ਤਾਂ ਜਾਣਕਾਰੀ ਹੈ ਨਹੀਂ ਸੀ ਕਿ ਕਿਹੜਾ ਪਾਸਾ ਕਿੱਧਰ ਨੂੰ ਹੈ। ਉਸਨੇ ਸਾਨੂੰ ਪੁੱਛਿਆ ਕਿ ਤੁਸੀਂ ਕੁੱਲ ਕਿੰਨੇ ਦਿਨ ਰਹਿਣਾ ਹੈ ਕਿਉਂਕਿ ਗੁਰਪੁਰਬ ਤਾਂ 2 ਨਵੰਬਰ ਨੂੰ ਆਉਣਾ ਸੀ ਤੇ ਓਦਣ ਅਜੇ 21 ਅਕਤੂਬਰ ਸੀ। ਅਸੀਂ ਦੱਸ ਦਿੱਤਾ ਕਿ ਅਸੀਂ 25 ਅਕਤੂਬਰ ਨੂੰ ਮੁੜਨ ਦਾ ਹਿਸਾਬ ਰੱਖਿਆ ਹੋਇਆ ਹੈ। ਜੇ ਇਕ ਅੱਧਾ ਦਿਨ ਵਧ ਘੱਟ ਵੀ ਹੋ ਜਾਵੇ ਤਾਂ ਵੀ ਕੋਈ ਗੱਲ ਨਹੀਂ। ਉਹ ਕਹਿੰਦਾ ਕਿ ਤੁਹਾਡੀ ਯਾਤਰਾ ਦਾ ਟਾਈਮ ਟੇਬਲ ਜੇ ਮੈਂ ਬਣਾਵਾਂ ਤਾਂ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ। ਸਾਡੇ ਨਾਂਹ ਕਹਿਣ 'ਤੇ ਬੋਲਿਆ, ਕੱਲ੍ਹ ਨੂੰ ਆਪਾਂ ਸਵੇਰੇ 7 ਵਜੇ ਇਥੋਂ ਚੱਲਾਂਗੇ ਤੇ ਸਭ ਤੋਂ ਪਹਿਲਾਂ ਗੁਰਦੁਆਰਾ ਰੋੜੀ ਸਾਹਿਬ ਦੇਖ ਕੇ ਕਰਤਾਰਪੁਰ ਸਾਹਿਬ ਜਾਵਾਂਗੇ ਤੇ ਉਥੋਂ ਪੰਜਾ ਸਾਹਿਬ ਜਾ ਕੇ ਰਾਤ ਰੁਕਾਂਗੇ। ਦੂਜੇ ਦਿਨ ਉਥੋਂ ਨਨਕਾਣਾ ਸਾਹਿਬ ਨੂੰ ਜਾਵਾਂਗੇ ਤੇ ਰਾਤ ਰਹਾਂਗੇ। ਫਿਰ ਵਾਪਿਸ ਲਾਹੌਰ ਆ ਜਾਵਾਂਗੇ ਅਤੇ ਲਾਹੌਰ ਦੇ ਕੁਝ ਗੁਰਦੁਆਰੇ ਵੇਖਾਂਗੇ ਤੇ ਰਾਤ ਇਥੇ ਰੁਕ ਕੇ ਅਗਲਾ ਦਿਨ 25 ਅਕਤੂਬਰ ਆ ਜਾਣਾ ਹੈ। ਅਸੀਂ ਕਿਹਾ ਕਿ ਠੀਕ ਹੈ। ਉਹ ਸਾਡੇ ਕੋਲੋਂ ਜਾਣ ਲਈ ਇਜ਼ਾਜਤ ਮੰਗਣ ਲੱਗਾ ਉਸ ਨੇ ਕਿਹਾ ਕਿ ਮੈਂ ਸਵੇਰੇ 7 ਵਜੇ ਤੋਂ ਵੀ ਪਹਿਲਾਂ ਤੁਹਾਡੇ ਕੋਲ ਆ ਜਾਵਾਂਗਾ ਕਿਉਂਕਿ ਮੈਨੂੰ ਪਤਾ ਤੁਸੀਂ ਬਾਹਰਲੇ ਲੋਕੀਂ ਟਾਈਮ ਦੀ ਬੜੀ ਕਦਰ ਕਰਦੇ ਹੋ। ਅਜੇ ਤੱਕ ਨਾ ਉਸ ਨੇ ਸਾਨੂੰ ਕੁਝ ਦੱਸਿਆ ਸੀ ਕਿ ਕੀ ਕਿਰਾਇਆ ਭਾੜਾ ਲੈਣਾ ਤੇ ਨਾ ਹੀ ਅਸੀਂ ਪੁੱਛਿਆ ਸੀ। ਜਦ ਉਹ ਤੁਰਨ ਲੱਗਾ ਤਾਂ ਮੇਰੇ ਭਰਾ ਨੇ ਮੈਨੂੰ ਕਿਹਾ ਕਿ ਇਹਦੇ ਨਾਲ ਪੈਸਿਆਂ ਦੀ ਤਾਂ ਮਾੜੀ ਜਿਹੀ ਗੱਲ ਕਰ ਲੈਣੀ ਸੀ। ਏਸ ਕੰਮ ਲਈ ਅਸੀਂ ਦੋਵੇਂ ਭਰਾ ਤਾਂ ਬਸ ਨਖਿੱਧ ਹੀ ਆਂ, ਪਤਾ ਈ ਨਹੀਂ ਕਿ ਕਿੱਦਾਂ ਗੱਲ ਸ਼ੁਰੂ ਕਰੀਏ। ਫੇਰ ਅਸੀਂ ਆਪਣੇ ਰਿਸ਼ਤੇਦਾਰ ਨੂੰ ਇਸ਼ਾਰਾ ਕੀਤਾ, ਕਿਉਂਕਿ ਉਹ ਇਨ੍ਹਾਂ ਕੰਮਾਂ 'ਚ ਸੋਲਾਂ ਕਲਾਂ ਸੰਪੂਰਨ ਹਨ। ਉਨ੍ਹਾਂ ਨੇ ਕਾਦਿਰ ਭਾਈ ਨੂੰ ਹਾਕ ਮਾਰ ਕੇ ਰੋਕ ਲਿਆ ਤੇ ਕਹਿਣ ਲੱਗੇ ਕਿ ਕਿਰਾਏ ਦੀ ਸਾਡੇ ਨਾਲ ਗੱਲ ਮੁਕਾ ਲੈ। ਉਹ ਫਿਰ ਮੁੜ ਆਇਆ ਤੇ ਕਹਿਣ ਲੱਗਾ, ''ਕਿਰਾਏ ਦੀ ਕਿਹੜੀ ਗੱਲ ਹੈ, ਤੁਸੀਂ ਗੁਰ-ਅਸਥਾਨਾਂ ਦੇ ਦਰਸ਼ਨ ਕਰ ਲਏ, ਇਹੀ ਬਹੁਤ ਹੈ।'' ਸਾਨੂੰ ਉਹ ਲੁਕਵੀਂ ਜਿਹੀ ਗੱਲ ਕਰਦਾ ਲੱਗਦਾ ਸੀ ਪਰ ਹੁਣ ਤੱਕ 3-4 ਘੰਟੇ ਸਾਡੇ ਨਾਲ ਰਹਿਣ ਤੇ ਉਹਨੇ ਕੋਈ ਪੈਸਿਆਂ ਦੇ ਲਾਲਚ ਦੀ ਬੁਸਕ ਜਿਹੀ ਵੀ ਨਹੀਂ ਸੀ ਕੱਢੀ। ਸਾਡੇ ਜ਼ਿਆਦਾ ਕਹਿਣ 'ਤੇ ਕਹਿੰਦਾ ਕਿ ਜੋ ਮਰਜ਼ੀ ਦੇ ਦਿਓ। ਓਦਾਂ ਸਾਨੂੰ ਮਾੜਾ ਜਿਹਾ ਪਤਾ ਸੀ ਕਿ 4-5 ਦਿਨਾਂ ਦੇ ਇਨ੍ਹਾਂ ਥਾਵਾਂ ਤੇ ਲਿਜਾਣ ਦੇ 15000 ਰੁਪਏ ਤੱਕ ਟੈਕਸੀ ਵਾਲੇ ਲੈਂਦੇ ਹਨ। ਸਾਡੇ ਰਿਸ਼ਤੇਦਾਰ ਨੇ ਉਹਨੂੰ ਕਿਹਾ ਕਿ ਅਸੀਂ ਤੈਨੂੰ 15000 ਦੇਣੇ ਹਨ ਤਾਂ ਉਸ ਨੇ ਫਿਰ ਉਹੀ ਗੱਲ ਕਹੀ ਕਿ ਮੈਂ ਤਾਂ ਬਾਬੇ ਨਾਨਕ ਦੇ ਦਰ ਤੋਂ ਹੀ ਸਭ ਕੁਝ ਪਾਇਆ ਹੈ ਤੇ ਮੇਰੇ ਭਾਗ ਚੰਗੇ ਹਨ ਕਿ ਤੁਸੀਂ ਮੈਨੂੰ ਸੇਵਾ ਬਖਸ਼ਦੇ ਹੋ। ਤੁਹਾਡੇ ਨਾਲ ਮੈਂ ਵੀ ਦਰਸ਼ਨ ਕਰ ਲਊਂਗਾ। ਇਹੀ ਮੇਰਾ ਕਿਰਾਇਆ ਹੈ। ਉਹ ਥੋੜ੍ਹਾ ਰੁਕ ਕੇ ਕਹਿੰਦਾ ਕਿ ਮੈਂ ਜੱਟ ਹਾਂ ਤੇ ਮੇਰਾ ਕੰਮਕਾਰ ਬਹੁਤ ਜ਼ਿਆਦਾ ਸੀ, ਫਿਰ ਪਤਾ ਨਹੀਂ, ਉਪਰ ਵਾਲੇ ਦਾ ਕੀ ਭਾਣਾ ਵਰਤਿਆ ਕਿ ਮੈਂ ਅਰਸ਼ ਤੋਂ ਫਰਸ਼ 'ਤੇ ਆ ਗਿਆ। ਕੁਝ ਸਮਝ ਨਾ ਲੱਗੇ ਕਿ ਕੀ ਕਰਾਂ। ਮੈਂ ਲਾਹੌਰ ਰਹਿਣ ਲੱਗ ਪਿਆ ਤੇ ਇਕ ਟੈਕਸੀ ਪਾ ਲਈ। ਪਹਿਲਾਂ ਪਹਿਲ ਇਕ-ਦੋ ਵਾਰ ਸਿੱਖ ਯਾਤਰੀਆਂ ਨਾਲ ਗੁਰਦੁਆਰਾ ਡੇਹਰਾ ਸਾਹਿਬ ਗਿਆ। ਪਤਾ ਨਹੀਂ ਕਿਥੋਂ ਬਖਸ਼ਿਸ਼ਾਂ ਹੋਣ ਲੱਗ ਪਈਆਂ ਕਿ ਮੈਂ ਛੇਤੀ ਹੀ ਪੈਰਾਂ ਸਿਰ ਹੋ ਗਿਆ। ਹੁਣ ਮੇਰੇ ਕੋਲ ਆਪਣੀਆਂ 3 ਟੈਕਸੀਆਂ ਹਨ ਤੇ ਕੋਈ ਵੀ ਵਿਹਲੀ ਨਹੀਂ ਰਹਿੰਦੀ। ਹੋਰ ਵੀ ਜਿਸ ਕੰਮ ਨੂੰ ਹੱਥ ਪਾਇਆ, ਉਤੇ ਨੂੰ ਹੀ ਗਿਆ। ਇਹ ਸਾਰਾ ਕੁਝ ਬਾਬੇ ਨਾਨਕ ਦੀ ਰਹਿਮਤ ਸਦਕਾ ਹੋਇਆ। ਇਸ ਲਈ ਤੁਹਾਡੇ ਵਲੋਂ ਇਕ ਰੁਪਿਆ ਵੀ ਦਿੱਤਾ ਹੋਇਆ ਮੇਰੇ ਲਈ ਬਾਬੇ ਨਾਨਕ ਦੀ ਹੀ ਬਖਸ਼ੀਸ਼ ਹੋਵੇਗੀ। ਇਸ ਤੋਂ ਬਾਅਦ ਅਸੀਂ ਕਿਰਾਏ ਦੀ ਕੋਈ ਗੱਲ ਹੀ ਨਾ ਕੀਤੀ ਤੇ ਉਹ ਸਵੇਰੇ 7 ਵਜੇ ਮਿਲਣ ਦਾ ਵਾਅਦਾ ਕਰਕੇ ਖੁਦਾ ਹਾਫਿਜ਼ ਕਹਿ ਕੇ ਉਠ ਕੇ ਤੁਰ ਪਿਆ।

*(ਬਾਕੀ ਅਗਲੇ ਅੰਕ 'ਚ)*

ਕਹਾਣੀ

# ਸਭੁ ਦੇਸ ਬੇਗਾਨਾ

ਸਰਘੀ

ਅੱਜ ਬਖਤਾਵਰ ਸਿੰਘ ਬਾਜਵਾ ਬਹੁਤ ਉਦਾਸ ਸੀ। ਬਖਤਾਵਰ ਸਿੰਘ ਬਾਜਵਾ ਜਿਹਨੇ ਹਮੇਸ਼ਾ ਆਪਣੇ ਹੱਥਾਂ ਨਾਲ ਦੇਣਾ ਹੀ ਸਿੱਖਿਆ ਸੀ, ਲੈਣਾ ਕੁਝ ਨਹੀਂ...। ਜਿਸ ਮੋਹ ਵੰਡਦਿਆਂ ਕਦੇ ਕੋਈ ਆਪਣਾ ਬੇਗਾਨਾ ਨਹੀਂ ਸੀ ਵੇਖਿਆ... ਤੇ ਅੱਜ ਉਸਨੂੰ ਸਭ ਕੁਝ ਹੀ ਬੇਗਾਨਾ ਲੱਗ ਰਿਹਾ ਸੀ...। ਆਪਣਾ ਹੀ ਘਰ ਸੀ... ਆਪਣਾ ਹੀ ਪਿੰਡ ਸੀ... ਆਪਣਾ ਹੀ ਦੇਸ਼ ਸੀ। ਪਰ ਫੇਰ ਵੀ ਲੱਗਦਾ ਸੀ... ਜਿਵੇਂ ਕੁਝ ਵੀ ਆਪਣਾ ਨਾ ਹੋਵੇ। ਥੋੜਾ ਦਿਲ ਤਕੜਾ ਕਰਕੇ ਆਪਣੇ ਮੋਬਾਇਲ ਦੀ ਉਸਨੇ ਫੋਨ ਬੁੱਕ ਖੋਲ੍ਹੀ... ਨਾਂਵਾਂ ਦੀ ਲਿਸਟ ਬੜੀ ਲੰਮੀ ਚੌੜੀ ਸੀ। ਕਾਫਲੇ ਹੀ ਕਾਫਲੇ ਸਨ... ਭੀੜਾਂ ਹੀ ਭੀੜਾਂ ਸਨ... ਪਰ ਉਹ ਤਾਂ ਫਿਰ ਇਕੱਲਾ ਸੀ...। ਧੁਰ ਅੰਦਰ ਪਸਰੀ ਖਿਝ ਜਿਹੀ 'ਚ ਉਸਨੇ ਸਾਰੇ ਨੰਬਰਾਂ ਨੂੰ ਡਿਲੀਟ ਕਰਨਾ ਚਾਹਿਆ। ਪਰ ਇਕ ਨੰਬਰ ਸਕਰੀਨ 'ਤੇ ਆਉਂਦਿਆਂ ਹੀ ਉਸਨੂੰ ਤਸੱਲੀ ਜਿਹੀ ਹੋਈ। ਇਹ ਉਹਦੇ ਯਾਰ ਪਰਮ ਦਾ ਨੰਬਰ ਸੀ। ਪਰਮ ਨੂੰ ਫੋਨ ਕਰਨ ਲਈ ਉਹ ਜੱਕੋ-ਤੱਕੀ ਵਿਚ ਹੀ ਸੀ ਕਿ ਪਰਮ ਦਾ ਫੋਨ ਆ ਗਿਆ। ਇਹ ਪਹਿਲੀ ਵਾਰ ਨਹੀਂ ਸੀ, ਅੱਗੇ ਵੀ ਕਈ ਵਾਰ ਇੰਜ ਹੀ ਹੁੰਦਾ ਆਇਆ ਸੀ। ਬਖਤਾਵਰ ਜਦੋਂ ਵੀ ਕਦੇ ਉਦਾਸ ਹੁੰਦਾ, ਪਰਮ ਸਾਲਮ ਸਬੂਤਾ ਉਹਦੇ ਸਾਹਵੇਂ ਆ ਖਲੋਂਦਾ।

"ਹਾਂ ਪਰਮ" ਬਖਤਾਵਰ ਨੇ ਕਾਲ ਰਿਸੀਵ ਕਰਦਿਆਂ ਕਿਹਾ। "ਯਾਰ! ਮੈਂ ਤੈਨੂੰ ਮਿਲਣ ਆਇਆਂ, ਤੂੰ ਕਿਥੇ...।"

"ਪਰਮ! ਇਹ ਤਾਂ ਮੈਨੂੰ ਵੀ ਨਹੀਂ ਪਤਾ ਮੈਂ ਕਿਥੇ ਆਂ..." ਏਨਾ ਕਹਿ ਕੇ ਬਖਤਾਵਰ ਨੇ ਫੋਨ ਕੱਟ ਦਿੱਤਾ ਸੀ।

...ਤੇ ਕੁਝ ਪਲਾਂ ਵਿਚ ਹੀ ਪਰਮ ਬਖਤਾਵਰ ਕੋਲ ਪਹੁੰਚ ਗਿਆ ਸੀ। ਬਖਤਾਵਰ ਦੀਆਂ ਸਵਾਲ ਕਰਦੀਆਂ ਅੱਖਾਂ ਨੂੰ ਤੱਕ ਪਰਮ ਨੇ ਜਵਾਬ ਦਿੱਤਾ, "ਬਖਤਾਵਰ! ਮੈਨੂੰ ਪਤਾ ਤੂੰ ਆਪਣੀ ਇਕੱਲ ਤੋੜਨ ਹਮੇਸ਼ਾ ਆਪਣੀ ਜ਼ਮੀਨ ਵਿਚ ਆਉਂਦੈਂ।"

ਆਪਣੇ ਮਨ 'ਚ ਥੋੜੀ ਜਿਹੀ ਤਸੱਲੀ ਮਹਿਸੂਸ ਕਰਦਿਆਂ ਬਖਤਾਵਰ ਬੋਲਿਆ, "ਹਾਂ ਯਾਰ... ਪੁਰਖਿਆਂ ਦੀ ਇਹ ਜ਼ਮੀਨ ਇਕੱਲ ਤੋਂ ਮੁਕਤ ਕਰ ਦੇਂਦੀ ਹੈ... ਧਰਤ 'ਚੋਂ ਪੁੰਗਰਦੇ ਬੀਅ ਤੇ ਫਿਰ ਹੌਲੀ-ਹੌਲੀ ਜਦ ਫਸਲ ਆਪਣੇ ਪੂਰੇ ਜੋਬਨ 'ਤੇ ਆਉਂਦੀ ਹੈ ਤਾਂ ਕਿੰਨਾ ਸਕੂਨ ਮਿਲਦਾ...।"

"ਬਖਤਾਵਰ ਜਿੰਨਾ ਮਨੁੱਖ ਕੁਦਰਤ ਦੇ ਨੇੜੇ ਹੋਵੇਗਾ, ਓਨਾ ਹੀ ਸੁਖੀ ਹੋਵੇਗਾ।" ਪਰਮ ਦੇ ਜਵਾਬ ਨੇ ਬਖਤਾਵਰ ਦੀ ਦੁਖਦੀ ਰਗ ਨੱਪ ਦਿੱਤੀ ਸੀ।

ਬਖਤਾਵਰ ਦੇ ਮੱਥੇ ਦੀ ਨਾੜ ਉਭਰੀ ਤੇ ਥੋੜ੍ਹਾ ਤਲਖ ਹੁੰਦਿਆਂ ਕਹਿਣ ਲੱਗਾ, "ਪਰ ਯਾਰ ਆਹ ਸਾਲੀ ਔਲਾਦ ਬਾਹਰ ਜਾ ਕੇ ਮਸ਼ੀਨਾਂ ਵੱਸ ਪੈ... ਮਸ਼ੀਨ ਹੋ ਗਈ।" ਬਖਤਾਵਰ ਦੇ ਕੌੜੇ ਬੋਲ ਤਸਦੀਕ ਕਰ ਗਏ ਸਨ ਕਿ ਉਹਦੀ ਸਾਰੀ ਖਿਝ ਆਪਣੇ ਬਾਹਰੋਂ ਆਏ ਨੂੰਹ-ਪੁੱਤ ਲਈ ਰਾਖਵੀਂ ਸੀ। "ਪਰਮ! ਮੈਂ ਉਸ ਸਮੇਂ ਕੱਖੋਂ ਹੌਲਾ ਹੋ ਗਿਆ ਸੀ ਜਦ ਮੇਰਾ ਵੱਡਾ ਪੁੱਤ ਰੱਬ ਨੇ ਖੋਹ ਲਿਆ ਸੀ... ਬੰਦਾ ਰੱਬ ਦੇ ਭਾਣੇ ਨੂੰ ਜਰ ਲੈਂਦਾ... ਪਰ ਜਿਹੜਾ ਘਾਟਾ ਮੈਨੂੰ ਜੀਂਦਾ ਪੁੱਤ ਪਾ ਰਿਹਾ, ਉਹ ਨਹੀਂ ਜਰ ਹੁੰਦਾ...।"

"ਐਵੇਂ ਛੋਟੀਆਂ-ਛੋਟੀਆਂ ਗੱਲਾਂ ਦਿਲ 'ਤੇ ਨਹੀਂ ਲਾਈਦੀਆਂ।" ਪਰਮ ਨੇ ਸਿਆਣਾ ਜਿਹਾ ਬਣਦਿਆਂ ਕਿਹਾ। ਆਪਣੀ ਗੱਲ ਮੁਕਾਉਣ ਤੋਂ ਬਾਅਦ ਪਰਮ ਉਸ ਦਿਨ ਵਲ ਪਰਤ ਗਿਆ ਸੀ... ਜਦ ਉਹਦੇ ਛੋਟੇ ਪੁੱਤ ਨੇ ਆਪਣੇ ਹਾਣ ਦੇ ਅੰਬਰ ਦੀ ਪਰਵਾਜ਼ ਭਰ ਲਈ ਸੀ... "ਸਾਨੂੰ ਕੀਹਦੇ ਆਸਰੇ ਛੱਡ ਕੇ ਚੱਲਿਆਂ ਪੁੱਤਰਾ" ਮਾਂ ਸਵਾਲ ਕਰਨਾ ਚਾਹੁੰਦੀ ਸੀ... ਪਰ ਉਸਨੂੰ ਪਤਾ ਸੀ... ਇਹੋ ਜਿਹੇ ਸਵਾਲ ਜਾਣ ਵਾਲੇ ਲਈ ਕੋਈ ਮਾਇਨੇ ਨਹੀਂ ਰੱਖਦੇ...। ਏਅਰ ਪੋਰਟ 'ਤੇ ਬਖਤਾਵਰ ਸਿੰਘ ਬਾਜਵਾ ਨੇ ਅਣਮੰਨੇ ਮਨ ਨਾਲ ਪੁੱਤ ਦੀ ਪਿੱਠ ਥਾਪੜੀ ਸੀ... ਤੇ ਘਰ ਆ ਕੇ ਆਪਣੇ ਮਰੇ ਪੁੱਤ ਦੀ ਫੋਟੋ ਸਾਹਮਣੇ ਕਈ ਸਵਾਲ ਜਵਾਬ ਕੀਤੇ ਸਨ... ਤੇ ਭੁੱਬ ਮਾਰਦਿਆਂ ਉਸ ਕਿਹਾ ਸੀ, "ਭਲਾਂ ਮੋਏ ਤੇ ਵਿਛੜੇ ਕੌਣ ਮੇਲੇ..." ਤੇ ਉਸ ਤੋਂ ਬਾਅਦ ਪਰਮ ਦੇ ਗਲ ਲੱਗ ਰੋ ਪਿਆ ਸੀ।

ਬਖਤਾਵਰ ਦੀ ਆਵਾਜ਼ ਨਾਲ ਪਰਮ ਉਹਦੀ ਗੱਲ ਵਲ ਬਹੁੜਿਆ- "ਵੇਖ ਬਖਤਾਵਰ! ਇਹ ਜ਼ਿੰਦਗੀ ਹੈ, ਇਹਦੇ ਵਿਚ ਉਹੀ ਕੁਝ ਤਾਂ ਨਹੀਂ ਹੁੰਦਾ, ਜੋ ਆਪਾਂ ਸੋਚੀਏ।"

"ਹਾਂ, ਇਹ ਤਾਂ ਮੈਂ ਵੀ ਸਮਝਦਾਂ... ਪਰ ਫੇਰ ਵੀ ਔਲਾਦ ਦੀ ਬੇਰੁਖੀ ਝੱਲ ਨਹੀਂ ਹੁੰਦੀ।"

"ਬਖਤੌਰੇ! ਰਿਸ਼ਤੇ ਖੂਹ ਦੀ ਨਹੀਂ, ਮਨ ਦੀ ਆਵਾਜ਼ ਹੁੰਦੇ ਹਨ... ਜਦ ਰਿਸ਼ਤਿਆਂ ਕੋਲ ਅਸੀਂ ਸ਼ੰਕਿਆਂ ਦੀ ਚੁੱਪ ਲਈ ਜਾਂਦੇ ਹਾਂ ਤਾਂ ਬਹੁਤ ਕੁਝ ਗਲਤ ਮਲਤ ਹੋ ਜਾਂਦੈ।"

"ਹਾਂ ਪਰਮ... ਸ਼ਾਇਦ ਤੂੰ ਠੀਕ ਕਹਿ ਰਿਹਾ ਹੋਵੇਂ।" ਮਨ 'ਚ ਕਈ ਸ਼ੰਕੇ ਲਈ ਬੈਠੇ ਬਖਤਾਵਰ ਨੇ ਹੁੰਗਾਰਾ ਦਿੱਤਾ।

...ਤੇ ਇਸ ਤੋਂ ਬਾਅਦ ਪਰਮ ਆਪਣੇ ਘਰ ਵਲ ਨੂੰ ਹੋ ਤੁਰਿਆ ਸੀ... ਬਖਤਾਵਰ ਆਪਣੇ ਘਰ ਦੇ ਪੈਂਡੇ ਪੈ ਕਈ ਕੁਝ ਸੋਚ ਰਿਹਾ ਸੀ, "ਹੋ ਸਕਦਾ ਮੈਂ ਹੀ ਗ਼ਲਤ ਹੋਵਾਂ। ਹਮੇਸ਼ਾ ਆਪਣੀ ਹੀ ਨਜ਼ਰ ਤੋਂ ਸਭ ਕਾਸੇ ਨੂੰ ਵੇਖਣਾ... ਇਹ ਵੀ ਤਾਂ ਠੀਕ ਨਹੀਂ।" ਅਜਿਹੇ ਵੇਲੇ ਉਹਨੂੰ ਆਪਣੇ ਪੁੱਤਰ ਨਾਲ ਪਿਆਰ ਆ ਜਾਂਦਾ... ਪਰ ਜਦੋਂ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਉਹਦੀਆਂ ਅੱਖਾਂ ਅੱਗੇ ਆਉਂਦੀ... ਤਾਂ ਉਸ ਨੂੰ ਆਪਣਾ ਪੁੱਤ ਸਾਰੀ ਬਰਾਦਰੀ ਦਾ ਗੁਨਾਹਗਾਹ ਲੱਗਣ ਲੱਗ ਪੈਂਦਾ। ਮਨ 'ਚ ਕਈ ਸਵਾਲ ਜਵਾਬ ਕਰਦਿਆਂ ਹੀ ਉਹ ਆਪਣੇ ਘਰ ਪਹੁੰਚ ਗਿਆ। ਉਹ ਆਪਣੇ ਮਨ 'ਚ ਪਏ ਸ਼ੰਕਿਆਂ ਨੂੰ ਹੂੰਝ ਦੇਣਾ ਚਾਹੁੰਦਾ ਸੀ... ਪਰ ਘਰ ਵੜਦਿਆਂ ਹੀ ਨੂੰਹ ਦੇ ਸਰੀਰ 'ਤੇ ਪਏ ਗਿੱਠ ਕੁ ਕੱਪੜਿਆਂ ਨੇ ਉਹਨੂੰ ਸ਼ਰਮਸ਼ਾਰ ਕਰ ਦਿੱਤਾ। ਫਿਰ ਵੀ ਵਿਹੜੇ ਵਿਚ ਖੇਡਦੇ ਪੋਤੇ ਵਲ ਵੇਖ ਉਹਨੂੰ ਤਸੱਲੀ ਜਿਹੀ ਹੋਈ।

ਆਪਣੇ ਘਰ ਦੇ ਧੁਰ ਕੋਠੇ ਜਾ ਉਸਨੇ ਪਿੰਡ ਵਲ ਵੇਖਿਆ...ਬੜੀ ਤਰੱਕੀ ਹੋ ਗਈ ਸੀ... ਵੱਡੇ ਵੱਡੇ ਘਰ ਪੈ ਗਏ ਸਨ... ਕਦੇ ਵੇਲਾ ਸੀ... ਘਰ ਛੋਟੇ ਸੀ...ਤੇ ਰਹਿਣ ਵਾਲੇ ਜ਼ਿਆਦਾ...ਪਰ ਹੁਣ ਘਰਾਂ ਦੇ ਜੰਗਲ ਉਗ ਖਲੋਤੇ ਸਨ। ਇਨ੍ਹਾਂ ਘਰਾਂ 'ਚ ਰਹਿਣ ਵਾਲੇ ਡਾਲਰਾਂ ਪੌਂਡਾਂ ਦੇ ਵੱਸ ਪੈ ਗਏ ਸੀ... ਤੇ ਪਿੱਛੇ ਰਹਿ ਗਏ ਹਰ ਮਾਂ-ਪਿਉ ਦੀ ਕਹਾਣੀ ਬਖਤਾਵਰ ਸਿੰਘ ਬਾਜਵਾ ਵਰਗੀ ਸੀ। ਉਸਨੇ ਮਨ ਹੀ ਮਨ ਸੋਚਿਆ। ਇਹ ਕਿਹੋ ਜਿਹੀ ਤਰੱਕੀ ਸੀ। ਜੀਹਨੇ ਦਿੱਤਾ ਤਾਂ ਬਹੁਤ ਕੁਝ ਸੀ ਪਰ ਫੇਰ ਵੀ ਇੰਜ ਲੱਗਦਾ ਸੀ ਜਿਵੇਂ ਕੁਝ ਵੀ ਕੋਲ ਨਾ ਹੋਵੇ... ਅਸਮਾਨੀਂ ਉਡਦੇ ਹਵਾਈ ਜਹਾਜ਼ ਦੀ ਆਵਾਜ਼ ਨਾਲ ਉਹਦੇ ਖ਼ਿਆਲਾਂ ਦੀ ਤੰਦ ਟੁੱਟੀ ਤੇ ਉਹ ਹੇਠਾਂ ਉਤਰ ਆਇਆ।

ਥੱਲੇ ਆਉਂਦਿਆਂ ਹੀ ਉਸਨੂੰ ਆਪਣੇ ਨੂੰਹ-ਪੁੱਤ ਅੰਗਰੇਜ਼ੀ ਅੰਦਾਜ਼ ਵਿਚ ਗੁੱਥਮ-ਗੁੱਥਾ ਹੋਏ ਨਜ਼ਰ ਆਏ। ਉਹ ਖੰਘੂਰਾ ਮਾਰਨਾ ਚਾਹੁੰਦਾ ਸੀ ਪਰ ਅਗਲੇ ਹੀ ਪਲ ਉਸ ਸੋਚਿਆ ਕਿ ਜਦ ਸਾਲਮ ਸਬੂਤਾ ਬਖਤਾਵਰ ਸਿੰਘ ਬਾਜਵਾ ਉਨ੍ਹਾਂ ਲਈ ਕੋਈ ਮਾਅਨੇ ਨਹੀਂ ਰੱਖਦਾ ਤਾਂ ਫਿਰ ਇਸ ਖੰਘੂਰੇ ਦੇ ਕੀ ਅਰਥ? ਉਹ ਸਿੱਧਾ ਆਪਣੇ ਕਮਰੇ ਵਿਚ ਚਲਾ ਗਿਆ। ਬਾਹਰ ਵੱਜ ਰਿਹਾ ਵਲੈਤੀ ਮਿਊਜ਼ਕ ਉਹਦਾ ਮੂੰਹ ਚਿੜਾਉਣ ਲੱਗਾ। ਥੋੜਾ ਤਲਖ ਹੋ ਉਸ ਆਪਣੀ ਤ੍ਰੀਮਤ ਨੂੰ ਕਿਹਾ, "ਆਪਣੇ ਪੁੱਤ ਨੂੰ ਕਹਿ ਇਹ ਕੰਜਰਖਾਨਾ ਮੇਰੇ ਘਰ ਨਾ ਲਾਇਆ ਕਰੇ।"



ਅੱਗੋਂ ਉਸ ਕੋਈ ਜਵਾਬ ਨਾ ਦਿੱਤਾ। ਬਖਤਾਵਰ ਸਿੰਘ ਬਾਜਵਾ ਦੀ ਬੀਵੀ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਸੀ...ਉਸਨੂੰ ਕਿਸੇ 'ਤੇ ਵੀ ਕੋਈ ਗਿਲਾ ਸ਼ਿਕਵਾ ਨਹੀਂ ਸੀ...ਉਹਨੇ ਨੂੰਹ ਪੁੱਤਰ ਦੀ ਬੇਰੁਖੀ ਵੀ ਸਿਰ ਮੱਥੇ ਜਰ ਲਈ ਸੀ ਤੇ ਆਪਣੇ ਖਾਵੰਦ ਦੇ ਨਿਹੋਰੇ ਵੀ ਜਰ ਲਏ ਸਨ। ਪੋਤੇ ਦੀ ਕਿਲਕਾਰੀ 'ਚ ਉਹ ਹੱਸ ਛੱਡਦੀ ਤੇ ਨੂੰਹ ਵਲੋਂ ਦਿੱਤੀਆਂ ਨਸੀਹਤਾਂ ਮੁਤਾਬਕ ਆਪਣੇ ਪੋਤੇ ਦੇ ਨਿੱਕੇ-ਨਿੱਕੇ ਕੰਮ ਕਰਦੀ ਰਹਿੰਦੀ।

***

ਇਕ ਚੁੱਪ ਸੀ ਜੋ ਇਸ ਘਰ 'ਚ ਰਹਿਣ ਵਾਲਿਆਂ ਦੇ ਦਿਲਾਂ ਵਿਚ ਪਸਰ ਗਈ ਸੀ। ਹਰ ਰਿਸ਼ਤਾ ਬਾਹਰੋਂ ਵੇਖਣ ਨੂੰ ਸਹਿਜ ਤੇ ਅੰਦਰੋਂ ਵਿੱਥ 'ਤੇ ਖਲੋਤਾ ਹੋਇਆ ਸੀ ਤੇ ਇਕ ਦਿਨ ਇਸ ਚੁੱਪ ਨੂੰ ਬਖਤਾਵਰ ਸਿੰਘ ਬਾਜਵਾ ਨੇ ਆਵਾਜ਼ ਦੇ ਦਿੱਤੀ ਸੀ...ਜਿਸਨੇ ਬਖਤਾਵਰ ਸਿੰਘ ਬਾਜਵਾ ਦੇ ਰਹਿੰਦੇ ਖੂੰਹਦੇ ਭਰਮ ਵੀ ਤੋੜ ਦਿੱਤੇ ਸਨ।

ਡਾਢੇ ਦੁੱਖ ਨਾਲ ਉਸ ਆਪਣੇ ਪੁੱਤ ਨੂੰ ਕਿਹਾ, "ਅੰਮ੍ਰਿਤ, ਤੂੰ ਆਪਣਾ ਰਾਹ ਖੁਦ ਚੁਣਿਆ... ਠੀਕ ਹੈ... ਪਰ ਮੈਨੂੰ ਲੱਗਦਾ ਇਸ ਰਾਹ ਨੇ ਜਿਵੇਂ ਰਾਹੀ ਨੂੰ ਹੀ ਨਿਗਲ ਲਿਆ ਹੋਵੇ।"

"ਡੋਂਟ ਬੀ ਸੋ ਇਮੋਸ਼ਨਲ ਡੈਡ।" ਉਹ ਥੋੜ੍ਹੀ ਟਿੱਚਰ ਜਿਹੀ 'ਚ ਬੋਲਿਆ, "ਜੇ ਰਾਹ ਨੇ ਰਾਹੀ ਨਿਗਲ ਲਿਆ ਹੁੰਦਾ ਤਾਂ ਮੈਂ ਤੁਹਾਡੇ ਸਾਹਮਣੇ ਨਾ ਹੁੰਦਾ।"

"ਤੂੰ ਮੇਰੀ ਗੱਲ ਨਹੀਂ ਸਮਝਿਆ।" ਰੋਣਹਾਕੇ ਹੋਏ ਬਾਜਵਾ ਨੇ ਕਿਹਾ।

"ਦੇਖੋ! ਮੈਂ ਇਹ ਫਲਸਫਾ ਸਮਝਣਾ ਵੀ ਨਹੀਂ ਚਾਹੁੰਦਾ, ਇਟਜ਼ ਮਾਈ ਲਾਈਫ਼ ਐਂਡ ਆਈ ਹੈਂਡਲ ਮਾਈ ਲਾਈਫ ਵਿਦ ਮਾਈ ਆਨ ਸਟਾਈਲ।"

ਉਹਦੀ ਗੱਲ ਬੋਚਦਿਆਂ ਬਖਤਾਵਰ ਨੇ ਕਿਹਾ, "ਗੱਲ ਸੁਣ, ਪੰਝੀ ਸਾਲ ਤੈਨੂੰ ਪਾਲਿਆ, ਪੜ੍ਹਾਇਆ, ਲਿਖਾਇਆ...ਅੱਜ ਤੇਰੇ ਕੋਲ ਚਾਰ ਪੈਸੇ ਕੀ ਆ ਗਏ...ਹਰ ਗੱਲ 'ਤੇ ਮੋਢੇ ਚੜ੍ਹਾ ਕੇ ਦੱਸਣ ਬਹਿ ਜਾਂਦਾ... ਇਟਜ਼ ਮਾਈ ਲਾਈਫ।"

"ਯੈਸ ਮਿਸਟਰ ਸਿੰਘ...ਇਟਜ਼ ਮਾਈ ਲਾਈਫ...ਤੇ ਮੈਂ ਇਹ ਮੰਨਦਾ ਹਾਂ ਕਿ ਜ਼ਿੰਦਗੀ ਜੀਣ ਲਈ ਸੁਰੱਖਿਆ ਚਾਹੀਦੀ ਹੈ ਤੇ ਪੈਸਾ ਸਾਨੂੰ ਸੁਰੱਖਿਆ ਦੇਂਦਾ ਹੈ।"

"ਪਰ ਪੁੱਤਰਾ, ਜ਼ਿੰਦਗੀ ਜਮ੍ਹਾਂ ਜ਼ਰਬ ਦੇ ਫਾਰਮੂਲੇ ਨਾਲ ਨਹੀਂ ਸਮਝੀ ਜਾ ਸਕਦੀ...ਇਹਦੇ 'ਚ ਬਹੁਤ ਬੇਤਰਤੀਬੀ ਹੈ...ਬੰਦਾ ਜ਼ਿੰਦਗੀ ਕੋਲੋਂ ਜਿੰਨੀ ਸੁਰੱਖਿਆ ਚਾਹੁੰਦਾ ਹੈ, ਇਹ ਓਨੀ ਹੀ ਡਰਾਉਣੀ ਲੱਗਦੀ ਹੈ।"

"ਸਿੰਘ ਸਾਹਿਬ! ਇਹ ਤੁਹਾਡਾ ਫਲਸਫਾ ਹੋ ਸਕਦਾ, ਮੇਰਾ ਨਹੀਂ... ਜੇ ਮੈਂ ਇਹੋ ਜਿਹੇ ਫਲਸਫੇ ਨਾਲ ਜੁੜਿਆ ਰਹਿੰਦਾ ਤਾਂ ਤਰੱਕੀ ਨਾ ਕਰ ਪਾਉਂਦਾ...ਇਹ ਮੇਰੀ ਹੁਸ਼ਿਆਰੀ ਹੈ ਕਿ ਦੋ ਸਾਲਾਂ 'ਚ ਵਧੀਆ ਘਰ ਤੇ ਸਟੋਰ ਦਾ ਮਾਲਿਕ ਹਾਂ...।"

"ਏਥੇ ਤੂੰ ਗਲਤ ਹੈਂ, ਤੂੰ ਆਪਣੀ ਚਲਾਕੀ ਨੂੰ ਆਪਣੀ ਹੁਸ਼ਿਆਰੀ ਸਮਝ ਰਿਹਾ ਹੈਂ ਤੇ ਨਾਲੇ ਦੱਸ ਉਹ ਘਰ...ਤੇਰਾ ਕਿਵੇਂ ਹੋਇਆ ਜਿਸ ਘਰ ਦੀ ਨੇਮ ਪਲੇਟ 'ਤੇ 'ਬਾਜਵਾ ਵਿਲਾ' ਨਹੀਂ 'ਮਿਗਲਾਨੀ ਵਿਲਾ' ਲਿਖਿਆ ਹੋਇਐ।"

ਅੰਮ੍ਰਿਤ ਨੂੰ ਲੱਗਾ ਜਿਵੇਂ ਦਿਨ ਦਿਹਾੜੇ ਉਹਦੇ ਪਿਉ ਨੇ ਉਹਦੀ ਚੋਰੀ ਫੜ ਲਈ ਹੋਵੇ ਪਰ ਫੇਰ ਵੀ ਥੋੜਾ ਜਿਹਾ ਛਿੱਥਾ ਪੈ ਕੇ ਕਹਿਣ ਲੱਗਾ, "ਪੂਰੇ ਚਾਰ ਲੱਖ ਪੌਂਡ ਦਿੱਤੇ ਮੇਰੇ ਸਹੁਰਿਆਂ...ਤੇ ਜੇ 'ਮਿਗਲਾਨੀ ਵਿਲਾ' ਲਿਖ ਦਿੱਤਾ ਤਾਂ ਕੀ ਆਖਰ ਆ ਗਈ।"

"ਉਇ ਤਾਂ ਫਿਰ ਇੰਜ ਕਹਿ ਨਾ ਚਾਰ ਲੱਖ ਪੌਂਡ ਦਾ ਪਟਾ ਪਾਇਆ... ਤੇਰੇ ਗਲ ਸਹੁਰਿਆਂ...ਤੇ ਤੂੰ ਉਨ੍ਹਾਂ ਦਾ ਪਾਲਤੂ ਜਵਾਈ ਬਣ ਗਿਆਂ।" ਥੋੜਾ ਤਲਖ਼ ਹੁੰਦਿਆਂ ਬਖਤਾਵਰ ਨੇ ਕਿਹਾ।

"ਤੁਸੀਂ ਜੋ ਸਮਝਣਾ ਸਮਝੋ...ਆਈ ਐਮ ਹੈਪੀ ਵਿਦ ਮਾਈ ਫੈਮਿਲੀ।" ਪੁੱਤ ਨੇ ਵਲੈਤੋਂ ਸਿੱਖੇ ਅੰਗਰੇਜ਼ੀ ਦੇ ਸ਼ਬਦ ਪਿਉ ਸਾਹਮਣੇ ਗਲੱਛ ਦਿੱਤੇ।

"ਮੈਨੂੰ ਦੱਸ ਦੇ ਪੁੱਤਰ, ਤੇਰੀ ਫੈਮਿਲੀ 'ਚ ਅਸੀਂ ਵੀ ਹੈਗੇ ਆਂ ਜਾਂ ਨਹੀਂ।" ਥੋੜੀ ਸ਼ੰਕਾ ਜਿਹੀ 'ਚ ਬਾਜਵਾ ਬੋਲਿਆ।

ਪੁੱਤ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹਦੀਆਂ ਝੁਕੀਆਂ ਅੱਖਾਂ ਸਭ ਕੁਝ ਕਹਿ ਗਈਆਂ।

"ਨਿਰਮੋਹੀ ਧਰਤ ਦੇ ਵੱਸ ਪੈ, ਤੂੰ ਨਿਰਮੋਹਾ ਹੋ ਗਿਆਂ ਪੁੱਤਰਾ...।" ਪਿਓ ਨੇ ਵਲੈਤੀ ਪੁੱਤ ਨੂੰ ਨਿਹੋਰਾ ਮਾਰਿਆ।

"ਤੇ ਤੁਹਾਡੀ ਇਹ ਧਰਤੀ ਬੜੀ ਮੋਹਵੰਤੀ ਹੈ...ਇਥੇ ਲੋਕ ਗਰਜਾਂ ਕਰਕੇ ਇਕ ਦੂਸਰੇ ਦਾ ਆਸਰਾ ਬਣਦੇ ਹਨ ਤੇ ਤੁਸੀਂ ਇਸ ਨੂੰ ਮੋਹ ਸਮਝਣ ਲੱਗ ਪੈਂਦੇ ਹੋ।" ਵਲੈਤੀ ਕਲਚਰ ਪੁੱਤ ਦੇ ਸਿਰ ਚੜ੍ਹ ਬੋਲਿਆ।

"ਪਰ ਅੰਮ੍ਰਿਤ ਕੱਲਾ ਤਾਂ ਕੋਈ ਵੀ ਵੱਡਾ ਨਹੀਂ ਹੁੰਦਾ...ਬੰਦੇ ਨੂੰ ਕੋਈ ਤਾਂ ਅਜਿਹਾ ਮੋਢਾ ਚਾਹੀਦਾ ਜਿਹਦੇ 'ਤੇ ਸਿਰ ਰੱਖ ਉਹ ਰੋ ਸਕੇ...ਹੱਸ ਸਕੇ।"

"ਮਿਸਟਰ ਸਿੰਘ, ਜੀਹਦੇ ਕੋਲ ਪੈਸਾ ਹੋਵੇ, ਉਹਨੂੰ ਝੂਠੇ ਮੋਢਿਆਂ ਦੀ ਲੋੜ ਨਹੀਂ ਹੁੰਦੀ।" ਲੈਪ ਟਾਪ 'ਤੇ ਸੈਲਰੀ ਸਟੇਟਮੈਂਟ ਚੈਕ ਕਰਦਿਆਂ ਪੁੱਤ ਬੋਲਿਆ।

"ਫਿਰ ਤਾਂ ਪੁੱਤਰਾ ਤੈਨੂੰ ਸਾਡੀ ਵੀ ਲੋੜ ਨਹੀਂ ਹੋਣੀ...ਕਦੇ ਮਾਂ ਬਾਪ ਬਾਰੇ ਸੋਚਿਆ...ਉਹ ਕੱਲੇ ਏਡੇ ਵੱਡੇ ਘਰ 'ਚ ਕਿਵੇਂ ਦਿਨ ਕਟੀ ਕਰਦੇ ਆ...।" ਨਿਆਸਰਾ ਜਿਹਾ ਬਣ ਬਾਜਵੇ ਨੇ ਸਵਾਲ ਕੀਤਾ।

"ਤੁਸੀਂ ਅਜੇ ਚੰਗੇ ਭਲੇ ਹੋ...ਜਦ ਲੋੜ ਹੋਈ...ਤੁਹਾਨੂੰ ਏਥੇ ਸਰਵੈਂਟ ਅਰੇਂਜ ਕਰਕੇ ਦੇਣਾ...ਵਧੇਰੇ ਇਕਨਾਮਕ ਹੈ।" ਇਕਨਾਮਿਕਸ ਪੜ੍ਹਿਆ ਪੁੱਤ, ਹਰ ਰਿਸ਼ਤੇ ਵਿਚੋਂ ਆਪਣੇ ਮਤਲਬ ਦੀ ਇਕਾਨਮੀ ਲੱਭਣ ਲੱਗ ਪਿਆ ਸੀ।

ਬਖਤਾਵਰ ਸਿੰਘ ਬਾਜਵਾ ਦੇ ਅੰਦਰੋਂ ਕੁਝ ਕੜੱਕ ਕਰਕੇ ਟੁੱਟਾ ਪਰ ਫਿਰ ਵੀ ਉਹ ਹਿਸਾਬੀ-ਕਿਤਾਬੀ ਹੋਏ ਪੁੱਤ ਦੀ ਹੱਦ ਵੇਖਣੀ ਚਾਹੁੰਦਾ ਸੀ...ਢੀਠ ਜਿਹਾ ਬਣਦਿਆਂ ਉਸ ਕਿਹਾ, "ਨਾ ਮੈਨੂੰ ਦੱਸ, ਤੇਰਾ 'ਮਿਗਲਾਨੀ ਵਿਲਾ' ਸਾਨੂੰ ਬੁੱਢੇ-ਬੁੱਢੀ ਨੂੰ ਇਕ ਕਮਰਾ ਨਹੀਂ ਦੇ ਸਕਦਾ।"

"ਇਟਜ਼ ਇੰਪੋਸੀਬਲ...ਤੁਹਾਡੀ ਵਲੈਤਣ ਨੂੰਹ ਨੂੰ ਇਹ ਗੱਲ ਪਸੰਦ ਨਹੀਂ ਕਿ ਕੋਈ ਤੀਜਾ ਬੰਦਾ ਉਨ੍ਹਾਂ ਦੀ ਫੈਮਿਲੀ ਲਾਈਫ 'ਚ ਦਖਲ-ਅੰਦਾਜ਼ੀ ਕਰੇ।" ਗੱਲ ਕਹਿਣ ਤੋਂ ਬਾਅਦ ਅੰਮ੍ਰਿਤ ਚੁੱਪ ਹੋ ਗਿਆ ਸੀ।

ਤੇ ਸ਼ਾਇਦ ਬਖਤਾਵਰ ਲਈ ਕਹਿਣ-ਸੁਣਨ ਨੂੰ ਹੁਣ ਕੁਝ ਨਹੀਂ ਰਹਿ ਗਿਆ ਸੀ। ਪੁੱਤ ਦੀਆਂ ਕਹੀਆਂ ਸੁਣੀਆਂ ਨੇ ਉਹਨੂੰ ਹਰ ਭਰਮ ਤੋਂ ਮੁਕਤ ਕਰ ਦਿੱਤਾ ਸੀ। ਉਹ ਸਿੱਧਾ ਆਪਣੇ ਕਮਰੇ ਵਿਚ ਗਿਆ, ਆਪਣੀ ਤ੍ਰੀਮਤ ਲਾਗੇ ਬੈਠ ਉਹ ਆਪਣਾ ਮਨ ਹੌਲਾ ਕਰਨਾ ਚਾਹੁੰਦਾ ਸੀ। ਡੂੰਘਾ ਸਾਹ ਲੈ ਕੇ ਉਸ ਕਿਹਾ, "ਭਾਗਵਾਨੇ! ਮੇਰੀ ਬੇਬੇ ਇਕ ਗੀਤ ਗਾਉਂਦੀ ਹੁੰਦੀ ਸੀ...ਅੱਜ ਤੂੰ ਮੈਨੂੰ ਉਹ ਗੀਤ ਗਾ ਕੇ ਸੁਣਾ...। ਉਸਦੀ ਬੀਵੀ ਨੂੰ ਪਤਾ ਸੀ ਹੁਣ ਇਹ ਗੀਤ ਬੇਮਾਇਨੇ ਸੀ...ਪਰ ਫੇਰ ਵੀ ਮਨ ਦੀ ਤਸੱਲੀ ਲਈ ਉਸ ਗੀਤ ਛੋਹ ਲਿਆ ਸੀ।

"ਵੇ ਵਧਾਇਆ ਸੱਜਣਾ, ਵੇ ਸੁਹਾਇਆ ਸੱਜਣਾ
ਇਹ ਘਰ ਕਿੰਨੀ ਗੁਣੀ ਬਣਦੇ, ਜੰਮਣ ਪੁੱਤ ਸਪੁੱਤਰੇ
ਆਵਣ ਨੂੰਹਾਂ ਸੁਲੱਖਣੀਆਂ,
ਇਹ ਘ...ਰ ਏ...ਨੀ ਗੁ...ਣੀ ਬ...ਣ...ਦੇ।"

ਆਖ਼ਰੀ ਸਤਰ ਬੋਲਦਿਆਂ ਉਹਦਾ ਗਚ ਭਰ ਆਇਆ ਸੀ। ਰੋਣਹਾਕੀ ਹੋਈ ਕਹਿਣ ਲੱਗੀ, "ਇਸ ਗੀਤ ਨੂੰ ਤਾਂ ਕਦੋਂ ਦੀ ਕਾਂਗਿਆਰੀ ਪੈ ਗਈ ਸਰਦਾਰਾ...। ਤੂੰ ਜੀਅ ਛੋਟਾ ਨਾ ਕਰ...ਆਪਣੇ ਕੋਲ ਪੋਤਾ ਹੈਗਾ... ਬਾਜਵਾ ਖਾਨਦਾਨ ਦਾ ਅਗਲਾ ਵਾਰਸ।" ਪਰ ਇਹ ਧਰਵਾਸਾ ਵੀ ਥੋੜ ਚਿਰਾ ਸੀ...ਪਲੰਘ 'ਤੇ ਪਿਆ ਪਾਸਪੋਰਟ ਇਕ ਦਿਨ ਇਹ ਚੁਗਲੀ ਕਰ ਗਿਆ ਸੀ ਕਿ ਪੋਤਰੇ ਦੇ ਨਾਂ ਪਿੱਛੇ ਵੀ 'ਬਾਜਵਾ' ਨਹੀਂ 'ਮਿਗਲਾਨੀ' ਲੱਗਦਾ ਸੀ।

ਇਸ ਤੋਂ ਬਾਅਦ ਉਹ ਗੁੰਮ-ਸੁੰਮ ਰਹਿਣ ਲੱਗ ਪਿਆ ਸੀ। ਉਹਨੂੰ ਲੱਗਾ ਜਿਵੇਂ ਉਹਦਾ ਆਪਣੇ ਭੋਇੰ ਭਾਂਡੇ ਤੋਂ ਵੀ ਨਾਂ ਖਤਮ ਹੋਣ ਲੱਗਾ ਹੋਵੇ। ਬੇਬਸੀ ਦੇ ਇਸ ਆਲਮ ਵਿਚ ਉਹ ਪਰਮ ਕੋਲ ਜਾਣਾ ਚਾਹੁੰਦਾ ਸੀ। ਫਿਰ ਸੋਚਦਾ ਉਹਨੂੰ ਜਾ ਕੇ ਕੀ ਦੱਸਾਂ। ਆਪਣੇ ਚਿੱਤ ਨੂੰ ਰਾਜੀ ਕਰਨ ਲਈ ਉਹ 'ਵਿਹੜੇ' ਚਲਾ ਜਾਂਦਾ...। ਜਦ ਕੋਈ ਵਿਹੜੇ ਵਾਲਿਆਂ ਦੀ ਨੂੰਹ ਧੀ ਉਸਦੇ ਪੈਰੀਂ ਹੱਥ ਲਾਉਂਦੀ ਤਾਂ ਉਹ ਗਦਗਦ ਹੋ ਉਠਦਾ... ਤੇ ਇਕ ਦਿਨ ਉਹ ਸੁਰਖਰੂ ਹੋਣ ਲਈ 'ਕੇਹਰੂ ਸਾਂਸੀ' ਕੋਲ ਬੰਸਾਵਲੀ ਸੁਣਨ ਬਹਿ ਗਿਆ ਸੀ।

ਅਰਮਾਨ ਬਾਜਵਾ ਪੁੱਤਰ ਅੰਮ੍ਰਿਤ ਸਿੰਘ ਬਾਜਵਾ ਸਿੰਘਾਣੀਆਂ

ਅੰਮ੍ਰਿਤ ਬਾਜਵਾ ਪੁੱਤਰ ਬਖਤਾਵਰ ਸਿੰਘ ਬਾਜਵਾ ਸਿੰਘਾਣੀਆਂ

ਬਖਤਾਵਰ ਬਾਜਵਾ, ਪੁੱਤਰ ਗੁਰਦਿੱਤ ਸਿੰਘ ਬਾਜਵਾ ਸਿੰਘਾਣੀਆਂ

ਆਪਣੇ ਪੁੱਤ ਤੇ ਪੋਤਰੇ ਦੇ ਪਿੱਛੇ ਬਾਜਵਾ ਲੱਗਾ ਵੇਖ ਉਹਨੂੰ ਤਸੱਲੀ ਹੁੰਦੀ ਤੇ ਫਿਰ ਕੇਹਰੂ ਕੋਲ ਜਾਣਾ ਉਹਦਾ ਨਿਤਨੇਮ ਬਣ ਗਿਆ ਸੀ। ਵਾਰ-ਵਾਰ ਬੰਸਾਵਲੀ ਸੁਣ ਉਹਨੂੰ ਸੁਆਦ ਆਉਂਦਾ। ਉਹਨੂੰ ਲਗਦਾ ਪਿੰਡ ਦੇ ਵਹੀ-ਖਾਤੇ 'ਚ ਉਹਦਾ ਅਜੇ ਵੀ ਅੱਗਾ-ਪਿੱਛਾ ਕਾਇਮ ਸੀ। ਅਜਿਹੇ ਵੇਲੇ ਉਹ ਆਪਣੀ ਮੁੱਛ ਨੂੰ ਮਰੋੜਾ ਦੇ ਕੇ ਕਹਿੰਦਾ, "ਨਹੀਂ ਪਰਵਾਹ ਕਿਸੇ ਦੀ ਜੱਟ ਨੂੰ।" ਪਰ ਕੁਝ ਦਿਨਾਂ ਬਾਅਦ ਹੀ ਉਹ ਇਸ ਸਭ ਕਾਸੇ ਤੋਂ ਉਕਤਾ ਗਿਆ। ਜਦ ਉਸ ਦੀਆਂ ਅੱਖਾਂ ਸਾਹਮਣੇ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ ਪੋਤੇ ਦਾ ਪਾਸਪੋਰਟ ਘੁੰਮਣ ਲੱਗਦਾ ਤਾਂ ਉਹ ਬੌਂਦਲ ਜਾਂਦਾ। ਅਜਿਹੇ ਵੇਲੇ ਉਸਦੀ ਉਦਾਸੀ ਝੱਲੀ ਨਾ ਜਾਂਦੀ। ਫਿਰ ਉਹਨੂੰ ਕੇਹਰੂ ਦੀ ਰਲਦ-ਗਲਦ ਹੋਈ 'ਬੰਸਾਵਲੀ' 'ਵਲੈਤੀ ਪਾਸਪੋਰਟ' ਦੇ ਮੁਕਾਬਲੇ ਹੀਣੀ ਜਾਪਦੀ।

***

ਉਹ ਕਈ ਦਿਨ ਆਪਣੇ ਆਪ ਨਾਲ ਘੁਲਦਾ ਰਿਹਾ ਸੀ। ਉਹ ਆਪੇ ਤੋਂ ਹੀ ਹਾਰ ਗਿਆ ਸੀ।...ਤੇ ਫਿਰ ਇਕ ਦਿਨ ਆਪਣੇ ਮਨ ਦੀ ਟੁੱਟ-ਭੱਜ ਸਮੇਤ ਪਰਮ ਕੋਲ ਜਾ ਪਹੁੰਚਿਆ। ਘਰ ਦੇ ਬਰਾਂਡੇ 'ਚ ਬੈਠੇ ਪਰਮ ਨੇ ਸਰਸਰੀ ਜਿਹਾ ਪੁੱਛਿਆ, "ਕੀ ਹਾਲ ਆ ਮਿੱਤਰਾ।"

"ਬਸ ਦਿਲ ਹੀ ਉਦਾਸ ਆ...।" ਹਿਰਖੇ ਜਿਹੇ ਮਨ ਨਾਲ ਬਖਤਾਵਰ ਨੇ ਜਵਾਬ ਦਿੱਤਾ।

ਪਰਮ ਨੇ ਆਪਣੇ ਯਾਰ ਦੇ ਚਿਹਰੇ 'ਤੇ ਪਏ ਉਦਾਸੀ ਦੇ ਨਕਸ਼ ਪਹਿਚਾਣ ਲਏ ਸਨ। "ਦਿਲ ਉਦਾਸ ਹੈ ਤਾਂ ਖੁਸ਼ ਕਰ ਦਿੰਦੇ ਆਂ।" ਥੋੜ੍ਹਾ ਛੇੜਨ ਦੇ ਲਹਿਜੇ 'ਚ ਪਰਮ ਬੋਲਿਆ। ਉਹ ਬਖਤਾਵਰ ਨੂੰ ਪਿਛਲੇ ਕਮਰੇ ਵਿਚ ਲੈ ਗਿਆ। ਪੈਗ ਬਣਾਉਂਦਿਆਂ ਪਰਮ ਨੇ ਕਿਹਾ, "ਖੱਬੀ ਖਾਨ ਜੱਟ ਬਖਤਾਵਰ ਸਿੰਘ ਬਾਜਵਾ ਤਾਂ ਕਿਸੇ ਦੀ ਪਰਵਾਹ ਨਹੀਂ ਸੀ ਕਰਦਾ, ਹੁਣ ਕੀ ਹੋ ਗਿਆ।"

ਪਰਮ ਕੋਲੋਂ ਪੈਗ ਫੜਦਿਆਂ ਥੋੜਾ ਸਹਿਜ ਹੁੰਦਾ ਬਖਤਾਵਰ ਬੋਲਿਆ, "ਘਰਾਂ ਦੀ ਬਰਕਤ ਤਾਂ ਘਰਾਂ ਦੇ ਵਾਰਿਸਾਂ ਨਾਲ ਹੁੰਦੀ ਆ ਪਰ ਇਨ੍ਹਾਂ ਦੇ ਆਉਣ ਨਾਲ ਘਰ ਦੀ ਹਵਾ ਏਨੀ ਕੁਰੱਖਤ ਹੋ ਜਾਂਦੀ ਆ ਕਿ ਸਾਹ ਲੈਣਾ ਮੁਸ਼ਕਿਲ ਹੋ ਜਾਂਦੈ।"

ਥੋੜੀ ਉਤਸੁਕਤਾ ਜਿਹੀ 'ਚ ਪਰਮ ਨੇ ਬਖਤਾਵਰ ਨੂੰ ਪੁੱਛਿਆ, "ਕੀ ਫੇਰ ਕੋਈ ਗੱਲ ਹੋਈ ਆ ਅੰਮ੍ਰਿਤ ਨਾਲ।"

"ਬਸ ਯਾਰ! ਸਮਝ ਲਾ ਜਿਹੜੇ ਥੋੜੇ ਬਹੁਤ ਭਰਮ ਲੈ

(ਬਾਕੀ ਅਗਲੇ ਸਫੇ 'ਤੇ)

ਕੇ ਜੀਅ ਰਿਹਾ ਸੀ...ਉਹ ਵੀ ਮੁੱਕ ਗਏ...ਸਭ ਖਤਮ ਹੋ ਗਿਆ।''

ਬਖਤਾਵਰ ਦਾ ਹੱਥ ਪਲੋਸਦਿਆਂ ਪਰਮ ਕਹਿਣ ਲੱਗਾ, ''ਹਰ ਭਰਮ ਤੋਂ ਮੁਕਤ ਹੋਇਆ ਬੰਦਾ ਸੁਰਖਰੂ ਹੋ ਜਾਂਦੈ।''

''ਨਹੀਂ ਪਰਮ...ਰਿਸ਼ਤਿਆਂ ਦੇ ਨਾਲ ਨਿਭਣ ਲਈ ਥੋੜੇ ਬਹੁਤ ਭਰਮ ਬਣੇ ਰਹਿਣੇ ਚਾਹੀਦੇ ਆ...।''

''ਵੇਖ ਬਾਜਵਾ...ਐਵੇਂ ਉਦਾਸ ਨਾ ਹੋਇਆ ਕਰ, ਜੋ ਹੈ ਉਸੇ ਵਿਚੋਂ ਆਪਣੀ ਖੁਸ਼ੀ ਲੱਭ।''

''ਓ ਨਹੀਂ ਭਾਊ...ਇਹ ਚੰਦਰਾ ਦਿਲ ਨਹੀਂ ਮੰਨਦਾ...ਅਜੇ ਵੀ ਦਿਲ ਕਰਦਾ...ਜਦੋਂ ਘਰ ਜਾਵਾਂ ਨੂੰਹ ਸਿਰ 'ਤੇ ਲੀੜਾ ਲਵੇ...ਪੋਤਾ ਮੇਰੀਆਂ ਲੱਤਾਂ ਨੂੰ ਚੰਬੜੇ...ਪੁੱਤ ਹੰਮੇ ਦਾਅਵੇ ਨਾਲ ਕੁਝ ਮੈਨੂੰ ਪੁੱਛੇ ਤੇ ਕੁਝ ਆਪਣੀ ਦੱਸੇ...।'' ਆਪਣੀ ਗੱਲ ਮੁਕਾਉਣ ਤੋਂ ਬਾਅਦ ਬਖਤਾਵਰ ਨੇ ਮੇਜ਼ 'ਤੇ ਪਏ ਪੈਗ ਨੂੰ ਇਕੋ ਡੀਕ ਨਾਲ ਆਪਣੇ ਅੰਦਰ ਲੱਦ ਲਿਆ।

ਪਰਮ ਚੁੱਪ ਰਿਹਾ ਤੇ ਮਨ ਹੀ ਮਨ ਸੋਚ ਰਿਹਾ ਸੀ...ਬੰਦੇ ਨੂੰ ਸਾਹ ਲੈਣ ਲਈ ਆਕਸੀਜਨ ਦੀ ਹੀ ਨਹੀਂ, ਹੋਰ ਵੀ ਬਹੁਤ ਕਾਸੇ ਦੀ ਲੋੜ ਹੁੰਦੀ ਆ...।

''ਪਰਮ! ਬੰਦਾ ਆਪਣੀ ਜ਼ਿੰਦਗੀ ਰਾਹੀਂ ਆਪਣੇ ਪੁਰਖੇ ਵੀ ਜਿਊਂਦਾ ਹੈ ਪਰ ਮੇਰੇ ਪੁੱਤ ਨੇ ਮੈਨੂੰ ਜੀਊਂਦੇ ਜੀਅ ਮਰਿਆਂ ਬਰਾਬਰ ਕਰ'ਤਾ।''

''ਓ ਯਾਰ! ਕੁਝ ਦੱਸ ਵੀ ਸਹੀ...ਸਿਆਣੇ ਕਹਿੰਦੇ ਆ...ਪੁੱਤ ਕਪੁੱਤ ਹੋ ਜਾਂਦੇ ਆ...ਪਰ ਮਾਪੇ ਕੁਮਾਪੇ ਨਹੀਂ ਹੁੰਦੇ।''

''ਪਰਮ! ਪੁੱਤ ਕਪੁੱਤ ਹੋਏ ਵੀ ਸਹਿ ਲਈਦੈ...ਪਰ ਪੁੱਤ ਜਾਤੋਂ ਕੁਜਾਤ ਹੋ ਜੇ...ਇਹ ਝੱਲ ਨਹੀਂ ਹੁੰਦੇ...।''

''ਇਹ ਤੂੰ ਕੀ ਕਹਿ ਰਿਹਾਂ ਬਖਤੌਰੇ।''

''ਵੇਖ ਯਾਰ! ਪੁੱਤ ਨੇ ਜਦ ਜਾਤੋਂ ਬਾਹਰਾ ਵਿਆਹ ਕਰਵਾਇਆ ਸੀ ਤਾਂ ਸੋਚਿਆ ਸੀ-ਕੋਈ ਨਾ...ਜੱਟ ਦੇ ਘਰ ਜਿਹੜੀ ਆਊ, ਉਹਨੇ ਜੱਟੀ ਬਣ ਜਾਣਾ...ਪਰ ਇਹ ਤਾਂ ਸਾਲੀ ਕਹਾਣੀ ਹੋਰ ਦੀ ਹੋਰ ਹੋ ਗਈ...ਬੰਦਾ ਬੁੱਢੀ ਬਣ ਗਿਆ...।'' ਆਪਣੇ ਮਨ ਦੀ ਭੜਾਸ ਕੱਢਦਿਆਂ ਬਖਤਾਵਰ ਬੋਲਿਆ। ਥੋੜੀ ਜਿਹੀ ਖਿਝ 'ਚ ਪਰਮ ਨੇ ਕਿਹਾ, ''ਕੋਈ ਗੱਲ ਤਾਂ ਦੱਸ...ਐਵੇਂ ਜ਼ਨਾਨੀਆਂ ਵਾਂਗੂੰ ਨਿੱਕੀ-ਨਿੱਕੀ ਗੱਲ 'ਤੇ ਰੋਣ ਬਹਿ ਜਾਂਨੈ।''

''ਓਇ ਮੇਰੇ ਯਾਰਾ ਕੀ ਦੱਸਾਂ ਤੇ ਕੀ ਨਾ ਦੱਸਾਂ।''

''ਜੋ ਤੇਰੇ ਦਿਲ 'ਚ ਹੈ, ਮੈਨੂੰ ਸਭ ਦੱਸ।'' ਪਰਮ ਨੇ ਮੋੜਵਾਂ ਜਵਾਬ ਦਿੱਤਾ।

''ਪਰਮ! ਤੂੰ ਕੁਝ ਨਹੀਂ ਜਾਣਦਾ...ਤੂੰ ਕੁਝ ਨਹੀਂ ਸਮਝਦਾ।'' ਮੇਜ਼ 'ਤੇ ਪਈ ਬੋਤਲ ਨੂੰ ਥੱਲੇ ਰੱਖਦਿਆਂ ਬਖਤਾਵਰ ਨੇ ਕਿਹਾ।

''ਚੱਲ ਨਹੀਂ ਕੁਝ ਦੱਸਣਾ ਤੇ ਨਾ ਦੱਸ।'' ਥੋੜੀ ਬੇਰੁਖੀ 'ਚ ਪਰਮ ਬੋਲਿਆ।

''ਓ ਮੇਰੇ ਯਾਰਾ! ਐਵੇਂ ਮੇਰੇ ਨਾਲ ਤੱਤਾ ਠੰਡਾ ਨਾ ਹੋ। ਤੇਰੇ ਬਾਝੋਂ ਮੇਰਾ ਏਥੇ ਕੌਣ ਆ।'' ਉਦਾਸੀ 'ਚ ਗੋਤੇ ਲਾਉਂਦਿਆਂ ਬਖਤਾਵਰ ਨੇ ਕਿਹਾ।

ਪਰਮ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਉਹ ਧੁਰ ਤਕ ਤਿੜਕੇ ਯਾਰ ਨੂੰ ਸੰਭਾਲ ਲੈਣਾ ਚਾਹੁੰਦਾ ਸੀ। ਬਖਤਾਵਰ ਦੇ ਮਨ 'ਚ ਨੱਪੀ ਪੀੜ ਨੂੰ ਜ਼ੀਰ ਲੈਣਾ ਚਾਹੁੰਦਾ ਸੀ ਤੇ ਇਸ ਲਈ ਉਹ ਬੜੇ ਠਰ੍ਹੰਮੇ ਨਾਲ ਬਖਤਾਵਰ ਦੇ ਲਾਗੇ ਹੋ ਕੇ ਬੈਠ ਗਿਆ। ਬਖਤਾਵਰ ਆਪਣਾ ਸਿਰ ਪਰਮ ਦੇ ਮੋਢਿਆਂ 'ਤੇ ਰੱਖਦਿਆਂ ਬੋਲਿਆ, ''ਚੰਗਾ ਸੁਣ, ਮੇਰੇ ਪੋਤੇ ਦੇ ਨਾਂ ਪਿੱਛੇ 'ਬਾਜਵਾ' ਨਹੀਂ, ਮਿਗਲਾਨੀ ਲੱਗਦਾ ਹੈ।''

ਬਖਤਾਵਰ ਦੀ ਗੱਲ ਸੁਣ ਕੇ ਪਰਮ ਹੱਕਾ-ਬੱਕਾ ਰਹਿ ਗਿਆ ਸੀ। ਹੁਣ ਉਹਦੇ ਕੋਲ ਕੋਈ ਅਜਿਹੇ ਸ਼ਬਦ ਨਹੀਂ ਸਨ ਜੋ ਬਖਤਾਵਰ ਨੂੰ ਧਰਵਾਸਾ ਦੇ ਸਕਣ ਪਰ ਫੇਰ ਵੀ ਬਖਤਾਵਰ ਨੂੰ ਤਸੱਲੀ ਦੇਣ ਲਈ ਕਹਿਣ ਲੱਗਾ- ''ਚੱਲ ਕੋਈ ਨਾ ਬਖਤੌਰੇ, ਸਭ ਮਿੱਟੀ ਹੋ ਜਾਣਾ।''

''ਪਰ ਪਰਮ! ਮਿੱਟੀ ਵੀ ਆਪਣੀ ਜਾਤ ਤੋਂ ਮੁਨਕਰ ਨਹੀਂ ਹੁੰਦੀ।'' ਪਰਮ ਕੋਲ ਬਖਤਾਵਰ ਦੀ ਇਸ ਗੱਲ ਦਾ ਕੋਈ ਜਵਾਬ ਨਹੀਂ ਸੀ ਦੇ ਹੋਇਆ। ਆਖਰੀ ਹਾੜਾ ਚੁੱਕਦਿਆਂ ਬਖਤਾਵਰ ਆਪਾ ਖੋ ਬੈਠਾ ਸੀ- ''ਓ ਲੋਕੋ, ਮੈਂ ਬਖਤਾਵਰ ਸਿੰਘ ਬਾਜਵਾ...ਮੇਰਾ ਕੋਈ ਨਹੀਂ...ਅਖੇ 'ਪੁੱਤੀ ਗੰਢੁ ਪਵੈ ਸੰਸਾਰ'...ਪਰ ਇਹ ਕੇਹੀ ਗੰਢ ਸੀ ਜੀਹਨੇ ਸਾਲਮ ਸਬੂਤੇ ਬਖਤਾਵਰ ਸਿੰਘ ਬਾਜਵਾ ਨੂੰ ਗੰਢ ਬਣਾ ਕੇ ਰੱਖ ਦਿੱਤਾ ਸੀ।''

''ਚੱਲ ਯਾਰ ਸਬਰ ਕਰ...ਸਭ ਠੀਕ ਹੋ ਜਾਣਾ।'' ਪਰਮ ਨੇ ਝੂਠਾ ਜਿਹਾ ਧਰਵਾਸਾ ਦਿੰਦਿਆਂ ਕਿਹਾ।

''ਨਹੀਂ ਪਰਮ! ਅੱਜ ਮੈਂ ਜਈ ਦੀ ਤਈ ਕਰ ਦੇਣੀ...ਉਸ ਵਲੈਤੀ ਪੁੱਤ ਨਾਲ ਜਿਊਂਦੇ ਜੀਅ ਤੋੜ-ਵਿਛੋੜਾ ਕਰਕੇ ਦਿਖਾਊਂ।'' ਸਿਰ ਤੋਂ ਪੈਰਾਂ ਤੀਕ ਗੁੱਸੇ 'ਚ ਗੜੁੱਚ ਉਹ ਆਪਣੇ ਘਰ ਪਹੁੰਚ ਗਿਆ। ਬਾਹਰ ਬੈਠੀ ਉਸਦੀ ਤੀਵੀਂ ਉਹਨੂੰ ਗੁੱਸੇ 'ਚ ਵੇਖ ਕੇ ਡਰ ਗਈ। ਉਹਨੂੰ ਪਤਾ ਸੀ.. ਉਹ ਜੋ ਪਿਉ-ਪੁੱਤ ਵਿਚਾਲੇ ਪੁਲ ਬਣ ਕੇ ਖਲੋਤੀ ਸੀ। ਅੱਜ ਉਹਦੇ ਹੱਥੋਂ ਕਹਾਣੀ ਖਿਸਕ ਜਾਣੀ ਸੀ...ਪਰ ਫੇਰ ਵੀ ਉਹ ਹੌਂਸਲੇ ਨਾਲ ਅਗੇ ਵਧੀ ਤੇ ਹੱਥ ਜੋੜ ਕੇ ਕਹਿਣ ਲੱਗੀ- ''ਸਰਦਾਰਾ! ਆਂਦਰਾਂ ਨਾ ਕਲਪਾਈਂ ਮੇਰੀਆਂ...ਕੱਲ੍ਹ ਦੀ ਛੁੱਟੀ ਰਹਿ ਗਈ ਪਰਦੇਸੀ ਪੁੱਤ ਦੀ...ਇਹ ਜੱਗ ਜਿਊਂਦਿਆਂ ਦੇ ਮੇਲੇ...ਫੇਰ ਕੀ ਪਤਾ ਉਸ ਕਦ ਆਉਣਾ।'' ਬਖਤਾਵਰ ਨੂੰ ਅੱਜ ਆਪਣੀ ਔਰਤ 'ਤੇ ਪਿਆਰ ਜਿਹਾ ਆਇਆ। ਹਮੇਸ਼ਾ ਡਰੂੰ-ਡਰੂੰ ਕਰਦੇ ਰਹਿਣ ਵਾਲੀ ਘਰੇਲੂ ਜਿਹੀ ਉਸਦੀ ਤੀਵੀਂ ਅੱਜ ਬਖਤਾਵਰ ਨੂੰ ਆਪਣੇ ਤੋਂ ਵਧੇਰੇ ਬਲਵਾਨ ਲੱਗੀ।

ਕੁਝ ਰੁਕ ਕੇ ਬਖਤਾਵਰ ਨੂੰ ਧਰਵਾਸਾ ਦਿੰਦਿਆਂ ਕਹਿਣ ਲੱਗੀ, ''ਐਵੇਂ ਦਿਲ ਹੌਲਾ ਨਹੀਂ ਕਰੀਦਾ...ਬਾਕੀ ਰਹੀ ਗੱਲ ਨੂੰਹ-ਪੁੱਤ ਦੀ...ਉਨ੍ਹਾਂ 'ਤੇ ਕਾਹਦੇ ਹੰਮੇ ਦਾਅਵੇ...ਜਿਹੜੇ ਹੋ ਈ ਪਰਦੇਸੀ ਗਏ।'' ਤੇ ਇਸ ਤੋਂ ਬਾਅਦ ਪਤਾ ਨਹੀਂ ਉਸਨੇ ਕਿਹੜੀ ਤੱਕਣੀ ਨਾਲ ਬਖਤਾਵਰ ਸਿੰਘ ਬਾਜਵਾ ਵਲ ਵੇਖਿਆ ਕਿ ਦੋਵਾਂ ਦੀ ਖੜ੍ਹਿਆ ਖਲੋਤਿਆਂ ਭੁੱਬ ਨਿਕਲ ਗਈ ਸੀ।

***

ਬਖਤਾਵਰ ਪਰਮ ਦਾ ਹੱਥ ਫੜ ਡਰਾਇੰਗ ਰੂਮ 'ਚ ਚਲਾ ਗਿਆ। ਯਾਰਾਂ-ਦੋਸਤਾਂ ਦੀ ਢਾਣੀ 'ਚ ਬੈਠਾ ਅੰਮ੍ਰਿਤ ਆਪਣੀ ਤਰੱਕੀ ਬਾਰੇ ਦੱਸ ਰਿਹਾ ਸੀ। ਉਨ੍ਹਾਂ ਤੋਂ ਵਿਹਲਾ ਹੋ ਅੰਮ੍ਰਿਤ ਆਪਣੇ ਪਿਉ ਲਾਗੇ ਬੈਠ ਗਿਆ। ਬੜੀ ਹਲੀਮੀ ਨਾਲ ਬਖਤਾਵਰ ਨੂੰ ਲੱਗਾ ਜਿਵੇਂ ਉਹਦੀ ਤੀਵੀਂ ਨੇ ਲੀਰੋ ਲੀਰ ਹੋਏ ਰਿਸ਼ਤੇ ਦੀ ਤਰਪਾਈ ਕਰ ਦਿਤੀ ਹੋਵੇ।

''ਛੱਡ ਅੰਮ੍ਰਿਤ ਮੈਨੂੰ ਕੁਝ ਨਾ ਕਹਿ...ਹਾਂ...ਇਕ ਗੱਲ ਯਾਦ ਰੱਖੀਂ... ਤੂੰ ਜੁਗਾੜ ਜਿੰਨੇ ਮਰਜ਼ੀ ਫਿੱਟ ਕਰ...ਪਰ ਝੋਲੇ 'ਚ ਨੰਬਰ ਸੱਠ ਹੀ ਰਹਿੰਦੇ ਆ...।''

''ਡੈਡ! ਮੈਂ ਵੀ ਸਮਝਦਾਂ ਜ਼ਿੰਦਗੀ 'ਚ ਸੌ ਬਟਾ ਸੌ ਕਿਸੇ ਨੂੰ ਨਹੀਂ ਮਿਲਦੇ। ਫਿਰ ਵੀ ਮੈਂ ਬੇਗਾਨੀ ਧਰਤ 'ਤੇ ਜਾ ਕੇ ਸਭ ਕੁਝ ਅਚੀਵ ਕੀਤਾ। ਪਰ ਤੁਹਾਡੇ ਭਾਰਤ ਮਹਾਨ 'ਚ ਨਾ ਜਿੱਤ ਆਪਣੀ...ਨਾ ਹਾਰ ਆਪਣੀ।''

ਅੱਜ ਪਹਿਲੀ ਵਾਰ ਬਖਤਾਵਰ ਨੂੰ ਲੱਗਾ ਜਿਵੇਂ ਅੰਮ੍ਰਿਤ ਸੱਚ ਕਹਿ ਰਿਹਾ ਸੀ। ਪਰ ਅਗਲੇ ਹੀ ਪਲ 'ਮਿਗਲਾਨੀ ਵਿਲਾ' ਵਾਲੀ ਨੇਮ ਪਲੇਟ ਤੇ 'ਪੋਤੇ ਦਾ ਪਾਸਪੋਰਟ' ਉਹਦਾ ਮੂੰਹ ਚਿੜਾਉਣ ਲੱਗੇ। ਉਹ ਕਹਿਣਾ ਚਾਹੁੰਦਾ ਸੀ ''ਘਰ ਤੇ ਸਟੋਰ ਦੀ ਮਾਲਕੀ ਹਾਸਿਲ ਕਰਨ ਲਈ ਉਸ ਬਹੁਤ ਵੱਡੀ ਰਕਮ ਤਾਰੀ ਸੀ।'' ਪਰ ਉਸ ਦੜ ਵੱਟ ਲਈ ਸੀ।

ਅੰਮ੍ਰਿਤ ਦੀ ਆਵਾਜ਼ ਨੇ ਉਹਨੂੰ ਹਲੂਣਿਆ, ''ਡੈਡ! ਰੀਲੈਕਸ ਹੋਵੋ, ਇਹ ਜ਼ਿੰਦਗੀ ਹੈ...ਇਕ ਥਾਂ ਖਲੋਤੇ ਪਾਣੀ ਗੰਧਲਾ ਜਾਂਦੇ ਨੇ...ਇਹਨੂੰ ਵਗਦੇ ਪਾਣੀ ਵਾਂਗ ਨਿੱਤ ਨਵੀਂ ਹੋਣਾ ਚਾਹੀਦਾ ਹੈ।''

''ਪਰ ਪੁੱਤਰਾ! ਤਬਦੀਲੀ ਵੀ ਜੇ ਸ਼ਾਂਤ ਵਗਦੇ ਪਾਣੀਆਂ ਵਾਂਗ ਆਵੇ ਤਾਂ ਸਹਿ ਲਈਦੀ ਹੈ...ਪਰ ਜੇ ਤਬਦੀਲੀ ਸੁਨਾਮੀ ਦੀ ਛੱਲ ਵਰਗੀ ਹੋਵੇ ਤਾਂ ਬੜਾ ਕੁਝ ਤਹਿਸ-ਨਹਿਸ ਕਰਦੀ ਆ।'' ਪੁੱਤ ਚੁੱਪ ਰਿਹਾ ਤੇ ਬਖਤਾਵਰ ਸਿੰਘ ਬਾਜਵਾ ਆਪਣੇ ਘਰ ਦੀ ਸੁਨਾਮੀ ਤੋਂ ਬਚਣ ਲਈ ਪਰਮ ਨਾਲ ਬਾਹਰ ਨੂੰ ਹੋ ਤੁਰਿਆ। ਮਾਈਕਲ ਜੈਕਸਨ ਦੇ ਗਾਣੇ ਦੀ ਧੁਨ ਪੂਰੇ ਘਰ 'ਤੇ ਕਾਬਜ਼ ਹੋ ਗਈ ਸੀ...ਦਿਲ ਤਕੜਾ ਕਰ ਉਸ ਆਪਣੇ ਘਰ ਨੂੰ ਵੇਖਿਆ। ਆਪਣਾ ਹੀ ਘਰ ਉਸਨੂੰ ਓਪਰਾ ਜਿਹਾ ਲੱਗਾ। ਇਕ ਪਲ ਉਸਨੂੰ ਲੱਗਾ ਉਹਦੇ ਪੁੱਤ ਨੇ ਬੇਗਾਨੇ ਦੇਸ ਵਿਚ ਆਪਣੀ ਜੜ੍ਹ ਮਜਬੂਤ ਕਰ ਲਈ ਹੋਵੇ ਤੇ ਉਹ ਆਪਣੇ ਹੀ ਦੇਸ਼ ਅੰਦਰ ਜੜ੍ਹਹੀਣ ਹੋ ਗਿਆ ਹੋਵੇ।

ਬਖਤਾਵਰ ਪਰਮ ਦਾ ਮੋਢਾ ਫੜ ਨਿਆਸਰਾ ਜਿਹਾ ਬਣ ਕਹਿਣ ਲੱਗਾ, ''ਪਰਮ ਮੈਨੂੰ ਆਪਣੇ ਘਰ ਲੈ ਚੱਲ।'' ਉਸ ਤੋਂ ਬਾਅਦ ਉਹ ਦੋਵੇਂ ਪਰਮ ਦੇ ਘਰ ਵਲ ਨੂੰ ਹੋ ਤੁਰੇ ਸਨ ਪਰ ਪਰਮ ਦੇ ਘਰ ਦੀਆਂ ਬਰੂਹਾਂ ਟੱਪਦੇ ਬਖਤਾਵਰ ਦੇ ਪੈਰ ਮੁੜ ਪਿਛਾਂਹ ਹੋ ਗਏ। ਪਰਮ ਵਲ ਤਰਲੇ ਜਿਹੇ ਨਾਲ ਵੇਖਦਿਆਂ ਬਖਤਾਵਰ ਬੋਲਿਆ, ''ਤੇਰੇ ਘਰ ਜਾ ਕੇ ਵੀ ਕੀ ਕਰਨਾ?''

ਉਸ ਪਲ ਬਖਤਾਵਰ ਦੀਆਂ ਅੱਖਾਂ ਵਿਚ ਨਮੀ ਤੈਰ ਆਈ ਸੀ ਤੇ ਪਰਮ ਨੇ ਉਸ ਨਮੀ ਨੂੰ ਆਪਣੀਆਂ ਅੱਖਾਂ ਰਾਹੀਂ ਪੂੰਝ ਲਿਆ ਸੀ।

ਦੂਰ ਕਿਤਿਓਂ ਆਵਾਜ਼ ਆ ਰਹੀ ਸੀ, ''ਮਨੁ ਪ੍ਰਦੇਸੀ ਜੇ ਥੀਐ ਸਭੁ ਦੇਸ ਬੇਗਾਨਾ...'' ਤੇ ਬਖਤਾਵਰ ਭਰੇ ਮਨ ਨਾਲ ਹੀ ਉਸ ਆਵਾਜ਼ ਵਲ ਨੂੰ ਹੋ ਤੁਰਿਆ।

# ਸਰਤਾਜ-ਪੰਜਾਬੀ ਗਾਇਕੀ 'ਚ ਲੰਬੀ ਔੜ ਪਿਛੋਂ ਪਿਆ ਮੀਂਹ

'ਕਿਸੇ ਨੂੰ ਪਹਿਰਾਵਾ ਪਾਉਣ ਤੋਂ ਕੌਣ ਰੋਕ ਸਕਦੈ?'

'ਗੱਲ ਅਸਲ 'ਚ ਇਹ ਹੈ ਕਿ ਉਸਦੀ ਪੋਸਟ ਚੌਕੀਦਾਰ ਕਮ ਸਵੀਪਰ ਦੀ ਹੈ। ਗੋਹਾ ਹਟਾਉਣ, ਸਾਨ੍ਹ ਨਹਾਉਣ ਦੀ। ਪਰ ਲੋਕ ਉਹਨੂੰ ਹੀ ਸਾਰਾ ਦਿਨ ਡਾਕਟਰ ਸਮਝ ਕੇ ਸਤਿ ਸ੍ਰੀ ਅਕਾਲ ਬੁਲਾਈ ਜਾਂਦੇ ਨੇ।'

ਗੱਲ ਡਾਕਟਰ ਦੀ ਠੀਕ ਸੀ ਅਤੇ ਟਾਈ ਤੇ ਐਨਕਾਂ ਲਾ ਕੇ ਗੋਹਾ ਹਟਾਇਆ ਵੀ ਨਹੀਂ ਜਾ ਸਕਦਾ। ਪਰ ਰੋਕ ਕੌਣ ਸਕਦੈ?

ਪਰ ਜਿਸ ਤਰ੍ਹਾਂ ਪੰਜਾਬੀ ਗਾਇਕੀ ਵਿਚ ਕੱਚੇ-ਪਿੱਲੇ ਬੇਸੁਰਿਆਂ, ਬੇ-ਹਿਆ ਗਾਇਕਾਂ ਦੀ ਭੀੜ ਹੈ, ਉਹਦੇ 'ਚ ਅੱਗੇ ਨਿਕਲਣਾ ਸੌਖਾ ਨਹੀਂ। ਜੇ ਸੌ ਜਣਿਆਂ ਨੇ ਖੱਦਰ ਪਹਿਨਿਆ ਹੋਇਐ ਤੇ ਇਕ ਨੇ ਚਮਕਦਾਰ ਰੇਸ਼ਮੀ ਪਹਿਰਾਵਾ ਜਾਂ ਸੌ ਜਣਿਆਂ ਨੇ ਚਮਕਦਾਰ ਪਹਿਰਾਵਾ ਤੇ ਇਕ ਨੇ ਖੱਦਰ, ਲੋਕੀਂ ਉਹਦੇ ਵਲ ਦੇਖਣਗੇ। ਕਿਸੇ ਵੀ ਗਾਇਕ ਦਾ ਨਾਂ ਚੇਤੇ ਕਰਕੇ ਵੇਖੋ, ਉਹਦਾ ਪਹਿਰਾਵਾ ਵੀ ਤੁਹਾਡੀਆਂ ਅੱਖਾਂ ਸਾਹਮਣੇ ਦਿਸੇਗਾ। ਮਸਲਨ ਸਦੀਕ ਤੇ ਯਮਲੇ ਨੂੰ ਚੇਤੇ ਕਰਦਿਆਂ ਉਨ੍ਹਾਂ ਦੀਆਂ ਫਰਲੇ ਵਾਲੀਆਂ ਪੱਗਾਂ ਵੀ ਅੱਖਾਂ ਅੱਗੇ ਆਉਣਗੀਆਂ।

ਸਤਿੰਦਰ ਸਰਤਾਜ ਨੂੰ ਚਾਹੇ ਤਰਲੋਕ ਜੱਜ ਹੋਵੇ ਜਾਂ ਰਾਮਪੁਰੀ, ਜਿਸ ਸ਼ਾਇਰ ਦੀ ਰਚਨਾ ਉਹ ਗਾ ਰਿਹੈ, ਨਾਂ ਲੈਣਾ ਚਾਹੀਦੈ। ਤਰਲੋਕ ਜੱਜ ਨਾਲ ਮੇਰੀ ਇਕ ਵਾਰੀ ਹੀ ਗੱਲਬਾਤ ਹੋਈ ਹੈ। ਉਹ ਪੇਸ਼ੇ ਵਜੋਂ ਵੀ ਲੇਬਰ ਕੋਰਟ ਦਾ ਜੱਜ ਹੀ ਹੈ, ਉਹ ਸਰਤਾਜ ਬਾਰੇ ਬੜੀ ਸਾਦਗੀ ਤੇ ਸੰਜਮ ਨਾਲ ਗੱਲ ਕਰਦਾ ਹੈ ਪਰ ਉਹਦੇ ਹਿਤੈਸ਼ੀ ਲੀੜੇ ਲਾਹ ਲਾਹ ਕੇ ਅਹੁ ਸੁੱਟ ਰਹੇ ਹਨ। ਕਦੇ ਗੁਰਦਾਸ ਮਾਨ ਬਾਰੇ ਵੀ ਕਿਹਾ ਜਾਂਦਾ ਸੀ ਕਿ ਛੱਲਾ ਫਲਾਣੇ ਪਾਕਿਸਤਾਨੀ ਗਾਇਕ ਦਾ ਗਾ ਲਿਆ, ਅਹੁ ਫਲਾਣੇ ਦਾ, ਆਹ ਧਮਕੜੇ ਦਾ। ਪਰ ਇਨ੍ਹਾਂ ਲੋਕਾਂ ਦੀ ਕਦੋਂ ਦੀ ਮੁਰਦਾਬਾਦ ਹੋ ਚੁੱਕੀ ਹੈ ਤੇ ਗੁਰਦਾਸ ਸੱਠਾਂ ਦੀ ਉਮਰ 'ਚ ਵੀ ਜਿੰਦਾਬਾਦ ਹੈ।

ਮਰਹੂਮ ਡਾ. ਜਗਤਾਰ ਦੇ ਇਕ ਸ਼ਾਗਿਰਦ ਤਨਵੀਰ ਅਜੇ ਦੀਆਂ ਸਤਰਾਂ ਹਨ:

ਅੰਬਰੀ ਚੜ੍ਹਿਆ ਕਿੱਦਾਂ ਲਾਹੀਏ
ਮਿੱਤਰ ਕਰਨ ਸਲਾਹਾਂ
ਰੱਬ ਕਰਕੇ ਮਰ ਜਾਵੇ ਉਹੋ
ਦੁਸ਼ਮਣ ਕਰਨ ਦੁਆਵਾਂ
ਉਨ੍ਹਾਂ ਨੂੰ ਕੋਈ ਕਿੱਦਾਂ ਮਾਰੂ
ਗੌਰ ਨਾਲ ਜਰਾ ਸੋਚੋ
ਜਿਨ੍ਹਾਂ ਨੂੰ ਸੀਸਾਂ ਦਿੱਤੀਆਂ ਲੋਕੋ
ਰੱਬ ਵਰਗੀਆਂ ਮਾਵਾਂ।

ਗਾਇਕੀ ਨਾਲ ਮੋਹ ਹੈ। ਉਨ੍ਹਾਂ ਨਾਲ ਮਾੜੇ ਚੰਗੇ ਦਿਨਾਂ 'ਚ ਖੜਾ ਰਿਹਾ ਹਾਂ। ਸਰਤਾਜ ਨੇ ਚੰਗਾ ਗਾਇਐ, ਏਦਾਂ ਦਾ ਕੀ ਕਰ ਲਿਐ ਕਿ ਅਖ਼ਬਾਰਾਂ ਦੇ ਵਰਕੇ ਵਿਰੋਧ 'ਚ ਭਰ ਸੁੱਟੇ ਹਨ। ਦੁੱਖ ਇਸ ਗੱਲ ਦਾ ਹੈ ਕਿ ਪੰਜਾਬੀ ਗਾਇਕੀ 'ਚ ਬਹੁਤ ਦੇਰ ਬਾਦ ਸ਼ੁਭ ਸ਼ਗਨ ਹੋਇਆ ਹੈ, ਸਰਤਾਜ ਪੜ੍ਹਿਆ ਲਿਖਿਆ ਹੈ, ਸਿਆਣਾ ਹੈ, ਗ਼ਲਤੀਆਂ ਸਿਆਣਿਆਂ ਤੋਂ ਵੀ ਹੋ ਜਾਂਦੀਆਂ ਨੇ ਪਰ ਉਹ ਦੁਬਾਰਾ ਨਹੀਂ ਕਰਦੇ। ਇਸ ਲਈ ਆਸ ਕਰਾਂਗਾ ਕਿ ਉਹ ਲੋਹੇ ਲਾਖੇ ਹੋਏ ਮਿੱਤਰਾਂ ਨੂੰ ਵੀ ਠੰਢਾ ਕਰ ਲਵੇਗਾ।

ਹੁਸ਼ਿਆਰਪੁਰ ਦੇ ਬਜਰੌਰ ਪਿੰਡ 'ਚ ਪਿਤਾ ਬਲਵਿੰਦਰ ਸਿੰਘ ਤੇ ਮਾਂ ਸਤਨਾਮ ਕੌਰ ਦੀ ਕੁੱਖੋਂ ਸਧਾਰਨ ਜ਼ਿਮੀਂਦਾਰ ਪਰਿਵਾਰ 'ਚ ਜਨਮਿਆ ਮੁੰਡਾ ਪੰਜਾਹ ਕਿਲੋ ਭਾਰ ਵਾਲੇ ਬਦਨ ਨਾਲ ਚਾਰੇ ਕੂੰਟੀ ਧੰਨ-ਧੰਨ ਦਾ ਭਲਵਾਨੀ ਗੇੜਾ ਲਾ ਰਿਹੈ, ਗੁਰਭਜਨ ਗਿੱਲ ਦੇ ਕਹਿਣ ਵਾਂਗ ਅਜਿਹੀਆਂ ਰੂਹਾਂ ਨੂੰ ਬਦਰੂਹਾਂ ਤੋਂ ਬਚਣਾ ਪਵੇਗਾ ਜੋ ਪੈਰ ਪੈਰ 'ਤੇ ਤੁਹਾਡੇ ਰਾਹ 'ਚ ਖਲੋਤੀਆਂ ਹਨ।

ਜੇ 'ਹਾਣੀਆਂ ਟਾਹਲੀ ਤੇ ਘੁੱਗੀ ਕਰੇ ਘੂੰ-ਘੂੰ' ਜਾਂ 'ਲੱਕ ਟੂਣੂੰ ਟੂਣੂੰ' ਨਹੀਂ ਵੀ ਕਹਿ ਸਕਦੇ, ਕੋਈ ਗੱਲ ਨਹੀਂ 'ਕੁਕੜੂ ਘੜੂੰ' ਨਾ ਆਖੋ। ਜੇ ਘੁੰਡ ਕੱਢ ਕੇ ਖੈਰ ਪਾਉਣ ਦੀ ਆਦਤ ਨਹੀਂ ਤਾਂ ਮੂੰਹ ਨੰਗਾ ਕਰਕੇ ਬਦ-ਦੁਆਵਾਂ ਵੀ ਨਾ ਦਿਓ। ਭਰੇ ਗਲਾਸ ਦੀ ਗੱਲ ਕਰੋ, ਊਣੇ ਦੀ ਮਿਣਤੀ ਨਾ ਕਰੋ। ਬੜੀ ਦੇਰ ਬਾਅਦ ਪੰਜਾਬੀ ਗਾਇਕੀ ਦੇ ਪੱਲੇ ਕੁਝ ਪੈਣ ਲੱਗਾ ਹੈ। ਜੰਗਲ ਦੀ ਅੱਗ ਨੂੰ ਫੂਕਾਂ ਮਾਰ ਕੇ ਬੁਝਾਉਣ ਦੀ ਕੋਸ਼ਿਸ਼ ਕਰੋਗੇ ਤਾਂ ਤਰਸ ਦੇ ਪਾਤਰ ਹੀ ਬਣੋਗੇ। ਸ਼ੁਕਰ ਹੈ ਰੱਬ ਦਾ, ਉਹਨੇ ਆਲੋਚਕਾਂ ਨਾਲ ਸਲਾਹ ਕਰਕੇ ਦੁਨੀਆਂ ਨਹੀਂ ਬਣਾਈ ਵਰਨਾ ਅੱਧੀ ਦੁਨੀਆਂ ਲੰਗੜੀ-ਲੂਲੀ ਜਾਂ ਅੰਨ੍ਹੀ-ਕਾਣੀ ਹੀ ਹੋਣੀ ਸੀ। ਆਲੋਚਨਾ ਤੇ ਵਿਰੋਧ ਵਿਕਾਸ ਦੇ ਰਾਹ ਪਾਉਂਦੇ ਹਨ ਪਰ ਈਰਖਾ ਤੇ ਸਾੜੇ ਦੀ ਪੁੜੀ ਮੂੰਹ 'ਚ ਰੱਖ ਕੇ ਭੰਡਣ ਦੀ ਆਦਤ ਛੱਡ ਦੇਣੀ ਚਾਹੀਦੀ ਹੈ।

## ਸੁਰਾਂ ਦੀ ਸੌਦੇਬਾਜੀ ਬਨਾਮ ਪੰਜਾਬੀ ਸੰਗੀਤ

ਸਕਦਾ। ਜੇ ਇਹ ਵੀ ਸੰਗੀਤ ਮੰਡੀ ਦੀ ਚਾਲ ਹੈ ਤਾਂ ਸ਼ੁੱਭਾ ਖ਼ੈਰ!

ਸਰਤਾਜ ਇਕ ਨਾਮੀ ਸੰਸਥਾ ਦਾ ਅਧਿਆਪਕ ਹੈ। ਇਸ ਨਾਤੇ ਸਮਾਜ ਪ੍ਰਤੀ ਉਸ ਦੀ ਜ਼ਿੰਮੇਵਾਰੀ ਹੋਰ ਵੀ ਵਧ ਜਾਂਦੀ ਹੈ। ਉਹ ਗਾਇਕ ਤੋਂ ਪਹਿਲਾਂ ਇਕ ਸੰਗੀਤ ਅਧਿਆਪਕ ਹੈ। ਉਸ ਨੂੰ ਹੋ ਰਹੀ ਆਲੋਚਨਾ ਨੂੰ ਖੁਲ੍ਹੇ ਦਿਲ ਨਾਲ ਸੰਜ਼ੀਦਾ ਤਰੀਕੇ ਨਾਲ ਲੈਣਾ ਚਾਹੀਦਾ ਹੈ। ਵਿਕਾਸ ਵਿਰੋਧ 'ਚੋਂ ਹੀ ਹੁੰਦਾ ਹੈ।

ਖ਼ੈਰ ਹੋਵੇ ਹਾਕਮ ਸੂਫੀ ਦੀ ਜਿਹੜਾ ਨੰਗੇ ਧੜ ਲੜ ਰਿਹੈ ਤੇ ਕਹਿ ਰਿਹਾ ਹੈ ਕਿ ਉਹ ਸੂਫੀ ਸੰਗੀਤ ਦਾ ਕਤਲ ਨਹੀਂ ਹੋਣ ਦੇਵੇਗਾ। ਉਹ ਇਸ ਨੂੰ ਲੋਕਾਂ ਦੇ ਦਿਲਾਂ 'ਚ ਆਬਾਦ ਕਰ ਰਿਹਾ ਹੈ। ਉਹ ਸੂਫੀ ਗਾਇਕੀ ਦੇ ਕਤਲ ਲਈ ਕਿਸੇ ਹੱਦ ਤੱਕ ਪਰਵਾਸੀਆਂ ਨੂੰ ਵੀ ਭਾਗੀਦਾਰ ਸਮਝਦਾ ਹੈ, ਸ਼ਾਇਦ ਇਸੇ ਕਰਕੇ ਪੱਛਮੀ ਦੇਸ਼ਾਂ 'ਚ ਨਹੀਂ ਆ ਰਿਹਾ। ਪਰ ਉਸ ਨੂੰ ਆਉਣਾ ਚਾਹੀਦਾ ਹੈ, ਅਸਲੀ ਸੂਫੀ ਰੰਗ ਲੈ ਕੇ। ਸ਼ਾਲਾ! ਖੈਰ ਹੋਵੇ ਪੰਜਾਬੀ ਸੰਗੀਤ ਦੀ, ਸੰਗੀਤ ਬਾਰੇ ਹੋਰ ਗੱਲਾਂ ਅਗਲੇ ਲੇਖ 'ਚ ਕਰਾਂਗੇ।

**ਅੰਤਿਕਾ:** ਪੀ.ਐਚ.ਡੀ. ਦੀ ਡਿਗਰੀ ਤਨਖਾਹ ਅਤੇ ਰੁਤਬਾ ਵਧਾ ਸਕਦੀ ਹੈ, ਲਿਆਕਤ ਨਹੀਂ। ਇਹ ਸਿਰਫ ਓਵਰਕੋਟ ਹੈ (ਖਾਸ ਕਰਕੇ ਭਾਰਤ 'ਚ) ਜੋ ਪਾਟੇ ਹੋਏ ਕਪੜਿਆਂ ਨੂੰ ਢਕ ਲੈਂਦਾ ਹੈ। ਜਾਣਦਾ ਹਾਂ ਉਨ੍ਹਾਂ ਕੁਝ ਲੋਕਾਂ ਨੂੰ ਜਿਨ੍ਹਾਂ ਦੀ ਰੋਜ਼ੀ ਲੋਕਾਂ ਦੇ ਪੀ.ਐਚ.ਡੀ. ਥੀਸਸ ਲਿਖਣ ਨਾਲ ਚਲਦੀ ਹੈ ਪਰ ਖੁਦ ਉਹ ਪੀ.ਐਚ.ਡੀ. ਨਹੀਂ ਹਨ। ਭਗਤੀ ਲਹਿਰ ਦੇ ਮਹਾਨ ਸੰਤ ਕਬੀਰ ਅੱਖਰੀ ਪਛਾਣ ਤੋਂ ਵਾਂਝੇ ਸਨ, ਉਹ ਜਦ ਬਾਣੀ ਉਚਾਰਦੇ ਤਾਂ ਉਨ੍ਹਾਂ ਦੇ ਪੈਰੋਕਾਰ ਉਸ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਦਿੰਦੇ। ਅੱਜ ਉਨ੍ਹਾਂ ਦੀ ਬਾਣੀ ਉਤੇ ਪੀ.ਐਚ.ਡੀ. ਹੋ ਰਹੀ ਹੈ।

# ਰਬਾਬ ਦੇ ਰਾਖੇ, ਸੈਨਿਕ ਤੇ ਸੈਨਾਪਤੀ ਗੁਰੂ ਹਰਿਗੋਬਿੰਦ ਸਾਹਿਬ

ਦਾ ਯੁੱਧ) ਲਈ ਲਲਕਾਰਿਆ ਤਾਂ ਖੁਸ਼ੀ ਨਾਲ ਸਾਹਮਣੇ ਆਏ ਤੇ ਸਦਾ ਜਿੱਤ ਪ੍ਰਾਪਤ ਕੀਤੀ। ਮੁਖਲਸ ਖਾਂ, ਪੈਂਦੇ ਖਾਂ ਵਰਗੇ ਸੂਰਮੇ ਇਸੇ ਤਰ੍ਹਾਂ ਦੇ ਯੁੱਧ ਵਿਚ ਗੁਰੂ ਜੀ ਹੱਥੋਂ ਮਾਰੇ ਗਏ। ਦੁਸ਼ਮਣ ਉਨ੍ਹਾਂ ਦੀ ਤੀਰਅੰਦਾਜ਼ੀ ਤੋਂ ਏਨਾ ਡਰਦੇ ਸਨ ਕਿ ਉਹ ਉਨ੍ਹਾਂ ਨੂੰ ਦਵੰਧ ਯੁੱਧ ਸਮੇਂ ਢਾਲ ਤਲਵਾਰ ਦੀ ਲੜਾਈ ਲਈ ਕਹਿੰਦੇ ਸਨ। ਉਨ੍ਹਾਂ ਦੀ ਫੌਜ ਅਤੇ ਸਿੱਖਾਂ ਵਿਚ ਅਨੁਸ਼ਾਸਨ ਵੀ ਪੱਕਾ ਸੀ। ਜੋ ਹੁਕਮ ਕਰਦੇ, ਸਿਰ ਮੱਥੇ ਮੰਨਿਆ ਜਾਂਦਾ ਸੀ। ਇਕ ਵਾਰੀ ਭਾਈ ਜਵੰਦੇ ਨੂੰ ਦਰਵਾਜ਼ੇ 'ਤੇ ਖੜਾ ਰਹਿਣ ਲਈ ਕਹਿ ਕੇ ਆਪ ਸ਼ਿਕਾਰ ਲਈ ਚਲੇ ਗਏ। ਆਉਂਦੇ ਹੋਏ ਪਿਛਲੇ ਦਰਵਾਜ਼ੇ ਵਿਚੋਂ ਅੰਦਰ ਆ ਗਏ। ਭਾਈ ਜਵੰਦਾ ਤਿੰਨ ਦਿਨ ਦਰਵਾਜ਼ੇ 'ਤੇ ਖੜਾ ਰਿਹਾ। ਇਕ ਸਿੱਖ ਦੇ ਪੈਰ 'ਤੇ ਜ਼ਖਮ ਦੇਖ ਕੇ ਉਸਨੂੰ ਜੁੱਤੀ ਨਾ ਪਾਉਣ ਦੀ ਸਲਾਹ ਦਿੱਤੀ। ਉਸ ਨੇ ਤਿੰਨ ਮਹੀਨੇ ਜੁੱਤੀ ਨਹੀਂ ਪਾਈ। ਗੁਰੂ ਜੀ ਨੇ ਸੰਗਤ ਨੂੰ ਪੱਥਰ ਢੋਣ ਲਈ ਕਿਹਾ। ਭਾਈ ਚੂਹੜ ਦਿਨ ਰਾਤ ਪੱਥਰ ਢੋਈ ਗਿਆ। ਗੁਰੂ ਜੀ ਦੇ ਕਹਿਣ ਤੇ ਭਾਈ ਬਿਧੀ ਚੰਦ ਜਾਨ ਜੋਖਿਮ ਵਿਚ ਪਾ ਕੇ ਘੋੜੇ ਲੈ ਆਇਆ। ਸਾਧ, ਜਿਸ ਨੂੰ ਗੁਰੂ ਜੀ ਨੇ ਕਾਬਲ ਤੋਂ ਘੋੜੇ ਖਰੀਦਣ ਲਈ ਭੇਜਿਆ ਸੀ, ਆਪਣੇ ਮਰ ਰਹੇ ਪੁੱਤਰ ਨੂੰ ਮਿਲਣ ਲਈ ਵਾਪਸ ਨਹੀਂ ਆਇਆ।

ਗੁਰੂ ਜੀ ਪਰਉਪਕਾਰੀ ਸਨ। ਉਸ ਸਮੇਂ ਜਨਤਾ ਜ਼ੁਲਮ ਦਾ ਸ਼ਿਕਾਰ ਹੋ ਕੇ ਲਹੂ ਲੁਹਾਣ ਸੀ। ਹਿੰਮਤ ਹਾਰ ਚੁੱਕੀ ਸੀ। ਹਰ ਜ਼ੁਲਮ ਨੂੰ ਰੱਬ ਦੀ ਇੱਛਾ ਕਹਿ ਕੇ ਸਹਿ ਲੈਂਦੀ ਸੀ। ਅਜਿਹੇ ਸਮੇਂ ਗੁਰੂ ਜੀ ਨੇ ਗਰੀਬਾਂ ਨੂੰ ਮਾਣ, ਕਮਜ਼ੋਰਾਂ ਨੂੰ ਤਾਣ, ਨਿਆਸਰਿਆਂ ਨੂੰ ਆਸਰਾ, ਬੇਸਹਾਰਿਆਂ ਨੂੰ ਸਹਾਰਾ, ਗਤੀਹੀਣਾਂ ਨੂੰ ਗਤੀ ਬਖਸ਼ੀ। ਪਰਉਪਕਾਰ ਵਿਚ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ। ਉਨ੍ਹਾਂ ਨੇ ਖਜ਼ਾਨੇ ਵਿਚ ਕਦੇ ਵੀ ਰੁਪਈਆ ਪੈਸਾ ਜਮ੍ਹਾਂ ਨਹੀਂ ਕੀਤਾ। ਸਾਰਾ ਧਨ ਲੋਕਾਂ ਦੀ ਭਲਾਈ 'ਤੇ ਖਰਚ ਦਿੰਦੇ ਸਨ। ਇਨਸਾਨੀਅਤ ਦਾ ਜਜ਼ਬਾ ਲੋਕਾਂ ਦੇ ਦਿਲਾਂ ਵਿਚ ਭਰਿਆ। ਛੋਟਿਆਂ ਵੱਡਿਆਂ ਦੀ ਇੱਜ਼ਤ ਕਰਨਾ ਅਤੇ ਬਣਦਾ ਮਾਣ ਸਨਮਾਨ ਦੇਣਾ, ਉਹ ਕਦੇ ਵੀ ਨਹੀਂ ਭੁੱਲਦੇ ਸਨ।

ਗੁੱਸਾ ਗੁਰੂ ਜੀ ਦੇ ਨੇੜੇ ਨਹੀਂ ਢੁਕਦਾ ਸੀ। ਕੋਈ ਹੋਰ ਹੁੰਦਾ ਤਾਂ ਆਪਣੇ ਦੇਵਤਾ ਸਰੂਪ ਬੇਗੁਨਾਹ ਪਿਤਾ ਨੂੰ ਤਸੀਹੇ ਦੇ ਕੇ ਸ਼ਹੀਦ ਕੀਤੇ ਜਾਣ 'ਤੇ ਨਾਰਾਜ਼ਗੀ, ਗੁੱਸੇ ਅਤੇ ਕੁੜਿੱਤਣ ਨਾਲ ਭਰ ਕੇ ਘ੍ਰਿਣਾ ਪ੍ਰਗਟਾਉਂਦਾ ਅਤੇ ਦੁਸ਼ਮਣੀ ਦੀ ਅੱਗ ਵਿਚ ਸਾੜ ਕੇ ਸਭ ਕੁਝ ਸੁਆਹ ਕਰ ਸੁੱਟਦਾ, ਪਰ ਗੁਰੂ ਜੀ ਨੇ ਸਿਆਣਪ, ਇਨਸਾਨੀਅਤ ਅਤੇ ਪਿਆਰ ਦਾ ਸਬੂਤ ਦਿੰਦੇ ਹੋਏ ਇਕ ਅਜਿਹਾ ਰਾਹ ਅਪਨਾਇਆ ਜੋ ਉਨ੍ਹਾਂ ਦੀ ਇਨਸਾਨੀਅਤ ਤੇ ਧਰਮ ਨਿਰਪੇਖਤਾ ਦੀ ਮਿਸਾਲ ਬਣਿਆ। ਮੋਹਸਿਨ ਫਾਨੀ ਲਿਖਦਾ ਹੈ, ''ਗੁਰੂ ਹਰਿਗੋਬਿੰਦ ਵਰਗਾ ਨੇਕ ਇਨਸਾਨ ਇਸ ਧਰਤੀ ਤੇ ਪਹਿਲਾਂ ਕਦੇ ਨਹੀਂ ਆਇਆ ਹੋਵੇਗਾ। ਉਨ੍ਹਾਂ ਦੀ ਤਲਵਾਰ ਬਿਨਾਂ ਕਾਰਨ ਗੁੱਸੇ ਵਿਚ ਆ ਕੇ ਕਦੇ ਮਿਆਨ 'ਚੋਂ ਬਾਹਰ ਨਹੀਂ ਆਈ।''

ਗੁਰੂ ਜੀ ਆਚਰਨ ਪੱਖੋਂ ਵੀ ਉਚੇ ਸਨ। ਉਹ ਪਰਾਈਆਂ ਇਸਤਰੀਆਂ ਨੂੰ ਦੇਖ ਕੇ ਡੋਲੇ ਨਹੀਂ, ਕੌਲਾਂ ਨੇ ਬੱਚਿਆਂ ਨੂੰ ਦੇਖ ਕੇ ਇਕ ਵਾਰੀ ਗੁਰੂ ਜੀ ਨੂੰ ਕਿਹਾ, ''ਮਹਾਰਾਜ! ਜੇਕਰ ਮੈਂ ਵਿਆਹੀ ਹੁੰਦੀ, ਮੇਰੇ ਪੁੱਤਰ ਹੁੰਦਾ ਤਾਂ ਮੇਰਾ ਨਾਂ ਵੀ ਦੁਨੀਆਂ ਵਿਚ ਰਹਿ ਜਾਂਦਾ।'' ਗੁਰੂ ਜੀ ਨੇ ਕਿਹਾ, ''ਮੈਂ ਤੁਹਾਨੂੰ ਅਜਿਹਾ ਪੁੱਤਰ ਦਿਆਂਗਾ ਜਿਸ ਨਾਲ ਤੇਰਾ ਨਾਂ ਦੁਨੀਆਂ ਵਿਚ ਸਦਾ ਕਾਇਮ ਰਹੇਗਾ।'' ਇਸ ਗੱਲ ਨੂੰ ਮੁੱਖ ਰੱਖਦਿਆਂ ਗੁਰੂ ਜੀ ਨੇ 'ਕੌਲਸਰ' ਬਣਾਇਆ।

ਗੁਰੂ ਜੀ ਨੇ ਧਾਰਮਕ ਨੇਤਾ ਦੇ ਰੂਪ ਵਿਚ ਵੀ ਭਾਰਤੀ ਜਨਤਾ ਦਾ ਮਾਰਗ ਦਰਸ਼ਨ ਕੀਤਾ। ਗੁਰੂ ਜੀ ਸੰਗਤ ਨੂੰ ਸੰਗਠਤ ਹੋ ਕੇ ਰਹਿਣ ਲਈ ਪ੍ਰੇਰਦੇ ਸਨ। ਯੁੱਧ ਦੇ ਦਿਨਾਂ ਵਿਚ ਉਤਸ਼ਾਹੀ ਤੇ ਸ਼ਰਧਾਲੂ ਸਿੱਖਾਂ ਨੂੰ ਪ੍ਰਚਾਰ ਲਈ ਪ੍ਰੇਰਦੇ ਰਹੇ। ਜਦ ਸ਼ਾਹਜਹਾਂ ਨੇ ਧਾਰਮਕ ਥਾਵਾਂ ਡੇਗਣ ਅਤੇ ਧਾਰਮਕ ਪ੍ਰਚਾਰ ਦੇ ਕੰਮਾਂ ਵਿਚ ਵਿਘਨ ਪਾਉਣ ਦਾ ਹੁਕਮ ਦਿੱਤਾ ਤਾਂ ਗੁਰੂ ਜੀ ਨੇ ਧਰਮ ਪ੍ਰਚਾਰਕਾਂ ਨੂੰ ਸੌ-ਸੌ ਸਵਾਰਾਂ ਦੀ ਸੁਰੱਖਿਆ ਵਿਚ ਭੇਜਣ ਦੀ ਯੋਜਨਾ ਬਣਾਈ। ਕਾਬਲ, ਗਜ਼ਨੀ, ਇਰਾਨ, ਬੰਗਾਲ, ਕਾਮਰੂਪ ਤੱਕ ਪ੍ਰਚਾਰਕਾਂ ਨੂੰ ਭੇਜ ਕੇ ਸਿੱਖ ਧਰਮ ਦਾ ਪ੍ਰਚਾਰ ਕਰਵਾਇਆ। ਬਾਬਾ ਗੁਰਦਿੱਤਾ ਜੀ, ਭਾਈ ਬਿਧੀ ਚੰਦ ਆਦਿ ਨੂੰ ਪਹਾੜੀ ਖੇਤਰ, ਅਯੁੱਧਿਆ, ਬੰਗਾਲ, ਬਿਹਾਰ ਆਦਿ ਖੇਤਰਾਂ ਵਿਚ ਪ੍ਰਚਾਰ ਲਈ ਭੇਜਿਆ।

ਗੁਰੂ ਜੀ ਨੇ ਹਰ ਇਕ ਨੂੰ ਸਮਝਾ ਦਿੱਤਾ ਸੀ ਕਿ ਜ਼ੁਲਮ ਵਿਰੁਧ ਲੜਨਾ ਕਿਸੇ ਵੀ ਧਰਮ ਦੀ ਰੂਹ ਦੇ ਵਿਰੁਧ ਨਹੀਂ ਹੈ। ਇਹ ਵਿਵਹਾਰਕ ਧਰਮ ਦਾ ਇਕ ਹਿੱਸਾ ਹੈ। ਜਿਵੇਂ ਇਕ ਡਾਕਟਰ ਨੂੰ ਕਿਸੇ ਰੋਗੀ ਦੀ ਜਾਨ ਬਚਾਉਣ ਲਈ ਚੀਰ ਫਾੜ ਕਰਨੀ ਪੈਂਦੀ ਹੈ, ਉਸੇ ਤਰ੍ਹਾਂ ਗੁਰੂ ਜੀ ਨੂੰ ਦੱਬੇ ਕੁਚਲੇ ਸਮਾਜ ਨੂੰ ਜਗਾਉਣ ਲਈ ਹੱਥ ਵਿਚ ਤਲਵਾਰ ਫੜਨ ਦਾ ਨਵਾਂ ਰਾਹ ਅਪਨਾਉਣਾ ਪਿਆ। ਉਨ੍ਹਾਂ ਨੇ ਆਪਣੇ ਆਪ ਨੂੰ ਰੂਹਾਨੀ ਅਤੇ ਫੌਜੀ ਅਗਵਾਈ ਵਿਚ ਮਿਲਾ ਲਿਆ।

ਗੁਰੂ ਜੀ ਵਲੋਂ ਜਹਾਂਗੀਰ ਅਤੇ ਸ਼ਾਹਜਹਾਂ ਦੇ ਸਮੇਂ ਉਚੇ ਅਹੁਦੇ ਦੀ ਪ੍ਰਵਾਨਗੀ, ਰਾਜਨੀਤੀ ਅਤੇ ਰਾਜਨੀਤਕ ਦੂਰ-ਦ੍ਰਿਸ਼ਟੀ ਦਾ ਇਕ ਬਹੁਤ ਹੀ ਵਧੀਆ ਪ੍ਰਮਾਣ ਹੈ। ਉਨ੍ਹਾਂ ਨੇ ਸਥਾਨਕ ਸਰਕਾਰ ਦੇ ਸ਼ੰਕਿਆਂ ਨੂੰ ਦੂਰ ਕੀਤਾ ਅਤੇ ਆਪਣੇ ਫੌਜੀ ਵਸੀਲਿਆਂ ਨੂੰ ਵਧਾਉਣ ਦਾ ਸ਼ਾਨਦਾਰ ਮੌਕਾ ਪ੍ਰਾਪਤ ਕੀਤਾ।

ਗੁਰੂ ਜੀ ਸੁੱਖ ਸਾਧਨ ਨਹੀਂ ਲੋਚਦੇ ਸਨ। ਉਨ੍ਹਾਂ ਨੂੰ ਸੰਸਾਰਕ ਸੁੱਖਾਂ ਨਾਲ ਕੋਈ ਮੋਹ ਨਹੀਂ ਸੀ। ਉਨ੍ਹਾਂ ਨੇ ਸ਼ਕਤੀ ਨੂੰ ਉਸ ਵੇਲੇ ਵਰਤਿਆ ਜਦੋਂ ਪਾਣੀ ਸਿਰਾਂ ਤੋਂ ਲੰਘ ਗਿਆ ਅਤੇ ਹੋਰ ਸਾਰੇ ਵਸੀਲੇ ਬੇਕਾਰ ਹੋ ਗਏ। ਉਨ੍ਹਾਂ ਦਾ ਜੀਵਨ ਪੂਰਨ ਤਿਆਗ, ਬਲੀਦਾਨ, ਮਿਹਨਤ, ਨਵੀਂ ਸੂਝਬੂਝ, ਸੈਨਿਕ ਯੋਗਤਾ, ਧਰਮ ਨਿਰਪੇਖਤਾ, ਉਦਾਰਤਾ, ਕ੍ਰਾਂਤੀਕਾਰੀ, ਰਾਜਨੀਤਕ, ਪਰਉਪਕਾਰੀ ਅਤੇ ਅਦੁੱਤੀ ਸੂਰਬੀਰਤਾ ਦੀ ਅਨੋਖੀ ਕਹਾਣੀ ਹੈ। ਉਹ ਮਹਾਨ ਸੰਤ ਸਿਪਾਹੀ ਸਨ। ਉਹ ਜ਼ਾਲਮ ਸਰਕਾਰ ਵਿਰੁਧ ਉਭਰਦੇ ਲੋਕ-ਅੰਦੋਲਨ ਦੇ ਨੇਤਾ ਵੀ ਸਨ। ਉਹ ਸੈਨਿਕ ਵੀ ਸਨ ਤੇ ਸੈਨਾਪਤੀ ਵੀ।

# ਹੱਸਦਿਆਂ ਖੇਡਦਿਆਂ...

**ਡਾ. ਗੁਰਨਾਮ ਕੌਰ**

ਗਿਆਰ੍ਹਵੀਂ ਦਾ ਨਤੀਜਾ ਆਇਆ ਤਾਂ ਦਰਜਾ ਫਸਟ ਕਲਾਸ ਫਸਟ ਤੋਂ ਘਟ ਕੇ ਸੈਕਿੰਡ ਕਲਾਸ 'ਤੇ ਪਹੁੰਚ ਗਿਆ। ਮਨ ਨੂੰ ਬਹੁਤ ਪ੍ਰੇਸ਼ਾਨੀ ਹੋਈ ਪਰ ਕਾਲਜ ਆ ਕੇ ਬਹੁਤੀਆਂ ਵਿਦਿਆਰਥਣਾਂ ਦਾ ਹਾਲ ਇਹੀ ਸੀ। ਮੈਂ ਅਤੇ ਲਖਬੀਰ ਨੇ ਫੈਸਲਾ ਕੀਤਾ ਕਿ ਪੋਲੀਟੀਕਲ ਸਾਇੰਸ ਦੀ ਥਾਂ ਨਵਾਂ ਸ਼ੁਰੂ ਹੋਇਆ ਵਿਸ਼ਾ ਸੋਸ਼ਿਆਲੋਜੀ ਲਿਆ ਜਾਵੇ, ਜਿਸ ਦਾ ਸਿਲੇਬਸ ਪੋਲੀਟੀਕਲ ਸਾਇੰਸ ਦੇ ਸਿਲੇਬਸ ਨਾਲੋਂ ਬਹੁਤ ਥੋੜਾ ਸੀ। ਇਸ ਤਰ੍ਹਾਂ ਇਕਨਾਮਿਕਸ ਵਰਗੇ ਔਖੇ ਵਿਸ਼ੇ ਨੂੰ ਪੜ੍ਹਨ ਲਈ ਹੋਰ ਸਮਾਂ ਮਿਲ ਸਕਦਾ ਸੀ। ਬੀ.ਏ. ਵਿਚ ਤਿੰਨ ਵਿਸ਼ੇ ਅੰਗਰੇਜ਼ੀ, ਇਕਨਾਮਿਕਸ ਅਤੇ ਸੋਸ਼ਿਆਲੋਜੀ ਹੁੰਦੇ ਸਨ। ਉਦੋਂ ਅੰਗਰੇਜ਼ੀ ਜ਼ਰੂਰੀ ਅਤੇ ਚੋਣਵੇਂ ਵਿਸ਼ਿਆਂ ਵਿਚ ਨਹੀਂ ਸੀ ਵੰਡੀ ਹੁੰਦੀ। ਪੂਰਾ ਵਿਸ਼ਾ ਹੁੰਦੀ ਸੀ। ਜ਼ਰੂਰੀ ਅਤੇ ਚੋਣਵੇਂ ਵਿਸ਼ੇ ਦਾ ਅੰਗਰੇਜ਼ੀ ਦਾ ਫਰਕ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਆ ਕੇ ਹੀ ਸੁਣਿਆ। ਮੇਰੀ ਪੰਜਾਬੀ ਦੀ ਮੈਡਮ ਮਿਸਿਜ਼ ਹਰਮਿੰਦਰ ਸਿੰਘ ਨੇ ਮੈਨੂੰ ਬਹੁਤ ਜ਼ੋਰ ਪਾਇਆ ਕਿ ਪੰਜਾਬੀ ਭਾਸ਼ਾ ਚੋਣਵੇਂ ਵਿਸ਼ੇ ਦੇ ਤੌਰ 'ਤੇ ਪੜ੍ਹਾਂ ਕਿਉਂਕਿ ਮੈਂ ਪੰਜਾਬੀ ਵਿਚ ਡਿਸਟਿੰਕਸ਼ਨ ਲਈ ਸੀ ਅਤੇ ਸਾਹਿਤ ਵਿਚ ਦਿਲਚਸਪੀ ਸੀ। ਉਦੋਂ ਪੰਜਾਬੀ ਭਾਸ਼ਾ ਨੂੰ ਚੋਣਵੇਂ ਵਿਸ਼ੇ ਵਜੋਂ ਆਮ ਵਿਦਿਆਰਥੀ ਸਾਹਿਤ ਵਿਚ ਦਿਲਚਸਪੀ ਕਾਰਨ ਨਹੀਂ ਸੀ ਲੈਂਦੇ ਸਗੋਂ ਇਸ ਲਈ ਪੜ੍ਹਦੇ ਸਨ ਕਿ ਪੰਜਾਬੀ ਭਾਸ਼ਾ ਉਨ੍ਹਾਂ ਨੂੰ ਬਾਕੀ ਵਿਸ਼ਿਆਂ ਤੋਂ ਸੌਖੀ ਅਤੇ ਵੱਧ ਨੰਬਰ ਲੈਣ ਵਾਲੀ ਲਗਦੀ ਸੀ। ਪੰਜਾਬੀ ਪੜ੍ਹਨ ਵਾਲੇ ਬਹੁਤੇ ਵਿਦਿਆਰਥੀਆਂ ਨੂੰ ਸਾਹਿਤ ਵਿਚ ਦਿਲਚਸਪੀ ਹੀ ਨਹੀਂ ਸੀ ਹੁੰਦੀ। ਮਸਲਨ ਜਦੋਂ ਮੈਂ ਪੰਜਾਬੀ ਯੂਨੀਵਰਸਿਟੀ ਵਿਚ ਆਈ ਤਾਂ ਆਪਣੇ ਵਿਭਾਗ ਦੀ ਲੈਕਚਰਾਰ ਨਾਲ ਮੈਂ ਕਿਸੇ ਨਾਵਲ 'ਤੇ ਗੱਲ ਕਰਨੀ ਚਾਹੀ ਜਿਸ ਨੇ ਪੰਜਾਬੀ ਦੀ ਐਮ.ਏ. ਫਸਟ ਕਲਾਸ ਵਿਚ ਕੀਤੀ ਸੀ। ਉਸ ਨੇ ਨਾਂਹ ਵਿਚ ਸਿਰ ਹਿਲਾ ਦਿੱਤਾ ਕਿ ਪੜ੍ਹਿਆ ਨਹੀਂ। ਮੈਂ ਉਲਟਾ ਪੁੱਛਿਆ ਕਿ ਤੁਸੀਂ ਨਾਵਲ ਪੜ੍ਹਿਆ ਨਹੀਂ, ਤੁਸੀਂ ਤਾਂ ਪੰਜਾਬੀ ਦੀ ਐਮ.ਏ. ਕੀਤੀ ਹੈ? ਜਵਾਬ ਸੀ, "ਮੇਰੇ ਦਾਰ ਜੀ ਦਾ ਕਹਿਣਾ ਸੀ ਕਿ ਕੁੜੀਆਂ ਨਾਵਲ ਨਹੀਂ ਪੜ੍ਹਦੀਆਂ ਹੁੰਦੀਆਂ। ਇਸ ਲਈ ਮੈਂ ਉਹੀ ਨਾਵਲ ਪੜ੍ਹੇ ਹਨ ਜੋ ਕੋਰਸ ਵਿਚ ਲੱਗੇ ਸਨ।" ਇਹ ਸੀ ਨਜ਼ਰੀਆ ਪੰਜਾਬੀ ਸਾਹਿਤ ਦੀ ਐਮ.ਏ. ਕਰਨ ਵਾਲਿਆਂ ਦਾ।



ਡਾ. ਗੁਰਨਾਮ ਕੌਰ

ਟਿਊਟੋਰੀਅਲ ਵਿਚ ਮਿਸਜ਼ ਜੇ.ਕੇ. ਗਰੇਵਾਲ ਨੇ ਜਦੋਂ ਬੀ.ਏ. ਦੇ ਵਿਸ਼ਿਆਂ ਬਾਰੇ ਪੁੱਛਿਆ ਤਾਂ ਦੱਸਣ ਤੇ ਉਨ੍ਹਾਂ ਸਲਾਹ ਦਿੱਤੀ ਕਿ ਸੋਸ਼ਿਆਲੋਜੀ ਦੇ ਨਾਲ ਫਿਲਾਸਫੀ ਰੱਖਣੀ ਜ਼ਿਆਦਾ ਵਧੀਆ ਸੁਮੇਲ ਹੈ। ਪਰ ਉਦੋਂ ਏਨੀ ਸਮਝ ਨਹੀਂ ਸੀ ਅਤੇ ਸਿਰ 'ਤੇ ਇਕਨਾਮਿਕਸ ਦੀ ਐਮ.ਏ. ਕਰਨ ਦਾ ਭੂਤ ਸਵਾਰ ਸੀ।

ਪੀ.ਟੀ. ਦੀ ਨਵੀਂ ਲੈਕਚਰਰ ਮਿਸ ਅਨੰਦ ਆਏ ਤਾਂ ਉਨ੍ਹਾਂ ਨੇ ਕਾਲਜ ਵਿਚ ਹਾਕੀ ਦੀ ਗੇਮ ਸ਼ੁਰੂ ਕੀਤੀ। ਉਹ ਆਪ ਹਾਕੀ ਦੀ ਤਕੜੀ ਖਿਡਾਰਨ ਸੀ। ਇਸੇ ਸਾਲ ਰਵਿੰਦਰ ਗਿੱਲ ਵੀ ਹੋਸਟਲ ਆ ਗਈ ਅਤੇ ਅਸੀਂ ਰੂਮ-ਮੇਟ ਬਣ ਗਈਆਂ। ਮੈਂ, ਰਵਿੰਦਰ, ਲਖਬੀਰ ਅਤੇ ਮਹਿੰਦਰ ਨੇ ਹਾਕੀ ਲੈਣ ਦਾ ਮਨ ਬਣਾ ਲਿਆ। ਇਸ ਤਰ੍ਹਾਂ ਦੋ ਦਿਨ ਐਨ.ਸੀ.ਸੀ. ਦੇ ਅਤੇ ਬਾਕੀ ਦਿਨ ਸ਼ਾਮ ਦੇ ਹਾਕੀ ਖੇਡਣ ਵਿਚ ਨਿਕਲ ਜਾਂਦੇ।

ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਮਨੋਜ ਕੁਮਾਰ ਦੀ ਪਿਕਚਰ 'ਸ਼ਹੀਦ' ਦੀ ਸ਼ੂਟਿੰਗ ਲੁਧਿਆਣਾ ਦੀ ਸੈਂਟਰਲ ਜੇਲ੍ਹ ਵਿਚ ਚੱਲ ਰਹੀ ਸੀ ਜਿਸ ਦੇ ਅਦਾਕਾਰ ਮਨੋਜ ਕੁਮਾਰ, ਪ੍ਰਾਣ ਅਤੇ ਹੋਰ ਕਲਾਕਾਰ ਗੁਲਮੋਹਰ ਹੋਟਲ ਵਿਚ ਠਹਿਰੇ ਹੋਏ ਸਨ, ਜੋ ਕਾਲਜ ਦੀ ਪਿਛਲੀ ਸੜਕ 'ਤੇ ਹੀ ਪੈਂਦਾ ਸੀ। ਸਾਰਾ ਦਿਨ ਇਥੇ ਉਨ੍ਹਾਂ ਦੀ ਇਕ ਝਲਕ ਦੇਖਣ ਲਈ ਮੇਲਾ ਲੱਗਿਆ ਰਹਿੰਦਾ। ਹਾਕੀ ਖੇਡਦਿਆਂ ਗਰਾਊਂਡ ਵਿਚ ਉਨ੍ਹਾਂ ਦਾ ਰੌਲਾ ਸੁਣਦਾ ਰਹਿੰਦਾ। ਇਕ ਦਿਨ ਕਾਲਜ ਦੀਆਂ ਜਮਾਤਾਂ ਮਿੱਸ ਕਰਕੇ ਤਿੰਨ ਲੜਕੀਆਂ ਜੋ ਡੇ-ਸਕਾਲਰ ਸਨ, ਰੀਸੋ-ਰੀਸ ਉਨ੍ਹਾਂ ਐਕਟਰਾਂ ਨੂੰ ਦੇਖਣ ਗੁਲਮੋਹਰ ਹੋਟਲ ਚਲੀਆਂ ਗਈਆਂ। ਤਿੰਨੇ ਸਾਡੀ ਜਮਾਤ ਦੀਆਂ ਹੀ ਸਨ ਅਤੇ ਬਹੁਤ ਹੀ ਸਾਊ ਅਤੇ ਸਿੱਧੀਆਂ-ਸਾਦੀਆਂ ਕੁੜੀਆਂ ਸਨ। ਹੋਟਲ ਦੇ ਮੈਨਜਰ ਨੇ ਕਾਲਜ ਦੀ ਪ੍ਰਿੰਸੀਪਲ ਨੂੰ ਫੋਨ ਕਰ ਦਿੱਤਾ। ਪ੍ਰਿੰਸੀਪਲ ਨੂੰ ਬਹੁਤ ਗੁੱਸਾ ਲੱਗਾ। ਉਨ੍ਹਾਂ ਲੜਕੀਆਂ ਨੂੰ ਉਸੇ ਵੇਲੇ ਉਥੋਂ ਬੁਲਾ ਲਿਆ ਗਿਆ ਅਤੇ ਅਸੈਂਬਲੀ ਹਾਲ 'ਚ ਸਾਰੇ ਕਾਲਜ ਨੂੰ ਇਕੱਠਾ ਕਰਕੇ ਸਟੇਜ 'ਤੇ ਖੜ੍ਹੀਆਂ ਕਰਕੇ ਝਿੜਕਿਆ ਵੀ ਗਿਆ ਅਤੇ ਸਖਤ ਹਦਾਇਤ ਕੀਤੀ ਗਈ ਕਿ ਕੋਈ ਲੜਕੀ ਹੋਟਲ ਦੇ ਨਜ਼ਦੀਕ ਵੀ ਦਿਖਾਈ ਨਹੀਂ ਦੇਣੀ ਚਾਹੀਦੀ। ਮੈਂ ਹੁਣ ਵੀ ਜਦੋਂ ਕਦੀ ਟੀ.ਵੀ. ਤੇ ਇਸ ਪਿਕਚਰ ਨੂੰ ਦੇਖਦੀ ਹਾਂ ਤਾਂ ਮੈਨੂੰ ਇਹ ਘਟਨਾ ਯਾਦ ਆ ਜਾਂਦੀ ਹੈ।

ਪੰਜਾਬ ਦੇ ਇੰਟਰ-ਕਾਲਜ ਹਾਕੀ ਮੈਚ ਦਸੰਬਰ-ਜਨਵਰੀ ਦੇ ਮਹੀਨੇ ਜਲੰਧਰ ਦੇ ਹੰਸ ਰਾਜ ਮਹਿਲਾ ਮਹਾਂ-ਵਿਦਿਆਲਿਆ ਵਿਚ ਰੱਖੇ ਗਏ। ਸਾਡੀ ਟੀਮ ਪਹਿਲੇ-ਦੂਜੇ ਮੈਚ ਵਿਚ ਹੀ ਹਾਰ ਗਈ ਕਿਉਂਕਿ ਇਹ ਨਵੀਂ ਟੀਮ ਸੀ ਅਤੇ ਕਾਲਜ ਵਿਚ ਇਸ ਤੋਂ ਪਹਿਲਾਂ ਹਾਕੀ ਨਹੀਂ ਸੀ ਖੇਡੀ ਜਾਂਦੀ। ਹਾਕੀ ਖੇਡਣ ਦਾ ਸਾਰਾ ਚਾਅ ਲੱਥ ਗਿਆ। ਸਿੱਧਵਾਂ ਦੀ ਟੀਮ ਨੇ ਫਾਈਨਲ ਮੈਚ ਜਿੱਤਿਆ। ਵੈਸੇ ਵੀ ਜਿਵੇਂ ਸਾਡੇ ਕਾਲਜ ਦੀ ਬਾਸਕਟਬਾਲ, ਵਾਲੀਬਾਲ ਅਤੇ ਬੈਡਮਿੰਟਨ ਵਿਚ ਸਰਦਾਰੀ ਸੀ, ਇਸੇ ਤਰ੍ਹਾਂ ਸਿੱਧਵਾਂ ਦੀ ਸਾਰੇ ਪੰਜਾਬ ਵਿਚ ਹਾਕੀ ਵਿਚ ਸਰਦਾਰੀ ਸੀ।

ਬੀ.ਏ. ਫਸਟ ਯੀਅਰ ਵਿਚ ਮਿਸ ਮਨਜੀਤ ਦੀ ਥਾਂ ਮਿਸਿਜ਼ ਚੋਪੜਾ ਇਕਨਾਮਿਕਸ ਪੜ੍ਹਾਉਣ ਲੱਗ ਪਈ। ਉਹ ਬਹੁਤ ਹੀ ਮਜ਼ਾਕੀਆਂ ਅਤੇ ਦਿਲਚਸਪ ਸੁਭਾ ਦੀ ਸੀ। ਇਕ ਦਿਨ ਪੀ.ਟੀ. ਦੇ ਪੀਰਡ ਤੋਂ ਬਾਅਦ ਇਕਨਾਮਿਕਸ ਦਾ ਪੀਰਡ ਲੱਗਣਾ ਸੀ। ਪੀ.ਟੀ. ਦੇ ਪੀਰਡ ਵਿਚ ਚਿੱਟੇ ਪੀ.ਟੀ. ਬੂਟ ਪਾਉਣੇ ਪੈਂਦੇ। ਹੋਸਟਲ ਜਾ ਕੇ ਜੁੱਤੀ ਬਦਲਣ ਦਾ ਸਮਾਂ ਨਹੀਂ ਸੀ ਅਤੇ ਮੈਂ ਸਿੱਧੀ ਕਲਾਸ ਲਾਉਣ ਆ ਗਈ। ਮੈਂ ਸ਼ੁਰੂ ਤੋਂ ਮੂਹਰਲੀ ਕਤਾਰ ਵਿਚ ਬੈਠਣ ਦੀ ਆਦੀ ਸੀ। ਮੇਰੇ ਇਕ ਬੂਟ ਵਿਚ ਮੋਰੀ ਹੋ ਗਈ ਸੀ ਅਤੇ ਅੰਗੂਠਾ ਬਾਹਰ ਨਿਕਲਿਆ ਹੋਇਆ ਸੀ। ਪੜ੍ਹਾਉਂਦਿਆਂ ਮੈਡਮ ਦੀ ਨਿਗਾਹ ਮੇਰੇ ਪੈਰ 'ਤੇ ਚਲੀ ਗਈ, ਉਸ ਨੇ ਰਾਜ ਕਪੂਰ ਦੀ ਫਿਲਮ ਦੇ ਮਸ਼ਹੂਰ ਗਾਣੇ, 'ਮੇਰਾ ਜੂਤਾ ਹੈ ਜਾਪਾਨੀ...' ਦੀਆਂ ਸਤਰਾਂ ਗਾ ਦਿੱਤੀਆਂ ਤੇ ਨਾਲ ਹੀ ਮੁਸਕਰਾ ਪਈ। ਅੱਗੋਂ ਮੈਂ ਵੀ ਹੱਸ ਪਈ। ਸਾਡੀ ਸਾਰੀ ਕਲਾਸ ਸਾਡੇ ਦੋਹਾਂ ਦੇ ਮੂੰਹ ਵੱਲ ਦੇਖ ਹੱਸਣ ਲੱਗ ਪਈ। ਇਕਨਾਮਿਕਸ ਸੁਸਾਇਟੀ ਵਲੋਂ ਡੈਕਲਾਮੇਸ਼ਨ ਹੋਣਾ ਸੀ। ਮੈਡਮ ਨੇ ਮੈਨੂੰ "ਓਵਰ ਪਾਪੂਲੇਸ਼ਨ ਐਂਡ ਫੈਮਿਲੀ ਪਲੈਨਿੰਗ ਇਨ ਇੰਡੀਆ" ਤੇ ਪਰਚਾ ਲਿਖਣ ਲਈ ਕਿਹਾ ਕਿਉਂਕਿ ਸਾਨੂੰ ਇਸ ਸਾਲ ਐਗਰੀਕਲਚਰ ਇਕਨਾਮਿਕਸ ਲੱਗੀ ਹੋਈ ਸੀ। ਮੈਂ ਇਹ ਪਰਚਾ ਕੁਝ ਮਜ਼ਾਕੀਆ ਅੰਦਾਜ਼ ਵਿਚ ਗੰਭੀਰ ਪ੍ਰਸ਼ਨ ਉਠਾ ਕੇ ਪੇਸ਼ ਕੀਤਾ (ਮੈਡਮ ਦੇ ਸੁਭਾ ਅਨੁਸਾਰ) ਅਤੇ ਮੈਂ ਫਸਟ ਆ ਗਈ। ਇਸ ਵਾਰ ਮੈਂ ਲਾਇਲ ਬੁੱਕ ਡਿਪੋ ਤੋਂ ਇਸ ਪਹਿਲੇ ਇਨਾਮ ਦੀ ਜਿਹੜੀ ਕਿਤਾਬ ਖਰੀਦੀ, ਉਹ ਸੀ ਅੰਗਰੇਜ਼ੀ ਦਾ ਇਰਵਿੰਗ ਸਟੋਨ ਦਾ ਨਾਵਲ "ਲਸਟ ਫਾਰ ਲਾਈਫ" ਜੋ ਮਹਾਨ ਚਿਤਰਕਾਰ ਵਿਨਸੈਂਟ ਵਾਨ ਗਾਗ ਦੀ ਜ਼ਿੰਦਗੀ 'ਤੇ ਅਧਾਰਤ ਸੀ। ਅੱਜ ਵੀ ਇਹ ਨਾਵਲ ਮੇਰੇ ਚੇਤਿਆਂ ਵਿਚ ਉਵੇਂ ਹੀ ਸੱਜਰਾ ਹੈ।

ਬੀ.ਏ. ਫਸਟ ਯੀਅਰ ਦੇ ਇਮਤਿਹਾਨਾਂ ਤੋਂ ਬਾਅਦ ਦੀਆਂ ਛੁੱਟੀਆਂ ਵਿਚ ਸਾਰੇ ਪੰਜਾਬ ਦੇ ਕਾਲਜਾਂ ਦਾ ਐਨ.ਸੀ.ਸੀ. ਦਾ ਕੈਂਪ ਲੱਗਣਾ ਸੀ ਜਿਸ ਵਿਚ ਸਾਨੂੰ ਵੀ ਸ਼ਾਮਿਲ ਕੀਤਾ ਗਿਆ। ਇਹ ਕੈਂਪ ਸਾਂਝੇ ਪੰਜਾਬ ਦੇ, ਪਹਾੜੀ ਵਾਦੀ ਵਿਚ ਵੱਸੇ ਸੁੰਦਰ ਤੇ ਮਨਮੋਹਣੇ ਸ਼ਹਿਰ ਧਰਮਸ਼ਾਲਾ ਵਿਚ ਲੱਗਣਾ ਸੀ। ਫੌਜੀਆਂ ਦੀ ਸਿੱਧੀ ਜਿਹੀ ਜ਼ੁਬਾਨ ਵਿਚ ਕੱਪੜੇ, ਬਿਸਤਰਿਆਂ ਦੇ ਨਾਲ ਨਾਲ ਲਿਖਣ ਵਾਸਤੇ ਕਾਪੀ ਅਤੇ ਹੋਲਡਰ (ਇਕ ਤਰ੍ਹਾਂ ਦਾ ਪੈਨ) ਵੀ ਲੈ ਕੇ ਆਉਣਾ ਸੀ। ਇਸ ਤੋਂ ਪਹਿਲਾਂ ਕਦੇ ਪਹਾੜੀ ਰਾਹ ਦਾ ਸਫਰ ਨਹੀਂ ਸੀ ਕੀਤਾ। ਇਸ ਲਈ ਘਰਦਿਆਂ ਨੇ ਗੁਆਂਢੀ ਡਾਕਟਰ ਵੀਰ, ਜੋ ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰ ਸੀ, ਹਰੀ ਚੰਦ ਤੋਂ ਦੁਆਈ ਲੈ ਦਿੱਤੀ। ਉਨ੍ਹਾਂ ਸੁਣ ਰੱਖਿਆ ਸੀ ਕਿ ਪਹਾੜੀ ਰਾਹ 'ਤੇ ਸਫਰ ਕਰਦਿਆਂ ਕਈ ਵਾਰ ਉਲਟੀਆਂ ਲੱਗ ਜਾਂਦੀਆਂ ਹਨ। ਲੁਧਿਆਣੇ ਤੋਂ ਪਠਾਨਕੋਟ ਵਾਸਤੇ ਸ਼ਾਇਦ ਦੁਪਹਿਰੇ ਇਕ ਵਜੇ ਐਨ.ਸੀ.ਸੀ. ਦੇ ਕੈਡਿਟ ਲੈ ਕੇ ਗੱਡੀ ਚੱਲਣੀ ਸੀ ਅਤੇ ਅਗੋਂ ਸਪੈਸ਼ਲ ਬੱਸਾਂ ਤੇ ਧਰਮਸ਼ਾਲਾ ਪਹੁੰਚਣਾ ਸੀ। ਲੁਧਿਆਣਾ ਸਟੇਸ਼ਨ 'ਤੇ ਸਾਰੇ ਕਾਲਜਾਂ ਦੀਆਂ ਕੈਡਿਟ ਕੁੜੀਆਂ ਯੂਨੀਫਾਰਮ ਪਾਈ ਘੁੰਮ ਰਹੀਆਂ ਸਨ ਇਉਂ ਲਗਦੀਆਂ ਸਨ ਜਿਵੇਂ ਫੌਜ ਉਤਰੀ ਹੋਵੇ। ਥੋੜ੍ਹੀ ਦੇਰ ਵਿਚ ਗੱਡੀ ਲੱਗ ਗਈ ਅਤੇ ਸਭ ਆਪੋ ਆਪਣੇ ਕਾਲਜ ਲਈ ਮਖਸੂਸ ਡੱਬਿਆਂ ਵਿਚ ਬੈਠ ਗਈਆਂ। ਸਾਡੇ ਕਾਲਜ ਦੀ ਐਨ.ਸੀ.ਸੀ. ਦੀਆਂ ਇੰਚਾਰਜ ਪ੍ਰੋਫੈਸਰ ਮਿਸ ਕਪੂਰ ਅਤੇ ਮਿਸ ਨਾਹਨ ਬਾਹਰ ਸਟੇਸ਼ਨ 'ਤੇ ਨਿਗਰਾਨੀ ਕਰ ਰਹੀਆਂ ਸਨ। ਅਸੀਂ ਸਾਰੀਆਂ ਸਹੇਲੀਆਂ ਇਕ ਬਰਥ ਮੱਲ ਕੇ ਬੈਠੀਆਂ ਗੱਪਾਂ ਮਾਰ ਰਹੀਆਂ ਸਾਂ ਕਿ ਇਕਦਮ ਅਭੜਵਾਹੇ ਰਵਿੰਦਰ ਬੋਲੀ, "ਆਪਾਂ ਡੰਕ (ਹੋਲਡਰ) ਤਾਂ ਭੁੱਲ ਹੀ ਆਈਆਂ।" ਸਾਰੀਆਂ ਉਸ ਦੀ ਇਸ ਗੱਲ ਤੇ ਉਚੀ ਉਚੀ ਹੱਸ ਪਈਆਂ। ਮਹਿੰਦਰ ਨੇ ਉਸ ਦਾ ਨਾਂ ਹੀ ਡੰਕ ਰੱਖ ਲਿਆ ਜੋ ਸਾਰਾ ਕੈਂਪ ਚਲਦਾ ਰਿਹਾ।

ਪਠਾਨਕੋਟ ਸ਼ਾਮ ਨੂੰ ਪਹੁੰਚੇ ਅਤੇ ਉਥੋਂ ਸਪੈਸ਼ਲ ਬੱਸਾਂ ਵਿਚ ਧਰਮਸ਼ਾਲਾ ਲਈ ਚਾਲੇ ਪਾ ਦਿੱਤੇ। ਧਰਮਸ਼ਾਲਾ ਦਾ ਰਾਹ ਬਹੁਤ ਰਮਣੀਕ ਅਤੇ ਹਰਿਆਵਲਾ ਸੀ। ਸੜਕ ਦੇ ਨਾਲ-ਨਾਲ ਪਾਣੀ ਦੀਆਂ ਕੂਲ੍ਹਾਂ ਵਗ ਰਹੀਆਂ ਸਨ। ਮੈਂ ਏਨਾ ਰਮਣੀਕ ਰਸਤਾ ਕਿਸੇ ਹੋਰ ਹਿੱਲ-ਸਟੇਸ਼ਨ ਦਾ ਨਹੀਂ ਦੇਖਿਆ। ਦਸ-ਪੰਦਰਾਂ ਦਿਨ ਦਾ ਕੈਂਪ ਦਾ ਸਮਾਂ ਬੜੀ ਛੇਤੀ ਗੁਜ਼ਰ ਗਿਆ। ਸਵੇਰੇ ਬਹੁਤ ਸਵਖਤੇ ਉਠ ਕੇ ਤਿਆਰ ਹੋ ਕੇ ਚਿੱਟੇ ਸੂਟ ਪਾਉਣੇ ਅਤੇ ਫਲੀਟ ਪਾ ਕੇ ਪੀ.ਟੀ. ਲਈ ਜਾਣਾ ਅਤੇ ਜਾਣ ਤੋਂ ਪਹਿਲਾਂ ਬਿਸਤਰੇ ਇਕਸਾਰ ਲਗਾ ਕੇ ਜਾਣਾ। ਫਿਰ ਪੀ.ਟੀ. ਤੋਂ ਆ ਕੇ ਫੌਜੀ-ਨੁਮਾ ਨਾਸ਼ਤਾ ਡਬਲ ਰੋਟੀ, ਦੁੱਧ ਅਤੇ ਮੱਖਣ ਦਾ ਫੌਜੀ ਕੱਪਾਂ ਵਿਚ ਕਰਨਾ। ਫਿਰ ਛੇਤੀ ਛੇਤੀ ਐਨ.ਸੀ.ਸੀ. ਦੀ ਯੂਨੀਫਾਰਮ ਪਾ ਕੇ ਕਲਾਸਾਂ ਲਾਉਣੀਆਂ ਅਤੇ ਵਾਰੀ ਵਾਰੀ ਥਰੀ-ਨਾਟ-ਥਰੀ ਦੀਆਂ ਰਾਈਫਲਾਂ ਨਾਲ ਨਿਸ਼ਾਨੇ ਲਗਾਉਣੇ ਸਿੱਖਣੇ। ਦੁਪਹਿਰੇ ਲੰਚ ਤੋਂ ਬਾਅਦ ਫੇਰ ਕਲਾਸਾਂ ਅਤੇ ਸ਼ਾਮ ਦੀ ਚਾਹ ਤੋਂ ਬਾਅਦ ਮਨ-ਪ੍ਰਚਾਵੇ ਲਈ ਕੁੜੀਆਂ ਨੇ ਗਿੱਧਾ ਪਾਉਣਾ ਅਤੇ ਅੰਗਰੇਜ਼ੀ ਨਾਚ ਨੱਚਣਾ। ਗਿੱਧਾ ਸਿੱਧਵਾਂ ਦੀਆਂ ਕੁੜੀਆਂ ਪਾਉਂਦੀਆਂ ਸਨ। ਕੈਂਪ ਖਤਮ ਹੋਣ ਤੋਂ ਪਹਿਲਾਂ ਬਾ-ਵਰਦੀ ਸਭ ਨੂੰ ਧਰਮਸ਼ਾਲਾ ਦੇ ਆਸ-ਪਾਸ ਦੀ ਸੈਰ ਕਰਾਈ ਗਈ। ਮੈਕਲੋਡਗੰਜ ਸਥਿਤ ਬੋਧੀ ਕੇਂਦਰ ਵਿਚ ਤਿਬਤੀਅਨ ਧਾਰਮਿਕ ਆਗੂ ਦਲਾਈਨਾਮਾ ਨਾਲ ਮਿਲਾਇਆ ਅਤੇ ਮਸ਼ਹੂਰ ਚਸ਼ਮਾ ਭਾਗਸੂ ਨਾਗ ਦਿਖਾਇਆ। ਇਹ ਕੈਂਪ ਧਰਮਸ਼ਾਲਾ ਦੇ ਡਿਗਰੀ ਕਾਲਜ ਅਤੇ ਬੀ. ਐਡ ਕਾਲਜ ਵਿਚ ਲੱਗਿਆ ਸੀ। ਸਾਡੇ ਕਾਲਜ ਦੀ ਲੰਮ-ਸਲੰਮੀ ਸੀਨੀਅਰ ਕੈਡਿਟ ਮੀਨਾ ਸਹਿਗਲ ਛੱਬੀ ਜਨਵਰੀ ਦੀ ਪਰੇਡ ਲਈ ਵੀ ਚੁਣੀ ਗਈ ਸੀ।

ਬੀ.ਏ. ਸੈਕਿੰਡ ਯੀਅਰ ਦੀਆਂ ਸਤੰਬਰ ਦੀਆਂ ਛੁੱਟੀਆਂ ਵਿਚ ਹਾਕੀ ਦਾ ਕੈਂਪ ਲੱਗਣਾ ਸੀ ਜਿਸ ਲਈ ਮੈਨੂੰ ਵੀ ਚੁਣਿਆ ਗਿਆ। ਪਰ ਉਦੋਂ ਹੀ ਮੇਰਾ ਵੱਡਾ ਵੀਰ ਯੂ.ਪੀ. ਤੋਂ ਪਿੰਡ ਆਇਆ ਸੀ। ਮੈਂ ਕੈਂਪ ਦਾ ਵਿਚਾਰ ਛੱਡ ਕੇ ਵੀਰ ਕੋਲ ਪਿੰਡ ਰਹਿਣਾ ਚਾਹਿਆ। ਮੈਡਮ ਨੇ ਮੇਰੇ ਤੋਂ ਵੱਡਾ ਸਾਰਾ ਨੋਟ ਲਿਖਵਾ ਕੇ ਛੁੱਟੀ ਤਾਂ ਦੇ ਦਿੱਤੀ ਪਰ ਨਾਰਾਜ਼ ਹੋ ਗਈ ਕਿਉਂਕਿ ਕੈਂਪ ਵਿਚ ਚੋਣਵੀਆਂ ਕੁੜੀਆਂ ਨੂੰ ਹੀ ਭੇਜਣਾ ਸੀ। ਮੈਂ ਵੀ ਸੋਚਿਆ ਕਿ ਹਾਕੀ ਬਹੁਤ ਸਮਾਂ ਖਾਂਦੀ ਹੈ ਇਸ ਲਈ ਛੱਡ ਹੀ ਦਿੱਤੀ। ਪਹਿਲਾਂ ਸਿਰਫ ਸੋਸ਼ਿਆਲੋਜੀ ਦਾ ਮਾਧਿਅਮ ਅੰਗਰੇਜ਼ੀ ਰੱਖਿਆ ਸੀ, ਇਸ ਵਰ੍ਹੇ ਇਕਨਾਮਿਕਸ ਦਾ ਵੀ ਰੱਖ ਲਿਆ। ਸੈਕਿੰਡ ਯੀਅਰ ਵਿਚ ਅੰਗਰੇਜ਼ੀ ਕਵਿਤਾ ਵਿਚ ਰੁਮਾਂਸਵਾਦ ਲਹਿਰ ਦੇ ਪੰਜ ਕਵੀ ਵਰਡਜ਼ਵਰਥ, ਕੋਲਰਿਜ, ਸ਼ੈਲੇ, ਕੀਟਸ ਅਤੇ ਬਾਇਰਨ ਲੱਗੇ, ਇਕ ਪਰੋਜ਼ ਦੀ ਕਿਤਾਬ ਲੱਗੀ ਅਤੇ ਸ਼ੈਕਸਪੀਅਰ ਦਾ ਮਸ਼ਹੂਰ ਨਾਟਕ ਓਥੈਲੋ ਕੋਰਸ ਵਿਚ ਲੱਗਿਆ। ਸਾਡਾ ਸੈਕਸ਼ਨ ਮਿਸ ਨਾਹਨ ਕੋਲ ਪੜ੍ਹਦਾ ਸੀ। ਉਹ ਕਵਿਤਾ ਸਮਝਾਉਣ ਦੇ ਨਾਲ ਨਾਲ ਰੋਮੈਂਟਿਸਿਜ਼ਮ ਅਤੇ ਇਨ੍ਹਾਂ ਕਵੀਆਂ ਨੂੰ ਬਹੁਤ ਹੀ ਰੋਚਕ ਢੰਗ ਨਾਲ ਸਮਝਾਉਂਦੇ। ਓਥੈਲੋ ਪੜ੍ਹਾਉਂਦਿਆਂ ਜਦੋਂ ਡੈਸਡਿਮੋਨਾ ਦੀ ਸੁੰਦਰਤਾ, ਇਆਗੋ ਦੀ ਸ਼ੈਤਾਨੀ ਅਤੇ ਓਥੈਲੋ ਦੀ ਈਰਖਾ ਅਤੇ ਬੇਚੈਨੀ ਬਾਰੇ ਦਸਦੀ ਤਾਂ ਸਾਰਾ ਸੀਨ ਅੱਖਾਂ ਅੱਗੇ ਜਿਵੇਂ ਸਾਕਾਰ ਹੋ ਜਾਂਦਾ, ਮਨ ਭਾਵੁਕ ਹੋ ਜਾਂਦਾ, ਕਈਆਂ ਦੇ ਅੱਥਰੂ ਵਗਣ ਲੱਗਦੇ। ਇਸੇ ਲਗਾਉ ਵਿਚੋਂ ਮੈਂ ਕਾਲਜ ਦੀ ਲਾਇਬ੍ਰੇਰੀ ਵਿਚੋਂ (ਸਾਡੀ ਲਾਇਬ੍ਰੇਰੀ ਬਹੁਤ ਅਮੀਰ ਪੁਸਤਕ-ਭੰਡਾਰ ਸੀ) ਸ਼ੈਲੇ ਦੇ ਜੀਵਨ ਬਾਰੇ ਪੁਸਤਕ 'ਦ ਏਰੀਅਲ' ਪੜ੍ਹੀ। 'ਏਰੀਅਲ' ਸ਼ੈਲੇ ਦੀ ਬੇਟੀ ਦਾ ਨਾਂ ਸੀ ਅਤੇ ਸ਼ੈਲੇ ਦੀ ਮੌਤ ਸ਼ਾਇਦ (ਹੁਣ ਪੱਕਾ ਯਾਦ ਨਹੀਂ) ਪਾਣੀ ਵਿਚ ਡੁੱਬ ਕੇ ਹੋਈ ਸੀ।




ਬੀ.ਏ. ਫਸਟ ਯੀਅਰ ਤੋਂ ਹੀ ਮੇਰੀ ਇਕ ਹੋਰ ਬਹੁਤ ਪੱਕੀ ਦੋਸਤ ਜਸਵੀਰ ਨਾਰੰਗ ਬਣ ਗਈ ਸੀ ਜੋ ਥਾਈਲੈਂਡ ਦੀ ਰਾਜਧਾਨੀ ਬੈਂਕਾਕ ਤੋਂ ਪੜ੍ਹਨ ਆਈ ਸੀ। ਉਥੋਂ ਹੋਰ ਵੀ ਕਾਫੀ ਲੜਕੀਆਂ ਸਨ। ਸਾਡੇ ਕਾਲਜ ਵਿਚ ਅਫਰੀਕਾ, ਮਲਾਇਆ, ਸਿੰਗਾਪੁਰ, ਥਾਈਲੈਂਡ ਆਦਿ ਤੋਂ ਬਹੁਤ ਸਾਰੀਆਂ ਪੰਜਾਬੀ ਪਰਿਵਾਰਾਂ ਦੀਆਂ ਲੜਕੀਆਂ ਪੜ੍ਹ ਰਹੀਆਂ ਸਨ। ਇਸੇ ਸਾਲ ਮੇਰਾ ਭਤੀਜਾ ਹਰਦੇਵ ਆਰੀਆ ਕਾਲਜ ਵਿਚ ਦਾਖਲ ਹੋ ਗਿਆ। ਕਦੀ ਉਸ ਨੇ ਵਿਜ਼ਟਰ ਡੇ 'ਤੇ ਮਿਲਣ ਆ ਜਾਣਾ ਅਤੇ ਕਦੀ ਮੈਂ ਪਿੰਡੋਂ ਆ ਕੇ ਉਸ ਨੂੰ ਪੈਸੇ ਫੜਾਉਣ ਆਪਣੀ ਕਿਸੇ ਸਹੇਲੀ ਨੂੰ ਨਾਲ ਲੈ ਕੇ ਉਸ ਦੇ ਹੋਸਟਲ ਜਾਣਾ। ਉਂਵ ਵੀ ਸਾਨੂੰ ਹੋਸਟਲ ਤੋਂ ਫੰਕਸ਼ਨ ਦਿਖਾਉਣ ਦੂਸਰੇ ਕਾਲਜਾਂ ਵਿਚ ਲੈ ਜਾਂਦੇ ਸਨ। ਇਸ ਤਰ੍ਹਾਂ ਲੜਕਿਆਂ ਦਾ ਸਰਕਾਰੀ ਕਾਲਜ, ਗੁਜਰਾਂਵਾਲਾ ਗੁਰੂ ਨਾਨਕ ਕਾਲਜ ਅਤੇ ਕੁੜੀਆਂ ਦਾ ਖਾਲਸਾ ਕਾਲਜ ਦੇਖਿਆ। ਇਕ ਵਾਰ ਪਿਕਨਿਕ ਮਨਾਉਣ ਸਾਨੂੰ ਆਲਮਗੀਰ ਲੈ ਜਾਇਆ ਗਿਆ ਅਤੇ ਇਥੇ ਦਸਮ ਗੁਰੂ ਦੀ ਯਾਦ ਵਿਚ ਬਣੇ ਗੁਰਦੁਆਰੇ ਦੇ ਦਰਸ਼ਨ ਕੀਤੇ।

ਬੀ.ਏ. ਸੈਕਿੰਡ ਯੀਅਰ ਦੇ ਇਮਤਿਹਾਨ ਦੇ ਕੇ ਪਿੰਡ ਆਈ ਤਾਂ ਦੂਸਰਾ ਪਹਾੜੀ ਸ਼ਹਿਰ ਸ਼ਿਮਲਾ ਦੇਖਣ ਦਾ ਮੌਕਾ ਮਿਲਿਆ। ਘਰਾਂ ਵਿਚੋਂ ਲਗਦੇ ਅਫਰੀਕਾ ਵਾਲੇ ਚਾਚਾ ਜੀ ਗੁਰਚਰਨ ਸਿੰਘ ਰਿਟਾਇਰ ਹੋ ਕੇ ਭਾਰਤ ਆ ਗਏ ਸਨ। ਉਨ੍ਹਾਂ ਨੇ

## ਰੰਗ-ਬੇਰੰਗ

ਸ਼ਿਮਲੇ ਕਿਰਾਏ 'ਤੇ ਕੋਠੀ ਲੈ ਕੇ ਬੱਚੇ ਉਥੇ ਪੜ੍ਹਨ ਲਾ ਦਿੱਤੇ ਅਤੇ ਆਪ ਨਾਲ ਹੀ ਚੰਡੀਗੜ੍ਹ ਦੇ ਪੰਦਰਾਂ ਸੈਕਟਰ ਵਿਚ ਕੋਠੀ ਬਣਾਉਣ ਲੱਗ ਪਏ। ਉਨ੍ਹਾਂ ਨਾਲ ਸਾਡਾ ਬਹੁਤ ਪਿਆਰ ਹੈ ਅਤੇ ਨੇੜੇ ਦੀ ਰਿਸ਼ਤੇਦਾਰੀ ਵੀ। ਉਹ ਚੰਡੀਗੜ੍ਹੋਂ ਪਿੰਡ ਆਏ ਤਾਂ ਮੈਨੂੰ ਸ਼ਿਮਲੇ ਜਾਣ ਲਈ ਕਿਹਾ। ਮੈਂ ਅਤੇ ਚਾਚੀ ਜੀ ਦੀ ਚੰਡੀਗੜ੍ਹ ਰਹਿੰਦੀ ਭਤੀਜੀ ਮਲਕੀਤ ਦੋਵੇਂ ਉਨ੍ਹਾਂ ਨਾਲ ਕਾਰ ਵਿਚ ਸ਼ਿਮਲੇ ਚਲੀਆਂ ਗਈਆਂ। ਪੰਦਰਾਂ ਕੁ ਦਿਨ ਸ਼ਿਮਲੇ ਦੀ ਖੂਬ ਸੈਰ ਕੀਤੀ ਕਿਉਂਕਿ ਉਨ੍ਹਾਂ ਦੀ ਲੜਕੀ ਜੋ ਉਦੋਂ ਕਾਲਜ ਵਿਚ ਪ੍ਰੀ ਮੈਡੀਕਲ ਕਰ ਰਹੀ ਸੀ, ਸਾਨੂੰ ਹਰ ਰੋਜ਼ ਘੁੰਮਾਉਣ ਲੈ ਜਾਂਦੀ। ਕਈ ਥਾਵਾਂ 'ਤੇ ਚਾਚਾ ਜੀ ਅਤੇ ਚਾਚੀ ਜੀ ਵੀ ਨਾਲ ਚਲੇ ਜਾਂਦੇ ਸਨ।

ਸੈਕਿੰਡ ਯੀਅਰ ਦਾ ਨਤੀਜਾ ਆਉਣ 'ਤੇ ਨੰਬਰ ਹੋਰ ਘੱਟ ਗਏ। ਇਸ ਦੀ ਵਜ੍ਹਾ ਮੇਰਾ ਪਰਚਾ ਹੱਲ ਕਰਨ ਦਾ ਨੁਕਸਦਾਰ ਢੰਗ ਸੀ ਜੋ ਮੈਨੂੰ ਐਮ.ਏ. ਵਿਚ ਜਾ ਕੇ ਮੇਰੀ ਸਾਈਕਾਲੋਜੀ ਦੀ ਮੈਡਮ ਨੇ ਦੱਸਿਆ। ਮੈਂ ਪਹਿਲੇ ਪ੍ਰਸ਼ਨ 'ਤੇ ਬਹੁਤਾ ਸਮਾਂ ਖਰਚ ਕਰਦੀ ਅਤੇ ਪੰਦਰਾਂ ਵਿਚੋਂ ਬਾਰਾਂ ਨੰਬਰ ਲੈਂਦੀ ਪਰ ਅਗੋਂ ਸਮਾਂ ਘਟਦਾ ਜਾਂਦਾ ਅਤੇ ਪ੍ਰਸ਼ਨ ਸੰਖੇਪ ਕਰਨੇ ਪੈਂਦੇ। ਇਸ ਤਰ੍ਹਾਂ ਅਖੀਰਲੇ ਪ੍ਰਸ਼ਨ ਤੱਕ ਪਹੁੰਚਦਿਆਂ ਮਸਾਂ ਇਕ ਪੰਨਾ ਲਿਖਣ ਜੋਗਾ ਸਮਾਂ ਬਚਦਾ ਅਤੇ ਨੰਬਰ ਵੀ ਘਟ ਕੇ ਪੰਦਰਾਂ ਵਿਚੋਂ ਚਾਰ ਹੀ ਰਹਿ ਜਾਂਦੇ। ਪਰ ਕਿਸੇ ਅਧਿਆਪਕ ਨੇ ਇਸ ਨੁਕਸ ਵਲ ਸੰਕੇਤ ਨਹੀਂ ਸੀ ਦਿੱਤਾ ਅਤੇ ਨਾ ਹੀ ਸਮਝਾਇਆ। ਬੀ.ਏ. ਦੇ ਆਖਰੀ ਵਰ੍ਹੇ ਅੰਗਰੇਜ਼ੀ ਪੜ੍ਹਾਉਣ ਮਿਸ ਸ਼ੀਲਾ ਗਰੇਵਾਲ ਲੱਗੀ ਜਿਸ ਦਾ ਸੁਭਾਅ ਕਾਫੀ ਸਖਤ ਸੀ। ਕਲਾਸ ਵਿਚ ਕੋਈ ਵੀ ਲੜਕੀ ਉਨ੍ਹਾਂ ਨੂੰ ਕੁਝ ਪੁੱਛਣ ਦੀ ਹਿੰਮਤ ਨਹੀਂ ਸੀ ਕਰਦੀ। ਇਸੇ ਸਾਲ ਅਸੈਂਬਲੀ ਅਤੇ ਲੋਕ ਸਭਾ ਦੀਆਂ ਚੋਣਾਂ ਆ ਗਈਆਂ। ਮੈਂ ਆਪਣੀ ਸਹੇਲੀ ਰਵਿੰਦਰ ਨੂੰ ਲੈ ਕੇ ਪਿੰਡ ਵੋਟ ਪਾਉਣ ਲਈ ਗਈ। ਸਾਡੇ ਦੋਹਾਂ ਦੀ ਪਹਿਲੀ ਵਾਰ ਵੋਟ ਬਣੀ ਸੀ। ਉਹ ਖੱਬੇ ਪੱਖੀ ਵਿਚਾਰਾਂ ਦੀ ਹੋਣ ਕਰਕੇ ਕਾਮਰੇਡ ਉਮੀਦਵਾਰ ਨੂੰ ਵੋਟ ਪਾਉਣਾ ਚਾਹੁੰਦੀ ਸੀ ਪਰ ਘਰ ਵਾਲੇ ਕੱਟੜ ਕਾਂਗਰਸੀ ਸਨ। ਇਸ ਲਈ ਉਹ ਮੇਰੇ ਨਾਲ ਆ ਗਈ। ਅਸੀਂ ਸਮਰਾਲਾ ਹਲਕੇ ਤੋਂ ਖੜ੍ਹੇ ਅਕਾਲੀ ਉਮੀਦਵਾਰ ਨੂੰ ਵੋਟਾਂ ਪੁਆਉਣ ਲਈ ਘਰਾਂ ਵਿਚੋਂ ਬਜ਼ੁਰਗ ਔਰਤਾਂ ਨੂੰ ਪ੍ਰੇਰ ਪ੍ਰੇਰ ਕੇ ਲਿਆਂਦਾ। ਸਮਰਾਲੇ ਤੋਂ ਕਾਂਗਰਸੀ ਉਮੀਦਵਾਰ ਸ. ਅਜਮੇਰ ਸਿੰਘ ਕੰਗ ਜੋ ਮਨਿਸਟਰ ਵੀ ਰਹੇ ਸਨ, ਹਾਰ ਗਏ ਭਾਵੇਂ ਉਸ ਨੇ ਸਮਰਾਲੇ ਆਈ.ਟੀ.ਆਈ. ਅਤੇ ਮਾਲਵਾ ਕਾਲਜ ਬੌਂਦਲੀ ਖੋਲ੍ਹਿਆ ਸੀ ਜੋ ਬਹੁਤ ਵੱਡੀ ਗੱਲ ਸੀ। ਇਲਾਕੇ ਦੀਆਂ ਸਾਰੀਆਂ ਕੁੜੀਆਂ ਜੋ ਜੇ.ਬੀ.ਟੀ. ਕਰਕੇ ਘਰੀਂ ਬੈਠੀਆਂ ਸਨ, ਕਾਲਜ ਦਾਖਲ ਹੋ ਗਈਆਂ। ਮੇਰੀ ਭੈਣ ਨੂੰ ਵੀ, ਜੋ ਮੇਰੇ ਕਾਲਜ ਦਾਖਲ ਹੋਣ ਲੱਗੀ ਸੀ, ਪ੍ਰੋਫੈਸਰਾਂ ਨੇ ਘਰ ਆ ਕੇ ਪ੍ਰੇਰ ਕੇ ਇਥੇ ਦਾਖਲ ਕੀਤਾ। ਲੋਕ ਕੰਮ ਨਹੀਂ ਦੇਖਦੇ, ਉਨ੍ਹਾਂ ਦਾ ਬੱਸ ਰੌਂ ਹੀ ਹੁੰਦਾ ਹੈ। ਮਹਾਰਾਜਾ ਅਮਰਿੰਦਰ ਸਿੰਘ ਨੇ ਪੰਜ ਸਾਲ ਬਿਜਲੀ ਦੇ ਕੱਟ ਨਹੀਂ ਲੱਗਣ ਦਿੱਤੇ, ਪਿੰਡਾਂ ਤੱਕ ਦੀਆਂ ਸੜਕਾਂ ਬਣਵਾ ਦਿੱਤੀਆਂ, ਮੰਡੀਆਂ ਵਿਚ ਫਸਲ ਨਹੀਂ ਰੁਲਣ ਦਿੱਤੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਨਹੀਂ ਲੈਣ ਦਿੱਤੀ ਅਤੇ ਪੰਜਾਬ ਲਈ ਹੋਰ ਵੀ ਕਈ ਕੁਝ ਕੀਤਾ ਪਰ ਲੋਕਾਂ ਨੇ ਸਾਰਾ ਕੁਝ ਭੁੱਲ ਕੇ ਬਾਦਲ ਨੂੰ ਜਿਤਾਇਆ ਜਿਸ ਦਾ ਨਤੀਜਾ ਸਭ ਭੋਗ ਰਹੇ ਅਤੇ ਗਾਲ੍ਹਾਂ ਕੱਢ ਰਹੇ ਹਨ।

ਚੋਣਾਂ ਤੋਂ ਬਾਅਦ ਮੈਡਮ ਸ਼ੀਲਾ ਗਰੇਵਾਲ ਨੇ ਲੇਖ ਲਿਖਣ ਲਈ ਕਿਹਾ ਜਿਸ ਦਾ ਹੈਡਿੰਗ ਸੀ, 'ਇਲੈਕਸ਼ਨਜ਼ ਇਨ ਇੰਡੀਆ-ਏ ਫਾਰਸ'। ਮੈਂ ਆਪਣੀ ਸਮਝ ਮੁਤਾਬਿਕ ਲੇਖ ਲਿਖ ਲਿਆਈ। ਮੈਡਮ ਨੇ ਲੇਖ ਦੇਖਣ ਤੋਂ ਬਾਅਦ ਮੈਨੂੰ ਕਲਾਸ ਵਿਚ ਖੜ੍ਹੀ ਕਰ ਲਿਆ। ਮੈਂ ਅੰਦਰੋਂ ਬਹੁਤ ਡਰ ਗਈ। ਮੈਡਮ ਨੂੰ ਥੋੜਾ ਜਿਹਾ ਨੱਕ ਵਿਚ ਬੋਲਣ ਦੀ ਆਦਤ ਸੀ ਜਿਸ ਨਾਲ ਉਹ ਹੋਰ ਵੀ ਸੁੰਦਰ ਲਗਦੀ ਸੀ। ਉਹ ਆਪਣੇ ਅੰਦਾਜ਼ ਵਿਚ ਬੋਲੀ, "ਮਾਈ ਡੀਅਰ! ਹਾਓ ਇਟ ਇਜ਼ ਪਾਸੀਬਲ ਦੈਟ ਯੂ ਆਰ ਮੋਰ ਐਕਸਪੀਰੀਐਂਸਡ ਦੈਨ ਮੀ?" ਮੈਂ ਇਸ ਕਮੈਂਟ ਨਾਲ ਜਿੰਨਾ ਖੁਸ਼ ਹੋਈ, ਉਸ ਦਾ ਅਨੁਭਵ ਮੈਨੂੰ ਅੱਜ ਵੀ ਹੈ।

### ਕੀ ਮੈਂ ਝੂਠ ਬੋਲਿਐ...?

# ਭ੍ਰਿਸ਼ਟ ਤੇ ਅੱਯਾਸ਼ ਨੇਤਾਵਾਂ ਦੀ ਪੋਲ ਖੋਲ੍ਹਦੀ 'ਰਾਜਨੀਤੀ'

**ਸਵਰਨ ਸਿੰਘ ਟਹਿਣਾ***

ਪਿਛਲੇ ਕੁਝ ਸਮੇਂ ਤੋਂ ਜੋ ਮਸਾਲਾ ਫਿਲਮਾਂ ਦੇ ਨਾਂ 'ਤੇ ਵੱਡੇ ਪਰਦੇ ਦੇ ਦਰਸ਼ਕਾਂ ਅੱਗੇ ਜੋ ਕੁਝ ਪੇਸ਼ ਕੀਤਾ ਜਾ ਰਿਹਾ ਹੈ, ਉਸੇ ਦਾ ਹੀ ਸਿੱਟਾ ਹੈ ਕਿ ਹਿੰਦੀ ਫਿਲਮ ਭਾਵੇਂ ਜਿੰਨੇ ਮਰਜ਼ੀ ਵੱਡੇ ਬਜਟ ਵਾਲੀ ਕਿਉਂ ਨਾ ਹੋਵੇ, ਦੋ ਦਿਨ ਵੀ ਦਰਸ਼ਕਾਂ ਨੂੰ ਸਿਨੇਮੇ ਵੱਲ ਖਿੱਚਣ ਤੋਂ ਅਸਮਰੱਥ ਰਹਿੰਦੀ ਹੈ। ਜਦੋਂ ਤੋਂ ਹਿੰਦੀ ਫਿਲਮ ਨਿਰਦੇਸ਼ਕਾਂ ਨੇ ਫਾਰਮੂਲਾ ਚੁਣਿਆ ਹੈ ਕਿ ਕਹਾਣੀ ਦਾ ਭਾਵੇਂ ਕੋਈ ਮੂੰਹ-ਸਿਰ ਨਾ ਹੋਵੇ, ਬਸ ਉਸ ਵਿਚ ਸਟਾਰ ਹੀਰੋ-ਹੀਰੋਇਨ ਹੋਣ, ਘਸੀ-ਪਿਟੀ ਕਾਮੇਡੀ ਦੇ ਨਾਲ-ਨਾਲ ਥੋੜ੍ਹੇ-ਥੋੜ੍ਹੇ ਚਿਰ ਬਾਅਦ 'ਪ੍ਰੇਮ' ਦੇ ਨਾਂ 'ਤੇ ਕਾਮੁਕ ਦ੍ਰਿਸ਼ ਪਾ ਦਿੱਤੇ ਜਾਣ ਤੇ ਆਈਟਮ ਗੀਤ ਦੇ ਨਾਂ 'ਤੇ ਮੁੜ ਨੰਗੇਜ਼ ਦਾ ਤੁੜਕਾ ਲਗਾ ਲਿਆ ਜਾਵੇ, ਉਦੋਂ ਤੋਂ ਹਿੰਦੀ ਸਿਨੇਮੇ ਨਾਲੋਂ ਦਰਸ਼ਕਾਂ ਦੀ ਜਜ਼ਬਾਤੀ ਸਾਂਝ ਟੁੱਟਣ ਲੱਗੀ ਹੈ। ਬਹੁਤੇ ਨਿਰਮਾਤਾ-ਨਿਰਦੇਸ਼ਕਾਂ ਦਾ ਤਾਂ ਤਰਕ ਹੈ ਕਿ ਫਿਲਮ ਵਿਚ ਹੀਰੋ-ਹੀਰੋਇਨ ਦੀ ਬਿਨਾਂ ਕੱਪੜਿਆਂ ਤੋਂ ਜਿੰਨੀ ਵੱਧ ਨੇੜਤਾ ਦਿਖਾਈ ਜਾਵੇਗੀ, ਦਰਸ਼ਕ ਵੀ ਪਰਦੇ ਦੇ ਓਨੇ ਹੀ ਨੇੜੇ ਹੋਣਗੇ। ਜਿੰਨੇ ਵੱਧ ਦ੍ਰਿਸ਼ 'ਦੇਖਣ' ਵਾਲੇ ਹੋਣਗੇ, ਮੁੰਡੀਰ ਦੇ ਵਹੀਕਲ ਸਿਨੇਮੇ ਵੱਲ ਓਨੇ ਵੱਧ ਦੌੜਨਗੇ। ਪਰ ਅਸਲੀਅਤ ਇਹ ਹੈ ਕਿ ਹੁਣ ਇਸ ਤਰਕ ਦਾ ਲੱਕ ਟੁੱਟਦਾ ਜਾ ਰਿਹੈ ਤੇ ਦਰਸ਼ਕ ਸੋਚਦੇ ਨੇ ਕਿ ਜਿਹੜੀਆਂ ਫਿਲਮਾਂ ਪਰਿਵਾਰ ਸਮੇਤ ਨਹੀਂ ਦੇਖੀਆਂ ਜਾ ਸਕਦੀਆਂ, ਉਨ੍ਹਾਂ ਲਈ ਤਿੰਨ ਘੰਟੇ ਦਾ ਸਮਾਂ ਕਿਉਂ ਖਰਾਬ ਕਰਨੈ? 'ਮਰਡਰ' ਦੇ ਰਾਹ 'ਤੇ ਤੁਰਦਿਆਂ ਜਿਨ੍ਹਾਂ 'ਗਰਮ' ਫਿਲਮਾਂ ਬਣਾਈਆਂ, ਅੱਜ ਉਹ ਵੀ ਸੋਚਣ ਲਈ ਮਜਬੂਰ ਨੇ ਤੇ ਜਿਹੜੀਆਂ ਕੁੜੀਆਂ ਨੇ 'ਮਰਡਰ' ਵਰਗੀ ਮਲਿਕਾ ਸ਼ੇਰਾਵਤ ਬਣਨ ਦੀ ਕੋਸ਼ਿਸ਼ ਕੀਤੀ, ਅੱਜ ਉਹ ਪੂਰੇ ਕੱਪੜੇ ਪਹਿਨ ਕੇ ਰੋਲ ਕਰਨ ਲਈ ਤਰਸ ਰਹੀਆਂ ਨੇ।

ਹਿੰਦੀ ਸਿਨੇਮੇ ਦੀ ਦੁਨੀਆਂ ਬਿਲਕੁਲ ਵੱਖਰੀ ਤਰ੍ਹਾਂ ਦੀ ਏ। ਬਹੁਤੀ ਵਾਰ ਏਥੇ ਬੱਜਟ ਦੀ ਘਾਟ ਨਹੀਂ ਹੁੰਦੀ, ਬਸ ਥੋੜ੍ਹੀ ਕੁ ਅਕਲ ਦੀ ਘਾਟ ਰਹਿ ਜਾਂਦੀ ਏ। ਕਲਾਕਾਰਾਂ ਨੂੰ ਏਨੇ ਕੁ ਪੈਸੇ ਦੇ ਦਿੱਤੇ ਜਾਂਦੇ ਨੇ ਕਿ ਉਹ ਕਹਾਣੀ ਵੱਲ ਧਿਆਨ ਦੇਣਾ ਭੁੱਲ ਜਾਂਦੇ ਨੇ, ਚੈਨਲਾਂ 'ਤੇ ਧਮਾਕੇਦਾਰ ਇਸ਼ਤਿਹਾਰਬਾਜ਼ੀ ਵੀ ਹੋ ਜਾਂਦੀ ਏ, ਪਰ ਸਿਰਫ ਨਵੇਂ ਤਜਰਬਿਆਂ ਦੇ ਨਾਂ 'ਤੇ ਬਹੁਤੀਆਂ ਫਿਲਮਾਂ 'ਆਇਆ ਰਾਮ ਗਇਆ ਰਾਮ' ਹੋ ਜਾਂਦੀਆਂ ਨੇ। ਬਹੁਤ ਘੱਟ ਨਿਰਮਾਤਾ ਅਜਿਹੇ ਨੇ, ਜਿਹੜੇ ਸੋਚਦੇ ਨੇ ਕਿ ਭਾਵੇਂ ਤਿੰਨ ਸਾਲ ਬਾਅਦ ਇੱਕ ਫਿਲਮ ਆਵੇ, ਪਰ ਉਹ ਆਮ ਲੋਕਾਂ ਦੀ ਜ਼ਿੰਦਗੀ ਨਾਲ ਨੇੜਿਓਂ ਜੁੜੀ ਹੋਵੇ, ਪ੍ਰੇਮ ਪ੍ਰਸੰਗ ਇਸ ਢੰਗ ਨਾਲ ਪੇਸ਼ ਕੀਤਾ ਜਾਵੇ ਜਿਹੜਾ 'ਨਾਟਕੀ' ਹੋਣ ਦੀ ਥਾਂ ਸਭ ਨੂੰ ਤਨ 'ਤੇ ਹੰਢਾਇਆ ਜਾਪੇ, ਗੀਤ ਇਹੋ ਜਿਹੇ ਹੋਣ ਜਿਹੜੇ ਰੋਮਾਂਟਿਕਤਾ ਦਰਸਾਉਂਦੇ ਹੋਣ, ਨਾ ਕਿ ਹੀਰੋ ਹੀਰੋਇਨ ਇੱਕ ਦੂਜੇ ਦੇ ਕੱਪੜੇ ਲਾਹੁਣ ਤੇ ਖਿੱਚ-ਧੂਹ ਕਰਨ ਦੀਆਂ ਹੱਦਾਂ ਪਾਰ ਕਰਨ। ਹਿੰਦੀ ਫਿਲਮ ਉਦਯੋਗ ਵਿਚ ਅਮਿਤਾਭ ਬੱਚਨ ਤੋਂ ਬਾਅਦ ਆਮਿਰ ਖਾਨ ਵਰਗੇ ਬਹੁਤ ਘੱਟ ਅਦਾਕਾਰ ਸਾਹਮਣੇ ਆਏ ਨੇ, ਜਿਨ੍ਹਾਂ ਨੂੰ ਲੰਮੀ ਰੇਸ ਦਾ ਘੋੜਾ ਬਣ ਕੇ ਵਿਚਰਨਾ ਆਇਆ ਹੈ।

ਇਹ ਸੱਚ ਹੈ ਕਿ ਹਕੀਕਤ ਦੇ ਪੱਲੇ ਨਾਲ ਬੱਝੀਆਂ ਫਿਲਮਾਂ ਸ਼ੁਰੂ ਤੋਂ ਹੀ ਕਾਫੀ ਸਮੱਸਿਆਵਾਂ ਨਾਲ ਜੂਝਦੀਆਂ ਰਹੀਆਂ ਨੇ। ਜਦੋਂ ਕਿਸੇ ਖਾਸ ਖੇਤਰ ਜਾਂ ਉਸ ਨਾਲ ਜੁੜੇ ਖਾਸ ਵਿਅਕਤੀ 'ਤੇ ਕਟਾਖਸ਼ ਹੁੰਦੈ ਤਾਂ ਵਿਰੋਧੀ ਸੁਰਾਂ ਉਠਣੀਆਂ ਸ਼ੁਰੂ ਹੋ ਜਾਂਦੀਆਂ ਨੇ। ਕੋਈ ਨਹੀਂ ਚਾਹੁੰਦਾ ਕਿ ਢੱਕਣ ਚੁੱਕਿਆ ਜਾਵੇ ਤੇ ਭਾਫ ਬਾਹਰ ਨਿਕਲੇ। ਗੱਲ ਦਬਾਉਣ ਲਈ ਬਿਆਨਬਾਜ਼ੀ ਹੁੰਦੀ ਏ, ਦੰਗੇ ਕਰਾਏ ਜਾਂਦੇ ਨੇ, ਰੋਸ ਮਾਰਚ ਤੇ ਹੋਰ ਪਤਾ ਨਹੀਂ ਕੀ ਕੀ ਪੈਂਤੜੇ ਵਰਤੇ ਜਾਂਦੇ ਨੇ। ਲੋਕਤੰਤਰ ਦਾ ਅਰਥ ਭਾਵੇਂ ਲੋਕਾਂ ਦਾ ਡੰਡਾ, ਲੋਕਾਂ ਦੇ ਸੇਵਕਾਂ ਦੁਆਰਾ, ਲੋਕਾਂ ਦੀਆਂ ਪਿੱਠਾਂ 'ਤੇ ਮਾਰਨ ਤੱਕ ਸੀਮਤ ਹੋ ਕੇ ਰਹਿ ਗਿਆ ਹੈ, ਪਰ ਇਸ ਵਿਸ਼ੇ ਦੀ ਡੂੰਘਾਈ 'ਚ ਜਾ ਕੇ ਫਿਲਮ ਦਾ ਨਿਰਮਾਣ ਕਰਨਾ ਬਲਦੀ 'ਚ ਹੱਥ ਪਾਉਣ ਦੇ ਤੁਲ ਹੈ। ਜਦੋਂ ਸਾਡੇ ਮਹਾਨ ਭਾਰਤ ਦੀ ਸਭ ਤੋਂ ਉਚੀ ਕੁਰਸੀ 'ਤੇ ਬੈਠਣ ਵਾਲੇ ਤੋਂ ਲੈ ਕੇ ਚਪੜਾਸੀ ਤੱਕ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਗਲ-ਗਲ ਤੱਕ ਧਸੇ ਪਏ ਹੋਣ, ਉਦੋਂ 'ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ' ਵਾਲੀ ਵਜੀਦ ਸਾਹਿਬ ਦੀ ਲਿਖੀ ਗੱਲ ਚੇਤੇ ਆ ਜਾਂਦੀ ਹੈ।



'ਰਾਜਨੀਤੀ' ਦੇ ਅਖਾੜੇ ਵਿਚ ਉਤਰਨ ਵਾਲੇ ਲੀਡਰ ਵੋਟਾਂ ਵੇਲੇ ਲੋਕਾਂ ਅੱਗੇ ਹੱਥ ਕਿਵੇਂ ਅੱਡਦੇ ਹਨ ਤੇ ਮਕਸਦ ਪੂਰਾ ਹੋਣ ਤੋਂ ਬਾਅਦ ਉਨ੍ਹਾਂ ਵੋਟਰਾਂ ਨੂੰ ਕੁੱਤਿਆਂ-ਬਿੱਲਿਆਂ ਤੋਂ ਵੱਧ ਕੁਝ ਨਹੀਂ ਸਮਝਦੇ, ਉਮੀਦਵਾਰੀ ਟਿਕਟ 'ਤੇ ਆਪਣਾ ਹੱਕ ਜਮਾਉਣ ਲਈ ਕਿਵੇਂ ਕਰੋੜਾਂ ਦੀ ਬੋਲੀ ਲੱਗਦੀ ਏ, ਟਿਕਟ ਮਿਲਣ ਤੋਂ ਬਾਅਦ ਭਾਸ਼ਣ ਸੁਣਾਉਣ ਲਈ ਭੀੜਾਂ ਜੋੜਨ ਖਾਤਰ ਕਿਵੇਂ ਠੇਕੇਦਾਰਾਂ ਨੂੰ ਠੇਕਾ ਦਿੱਤਾ ਜਾਂਦੈ, ਵੱਡੇ ਪਾਰਟੀ ਲੀਡਰ ਔਰਤਾਂ ਨੂੰ ਉਮੀਦਵਾਰੀ ਟਿਕਟ ਦੇਣ ਲਈ ਕਿਵੇਂ ਬਿਸਤਰ ਸਾਂਝਾ ਕਰਨ ਲਈ ਮਜਬੂਰ ਕਰਦੇ ਨੇ, ਲੀਡਰ ਦੀ ਨਜ਼ਰ ਵਿਚ ਕੁਰਸੀ ਤੋਂ ਪਿਆਰਾ ਕੁਝ ਨਹੀਂ ਹੁੰਦਾ ਤੇ ਪਰਿਵਾਰਕ ਜੀਆਂ ਵਿਚ ਪੈਦਾ ਹੋਈ ਰਾਜਨੀਤੀ ਕਿਸ ਤਰ੍ਹਾਂ ਖੂਨ ਦੇ ਰਿਸ਼ਤਿਆਂ ਦਾ ਖੂਨ ਵਹਾਉਂਦੀ ਏ, ਇਨ੍ਹਾਂ ਸਾਰੇ ਵਿਸ਼ਿਆਂ 'ਤੇ ਉਹ 'ਰਾਜਨੀਤੀ' ਫਿਲਮ ਚਾਨਣ ਪਾਉਂਦੀ ਹੈ, ਜਿਸ ਦਾ ਨਿਰਮਾਣ 2009 ਦੀਆਂ ਮੈਂਬਰ ਪਾਰਲੀਮੈਂਟ ਦੀਆਂ ਚੋਣਾਂ ਵਿਚ ਬਿਹਾਰ ਦੇ ਚੰਪਾਰਣ ਹਲਕੇ ਤੋਂ ਹਾਰ ਦੀ ਨਮੋਸ਼ੀ ਝੱਲਣ ਵਾਲੇ ਸਫਲ ਨਿਰਮਾਤਾ-ਨਿਰਦੇਸ਼ਕ ਪ੍ਰਕਾਸ਼ ਝਾਅ ਨੇ ਕੀਤਾ ਹੈ ਤੇ ਜਿਸ ਬਾਰੇ ਚੈਨਲਾਂ, ਅਖਬਾਰਾਂ ਵਿਚ ਮੁੱਦਾ ਉਠਦਾ ਰਿਹਾ ਹੈ ਕਿ ਇਹ ਫਿਲਮ ਮੁਲਕ ਦੀ ਕੇਂਦਰੀ ਸਰਕਾਰ ਦੇ ਅਤੀਤ ਨਾਲ ਜੁੜੇ ਕੁਝ ਵੱਡੇ ਨਾਂਵਾਂ ਨਾਲ ਜੁੜੀ ਹੋਈ ਹੈ।

ਫਿਲਮ ਪ੍ਰਦਰਸ਼ਤ ਹੋਣ ਤੋਂ ਪਹਿਲਾਂ ਵੀ ਪ੍ਰਕਾਸ਼ ਝਾਅ ਨੇ ਕਿਹਾ ਸੀ ਕਿ ਇਹ ਫਿਲਮ ਸੱਤਾ ਖਾਤਰ ਖੂਨ ਦੀ ਹੋਲੀ ਖੇਡਣ ਵਾਲੀ ਲੀਡਰਸ਼ਿਪ ਨਾਲ ਜੁੜੀ ਹੋਈ ਹੈ ਪਰ ਇੰਦਰਾ, ਰਾਹੁਲ ਗਾਂਧੀ ਵਰਗੇ ਨੇਤਾਵਾਂ ਨਾਲ ਇਸ ਦਾ ਕੋਈ ਸਬੰਧ ਨਹੀਂ...ਕਈ ਦ੍ਰਿਸ਼ ਉਨ੍ਹਾਂ ਨਾਲ ਜੁੜੇ ਹੋਏ ਜਾਪਣਗੇ ਜ਼ਰੂਰ, ਪਰ ਹਕੀਕਤ ਇਸ ਤੋਂ ਉਲਟ ਹੋਵੇਗੀ ਤੇ ਫਿਲਮ ਦੇਖਣ ਉਪਰੰਤ ਇਹ ਗੱਲ ਸਹੀ ਵੀ ਜਾਪਦੀ ਹੈ। ਕੈਟਰੀਨਾ ਕੈਫ ਦਾ ਫਿਲਮ ਪ੍ਰਦਰਸ਼ਤ ਹੋਣ ਤੋਂ ਪਹਿਲਾਂ ਕਹਿਣਾ ਕਿ ਮੈਂ ਇਸ ਦੀ ਤਿਆਰੀ ਲਈ ਇੰਦਰਾ ਗਾਂਧੀ ਦੇ ਕਈ ਵੀਡੀਓ ਦੇਖੇ ਅਤੇ ਉਨ੍ਹਾਂ ਵਾਲੇ ਹਾਵ-ਭਾਵ ਆਪਣੇ ਅੰਦਰ ਲਿਆਉਣ ਲਈ ਕਾਫੀ ਮਿਹਨਤ ਕੀਤੀ, ਨੇ ਫਿਲਮ ਨੂੰ ਪ੍ਰਚਾਰ ਦਿਵਾਉਣ ਵਿਚ ਕਾਫੀ ਯੋਗਦਾਨ ਪਾਇਆ। ਫਿਲਮ ਵਿਚ ਜਿਸ ਤਰ੍ਹਾਂ ਲੀਡਰਾਂ ਵਲੋਂ ਲੋਕਾਂ ਦੀਆਂ ਭਾਵਨਾਵਾਂ ਦਾ ਜਿਸ ਤਰ੍ਹਾਂ ਹਰਣ ਕੀਤਾ ਜਾਂਦਾ ਹੈ ਅਤੇ ਇੱਕ ਪਾਰਟੀ ਵਲੋਂ ਸੱਤਾ ਖਾਤਰ ਦੂਜੀ ਪਾਰਟੀ ਦੇ ਲੀਡਰਾਂ ਨੂੰ ਝਟਕਈਆਂ ਵਾਂਗ ਝਟਕਾਇਆ ਜਾਂਦਾ ਹੈ, ਉਹ ਸਭ ਦੇਖ ਕੇ ਦਰਸ਼ਕ ਇਸ ਗੱਲੋਂ ਸ਼ਰਮਸਾਰ ਮਹਿਸੂਸ ਕਰਦਾ ਹੈ ਕਿ ਕਿਹੋ ਜਿਹੇ ਭ੍ਰਿਸ਼ਟ ਮੁਲਕ ਵਿਚ ਸਾਡਾ ਜਨਮ ਹੋਇਆ ਹੈ। ਇੱਕ ਤੋਂ ਬਾਅਦ ਜਿਹੜੀ ਵੀ ਦੂਜੀ ਪਾਰਟੀ ਆਉਂਦੀ ਹੈ, ਉਹਦੇ ਲੀਡਰ ਪਹਿਲੀ ਨਾਲੋਂ ਛੋਟੇ ਨਹੀਂ, ਜ਼ਿਆਦਾ ਵੱਡੇ ਮਗਰਮੱਛ ਹੀ ਹੁੰਦੇ ਨੇ।

ਪ੍ਰਕਾਸ਼ ਝਾਅ ਨੇ ਜਿਸ ਤਰ੍ਹਾਂ ਮੁਲਕ ਦੀ ਸਿਆਸਤ ਸਮਝ ਕੇ ਉਸ ਵਿਚਲੇ ਗੰਧਲੇਪਣ ਨੂੰ 'ਰਾਜਨੀਤੀ' ਜ਼ਰੀਏ ਲੋਕਾਂ ਤੱਕ ਅੱਪੜਦਾ ਕੀਤਾ ਹੈ, ਉਸ ਤੋਂ ਸਪੱਸ਼ਟ ਹੈ ਕਿ ਉਸ ਨੂੰ ਅਜੋਕੀ ਰਾਜਨੀਤੀ ਵਿਚਲੀਆਂ ਸਾਰੀਆਂ ਚਾਲਾਂ ਦਾ ਪੂਰਾ ਗਿਆਨ ਹੈ। ਕਦੇ-ਕਦੇ ਉਸ ਦੀ ਲੋਕ ਸਭਾ ਚੋਣ ਵਿਚ ਹਾਰ ਸੁਭਾਗੀ ਵੀ ਲੱਗਦੀ ਹੈ ਕਿਉਂਕਿ ਜੇ ਉਹ ਜਿੱਤ ਜਾਂਦਾ ਤਾਂ ਲੀਡਰਸ਼ਿਪ ਦੇ ਸਿਸਟਮ ਵਿਚ ਫਿੱਟ ਹੋ ਕੇ ਰਹਿ ਜਾਂਦਾ ਤੇ ਉਸ ਵਿਚ ਏਨਾ ਜ਼ੇਰਾ ਨਹੀਂ ਸੀ ਰਹਿਣਾ ਕਿ ਉਹ ਰਾਜਨੀਤਕ ਪਾਰਟੀਆਂ ਦੇ ਪੋਤੜੇ ਫਰੋਲਦਾ।

ਫਿਲਮ ਵਿਚ ਜਿਸ ਤਰ੍ਹਾਂ 'ਜਨ ਸ਼ਕਤੀ ਪਾਰਟੀ' ਤੇ 'ਰਾਸ਼ਟਰਵਾਦੀ ਪਾਰਟੀ' ਦੇ ਲੀਡਰਾਂ ਵਿਚ ਲੁਕਵੀਂ ਜੰਗ ਦਿਖਾਈ ਜਾਂਦੀ ਹੈ, ਵਿਰੋਧੀ ਪਾਰਟੀ ਦੇ ਲੀਡਰਾਂ ਦੀਆਂ ਨਾਮਜ਼ਦਗੀਆਂ ਰੱਦ ਕਰਵਾਈਆਂ ਜਾਂਦੀਆਂ ਨੇ, ਦੂਜੇ ਲੀਡਰ ਦੇ ਰਾਹਾਂ 'ਚ ਕੰਡੇ ਬੀਜਣ ਲਈ ਸੱਤਾ ਦੇ ਜ਼ੋਰ 'ਤੇ ਵਿਰੋਧੀ ਪਾਰਟੀ ਵਾਲਿਆਂ 'ਤੇ ਬਲਾਤਕਾਰ ਦੀਆਂ ਧਾਰਾਵਾਂ ਲਵਾਈਆਂ ਜਾਂਦੀਆਂ ਨੇ, ਉਸ ਸਭ ਨਾਲ ਸਾਡੇ ਮੁਲਕ ਦੇ ਰਹਿਬਰਾਂ ਦਾ ਨਕਾਬ ਇਸ ਕਦਰ ਚੁੱਕਿਆ ਜਾਂਦੈ ਕਿ ਉਨ੍ਹਾਂ ਤੋਂ ਨਫਰਤ ਹੋਣ ਲੱਗਦੀ ਹੈ।

ਫਿਲਮ ਵਿਚ ਨਾਨਾ ਪਾਟੇਕਰ ਤੇ ਅਜੈ ਦੇਵਗਣ ਦੀ ਸਾਜਿਸ਼ੀ ਸੋਚ ਵਾਰ-ਵਾਰ ਨਵੇਂ ਮੋੜ ਕੱਟਦੀ ਹੈ। ਉਹ ਸ਼ਾਤਰ ਰਾਜਨੀਤੀਵਾਨ ਹੋ ਨਿੱਬੜਦੇ ਹਨ, ਜਿਨ੍ਹਾਂ ਦਾ ਇੱਕ ਇੱਕ ਤੀਰ ਕਈ ਕਈ ਨਿਸ਼ਾਨੇ ਵਿੰਨਦਾ ਹੈ। ਰਣਬੀਰ ਕਪੂਰ ਵੀ ਤਿੱਖੀ ਸੋਚ ਵਾਲਾ ਨੌਜਵਾਨ ਰਾਜਨੀਤੀਵਾਨ ਹੋ ਨਿੱਬੜਦਾ ਹੈ, ਜਿਸ ਨੂੰ ਪਤਾ ਹੈ ਕਿ ਮੌਕਾ ਆਉਣ 'ਤੇ ਵਿਰੋਧੀ ਲੀਡਰ ਨੂੰ ਧੂੜ ਕਿਵੇਂ ਚਟਾਉਣੀ ਹੈ। ਮਨੋਜ ਵਾਜਪਾਈ ਤੇ ਅਰਜੁਨ ਰਾਮਪਾਲ ਨੇ ਭ੍ਰਿਸ਼ਟ ਲੀਡਰਾਂ ਦਾ ਕਮਾਲ ਦਾ ਰੰਗ ਦਿਖਾਇਆ ਹੈ ਤੇ ਕੈਟਰੀਨਾ ਕੈਫ, ਜਿਹੜੀ ਆਪਣਾ ਸੁਹਾਗ ਉਜੜਨ ਤੋਂ ਬਾਅਦ ਲੋਕਾਂ ਦੀ ਹਮਦਰਦੀ ਨਾਲ ਜਿੱਤ ਹਾਸਲ ਕਰਦੀ ਹੈ, ਪੱਲੇ ਫਿਲਮ ਵਿਚ ਬਹੁਤਾ ਕੁਝ ਕਰਨ ਲਈ ਨਹੀਂ ਹੈ। ਸਿਰਫ ਸੋਨੀਆ ਗਾਂਧੀ ਵਰਗੀ ਸਾੜੀ ਪਹਿਨਣ ਅਤੇ ਓਪਰੇ ਢੰਗ ਵਾਲੀ ਹਿੰਦੀ ਬੋਲਣ ਕਰਕੇ ਉਸ ਨੂੰ ਚੈਨਲਾਂ ਵੱਲੋਂ ਵਾਰ-ਵਾਰ ਪ੍ਰਚਾਰਿਆ ਗਿਆ। ਅੰਤਲੇ ਸਮੇਂ ਦੇ ਕੁਝ ਕੁ ਦ੍ਰਿਸ਼ਾਂ ਵਿਚ ਉਹ ਸੋਨੀਆ ਵਰਗੀ ਜਾਪਦੀ ਵੀ ਹੈ। ਨਸੀਰੁਦੀਨ ਸ਼ਾਹ ਕਾਮਰੇਡ ਹੈ, ਜਿਹੜਾ ਫਿਲਮ ਦੇ ਪਹਿਲੇ ਮਿੰਟਾਂ ਤੋਂ ਬਾਅਦ ਹੀ ਗਾਇਬ ਹੋ ਜਾਂਦਾ ਹੈ ਤੇ ਮੁੜ ਦਿਖਾਈ ਨਹੀਂ ਦਿੰਦਾ। ਹਾਂ, ਕੁਆਰੀ ਕੰਨਿਆ ਦੇ ਪੇਟੋਂ ਹੋਇਆ ਉਸ ਦਾ ਲੜਕਾ ਸੂਰਜ ਬਨਾਮ ਅਜੈ ਦੇਵਗਣ ਬਾਅਦ 'ਚ ਭਾਰਤੀ ਰਾਜਨੀਤੀ ਨੂੰ ਭ੍ਰਿਸ਼ਟ ਕਰਨ ਵਿਚ ਖੂਬ ਯੋਗਦਾਨ ਪਾਉਂਦਾ ਹੈ।

ਫਿਲਮ ਪਹਿਲੇ ਮਿੰਟਾਂ ਵਿਚ ਕਿਰਦਾਰਾਂ ਨੂੰ ਸਮਝਣ ਦਾ ਬੋਝ ਦਿਮਾਗ 'ਤੇ ਪਾਉਂਦੀ ਹੈ, ਪਰ ਵਿਚ ਵਿਚਾਲੇ ਬਿਨਾਂ ਗੱਲੋਂ 'ਬਲੂ ਫਿਲਮ' ਵਰਗੇ ਦ੍ਰਿਸ਼ ਸ਼ੁਰੂ ਹੋ ਜਾਂਦੇ ਨੇ, ਕਦੇ ਅਰਜੁਨ ਤੇ ਕੈਟ ਦਾ 'ਕਾਮੁਕ' ਦ੍ਰਿਸ਼ ਆ ਜਾਂਦੈ ਤੇ ਕਦੇ ਸਾਰਾ ਤੇ ਰਣਬੀਰ ਕਪੂਰ ਦਾ। ਜੇ ਇਹ ਦ੍ਰਿਸ਼ ਨਾ ਵੀ ਹੁੰਦੇ ਤਾਂ ਵੀ ਫਿਲਮ ਦੇਖਣ ਵਾਲੇ ਦਰਸ਼ਕਾਂ ਦੀ ਗਿਣਤੀ ਵਿਚ ਕੋਈ ਫਰਕ ਨਹੀਂ ਸੀ ਪੈਣਾ, ਕਿਉਂਕਿ ਇਹ ਫਿਲਮ ਭਾਰਤ ਦੇ ਸਭ ਤੋਂ ਵੱਡੇ ਮੁੱਦੇ 'ਰਾਜਨੀਤੀ' ਨਾਲ ਜੁੜੀ ਹੋਈ ਹੈ।

ਦੂਜੀ ਗੱਲ, ਫਿਲਮ ਦੇ ਅਖੀਰ ਵਿਚ ਜਦੋਂ ਇਹ ਪਤਾ ਲੱਗ ਗਿਆ ਸੀ ਕਿ ਸੂਰਜ 'ਜਨ ਸ਼ਕਤੀ ਪਾਰਟੀ' ਦੇ ਪਰਿਵਾਰ ਦਾ ਹੀ ਮੈਂਬਰ ਹੈ ਤਾਂ 'ਆਪਣੇ' ਨੂੰ ਹੀ ਗੋਲੀ ਨਾਲ ਮਰਦੇ ਦਿਖਾਉਣ ਦੀ ਥਾਂ ਉਸ ਦੀਆਂ ਭੁੱਲਾਂ ਬਖ਼ਸ਼ ਕੇ ਉਸ ਦੀ ਘਰ ਵਾਪਸੀ ਕਰ ਲਈ ਜਾਂਦੀ ਤਾਂ ਦਰਸ਼ਕ ਹੋਰ ਵੱਧ ਭਾਵੁਕ ਹੋ ਸਕਦੇ ਸਨ। ਫਿਲਮ ਦਾ ਵਿਸ਼ਾ ਏਨਾ ਚੰਗਾ ਹੈ ਕਿ ਦਰਸ਼ਕ ਕੁਝ ਘੰਟਿਆਂ ਲਈ ਭਾਰਤੀ ਲੀਡਰਸ਼ਿਪ ਨਾਲ ਨਾਰਾਜ਼ਗੀ ਪ੍ਰਗਟਾਉਣ ਲੱਗਦਾ ਹੈ, ਪਰ ਇਹ ਵੀ ਸੱਚ ਹੈ ਕਿ ਇਹ ਫਿਲਮ ਉਪਰਲੇ ਪੱਧਰ ਦੀ 'ਰਾਜਨੀਤੀ' ਨਾਲ ਜੁੜੀ ਹੋਈ ਹੈ ਤੇ ਇਸ ਦਾ ਸੂਬਾ ਪੱਧਰੀ ਸਿਆਸਤ ਨਾਲ ਕੋਈ ਤਾਅਲੁਕ ਨਹੀਂ, ਕਿਉਂਕਿ ਸੂਬਾ ਪੱਧਰੀ ਰਾਜਨੀਤੀ ਜਿੰਨੀ ਮਰਜ਼ੀ ਗੰਧਲੀ ਹੋ ਜਾਵੇ, ਏਨੇ ਖ਼ਤਰਨਾਕ ਮੋੜ 'ਤੇ ਕਦੇ ਨਹੀਂ ਅੱਪੜਦੀ।

ਪ੍ਰਕਾਸ਼ ਝਾਅ ਦੀ ਇਸ ਫਿਲਮ ਦੇ ਇਕਹਿਰੇ-ਇਕਹਿਰੇ ਦ੍ਰਿਸ਼ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਕਿੰਨਾ ਖਰਚ ਕੀਤਾ ਹੋਵੇਗਾ। ਇੱਕ-ਇੱਕ ਦ੍ਰਿਸ਼ ਵਿਚ ਹਜ਼ਾਰਾਂ ਲੋਕਾਂ ਦਾ ਇਕੱਠ ਦਿਖਾਉਣਾ ਅਤੇ ਸਭਨਾਂ ਨੂੰ ਆਪਣੇ ਹੱਥ ਹੇਠ ਰੱਖਣਾ, ਉਸ ਵਰਗੇ ਮੰਝੇ ਹੋਏ ਨਿਰਮਾਤਾ-ਨਿਰਦੇਸ਼ਕ ਦੇ ਹੀ ਹਿੱਸੇ ਆਉਂਦਾ ਹੈ। ਉਮੀਦ ਹੈ ਇਸ ਫਿਲਮ 'ਤੇ ਨਾਰਾਜ਼ਗੀ ਪ੍ਰਗਟ ਕਰਨ ਵਾਲੇ ਰਾਜਨੀਤਕ ਲੋਕ ਆਪਣੇ ਨੰਗੇ ਹੋਏ ਕਿਰਦਾਰਾਂ ਤੋਂ ਸਬਕ ਸਿੱਖਣ ਦੀ ਕੋਸ਼ਿਸ਼ ਕਰਨਗੇ ਤੇ ਭ੍ਰਿਸ਼ਟਾਚਾਰ ਫੈਲਾਉਣ ਦੇ ਹੋਰ ਤਮਗੇ ਹਾਸਲ ਕਰਨ ਤੋਂ ਬਾਜ਼ ਆਉਣ ਦੀ ਨਿਮਾਣੀ ਜਿਹੀ ਖੇਚਲ ਕਰਨਗੇ।

*ਫੋਨ:91-98141-78883

## ਵਿਗਿਆਪਨਾਂ ਵਿਚ ਛਾ ਗਈ ਜੇਨੇਲੀਆ

'ਜਾਨੇ ਤੂੰ ਯਾ ਜਾਨੇ ਨਾ' ਤੋਂ ਇਲਾਵਾ ਜੇਨੇਲੀਆ ਦੀ ਕੋਈ ਹੋਰ ਫਿਲਮ ਭਾਵੇਂ ਬਾਕਸ ਆਫਿਸ 'ਤੇ ਬਹੁਤੀ ਹਲਚਲ ਨਾ ਮਚਾ ਸਕੀ ਹੋਵੇ ਪਰ ਇਥੇ ਉਸ ਦੀ ਮੰਗ ਅਜੇ ਕਾਇਮ ਹੈ।

ਜੇਨੇਲੀਆ ਸੰਬੰਧੀ ਇਕ ਖਾਸ ਗੱਲ ਦੇਖਣ ਨੂੰ ਮਿਲ ਰਹੀ ਹੈ ਕਿ ਫਿਲਮਾਂ ਨਾਲੋਂ ਵਧੇਰੇ ਉਸ ਵਲੋਂ ਵਿਗਿਆਪਨ ਸਾਈਨ ਕਰਨ 'ਚ ਦਿਲਚਸਪੀ ਦਿਖਾਈ ਜਾ ਰਹੀ ਹੈ। ਇਸ ਦਾ ਇਕ ਕਾਰਨ ਉਸ ਦੀ ਚੁਲਬੁਲੀ ਕੁੜੀ ਦੀ ਇਮੇਜ ਹੈ। ਦੂਜਾ ਕਾਰਨ ਹੈ ਕਿ ਜਿਥੇ ਕਰੀਨਾ ਕਪੂਰ, ਕੈਟਰੀਨਾ ਕੈਫ ਅਤੇ ਪ੍ਰਿਯੰਕਾ ਚੋਪੜਾ ਵਰਗੀਆਂ ਵੱਡੀਆਂ ਅਭਿਨੇਤਰੀਆਂ ਵਿਗਿਆਪਨਾਂ ਲਈ ਵੱਡੀ ਰਕਮ ਦੀ ਮੰਗ ਕਰਦੀਆਂ ਹਨ, ਉਥੇ ਹੀ ਜੇਨੇਲੀਆ ਉਨ੍ਹਾਂ ਦੀ ਤੁਲਨਾ 'ਚ ਕਾਫੀ ਘੱਟ ਮਿਹਨਤਾਨੇ 'ਤੇ ਮੰਨ ਜਾਂਦੀ ਹੈ। ਵਿਗਿਆਪਨਾਂ ਵਾਲੇ ਵੀ ਅਜਿਹੇ ਚਿਹਰੇ ਦੀ ਭਾਲ 'ਚ ਰਹਿੰਦੇ ਹਨ, ਜੋ ਉਨ੍ਹਾਂ ਦਾ ਸੰਦੇਸ਼ ਆਸਾਨੀ ਨਾਲ ਉਪਭੋਗਤਾਵਾਂ ਤੱਕ ਪਹੁੰਚਾ ਸਕੇ ਅਤੇ ਨਾਲ ਦੀ ਨਾਲ ਉਹ ਉਨ੍ਹਾਂ ਦੀ ਜੇਬ 'ਤੇ ਵੀ ਬਹੁਤਾ ਬੋਝ ਨਾ ਪਾਵੇ। ਉਨ੍ਹਾਂ ਦੀ ਇਸੇ ਇੱਛਾ ਦੀ ਪੂਰਤੀ ਜੇਨੇਲੀਆ ਅੱਜਕਲ ਬਾਖੂਬੀ ਕਰ ਰਹੀ ਹੈ। ਇਹੀ ਕਾਰਨ ਹੈ ਕਿ ਅੱਜਕਲ ਜੇਨੇਲੀਆ ਵੱਡੇ ਪਰਦੇ ਦੀ ਤੁਲਨਾ 'ਚ ਛੋਟੇ ਪਰਦੇ 'ਤੇ ਵਧੇਰੇ ਨਜ਼ਰ ਆਉਣ ਲੱਗੀ ਹੈ। ਭਾਵੇਂ ਵਿਗਿਆਪਨਾਂ ਰਾਹੀਂ ਜੇਨੇਲੀਆ ਕਾਫੀ ਪੈਸਾ ਕਮਾ ਰਹੀ ਹੋਵੇ ਪਰ ਇਕ ਵੇਲੇ ਤਾਂ ਦਮਦਾਰ ਰੋਲ ਲਈ ਜੇਨੇਲੀਆ ਨੂੰ ਮਾਇਆ ਨਗਰੀ 'ਚ ਵਧੇਰੇ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ, ਜੋ ਮਾਇਆ ਨਗਰੀ 'ਚ ਉਸ ਦੇ ਕੈਰੀਅਰ ਲਈ ਠੀਕ ਨਹੀਂ ਕਿਹਾ ਜਾ ਸਕਦਾ।



## ਸੇਲੀਨਾ ਜੇਤਲੀ ਦੀ ਸਮਾਜ ਸੇਵਾ!

ਸੈਲੀ ਬੇਬੀ ਫਰਾਖ ਦਿਲ ਹੋਣ ਦੇ ਨਾਲ-ਨਾਲ ਬਹਾਦਰ ਲੜਕੀ ਵੀ ਹੈ ਤੇ ਹਰ ਕਹੀ ਗੱਲ ਨਿਭਾਉਂਦੀ ਹੈ। ਸਮਾਜ ਤੋਂ ਦੁਰਕਾਰੇ ਇਨਸਾਨਾਂ ਨਾਲ ਸੇਲੀਨਾ ਜੇਟਲੀ ਨੂੰ ਬਹੁਤ ਪਿਆਰ ਹੈ। ਸਮਲਿੰਗੀ ਲੋਕਾਂ ਦੀ ਸਮਰਥਕ ਸੇਲੀਨਾ ਹੁਣ ਕਿੰਨਰ ਬਰਾਦਰੀ (ਹਿਜੜੇ) ਦੀ ਵੀ ਸਮਰਥਕ ਹੈ।

ਕਿੰਨਰ ਸੇਵਕ ਲਕਸ਼ਮੀ ਤ੍ਰਿਪਾਠੀ ਨੂੰ ਮੁੰਬਈ ਜਿਮਖਾਨਾ 'ਚੋਂ ਬਾਹਰ ਕੱਢਿਆ ਗਿਆ ਤਾਂ ਸੇਲੀਨਾ ਚੁੱਪ ਨਹੀਂ ਬੈਠੀ। ਸੇਲੀਨਾ ਨੇ ਮਾਈਕਰੋ ਵੈਬਸਾਈਟ 'ਟਵਿਟਰ' ਤੇ ਇਕ ਲਹਿਰ ਛੇੜ ਦਿੱਤੀ। ਸੇਲੀਨਾ ਨੇ ਬਾਕਾਇਦਾ ਬਲਾਗ ਪੋਸਟ 'ਚ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਮਨੁੱਖੀ ਅਧਿਕਾਰਾਂ ਤੇ ਸਮਾਨਤਾ ਨੂੰ ਮੁੱਖ ਰੱਖ ਕੇ ਮੁੰਬਈ ਜਿਮਖਾਨਾ ਦਾ ਬਾਈਕਾਟ ਕੀਤਾ ਜਾਵੇ ਤੇ ਉਸ ਦੇ ਪ੍ਰਬੰਧਕਾਂ ਨੂੰ ਸਬਕ ਸਿਖਾਇਆ ਜਾਵੇ। ਸੇਲੀਨਾ ਉਸ ਪ੍ਰਬੰਧਕ ਦੀ ਤਲਾਸ਼ ਕਰ ਰਹੀ ਹੈ ਜਿਸ ਨੇ ਕਿੰਨਰ ਲਕਸ਼ਮੀ ਤ੍ਰਿਪਾਠੀ ਨੂੰ ਬੇਇਜ਼ਤ ਕਰ ਕੇ ਬਾਹਰ ਕੱਢਿਆ ਸੀ। ਸੇਲੀਨਾ ਦੇ ਇਸ ਕੰਮ ਨੂੰ ਦੇਖ ਕੇ ਮੁੰਬਈ ਜਿਮਖਾਨਾ ਦਾ ਸੀ. ਈ. ਓ. ਬੇਚੈਨ ਹੈ ਤੇ ਉਸ ਨੂੰ ਕਿਸੇ ਅਨਹੋਣੀ ਦਾ ਡਰ ਸਤਾ ਰਿਹਾ ਹੈ।


THE
PUNJABI PACK
JUST GOT
BIGGER
OUR PUNJABI PACK NOW INCLUDES GPUNJAB!
24/7 news from Punjab including local news from North America.
Enjoy watching features like "Sidhu Show," "North America News" and "Entertainment News."
Punjabi Pack $19.99/mo.
+
Local Channels $9.99/mo.
where available
for only $29.98/mo.
• No startup cost (with Agreement)
• No equipment to buy
• Free Standard Professional Installation
• Free DVR Upgrade ($6.00/mo. DVR Service fee applies)
• No Additional Service Access fee
CALL 1-888-242-2276
dish NETWORK®
INTERNATIONAL TV
Digital Home Advantage offer requires 24-month commitment and credit qualification. If service is terminated before the end of commitment, a cancellation fee of $17.50/month remaining will apply. All equipment is leased and must be returned to DISH Network upon cancellation or unreturned equipment fees apply. Limit 6 leased tuners per account; lease upgrade fees will apply for select receivers; monthly fees may apply based on type and number of receivers. HD programming requires HD television. All prices, packages and programming subject to change without notice. Local channels only available in certain areas. Offer is subject to the terms of applicable Promotional and Residential Customer Agreements. Additional restrictions and fees may apply. First-time DISH Network customers only. Offer ends 09/26/10. © 2010, DISH Network L.L.C. All rights reserved.